**One stop shop for all your taxi needs**



**The Friendly Group Ltd. Chelsea Taxi Brokers**

Address: 287 10 AVE 2nd Floor, New York NY 10001

Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*Ask us about Purchase or new buyer and financing.

We are here at your service to sell and buy or insure medallions and we are in business to help our Punjabi Community since last 40 years.

*All types of insurance*

** Medallion transfers * Accident claims * Taxi Stand Facility available*

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

Twenty-Fifth Year of Publication

ਨਿਊਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com

www.punjabtimesusa.com

# ਪੰਜਾਬ ਟਾਈਮਜ਼


Punjab Times, Vol 26, Issue 33; August 16, 2025

20451 N. Plum Grove Rd., Palatine, IL 60074 Ph:847-359-0746, Fax:847-705-9388

## ਪੰਜਾਬ ਸਰਕਾਰ ਦਾ ਇੱਕ ਹੋਰ ਯੂ-ਟਰਨ

### ਲੋਕਾਂ ਦੇ ਵਿਰੋਧ ਅਤੇ ਹਾਈ ਕੋਰਟ ਦੀ ਝਾੜ ਮਗਰੋਂ ਲੈਂਡ ਪੂਲਿੰਗ ਪਾਲਿਸੀ ਲਈ ਵਾਪਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਖ਼ਤ ਰੁਖ਼, ਪੰਜਾਬ ਦੇ ਲੋਕਾਂ, ਕਿਸਾਨਾਂ ਅਤੇ ਸਿਆਸੀ ਪਾਰਟੀਆਂ ਦੇ ਚੌਤਰਫ਼ਾ ਵਿਰੋਧ ਮਗਰੋਂ ਪੰਜਾਬ ਸਰਕਾਰ ਨੇ ਯੋਜਨਾਬੰਧ ਢੰਗ ਨਾਲ ਸ਼ਹਿਰੀਕਰਨ ਲਈ ਵੱਖ-ਵੱਖ ਸ਼ਹਿਰਾਂ 'ਚ 65 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਐਕਵਾਇਰ ਕਰਨ ਲਈ ਜਾਰੀ ਕੀਤੀ ਲੈਂਡ ਪੂਲਿੰਗ ਪਾਲਿਸੀ ਵਾਪਸ ਲੈ ਲਈ ਹੈ।



ਪੰਜਾਬ ਤੇ ਹਰਿਆਣਾ ਹਾਈਕੋਰਟ ਨੇ 10 ਸਤੰਬਰ ਤੱਕ ਪਹਿਲਾਂ ਹੀ ਇਸ 'ਤੇ ਰੋਕ ਲਗਾਈ ਹੋਈ ਹੈ। ਸੋਮਵਾਰ ਨੂੰ ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਨੇ ਪ੍ਰੈੱਸ ਨੋਟ ਜਾਰੀ ਕਰ ਕੇ ਇਹ ਜਾਣਕਾਰੀ ਦਿੱਤੀ। ਸੂਤਰਾਂ ਮੁਤਾਬਕ ਸੂਬਾ ਸਰਕਾਰ ਅਗਲੇ ਕੁੱਝ ਦਿਨਾਂ 'ਚ ਬਾਕਾਇਦਾ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰੇਗੀ। ਦੱਸਿਆ ਜਾ ਰਿਹਾ ਹੈ ਕਿ ਇਸ ਤੋਂ ਪਹਿਲਾਂ ਮੁੱਖ ਸਕੱਤਰ ਕੇਏਪੀ ਸਿਨਹਾ ਨੇ ਸੋਮਵਾਰ ਨੂੰ ਵੱਖ-ਵੱਖ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ। ਇਸ 'ਚ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਵੀ ਸ਼ਾਮਲ ਸਨ।

14 ਮਈ 2025 ਨੂੰ ਜਾਰੀ ਕੀਤੀ ਗਈ ਲੈਂਡ ਪੂਲਿੰਗ ਪਾਲਿਸੀ ਤਹਿਤ ਸਰਕਾਰ ਨੇ ਮੋਹਾਲੀ, ਲੁਧਿਆਣਾ, ਜਲੰਧਰ, ਬਠਿੰਡਾ, ਪਟਿਆਲਾ, ਅੰਮ੍ਰਿਤਸਰ, ਕਪੂਰਥਲਾ ਸਮੇਤ ਕਈ ਸ਼ਹਿਰਾਂ 'ਚ 65 ਹਜ਼ਾਰ ਏਕੜ ਜ਼ਮੀਨ ਐਕਵਾਇਰ ਕਰਨ ਲਈ ਨੋਟਿਸ ਜਾਰੀ ਕੀਤੇ ਸਨ। ਇਸ ਦੇ ਬਦਲੇ ਕਿਸਾਨਾਂ ਨੂੰ ਪ੍ਰਤੀ ਏਕੜ ਪਿੱਛੇ ਇਕ ਹਜ਼ਾਰ ਗਜ਼ ਦਾ ਰਿਹਾਇਸ਼ੀ ਤੇ 200 ਗਜ਼ ਦਾ ਕਾਰੋਬਾਰੀ ਪਲਾਟ ਦੇਣ ਦਿ ਗੱਲ ਕਹੀ ਗਈ। ਸਰਕਾਰ ਨੇ ਉਨ੍ਹਾਂ ਨੂੰ ਪ੍ਰਤੀ ਏਕੜ ਜ਼ਮੀਨ ਦਾ ਕੋਈ ਪੈਸਾ ਦੇਣ ਦਾ ਬਦਲ ਨਹੀਂ ਦਿੱਤਾ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਤਾਂ ਇਸ ਨੂੰ ਕਰੋੜਾਂ ਰੁਪਏ ਦਾ ਘੁਟਾਲਾ ਦੱਸਦੇ ਹੋਏ ਸੂਬਾਈ ਪੱਧਰ 'ਤੇ ਅੰਦੋਲਨ ਕਰਨ ਦਾ ਸੱਦਾ ਦਿੱਤਾ। ਦੂਜੇ ਪਾਸੇ ਖਨੌਰੀ ਤੇ ਸ਼ੰਬੂ 'ਚ ਕਿਸਾਨ ਅੰਦੋਲਨ ਨੂੰ ਜਬਰੀ ਹਟਾਉਣ ਕਾਰਨ ਪਹਿਲਾਂ ਹੀ ਨਾਰਾਜ਼ ਕਿਸਾਨ ਇਸ ਨੀਤੀ ਦੇ ਵਿਰੋਧ 'ਚ ਮੁੜ ਅੰਦੋਲਨ 'ਚ ਉਤਰਣ ਲੱਗੇ ਸਨ।ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ

*(ਬਾਕੀ ਸਫ਼ਾ 6 'ਤੇ)*

## ਗਿਆਨੀ ਹਰਪ੍ਰੀਤ ਸਿੰਘ ਬਣੇ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ

### ਬੀਬੀ ਸਤਵੰਤ ਕੌਰ ਬਣੀ ਪੰਥਕ ਕੌਂਸਲ ਦੀ ਚੇਅਰਪਰਸਨ

**ਅੰਮ੍ਰਿਤਸਰ:** ਕਈ ਮਹੀਨਿਆਂ ਤੋਂ ਜ਼ਬਰਦਸਤ ਧੜੇਬੰਦੀ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਬਾਗ਼ੀ ਧੜੇ ਨੇ ਸੋਮਵਾਰ ਨੂੰ ਇੱਥੇ ਇਜਲਾਸ ਵਿਚ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਐਲਾਨ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਪੰਜ ਮੈਂਬਰੀ ਭਰਤੀ ਕਮੇਟੀ ਨੇ ਇਸ ਦੇ ਨਾਲ ਹੀ ਪੰਥਕ ਕੌਂਸਲ ਵੀ ਬਣਾਈ ਹੈ, ਜਿਸ ਦੀ ਚੇਅਰਪਰਸਨ ਗੁਰਮਖਿਆਲੀ ਪਰਿਵਾਰ ਨਾਲ ਸਬੰਧਤ ਬੀਬੀ ਸਤਵੰਤ ਕੌਰ ਨੂੰ ਨਿਯੁਕਤ ਕੀਤਾ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਾਲ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਅੱਠ ਸਾਲ ਜਥੇਦਾਰ ਵੱਜੋਂ ਸੇਵਾਵਾਂ ਨਿਭਾਈਆਂ ਹਨ। ਮੀਰੀ-ਮੀਰੀ ਦੇ ਸਿਧਾਂਤ ਮੁਤਾਬਕ ਸਿਆਸੀ ਮਾਮਲੇ ਗਿਆਨੀ ਹਰਪ੍ਰੀਤ ਸਿੰਘ ਦੇਖਣਗੇ ਜਦਕਿ ਪੰਥਕ ਮਾਮਲਿਆਂ ਦੀ ਜ਼ਿੰਮੇਵਾਰੀ ਬੀਬੀ ਸਤਵੰਤ ਕੌਰ 'ਤੇ ਰਹੇਗੀ।



ਬਾਗ਼ੀ ਧੜਾ ਆਪਣੀ ਸਿਆਸੀ ਪਾਰਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਮੁਤਾਬਕ ਚੋਣ ਕਮਿਸ਼ਨ ਦੇ ਸਾਹਮਣੇ ਪੇਸ਼ ਕਰੇਗਾ।

ਬੁਰਜ ਅਕਾਲੀ ਬਾਬਾ ਫੂਲਾ ਸਿੰਘ ਗੁਰਦੁਆਰਾ ਸਾਹਿਬ ਵਿਚ ਹੋਏ ਇਜਲਾਸ ਲਈ ਸੰਤਾ ਸਿੰਘ ਉਮੈਦਪੁਰੀ ਨੂੰ ਚੋਣ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ ਜਦਕਿ ਮੰਚ ਸੰਚਾਲਨ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਜਥੇਦਾਰ ਇਕਬਾਲ ਸਿੰਘ ਝੂੰਦਾ ਨੇ ਕੀਤਾ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਪੰਥਕ ਜਮਾਤ ਪੂਰੀ ਤਰ੍ਹਾਂ ਨਾਲ ਸਿਆਸੀ ਪ੍ਰਭਾਵ ਵਿਚ ਆ ਚੁੱਕੀ ਹੈ। ਸੰਗਤ ਦੀ ਵੱਡੀ ਮੰਗ ਸੀ ਕਿ ਧਾਰਮਿਕ ਖੇਤਰ ਨੂੰ ਸਿਆਸੀ ਖੇਤਰ ਤੋਂ ਵੱਖ ਰੱਖਿਆ ਜਾਵੇ। ਬਾਬਾ ਸਰਬਜੋਤ ਸਿੰਘ ਬੇਦੀ ਨੇ ਗਿਆਨੀ ਹਰਪ੍ਰੀਤ ਸਿੰਘ ਦਾ ਨਾਂ 'ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ

*(ਬਾਕੀ ਸਫ਼ਾ 7 'ਤੇ)*

### ਸਰਬਸੰਮਤੀ ਨਾਲ ਪਾਸ ਕੀਤੇ ਮਤੇ

ਡੈਲੀਗੇਟ ਇਜਲਾਸ ਵਿੱਚ ਸਰਬਸੰਮਤੀ ਨਾਲ ਪਾਸ ਕੀਤੇ ਗਏ ਮਤਿਆਂ ਵਿਚ ਪਿਛਲੇ ਕੁਝ ਦਹਾਕਿਆਂ ਵਿਚ ਪੰਥਕ ਸਿਧਾਂਤਾਂ, ਸੰਸਥਾਵਾਂ ਅਤੇ ਪਰੰਪਰਾਵਾਂ ਵਿਚ ਰਾਜਸੀ ਦਖ਼ਲ ਕਾਰਨ ਆਏ ਨਿਘਾਰ ਨੂੰ ਦੂਰ ਕਰਨ ਲਈ ਪੰਥਕ ਕੌਂਸਲ ਸਥਾਪਤ ਕਰਨ ਦਾ ਮਤਾ ਪੇਸ਼ ਕੀਤਾ ਗਿਆ, ਜਿਸ ਦੀ ਸਹਿਮਤੀ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਭਵਿੱਖ ਵਿਚ ਆਪਣੇ ਸਾਰੇ ਫ਼ੈਸਲੇ ਲਵੇਗਾ। ਦੂਜੇ ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਚੁਣੀ ਹੋਈ 31 ਮੈਂਬਰੀ ਵਰਕਿੰਗ ਕਮੇਟੀ ਹੋਵੇਗੀ ਅਤੇ ਵਰਕਿੰਗ ਕਮੇਟੀ ਦੇ 10 ਮੈਂਬਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਹੋਵੇਗਾ।

*(ਬਾਕੀ ਸਫ਼ਾ 6 'ਤੇ)*







(ਬਾਕੀ ਸਫ਼ਾ 6 'ਤੇ)

# ਵੋਟ ਚੋਰੀ ਖ਼ਿਲਾਫ਼ ਮਾਰਚ; ਕਈ ਸਾਂਸਦਾਂ ਦੀ ਗ੍ਰਿਫ਼ਤਾਰੀ




**ਨਵੀਂ ਦਿੱਲੀ:**ਬਿਹਾਰ 'ਚ ਵੋਟਰ ਸੂਚੀ ਦੇ ਖ਼ਾਸ ਰੀਵਿਊ (ਐੱਸ.ਆਈ.ਆਰ.) ਤੇ ਚੋਣਾਂ ਵਿਚ ਕਥਿਤ ਵੋਟ ਚੋਰੀ ਨੂੰ ਲੈ ਕੇ 'ਇੰਡੀਆ' ਗਠਜੋੜ ਨੇ ਆਪਣਾ ਸਿਆਸੀ ਸੰਗਰਾਮ ਤੇਜ਼ ਕਰਦੇ ਹੋਏ ਸੋਮਵਾਰ ਨੂੰ ਸੰਸਦ ਭਵਨ ਤੋਂ ਚੋਣ ਕਮਿਸ਼ਨ ਦੇ ਦਫ਼ਤਰ ਤੱਕ ਵਿਰੋਧ ਮਾਰਚ ਕੱਢਦੇ ਹੋਏ ਵੋਟਰ ਲਿਸਟ 'ਚ ਹੇਰਾਫੇਰੀ ਰੋਕਣ ਦੀ ਮੰਗ ਕੀਤੀ। ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦੀ ਅਗਵਾਈ 'ਚ ਵਿਰੋਧੀ ਸੰਸਦ ਮੈਂਬਰਾਂ ਨੂੰ ਨਿਰਵਾਚਣ ਸਦਨ ਜਾਣ ਦੇ ਰਸਤੇ 'ਚ ਹੀ ਦਿੱਲੀ ਪੁਲਿਸ ਨੇ ਰੋਕ ਲਿਆ।

ਰਾਹੁਲ ਗਾਂਧੀ ਦੇ ਨਾਲ ਮਲਿਕਾਰਜੁਨ ਖੜਗੇ, ਸ਼ਰਦ ਪਵਾਰ, ਅਖਿਲੇਸ਼ ਯਾਦਵ ਤੋਂ ਲੈ ਕੇ ਪ੍ਰਿਯੰਕਾ ਗਾਂਧੀ ਵਰਗੇ ਸੀਨੀਅਰ ਆਗੂਆਂ ਸਣੇ ਵਿਰੋਧੀ ਧਿਰ ਦੇ ਬਹੁਤ ਸਾਰੇ ਸੰਸਦ ਮੈਂਬਰਾਂ ਨੂੰ ਹਿਰਾਸਤ 'ਚ ਲਿਆ ਗਿਆ। ਕਾਂਗਰਸ, ਤ੍ਰਿਣਮੂਲ ਕਾਂਗਰਸ, ਸਮਾਜਵਾਦੀ ਪਾਰਟੀ ਸਣੇ ਕਈ ਪਾਰਟੀਆਂ ਦੇ ਆਗੂਆਂ ਨੇ ਚੋਣ ਕਮਿਸ਼ਨ ਨਾ ਜਾਣ ਦੇਣ ਦਾ ਵਿਰੋਧ ਕਰਦੇ ਹੋਏ ਦਾਅਵਾ ਕੀਤਾ ਕਿ ਇਸ ਪ੍ਰਦਰਸ਼ਨ 'ਚ ਹਿੱਸਾ ਲੈ ਰਹੀਆਂ ਵਿਰੋਧੀ ਪਾਰਟੀਆਂ ਦੇ ਕਰੀਬ 300 ਸੰਸਦ ਮੈਂਬਰਾਂ ਨੂਰਕਆਗਿਆ। ਇਕਜੁੱਟ ਹੋ ਕੇ ਇਸ ਮੁੱਦੇ 'ਤੇ ਲੜਨ ਦਾ ਸੰਦੇਸ਼ ਦੇਣ ਲਈ ਸੰਸਦ ਭਵਨ ਦੇ ਮਕਰ ਦਵਾਰ 'ਤੇ ਵਿਰੋਧੀ ਸੰਸਦ ਮੈਂਬਰਾਂ ਨੇ ਪਹਿਲਾਂ ਰਾਸ਼ਟਰੀ ਗੀਤ ਗਾਇਆ ਤੇ ਫਿਰ ਵਿਰੋਧ ਮਾਰਚ ਕੱਢਦੇ ਹੋਏ ਅੱਗੇ ਵਧੇ। ਸੰਸਦ ਭਵਨ ਦੇ ਬਾਹਰ ਪਰਿਵਹਨ ਭਵਨ ਦੇ ਅੱਗੇ ਆਉਂਦੇ ਹੀ ਬੈਰੀਕੇਡਸ ਲਗਾ ਕੇ ਵੱਡੀ ਗਿਣਤੀ 'ਚ ਖੜ੍ਹੀ ਪੁਲਿਸ ਨੇ ਵਿਰੋਧੀ ਸੰਸਦ ਮੈਂਬਰਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਉਦੋਂ ਸੰਸਦ ਮੈਂਬਰ ਸੜਕ 'ਤੇ ਹੀ ਬੈਠ ਕੇ ਤੇ ਕੁਝ ਖੜ੍ਹੇ ਹੋ ਕੇ ਐੱਸਆਈਆਰ, ਵੋਟ ਚੋਰੀ ਨੂੰ ਲੈ ਕੇ ਚੋਣ ਕਮਿਸ਼ਨ 'ਤੇ ਨਿਸ਼ਾਨਾ ਬੰਨ੍ਹਣ ਵਾਲੇ ਅਲੱਗ-ਅਲੱਗ ਪੋਸਟਰਾਂ ਨਾਲ ਨਾਅਰੇਬਾਜ਼ੀ ਕਰਨ ਲੱਗੇ।

ਇਸ ਦੌਰਾਨ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਸਭ ਤੋਂ ਪਹਿਲਾਂ ਛਾਲ ਮਾਰ ਕੇ ਪੁਲਿਸ ਬੈਰੀਕੇਡਿੰਗ ਨੂੰ ਪਾਰ ਕਰ ਲਿਆ ਤਾਂ ਉਨ੍ਹਾਂ ਦੇ ਪਿੱਛੇ ਸਮਾਜਵਾਦੀ ਪਾਰਟੀ ਦੇ ਕੁਝ ਹੋਰ ਮੈਂਬਰਾਂ ਨੇ ਵੀ ਇਸੇ ਤਰ੍ਹਾਂ ਕੀਤਾ। ਤ੍ਰਿਣਮੂਲ ਕਾਂਗਰਸ ਦੀ ਮਹੂਆ ਮੋਇਤਰਾ, ਸੁਸ਼ਮਿਤਾ ਦੇਵ ਤੋਂ ਲੈਕੇ ਕਾਂਗਰਸ ਦੀ ਸੰਸਦ ਮੈਂਬਰ ਜਯੋਤੀਮਟੀ ਆਦਿ ਨੇ ਵੀ ਪੁਲਿਸ ਬੈਰੀਕੇਡਸ 'ਤੇ ਚੜ੍ਹਦੇ ਹੋਏ ਚੈਂਟ ਕਮਿਸ਼ਨ ਦੇ ਖ਼ਿਲਾਫ਼ ਜ਼ਬਰਦਸਤ ਨਾਅਰੇਬਾਜ਼ੀ ਕੀਤੀ।

ਇਸ ਰੱਸਾਕਸ਼ੀ ਦੌਰਾਨ ਹੀ ਤ੍ਰਿਣਮੂਲ ਸੰਸਦ ਮੈਂਬਰ ਮਿਤਾਲੀ ਬਾਗ ਬੇਹੋਸ਼ ਹੋਈ ਤਾਂ ਸਪਾ ਦੀ ਐਮਪੀ ਪ੍ਰਿਆ ਸਰੋਜ ਨੇ ਉਨ੍ਹਾਂ ਨੂੰ ਫੜਿਆ ਤੇ ਉਨ੍ਹਾਂ ਦੀ ਮਦਦ ਲਈ ਦੌੜੇ ਰਾਹੁਲ ਗਾਂਧੀ ਨੇ ਆਪਣੀ ਗੱਡੀ 'ਚ ਉਨ੍ਹਾਂ ਨੂੰ ਹਸਪਤਾਲ ਭਿਜਵਾਇਆ। ਮਹੂਆ ਮੋਇਤਰਾ ਵੀ ਹੁੰਮਸ ਭਰੀ ਗਰਮੀ ਤੇ ਰੱਸਾਕਸ਼ੀ ਕਾਰਨ ਬੇਹੋਸ਼ ਹੋ ਗੀ ਤਾਂ ਸਾਗਰਿਕਾ ਘੋਸ਼ ਨੇ ਉਨ੍ਹਾਂ ਦੀ ਮਦਦ ਕੀਤੀ। ਐੱਸਆਈਆਰ ਤੇ ਵੋਟ ਚੋਰੀ ਦੇ ਆਪਣੇ ਦਾਅਵਿਆਂ 'ਤੇ ਮੁੱਠੀ ਬੰਨ੍ਹ ਕੇ ਨਾਅਰੇ ਲਗਾਉਂਦੇ ਹੋਏ 82 ਸਾਲਾ ਮਲਿਕਾਰਜੁਨ ਖੜਗੇ ਤੇ 85 ਸਾਲਾ ਸ਼ਰਦ ਪਵਾਰ ਗੰਭੀਰਤਾ ਦਿੰਦੇ ਨਜ਼ਰ ਆਏ। ਕਾਫ਼ੀ ਦੇਰ ਤੱਕ ਖੜ੍ਹੇ ਰਹਿਣ ਤੋਂ ਬਾਅਦ ਸੜਕ 'ਤੇ ਹੀ ਖੜਗੇ ਤੇ ਪਵਾਰ ਕੁਰਸੀ ਢਾਹ ਕੇ ਬੈਠ ਗਏ। ਇਸ ਦੌਰਾਨ ਕਾਂਗਰਸ ਦੀ ਐੱਮਪੀ ਪ੍ਰਿਯੰਕਾ ਗਾਂਧੀ, ਸਪਾ ਦੀ ਡਿੰਪਲ ਯਾਦਵ, ਇਕਰਾ ਹਸਨ ਆਦਿ ਵੀ ਅੱਗੇ ਖੜ੍ਹੇ ਹੋ ਕੇ ਨਾਅਰੇਬਾਜ਼ੀ ਕਰਦੇ ਦਿਖੇ। ਪੁਲਿਸ ਨੇ ਬੈਰੀਕੇਡਸ 'ਤੇ ਇਨ੍ਹਾਂ ਨੂੰ ਰੋਕਿਆ ਤਾਂ ਪ੍ਰਿਯੰਕਾ ਨੇ ਸੰਵਿਧਾਨ ਦੀ ਕਿਤਾਬ ਦਿਖਾਉਂਦੇ ਹੋਏ ਚੋਣ ਕਮਿਸ਼ਨ ਜਾਣ ਲਈ ਸੰਸਦ ਮੈਂਬਰਾਂ ਦਾ ਅਧਿਕਾਰ ਦੱਸਿਆ। ਚੋਣ ਕਮਿਸ਼ਨ ਨੇ ਥਾਂ ਦੀ ਕਮੀ ਦਾ ਹਵਾਲਾ ਦਿੰਦੇ ਹੋਏ ਵਿਰੋਧੀ ਪਾਰਟੀਆਂ ਦੇ 30 ਆਗੂਆਂ ਦੇ ਵਫ਼ਦ ਨੂੰ ਮਿਲਣ 'ਤੇ ਸਹਿਮਤੀ ਪ੍ਰਗਟਾਈ ਪਰ ਕਾਂਗਰਸ ਸਣੇ ਸਾਰੀਆਂ ਵਿਰੋਧੀ ਪਾਰਟੀਆਂ ਨੇ ਸਾਫ਼ ਕਿਹਾ ਕਿ ਸਾਰੇ ਸੰਸਦ ਮੈਂਬਰ ਸਮੂਹਿਕ ਰੂਪ ਨਾਲ ਕਮਿਸ਼ਨ ਨਨੂੰ ਨੂੰ ਮਿਲ ਕੇ ਆਪਣੀ ਗੱਲ ਰੱਖਣਾ ਚਾਹੁੰਦੇ ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਐੱਸਆਈਆਰ ਤੇ ਵੋਟ ਚੋਰੀ ਦੇ ਖਿਲਾਫ਼ ਸ਼ਾਂਤੀਪੂਰਣ ਵਿਰੋਧ ਮਾਰਚ ਕਰਦੇ ਹੋਏ ਕਮਿਸ਼ਨ ਹੈਂਡਕੁਆਰਟਰ ਆਉਣ ਦੀ ਜਾਣਕਾਰੀ ਐਤਵਾਰ ਨੂੰ ਹੀ ਦੇ ਦਿੱਤੀ ਗਈ ਸੀ । ਚੋਣ ਕਮਿਸ਼ਨ 'ਤੇ ਤਨਜ਼ ਕੱਸਦੇ ਹੋਏ ਜੈਰਾਮ ਰਮੇਸ਼ ਨੇ ਕਿਹਾ ਕਿ ਉਸ ਨੂੰ 'ਚੁਰਾਓ ਆਯੋਗ' ਨਹੀਂ ਬਣਨਾ ਚਾਹੀਦਾ। ਇਕ ਘੰਟੇ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਪੁਲਿਸ ਨੇ ਰਾਹੁਲ ਗਾਂਧੀ ਸਣੇ ਸਾਰੇ ਵਿਰੋਧੀ ਸੰਸਦ ਮੈਂਬਰਾਂ ਨੂੰ ਹਿਰਾਸਤ 'ਚ ਲਿਆ ਤੇ ਫਿਰ ਬੱਸ ਵਿਚ ਸੰਸਦ ਮਾਰਗ ਥਾਣੇ ਲੈ ਗਈ।

### 'ਵੋਟ ਚੋਰੀ' ਦਾ ਦਾਅਵਾ ਤੱਥਾਂ ਤੋਂ ਗਲਤ: ਚੋਣ ਕਮਿਸ਼ਨ

**ਨਵੀਂ ਦਿੱਲੀ:**ਚੋਣ ਕਮਿਸ਼ਨ ਨੇ ਇੱਥੇ ਇਕ ਵਿਰੋਧ ਮਾਰਚ ਦੌਰਾਨ ਕਾਂਗਰਸ ਤੇ ਇਸ ਦੇ ਨੇਤਾ ਰਾਹੁਲ ਗਾਂਧੀ ਦੁਆਰਾ ਕੀਤੇ ਗਏ 'ਵੋਟ ਚੋਰੀ' ਦੇ ਦਾਅਵਿਆਂ ਨੂੰ ਤੱਥਾਂ ਤੋਂ ਗਲਤ ਦੱਸਿਆ। ਚੋਣ ਕਮਿਸ਼ਨ ਨੇ 'ਇੰਡੀਆ' ਗੱਠਜੋੜ ਦੁਆਰਾ ਕੀਤੇ ਗਏ। ਦਾਅਵਿਆਂ 'ਤੇ ਇਕ ਤੱਥ ਜਾਂਚ ਜਾਰੀ ਕੀਤੀ । ਚੋਣ ਕਮਿਸ਼ਨ ਨੇ ਬਿਹਾਰ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) 'ਚ ਪਾਰਦਰਸ਼ਤਾ ਦੇ ਆਪਣੇ ਦਾਅਵਿਆਂ ਦੇ ਸਮਰਥਨ 'ਚ ਦਸਤਾਵੇਜ਼ਾਂ ਦੀ ਇਕ ਸੂਚੀ ਸਾਂਝੀ ਕੀਤੀ। ਸਬੂਤਾਂ 'ਚ ਆਰ.ਜੇ.ਡੀ., ਕਾਂਗਰਸ ਤੇ ਸੀ.ਪੀ.ਆਈ. ਵਰਗੀਆਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਦੇ ਵੀਡੀਓ- ਪ੍ਰਸੰਸਾ ਪੱਤਰ ਸ਼ਾਮਿਲ ਹਨ।

## ਰਾਹੁਲ ਨੂੰ ਸੰਵਿਧਾਨ 'ਚ ਭਰੋਸਾ ਹੁੰਦਾ ਤਾਂ ਸੌਂਪ ਦਿੰਦੇ ਹਲਫ਼ਨਾਮਾ: ਭਾਜਪਾ

**ਨਵੀਂ ਦਿੱਲੀ:**ਵੋਟ ਚੋਰੀ ਦਾ ਦੋਸ਼ ਲਗਾ ਕੇ ਚੋਣ ਕਮਿਸ਼ਨ ਵਿਰੁੱਧ ਰੋਸ ਮੁਜ਼ਾਹਰਾ ਕਰਨ ਵਾਲੀ ਕਾਂਗਰਸ ਤੇ ਉਸ ਦੇ ਸਹਿਯੋਗੀਆਂ ਨੂੰ ਭਾਰਤੀ ਜਨਤਾ ਪਾਰਟੀ ਨੇ ਲੰਮੇ ਹੱਥੀਂ ਲਿਆ ਹੈ। ਇਸ ਸਬੰਧ ਵਿਚ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ 'ਤੇ ਗੰਭੀਰ ਦੋਸ਼ ਲਗਾਏ ਹਨ। ਪ੍ਰਧਾਨ ਨੇ ਕਿਹਾ ਕਿ ਰਾਹੁਲ ਗਾਂਧੀ ਮੁਲਕ ਵਿਚ ਅਰਾਜਕਤਾ ਤੇ ਅਸ਼ਾਂਤੀ ਫੈਲਾਉਣ ਦੇ ਯਤਨਾਂ ਵਿਚ ਹਨ। ਉਨ੍ਹਾਂ ਕਿਹਾ ਕਿ ਵੋਟਰ ਸੂਚੀ ਮੁੜ ਸਮੀਖਿਆ (ਐੱਸਆਈਆਰ) ਜਿਹੀ ਨਿਯਮਤ ਪ੍ਰਕਿਰਿਆ ਨੂੰ ਸਿਆਸੀ ਹਥਿਆਰ ਬਣਾ ਕੇ ਵਿਰੋਧੀ ਧਿਰ ਘੁਸਪੈਠੀਆਂ ਦੇ ਪੱਖ ਵਿਚ ਵੋਟ ਬੈਂਕ ਦੀ ਸਿਆਸਤ ਕਰ ਰਹੀ ਹੈ। ਉਥੇ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਰਾਹੁਲ ਗਾਂਧੀ ਇਲਜ਼ਾਮ ਤਾਂ ਲਗਾਉਂਦੇ ਹਨ ਪਰ ਜਦੋਂ ਸਬੂਤ ਮੰਗੇ ਜਾਂਦੇ ਹਨ ਤਾਂ ਉਹ ਭੱਜ ਨਿਕਲਦੇ ਹਨ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਆਪ੍ਰੇਸ਼ਨ ਸਿੰਧੂਰ 'ਤੇ ਝੂਠ ਬੋਲਿਆ ਤੇ ਜਦੋਂ ਫ਼ੌਜ ਨੇ ਤੱਥ ਪੇਸ਼ ਕੀਤੇ ਤਾਂ ਉਨ੍ਹਾਂ ਦੀ ਬੋਲਤੀ ਬੰਦ ਹੋ ਗਈ। ਈਵੀਐੱਮ ਵਿਰੁੱਧ ਵੀ ਰਾਹੁਲ ਗਾਂਧੀ ਕੋਈ ਸਬੂਤ ਪੇਸ਼ ਨਹੀਂ ਕਰ ਸਕੇ ਤੇ ਹੁਣ ਤੱਕ ਉਹ ਐੱਫਆਈਆਰ ਬਾਰੇ ਝੂਠ ਫੈਲਾ ਰਹੇ ਹਨ। ਕੇਂਦਰੀ ਮੰਤਰੀ ਪ੍ਰਧਾਨ ਨੇ ਆਪਣੀ ਗੱਲ ਰੱਖਦੇ ਹੋਏ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਤੇ ਰਾਹੁਲ ਗਾਂਧੀ ਅੱਜ ਵਿਚਾਰਧਾਰਕ ਦਿਸ਼ਾਹੀਣਤਾ ਦਾ ਪ੍ਰਤੀਕ ਬਣ ਚੁੱਕੇ ਹਨ। ਉਨ੍ਹਾਂ ਦਾ ਅਰਾਜਕਤਾ ਤੇ ਹੰਕਾਰ ਦਾ ਮੇਲ ਹੁਣ ਦੇਸ਼ ਵਿਚ ਅਸਥਿਰਤਾ ਫੈਲਾਉਣ ਦੀ ਰਣਨੀਤੀ ਦਾ ਹਿੱਸਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਿਰਫ਼ ਵੋਟ ਬੈਂਕ ਦੀ ਸਿਆਸਤ ਵਿਚ ਗ਼ਲਤਾਨ ਹੈ ਤੇ ਘੁਸਪੈਠੀਆਂ ਨੂੰ ਵੋਟਰ ਬਣਾ ਕੇ ਆਪਣੀਆਂ ਰਾਜਸੀ ਰੋਟੀਆਂ ਸੇਕਣੀਆਂ ਚਾਹੁੰਦੀ ਹੈ। ਸੋਮਵਾਰ ਨੂੰ ਵਿਰੋਧੀ ਧਿਰ ਦੇ ਪੈਦਲ ਮਾਰਚ 'ਤੇ ਕੇਂਦਰੀ ਮੰਤਰੀ ਪ੍ਰਧਾਨ ਨੇ ਕਿਹਾ ਕਿ ਇਹ ਲੋਕ ਰੋਸ ਮੁਜ਼ਾਹਰਾ ਨਹੀਂ ਸਗੋਂ ਅਰਾਜਕਤਾ ਫੈਲਾਉਣ ਦੇ ਯਤਨਾਂ ਵਿਚ ਹਨ। ਕੁਝ ਦਿਨ ਪਹਿਲਾਂ ਕਾਂਗਰਸ ਪਾਰਟੀ ਨੇ ਕਰਨਾਟਕ ਵਿਚ ਚੋਣ ਕਮਿਸ਼ਨ ਦੇ ਅਧਿਕਾਰੀਆਂ 'ਤੇ ਸਵਾਲ ਚੁੱਕੇ ਸਨ। ਚੋਣ ਕਮਿਸ਼ਨ ਨੇ ਸਪੱਸ਼ਟ ਕੀਤਾ ਕਿ ਜੇ ਉਨ੍ਹਾਂ (ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ) ਦੇ ਕੋਲ ਕੋਈ ਪੁਖ਼ਤਾ ਸਬੂ ਹੈ ਤਾਂ ਉਹ ਹਲਫ਼ਨਾਮਾ ਦੇ ਕੇ ਪੇਸ਼ ਕਰਨ।

ਰਾਹੁਲ ਗਾਂਧੀ ਤੇ ਕਾਂਗਰਸ ਨੂੰ ਸੰਵਿਧਾਨ ਉੱਤੇ ਰਤਾ ਵੀ ਭਰੋਸਾ ਹੁੰਦਾ ਤਾਂ ਉਹ ਹਲਫ਼ਨਾਮਾ ਦੇ ਕੇ ਆਪਣੀ ਗੱਲ ਦੇਸ਼ ਦੇ ਅੱਗੇ ਰੱਖਦੇ। ਚੋਣ ਕਮਿਸ਼ਨ ਨੇ 30 ਪ੍ਰਤੀਨਿਧੀਆਂ ਨੂੰ ਮਿਲਣ ਦੀ ਪ੍ਰਵਾਨਗੀ ਦਿੱਤੀ ਸੀ ਸੀ ਪਰ ਵਿਰੋਧੀ ਧਿਰ ਨੇ ਭੀੜ ਇਕੱਠੀ ਕਰ ਕੇ ਫੋਟੋਜ਼ ਖਿਚਵਾਉਣ ਦਾ ਨਾਟਕ ਕੀਤਾ ਹੈ।

**ਰਾਹੁਲ ਗਾਂਧੀ ਤੇ ਕਾਂਗਰਸ ਨੂੰ ਸੰਵਿਧਾਨ ਉੱਤੇ ਰਤਾ ਵੀ ਭਰੋਸਾ ਹੁੰਦਾ ਤਾਂ ਉਹ ਹਲਫ਼ਨਾਮਾ ਦੇ ਕੇ ਆਪਣੀ ਗੱਲ ਦੇਸ਼ ਦੇ ਅੱਗੇ ਰੱਖਦੇ।**



## ਸੀ.ਐੱਮ.ਦਫ਼ਤਰ ਉਡਾਉਣ ਦੀ ਧਮਕੀ ਦੇ ਦੋਸ਼ ਹੇਠ ਇਕ ਕਾਬੂ

**ਜੈਪੁਰ:**ਇੱਥੇ ਸਥਿਤ ਮੁੱਖ ਮੰਤਰੀ ਦਫ਼ਤਰ ਨੂੰ ਸੋਮਵਾਰ ਨੂੰ ਦੁਪਹਿਰੇ ਕਰੀਬ ਸਾਢੇ 12 ਵਜੇ ਫਿਰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਪੁਲਿਸ ਕੰਟਰੋਲ ਰੂਮ ਵਿਚ ਧਮਕੀ ਭਰੀ ਕਾਲ ਆਉਣ ਤੋਂ ਬਾਅਦ ਪ੍ਰਸ਼ਾਸਨਕ ਅਮਲਾ ਤੁਰੰਤ ਚੌਕਸ ਹੋ ਗਿਆ। ਹਾਲਾਂਕਿ ਛਾਣਬੀਣ ਵਿਚ ਕਿਤੇ ਕੋਈ ਇਤਰਾਜ਼ਯੋਗ ਚੀਜ਼ ਨਹੀਂ ਮਿਲੀ।

ਓਧਰ, ਫੋਨ ਨੰਬਰ ਟ੍ਰੇਸ ਕਰਨ ਮਗਰੋਂ ਪੁਲਿਸ ਨੇ ਝੁਨਝਨੂੰ ਤੋਂ 70 ਸਾਲਾ ਬਿਰਧ ਨੂੰ ਹਿਰਾਸਤ ਵਿਚ ਲਿਆ ਹੈ। ਇਹ ਵਿਅਕਤੀ ਨਸ਼ੇੜੀ ਹੈ। ਖ਼ਦਸ਼ਾ ਹੈ ਕਿ ਇਸ ਵਿਅਕਤੀ ਨੇ ਨਸ਼ੇ ਦੇ ਅਸਰ ਹੇਠ ਇਹ ਕਾਲ ਕੀਤੀ ਹੋਵੇਗੀ। ਇਸੇ ਕਾਰਨ ਪੁੱਛਗਿੱਛ ਜਾਰੀ ਹੈ।

## ਐਸਮਾ ਲੱਗਣ ਦੇ ਬਾਵਜੂਦ ਹਜ਼ਾਰਾਂ ਬਿਜਲੀ ਮੁਲਾਜ਼ਮ ਰਹੇ ਹੜਤਾਲ 'ਤੇ

**ਪਟਿਆਲਾ:**ਹੜਤਾਲ 'ਚ ਸ਼ਾਮਲ ਹੋਣ 'ਤੇ ਐਸਮਾ ਤਹਿਤ ਕਾਰਵਾਈ ਦੀ ਚਿਤਾਵਨੀ ਦੇ ਬਾਵਜੂਦ ਸੋਮਵਾਰ ਨੂੰ ਸੂਬੇ ਦੇ ਕਰੀਬ 15 ਹਜ਼ਾਰ ਤੋਂ ਵੱਧ ਬਿਜਲੀ ਮੁਲਾਜ਼ਮ ਹੜਤਾਲ 'ਤੇ ਰਹੇ। ਇਸ ਹਾਲਤ 'ਚ ਐਸਮਾ ਤਹਿਤ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਮੁਲਾਜ਼ਮਾਂ ਦੀਆਂ ਸੇਵਾਵਾਂ ਖ਼ਤਮ ਕੀਤੀਆਂ ਜਾ ਸਕਦੀਆਂ ਹਨ। ਓਧਰ, ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਹੜਤਾਲ 'ਤੇ ਗਏ ਮੁਲਾਜ਼ਮਾਂ ਨੂੰ ਵਾਪਸ ਕੰਮ 'ਤੇ ਪਰਤਣ ਦੀ ਅਪੀਲ ਕੀਤੀ ਹੈ।ਸੋਮਵਾਰ ਨੂੰ ਬਿਜਲੀ ਮੁਲਾਜ਼ਮਾਂ ਦੀ ਤਿੰਨ ਦਿਨਾ ਐਲਾਨੀਆ ਹੜਤਾਲ ਦਾ ਪਹਿਲਾ ਦਿਨ ਸੀ। ਪਾਵਰਕਾਮ ਤੇ ਟ੍ਰਾਂਸਕੋ ਦੇ ਟੈਕਨੀਕਲ ਸਟਾਫ ਦੇ ਹੜਤਾਲ 'ਚ ਸ਼ਾਮਲ ਹੋਣ 'ਤੇ ਕੰਪਲੇਂਟ ਹੈਂਡਲਿੰਗ ਥਾਈਕਰ (ਸੀਐੱਚਬੀ) ਸਟਾਫ ਦੀਆਂ ਸੇਵਾਵਾਂ ਲਈਆਂ। ਸੀਐੱਚਬੀ ਸਟਾਫ ਕਾਂਟ੍ਰੈਕਟ 'ਤੇ ਕੰਮ ਕਰਦਾ ਹੈ।

ਪਾਰਵਰਕਾਮ 'ਚ ਕਰੀਬ 5500 ਸੀ.ਐੱਚ.ਬੀ. ਸਟਾਫ ਹੈ। ਓਧਰ ਸੋਮਵਾਰ ਨੂੰ ਪਾਵਰਕਾਮ ਤੇ ਟ੍ਰਾਂਸਕੋ 'ਚ ਕੰਮ ਕਰਦੇ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਬੈਠਕ ਹੋਈ। ਇਸ 'ਚ ਟੈਕਨੀਕਲ ਸਰਵਿਸ ਯੂਨੀਅਨ, ਕੌਂਸਲ ਆਫ ਜੇਈ, ਹੈੱਡ ਆਫਿਸ ਜੁਆਇੰਟ ਐਕਸ਼ਨ ਕਮੇਟੀ, ਗ੍ਰਿਡ ਇੰਪਲਾਈਜ਼ ਸੰਘਰਸ਼ ਯੂਨੀਅਨ, ਐਸਸੀ-ਬੀਸੀ ਕਰਮਚਾਰੀ ਵੈਲਫੇਅਰ ਫੈਡਰੇਸ਼ਨ, ਭਾਰਤੀ ਮਜ਼ਦੂਰ ਸੰਘ, ਇੰਟਕ, ਪੀਐੱਸਈਬੀ ਅਕਾਊਂਟਸ ਆਡਿਟ ਤੇ ਐਡਮਿਨ ਸਰਵਿਸ ਐਸੋਸੀਏਸ਼ਨ ਸਮੇਤ ਕਈ ਜਥੇਬੰਦੀਆਂ ਸ਼ਾਮਿਲ ਹੋਈਆਂ। ਬੈਠਕ 'ਚ ਫੈਸਲਾ ਲਿਆ ਗਿਆ ਕਿ ਸਾਰੀਆਂ ਜਥੇਬੰਦੀਆਂ ਬਿਜਲੀ ਮੁਲਾਜ਼ਮ ਸੰਘਰਸ਼ਸ਼ੀਲ ਮੋਰਚੇ ਦੇ ਬੈਨਰ ਹੇਠ ਇਕਜੁੱਟ ਹੋ ਕੇ ਮੁਲਾਜਮਾਂ ਤੇ ਅਧਿਕਾਰੀਆਂ ਦੀਆਂ ਪੈਂਡਿੰਗ ਮੰਗਾਂ ਪੰਜਾਬ ਸਰਕਾਰ ਤੇ ਨਿਗਮ ਪ੍ਰਬੰਧਨ ਸਾਹਮਣੇ ਮਜ਼ਬੂਤੀ ਨਾਲ ਰੱਖਣਗੇ। ਬੈਠਕ 'ਚ ਜਗਾਤਰ ਸਿੰਘ ਉੱਪਲ, ਕੁਲਦੀਪ ਸਿੰਘ ਖੰਨਾ, ਅਵਤਾਰ ਸਿੰਘ ਕੈਂਥ, ਕਰਮਜੀਤ ਸਿੰਘ ਸਿੱਧੂ, ਜਗਰੂਪ ਸਿੰਘ ਮਹਿਮਦਪੁਰ, ਜਗਦੀਪ ਸਿੰਘ ਸਹਿਗਲ, ਵਿਜੇ ਕੁਮਾਰ ਸ਼ਰਮਾ, ਇੰਜੀ ਪਰਮਜੀਤ ਸਿੰਘ ਖਟੜਾ, ਇੰਜੀ. ਦਵਿੰਦਰ ਸਿੰਘ, ਗੁਰਚਰਨ ਸਿੰਘ, ਨਰਿੰਦਰ ਸਿੰਘ ਕਲਸੀ ਸਮੇਤ ਕਈ ਮੁਲਾਜ਼ਮ ਆਗੂਆਂ ਨੇ ਹਿੱਸਾ ਲਿਆ। ਓਧਰ, ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਹੜਤਾਲ 'ਤੇ ਗਏ ਪਾਵਰਕਾਮ ਦੇ ਮੁਲਾਜ਼ਮਾਂ ਨੂੰ ਹੜਤਾਲ ਖ਼ਤਮ ਕਰਨ ਤੇ ਜਨਤਕ ਹਿੱਤਾਂ 'ਚ, ਖ਼ਾਸ ਕਰਕੇ ਮੌਜੂਦਾ ਗਰਮੀਆਂ ਦੇ ਮੌਸਮ ਦੌਰਾਨ ਬਿਜਲੀ ਦੀ ਵੱਧ ਮੰਗ ਦੇ ਮੱਦੇਨਜ਼ਰ, ਤੁਰੰਤ ਕੰਮ 'ਤੇ ਵਾਪਸ ਪਰਤਣ ਦੀ ਅਪੀਲ ਕੀਤੀ ਹੈ। ਬਿਜਲੀ ਮੰਤਰੀ ਨੇ ਮੁਲਾਜ਼ਮਾਂ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਉਨ੍ਹਾਂ ਦੇ ਮਸਲਿਆਂ ਨੂੰ ਇਮਾਨਦਾਰੀ ਨਾਲ ਹੱਲ ਕਰਨ ਲਈ ਯਤਨਸ਼ੀਲ ਹੈ। ਈਟੀਓ ਨੇ ਦੱਸਿਆ ਕਿ ਐਤਵਾਰ ਨੂੰ ਪੰਜਾਬ ਭਵਨ ਵਿਖੇ ਪਾਵਰਕਾਮ ਪ੍ਰਸ਼ਾਸਨ ਤੇ ਪਾਵਰਕਾਮ ਕਰਮਚਾਰੀ ਸਾਂਝੇ ਮੰਚ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਦੇ ਨੁਮਾਇੰਦਿਆਂ ਦਰਮਿਆਨ ਅਹਿਮ ਮੀਟਿੰਗ ਸੱਦੀ ਗਈ ਸੀ। ਇਸ ਮੀਟਿੰਗ ਦੌਰਾਨ, ਪੀਐੱਸਪੀਸੀਐੱਲ ਪ੍ਰਸ਼ਾਸਨ ਨੇ ਕਰਮਚਾਰੀਆਂ ਦੀਆਂ ਕਰੀਬ ਸਾਰੀਆਂ ਮੁੱਖ ਮੰਗਾਂ ਸਵੀਕਾਰ ਕਰਨ 'ਤੇ ਸਹਿਮਤੀ ਦੇ ਦਿੱਤੀ ਸੀ। ਜ਼ਿਆਦਾਤਰ ਮੰਗਾਂ ਦਾ ਹੱਲ ਹੋ ਜਾਣ ਨਾਲ ਹੁਣ ਕਰਮਚਾਰੀਆਂ ਲਈ ਹੜਤਾਲ ਜਾਰੀ ਰੱਖਣਾ ਵਾਜਬ ਨਹੀਂ। ਉਨ੍ਹਾਂ ਨੇ ਮੁਲਾਜ਼ਮਾਂ ਨੂੰ ਅਪੀਲ ਕੀਤੀ ਹੈ ਕਿ ਇਸ ਵੇਲੇ ਘਰਾਂ, ਖੇਤੀਬਾੜੀ ਤੇ ਸਨਅਤੀ ਖੇਤਰਾਂ ਲਈ ਨਿਰਵਿਘਨ ਬਿਜਲੀ ਸਪਲਾਈ ਬੇਹੱਦ ਜ਼ਰੂਰੀ ਹੈ, ਇਸ ਲਈ ਹੜਤਾਲੀ ਕਰਮਚਾਰੀਆਂ ਨੂੰ ਤੁਰੰਤ ਡਿਊਟੀਆਂ 'ਤੇ ਵਾਪਸ ਆ ਜਾਣਾ ਚਾਹੀਦਾ ਹੈ। ਕਰਮਚਾਰੀਆਂ ਵੱਲੋਂ ਵਾਪਸ ਡਿਊਟੀਆਂ ਸੰਭਾਲਣ ਨਾਲ ਨਾ ਸਿਰਫ਼ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣੇਗੀ ਬਲਕਿ ਕਰਮਚਾਰੀਆਂ ਤੇ ਪ੍ਰਸ਼ਾਸਨ ਦਰਮਿਆਨ ਆਪਸੀ ਵਿਸ਼ਵਾਸ ਵੀ ਮਜ਼ਬੂਤ ਹੋਵੇਗਾ, ਜਿਸ ਨਾਲ ਪੰਜਾਬ ਦੇ ਬਿਜਲੀ ਖੇਤਰ 'ਚ ਤਰੱਕੀ ਦਾ ਰਾਹ ਪੱਧਰਾ ਹੋਵੇਗਾ।



# ਮਾਰਕਫੈੱਡ ਐਗਰੋ ਕੈਮੀਕਲਜ਼ ਮੋਹਾਲੀ ਵਿਖੇ ਤੀਆਂ ਮਨਾਈਆਂ ਤੇ ਬੂਟੇ ਲਾਏ

**ਮੋਹਾਲੀ:** ਮਾਰਕਫੈੱਡ ਐਗਰੋ ਕੈਮੀਕਲਜ਼, ਪਲਾਟ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਮਹਿਲਾ ਮੁਲਾਜ਼ਮਾਂ ਵੱਲੋਂ ਧੂਮ-ਧਾਮ ਨਾਲ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਕਰਮਚਾਰਣਾਂ ਨੇ ਰਵਾਇਤੀ ਅਤੇ ਗੂੜ੍ਹੇ ਰੰਗਾਂ ਦੇ ਪਹਿਰਾਵੇ ਪਾ ਕੇ ਤੀਆਂ ਦੇ ਸਮਾਗਮ 'ਚ ਹਿੱਸਾ ਲਿਆ।





ਇੱਕ ਪੰਜਾਬੀ ਸੱਭਿਆਚਾਰਕ ਕਾਰਨਰ ਵੀ ਸਥਾਪਿਤ ਕੀਤਾ ਗਿਆ ਸੀ, ਜਿਸ 'ਚ ਵੰਗਾਂ, ਗਹਿਣੇ, ਸ਼ਿੰਗਾਰ ਸਮੱਗਰੀ ਰੱਖੀ ਗਈ ਸੀ। ਬਬਲੀਨ ਕੌਰ ਅਤੇ ਪਾਯਲ ਸ਼ਰਮਾ ਵੱਲੋਂ ਸਾਰੀਆਂ ਮਹਿਲਾਵਾਂ ਦੇ ਮਹਿੰਦੀ ਲਗਾਈ ਗਈ। ਇਸ ਦੌਰਾਨ ਪੰਜਾਬੀ ਲੋਕ ਨਾਚ, ਲੋਕ ਗਾਇਕੀ, ਗਿੱਧਾ, ਟੱਪੇ, ਸਿੱਠਣੀਆਂ ਸ਼ਾਮਲ ਦੀ ਪੇਸ਼ਕਾਰੀ ਵੀ ਕੀਤੀ ਗਈ।

ਮਾਰਕਫੈੱਡ ਐਗਰੋ ਕੈਮੀਕਲਜ਼ ਮੋਹਾਲੀ ਦੇ ਸ੍ਰੀਮਤੀ ਕੁਲਪ੍ਰੀਤ ਕੌਰ ਚੀਮਾ, ਮੈਨੇਜਰ ਕੁਆਲਟੀ (ਕੰਟਰੋਲਰ), ਪਰਦੀਪ ਕੌਰ, ਪਰਵੀਨ, ਸੀਮਾ, ਗੁਰਪ੍ਰੀਤ ਕੌਰ, ਵੀਨਾ, ਪੁਸ਼ਪਾ, ਸੁਪ੍ਰੀਤ ਕੌਰ, ਆਰਤੀ, ਅਨੀਤਾ ਨੇ ਇਸ ਪ੍ਰੋਗਰਾਮ ਵਿਚ ਖਾਸ ਯੋਗਦਾਨ ਪਾਇਆ।

ਇਸੇ ਦੌਰਾਨ ਵਾਤਾਵਰਨ ਦੀ ਸ਼ੁੱਧਤਾ ਲਈ ਹਰ ਸਾਲ ਵਾਂਗ ਇਸ ਸਾਲ ਵੀ ਪੌਦੇ ਲਗਾਉਣ ਦੀ ਆਰੰਭਤਾ ਵੀ ਕੀਤੀ ਗਈ। ਮਾਰਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਕੁਮਾਰ ਅਮਿਤ, ਆਈ.ਏ.ਐਸ. ਦੀ ਰਹਿਨੁਮਾਈ ਹੇਠ ਮਾਰਕਫੈੱਡ ਦੇ ਚੀਫ ਮੈਨੇਜਰ ਸ. ਜਸਵਿੰਦਰ ਸਿੰਘ ਮਾਰਕਫੈੱਡ ਐਗਰੋ ਕੈਮੀਕਲਜ਼, ਮੋਹਾਲੀ ਦੇ ਡਿਪਟੀ ਜਨਰਲ ਮੈਨੇਜਰ, ਸਚਿਨ ਕੁਮਾਰ ਅਰੋੜਾ, ਸ਼ਿਸ਼ੂ ਜੋਸ਼ੀ, ਉੱਚ ਲੇਖਾ ਅਫਸਰ ਅਤੇ ਸ. ਸਰਬਜੀਤ ਸਿੰਘ ਬਾਜਵਾ, ਸੁਪਰਡੈਂਟ, ਸ੍ਰੀ ਅਸ਼ਵਨੀ ਕੁਮਾਰ, ਕਮਰਸ਼ੀਅਲ ਅਫਸਰ ਨੇ ਬੂਟਾ ਲਗਾਇਆ।

ਮਾਰਕਫੈੱਡ ਐਗਰੋ ਕੈਮੀਕਲਜ਼ ਮੋਹਾਲੀ ਸਾਉਣ ਅਤੇ ਭਾਦੋਂ ਮਹੀਨੇ ਵਿਚ ਪਿਛਲੇ 30 ਸਾਲਾਂ ਤੋਂ ਬੂਟੇ ਲਗਾਉਂਦਾ ਆ ਰਿਹਾ ਹੈ ਅਤੇ ਵਾਤਾਵਰਣ ਨੂੰ ਸ਼ੁੱਧ ਕਰਨ ਲਈ ਸਰਕਾਰ ਵੱਲੋਂ ਆਰੰਭੀ ਮੁਹਿਮ ਵਿਚ ਯੋਗਦਾਨ ਪਾਉਂਦਾ ਹੈ।





ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease,
At any Age, Try Alternative Treatment

Homeopathic Natural Medicines Serving Since 1973


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA


# Matrimonials

## ਲੜਕੇ ਦੀ ਲੋੜ ਹੈ

Seeking a professional match green card/citizen only, for U.S. born Dhillon girl 29, 5'4", masters in Environmental Science. Working in university. Brother is Doctor in Stanford. Parents are well educated. Caste no bar. Please call us at: 817 929 6405 or E-Mail at: Dhillon3531@gmail.com . 30-33

Ramgarhia Sikh family seeking a suitable match for their Doctor daughter, 30, 5'6". MBBS (Silver Medalist) from India. Presently in first year of fellowship after Residency (internal medicine) in USA. Father retired as Colonel from Indian Army. Mother working as Lecturer. Caste no bar. Contact us at: +91 9471004633 and +1 (570) 880-0136. 29-32

Looking for a suitable match for our Canadian Citizen Ramgarhia Sikh daughter 32, 5'-8" beautiful, family oriented with Bachelor of Commerce. The boy must be from the USA or Canada, professionally qualified, good-natured, well settled, and with good family values. Serious inquiries only. Please respond to kalsi.construction@gmail.com with biodata. 29-32

## ਲੜਕੀ ਦੀ ਲੋੜ ਹੈ

Seeking an educated and professional match (American citizen or Permanent Resident) for a 1992-born in Punjab boy (Ramdasia and others), 5'8" Education: B.Tech, MBA(IIT Delhi), MS in Business Analytics (University of Colorado). Currently working as a Business Analyst in Chicago, USA. Belongs to a well-educated and reputed family. Caste No bar. Please contact at +91-7589242016 (Whatsapp) or +1-7204996020. 32-35

Ramgarhia Sikh family seeking a suitable match for their son, 28, 5'11", with a Bachelor's degree. Currently residing in the USA with his family. The prospective bride should be from the USA, vegetarian, and willing to live in a joint family. Contact: kaur082024@gmail.com 32-35

Jatt Sikh Shergill family seeking an equally qualified USA citizen match for their, 28, 6'1'' son. He has done B.E. Electrical from PU Chandigarh (PEC) and working as a senior analyst at United Airline Gurgaon. He has 10 years USA visitor visa and comes USA frequently through company. Elder brother is married and doing business in the USA. Mother is a central govt. employee in Chandigarh. Residence is at Mohali. Interested please call us at: 317-430-6545 or email at csahi1949@gmail.com 31-34

Well settled Gursikh Amritdhari boy in USA, 1987 born, 5'-11" tall, MS Degree holder, works as Software Product Leader, Green Card petition approved in 2016. Home Owner in San Francisco, Bay Area, California since 2021, innocently divorced, issueless, family oriented, seeks Amritdhari (Keskidhari/ready to tie Keski), educated, vegetarian, family oriented Girl. Preference to girls living in USA & CANADA. Marriage Bureau stay away. Please contact us at +1-510-399-4085 or +91-98993-79442 (whatsapp) or E-mail at cjsingh55@gmail.com 30-33

Sikh family looking for a suitable match for their US citizen, son (wears turban), 24, 5'7", BS (Computer Science) and Masters (Computer Information System) from UWM. He is well settled and working full time in Wisconsin for a renowned MNC and earning a decent package. We are a well settled family living in Wisconsin. Caste Ramdasia (Caste No Bar). Boy lives with grandparents, parents and sister in Wisconsin. If interested, please call at +1 714 699 4754 (Father) or Email: satnamsingh18@hotmail.com 29-32

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਅਕਾਲ ਤਖ਼ਤ ਸਾਹਿਬ ਤੋਂ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਲੱਗੀ ਤਨਖਾਹ

ਅੰਮ੍ਰਿਤਸਰ:06 ਅਗਸਤ 2025 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਜਿਸ ਵਿੱਚ ਸਾਹਮਣੇ ਆਏ ਤੱਥਾਂ ਤੋਂ ਸਪੱਸ਼ਟ ਹੋਇਆ ਹੈ ਕਿ ਸ਼੍ਰੀਨਗਰ ਵਿੱਚ 24 ਜੁਲਾਈ ਨੂੰ ਪੰਜਾਬ ਸਰਕਾਰ ਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਪ੍ਰੋਗਰਾਮ ਵਿੱਚ ਸਿੱਖ ਮਰਯਾਦਾ ਦੀ ਵੱਡੀ ਉਲੰਘਣਾ ਹੋਈ ਹੈ, ਜਿਸ ਨਾਲ ਸਿੱਖ ਹਿਰਦੇ ਵਲੂੰਧਰੇ ਗਏ ਹਨ।





ਹਰਜੋਤ ਸਿੰਘ 06 ਅਗਸਤ ਤੋਂ ਹੀ ਨੌਵੇਂ ਪਾਤਸ਼ਾਹ ਦੇ ਜਨਮ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਤੁਰ ਕੇ ਜਾਣਗੇ, ਅਸਥਾਨ ਨੂੰ ਜਾਂਦੇ ਰਸਤਿਆਂ ਅਤੇ ਗਲੀਆਂ ਨੂੰ ਠੀਕ ਕਰਵਾਉਣ ਅਤੇ ਚੰਗੀ ਸਾਫ਼-ਸਫਾਈ ਯਕੀਨੀ ਬਣਾਉਣ, ਗੁਰਦੁਆਰਾ ਕੋਠਾ ਸਾਹਿਬ ਪਾਤਸ਼ਾਹੀ ਨੌਵੀਂ, ਵੱਲਾ, ਸ੍ਰੀ ਅੰਮ੍ਰਿਤਸਰ, 100 ਮੀਟਰ ਤੁਰ ਕੇ ਜਾਣ, ਗੁਰੂ ਘਰ ਨੂੰ ਜਾਣ ਵਾਲੇ ਰਸਤੇ ਦੀ ਹਾਲਤ ਨੂੰ ਸੁਧਾਰਨ ਲਈ ਕਾਰਜ ਕਰਨ, ਗੁਰਦੁਆਰਾ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ ਵਿਖੇ ਵੀ ਲੋੜੀਂਦੇ ਕਾਰਜਾਂ ਤੇ ਰਸਤਿਆਂ ਦਾ ਪ੍ਰਬੰਧ ਯਕੀਨੀ ਬਣਾਉਣ ਦੀ ਸੇਵਾ ਸ਼ੁਰੂ ਕੀਤੀ ਗਈ। ਫਿਰ ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਦਿੱਲੀ ਵਿਖੇ ਵੀ ਨਤਮਸਤਕ ਹੋਣ ਲਈ ਜਾਣਗੇ ਅਤੇ ਉਪਰੰਤ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋ ਕੇ 02 ਦਿਨ ਜੋੜਾ ਘਰ ਵਿੱਚ ਸੇਵਾ ਕਰਨ ਉਪਰੰਤ 1100 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ ਅਰਦਾਸ ਕਰਵਾਉਣ ਦੀਸੇਵਾ ਵੀ ਲੱਗੀ।

## ਮੀਂਹ ਕਾਰਨ ਕੇਦਾਰਨਾਥ, ਹੇਮਕੁੰਟ ਯਾਤਰਾ ਮੁਲਤਵੀ



**ਦੇਹਰਾਦੂਨ:** ਉੱਤਰਾਖੰਡ 'ਚ ਦੋ ਦਿਨਾਂ ਤੋਂ ਜ਼ਬਰਦਸਤ ਬਾਰਿਸ਼ ਕਾਰਨ ਜਨਜੀਵਨ ਪ੍ਰਭਾਵਿਤ ਹੈ। ਗੌਰੀਕੁੰਡ ਹਾਈਵੇ 'ਤੇ ਜ਼ਮੀਨ ਖਿਸਕਣ ਤੇ ਖ਼ਰਾਬ ਮੌਸਮ ਨੂੰ ਦੇਖਦਿਆਂ ਕੇਦਾਰਨਾਥ ਯਾਤਰਾ 14 ਅਗਸਤ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਚਮੋਲੀ 'ਚ ਹੇਮਕੁੰਟ ਸਾਹਿਬ ਦੀ ਯਾਤਰਾ, ਫੁੱਲਾਂ ਦੀ ਘਾਟੀ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੀ ਗਈ ਹੈ। ਚਮੋਲੀ 'ਚ ਬਦਰੀਨਾਥ ਹਾਈਵੇ ਦੋ ਥਾਵਾਂ 'ਤੇ ਜ਼ਮੀਨ ਖ਼ਿਸਕਣ ਕਾਰਨ ਰੁਕ ਗਿਆ ਹੈ। ਇਕ ਹਜ਼ਾਰ ਤੋਂ ਵੱਧ ਯਾਤਰੀ ਵੱਖ-ਵੱਖ ਥਾਵਾਂ 'ਤੇ ਰੋਕੇ ਗਏ ਹਨ। ਉੱਤਰਕਾਸ਼ੀ 'ਚ ਪੈਦਲ ਮਾਰਗ 'ਤੇ ਜ਼ਮੀਨ ਖਿਸਕਣ ਕਾਰਨ ਯਮੁਨੋਤਰੀ ਧਾਮ ਦੀ ਯਾਤਰਾ ਵੀ ਪ੍ਰਭਾਵਿਤ ਹੋਈ ਹੈ।

## ਘੱਗਰ ਦਰਿਆ ਦਾ ਉਫਾਨ-ਪੁਆਧ ਲਈ ਸੰਕਟ




**ਪਟਿਆਲਾ:** ਇਸ ਵੇਲੇ ਘੱਗਰ ਦਰਿਆ ਆਪਣੇ ਉਫਾਨ ਉਪਰ ਹੈ। ਘੱਗਰ ਦਰਿਆ ਇਕ ਬਰਸਾਤੀ ਨਾਲਾ ਹੈ ਜੋ ਕੇਵਲ ਮਾਨਸੂਨ ਵੇਲੇ ਵਗਦਾ ਹੈ । ਇਹ ਨਾਲਾ ਸ਼ਿਵਾਲਿਕ ਦੀਆਂ ਪਹਾੜੀਆਂ ਵਿਚੋਂ ਨਿਕਲਕੇ ਪੰਜਾਬ, ਹਰਿਆਣਾ, ਰਾਜਸਥਾਨ, ਗੁਜਰਾਤ ਚੋਂ ਹੁੰਦਾ ਹੋਇਆ ਪਾਕਿਸਤਾਨ ਵੱਲ ਚਲਾ ਜਾਂਦਾ ਹੈ । ਬਰਸਾਤ ਦੇ ਮੌਸਮ ਵਿਚ ਇਹ ਬੜਾ ਖਤਰਨਾਕ ਰੂਪ ਧਾਰ ਲੈਂਦਾ ਹੈ, ਭਾਰੀ ਤਬਾਹੀ ਮਚਾਉਂਦਾ ਹੈ । ਬੰਨ ਵੀ ਕੰਮ ਨਹੀਂ ਕਰਦੇ । ਪੰਜਾਬ ਵਿਚ ਇਹ ਰੋਪੜ, ਪਟਿਆਲਾ, ਸੰਗਰੂਰ ਜ਼ਿਲ੍ਹਿਆਂ ਵਿਚੋਂ ਲੰਘਦਾ ਹੈ । ਅੱਜ ਤੱਕ ਇਹ ਮਿਥ ਚੱਲੀ ਆ ਰਹੀ ਹੈ ਕਿ ਜੇਕਰ ਪਟਿਆਲਾ ਸ਼ਾਹੀ ਘਰਾਣੇ ਦੀ ਬਹੂ ਘੱਗਰ ਨੂੰ ਸੋਨੇ ਦੀ ਨੱਥ ਦਾਨ ਕਰ ਦੇਵੇ ਤਾਂ ਘੱਗਰ ਮੁੜ ਜਾਂਦਾ ਹੈ । ਮਹਾਰਾਣੀ ਪਰਨੀਤ ਕੌਰ ਕਈ ਵਾਰ ਨੱਥ ਚੜਾ ਚੁੱਕੀ ਹੈ । ਇਸ ਨੂੰ ਪੰਜਾਬ ਵਿਚ ਘੱਗਰ, ਹਰਿਆਣਾ ਵਿਚ ਹਕਰਾ ਨਦੀ, ਰਾਜਸਥਾਨ ਵਿਚ ਨਾਲੀ ਤੇ ਕਿਤੇ ਸਰਸੂਤੀ ਤੇ ਸਰਸਵਤੀ ਕਿਹਾ ਜਾਂਦਾ ਹੈ । ਹਰ ਸਾਲ ਹੁੰਦੀ ਤਬਾਹੀ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਹਰਿਆਣਾ ਦੇ ਬਾਰਡਰ ਉਪਰ ਵੀਹ ਏਕੜ ਜਮੀਨ ਖਰੀਦੀ ਹੈ ਜਿਸ ਵਿਚ ਚਾਲੀ ਫੁੱਟ ਡੂੰਘਾ ਟੋਆ ਪੁਟ ਕੇ ਇਸ ਵਿਚ ਘੱਗਰ ਦਾ ਪਾਣੀ ਰੋਕਿਆ ਜਾਵੇਗਾ । ਦੇਰ ਆਏ ਦਰੁਸਤ ਆਏ । ਤੀਹ ਪੈਂਤੀ ਸਾਲ ਪਹਿਲਾਂ ਇਜਰਾਇਲ ਦੇ ਇਕ ਇੰਜੀਨੀਅਰ ਨੇ ਘੱਗਰ ਦਰਿਆ ਦਾ ਸਰਵੇ ਕੀਤਾ ਸੀ । ਉਸਨੇ ਪਰਪੋਜਲ ਦਿੱਤੀ ਸੀ ਕਿ ਇਹ ਨਦੀ ਜਿਸ ਵੀ ਮੈਦਾਨੀ ਇਲਾਕੇ ਵਿਚੋਂ ਲੰਘਦੀ ਹੈ ਉਥੇ ਵੀਹ ਫੁੱਟ ਡੂੰਘੀ ਤੇ ਵੀਹ ਫੁੱਟ ਚੌੜੀ ਖਾਈ ਪੁਟ ਦਿੱਤੀ ਜਾਵੇ, ਤਬਾਹੀ ਵੀ ਘਟੇਗੀ ਤੇ ਪਾਣੀ ਦਾ ਪੱਧਰ ਵੀ ਉਚਾ ਹੋਵੇਗਾ । ਪਰ ਕਿਸੇ ਸਰਕਾਰ ਨੇ ਨਾ ਸੁਣੀ। ਚੰਗਾ ਹੈ ਕਿ ਅਜਿਹੇ ਹੋਰ ਤਲਾਬ ਬਣਾਏ ਜਾਣ ਬਲਕਿ ਪੰਜਾਬ, ਹਰਿਆਣਾ, ਰਾਜਸਥਾਨ ਵੱਲੋਂ ਸਾਂਝੇ ਪਰਜੈਕਟ ਬਣਾਉਣੇ ਚਾਹੀਦੇ ਹਨ ਕਿਉਂਕਿ ਇਹਨਾਂ ਰਾਜਾਂ ਵਿਚ ਹੀ ਜਿਆਦਾ ਤਬਾਹੀ ਹੁੰਦੀ ਹੈ ।

## ਕਿਤਾਬਾਂ ਉੱਪਰ ਪਾਬੰਦੀ ਇਤਿਹਾਸ ਨੂੰ ਮਿਟਾਉਣ ਦਾ ਯਤਨ: ਜਮਹੂਰੀ ਫਰੰਟ

**ਚੰਡੀਗੜ੍ਹ:** ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਵੱਲੋਂ ਕਸ਼ਮੀਰੀ ਲੋਕਾਂ ਨਾਲ ਕੀਤੇ ਗਏ ਧੱਕੇ ਅਤੇ ਵਿਤਕਰਿਆਂ ਦੀ ਚਰਚਾ ਕਰਦੀਆਂ 25 ਕਿਤਾਬਾਂ ਉੱਪਰ ਪਾਬੰਦੀ ਲਾ ਕੇ ਉਨ੍ਹਾਂ ਨੂੰ ਜ਼ਬਤ ਕਰਨ ਦੇ ਆਦੇਸ਼ ਦੇਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਹ ਕਿਤਾਬਾਂ ਬੁੱਕਰ ਇਨਾਮ ਜੇਤੂ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ, ਤਾਰਿਕ ਅਲੀ, ਏ.ਜੇ. ਨੂਰਾਨੀ, ਅਨੁਰਾਧਾ ਭਸੀਨ, ਸੁਮਾਂਤਰਾ ਬੋਸ, ਕ੍ਰਿਸਟੋਫਰ ਸਨੇਡਨ, ਰਾਧਿਕਾ ਗੁਪਤਾ, ਸੀਮਾ ਕਾਜ਼ੀ, ਡਾ. ਅਬਦੁਲ ਜੱਬਰ ਗੋਕਖਾਨੀ ਵਰਗੇ ਉੱਘੇ ਲੇਖਕਾਂ, ਵਿਦਵਾਨਾਂ, ਸੰਪਾਦਕਾਂ ਅਤੇ ਇਤਿਹਾਸਕਾਰਾਂ ਦੀਆਂ ਲਿਖੀਆਂ ਹੋਈਆਂ ਹਨ। ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, ਰੂਟਲੈਜ, ਵਾਈਕਿੰਗ ਪੈਂਗੁਇਨ, ਹਾਰਪਰ ਕੌਲਿਨਜ਼, ਕੈਂਬਰਿਜ਼ ਯੂਨੀਵਰਸਿਟੀ ਪ੍ਰੈੱਸ, ਪੈਨ ਮੈਕਮਿਲਨ ਇੰਡੀਆ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਮਿਆਰੀ ਪ੍ਰਕਾਸ਼ਨ ਸਮੂਹਾਂ ਵੱਲੋਂ ਪ੍ਰਕਾਸ਼ਿਕ ਕੀਤੀਆਂ ਡੂੰਘੀ ਖੋਜ ਅਤੇ ਇਤਿਹਾਸਕ ਤੱਥਾਂ 'ਤੇ ਆਧਾਰਤ ਇਨ੍ਹਾਂ ਕਿਤਾਬਾਂ ਨੂੰ ''ਝੂਠੇ ਬਿਰਤਾਂਤ'' ਅਤੇ ''ਵੱਖਵਾਦ'' ਨੂੰ ਪ੍ਰਚਾਰਨ ਵਾਲਾ 'ਗੁੰਮਰਾਹਕੁਨ' ਸਾਹਿਤ ਕਰਾਰ ਦੇ ਕੇ ਪਾਬੰਦੀ ਲਾਉਣਾ ਭਾਜਪਾ ਸਰਕਾਰ ਦੀ ਫਾਸ਼ੀਵਾਦੀ ਮਾਨਸਿਕਤਾ ਦਾ ਮੂੰਹ ਬੋਲਦਾ ਸਬੂਤ ਹੈ ਜੋ ਮਜ਼ਲੂਮ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਜਮਹੂਰੀ ਹੱਕ ਨੂੰ ਫ਼ੌਜੀ ਤਾਕਤ ਦੇ ਜ਼ੋਰ ਕੁਚਲਣ ਦੀ ਨੀਤੀ ਦਾ ਅਨਿੱਖੜ ਅੰਗ ਹੈ। ਇਹ ਕਸ਼ਮੀਰੀਆਂ ਨਾਲ ਹੋਏ ਧੱਕੇ ਤੇ ਵਿਤਕਰੇ ਦੇ ਦਸਤਾਵੇਜ਼ੀ ਸਬੂਤਾਂ ਨੂੰ ਮਿਟਾਉਣ ਅਤੇ ਕਸ਼ਮੀਰੀ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਤੋਂ ਉਨ੍ਹਾਂ ਦਾ ਇਤਿਹਾਸ ਖੋਹਣ ਦਾ ਘਿਣਾਉਣਾ ਯਤਨ ਹੈ ਜਿਸ ਰਾਹੀਂ ਭਗਵਾ ਸਰਕਾਰ ਆਪਣੇ ਮਨਪਸੰਦ ਝੂਠੇ ਬਿਰਤਾਂਤ ਨੂੰ ਸਦੀਵੀ ਸੱਚ ਬਣਾਕੇ ਸਥਾਪਤ ਕਰਨ ਚਾਹੁੰਦੀ ਹੈ। ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਭਾਈਚਾਰੇ ਦੀ ਸਵੈਨਿਰਣੇ ਦੀ ਰੀਝ ਨੂੰ ਫ਼ੌਜੀ ਧੌਂਸ ਤੇ ਜਬਰ-ਜ਼ੁਲਮ ਦੇ ਜ਼ੋਰ ਵਕਤੀ ਤੌਰ 'ਤੇ ਤਾਂ ਦਬਾਇਆ ਜਾ ਸਕਦਾ ਹੈ ਪਰ ਖ਼ਤਮ ਨਹੀਂ ਕੀਤਾ ਜਾ ਸਕਦਾ। ਖ਼ੁਦ ਕਸ਼ਮੀਰੀ ਲੋਕਾਂ ਦਾ ਸਾਢੇ ਸੱਤ ਦਹਾਕਿਆਂ ਦਾ ਸੰਘਰਸ਼ ਇਸ ਇਤਿਹਾਸਕ ਸਚਾਈ ਉੱਪਰ ਮੋਹਰ ਲਾਉਂਦਾ ਹੈ। ਸਮੂਹ ਇਨਸਾਫ਼ਪਸੰਦ ਅਤੇ ਜਮਹੂਰੀ ਮੁੱਲਾਂ ਨੂੰ ਪ੍ਰਣਾਈਆਂ ਤਾਕਤਾਂ ਨੂੰ ਇਸ ਫਾਸ਼ੀਵਾਦੀ ਫਰਮਾਨ ਦਾ ਡੱਟਕੇ ਵਿਰੋਧ ਕਰਨਾ ਚਾਹੀਦਾ ਹੈ। ਫਰੰਟ ਦੇ ਆਗੂਆਂ ਨੇ ਮੰਗ ਕੀਤੀ ਕਿ ਜੰਮੂ-ਕਸ਼ਮੀਰ ਪ੍ਰਸ਼ਾਸਨ ਇਹ ਪਾਬੰਦੀ ਵਾਪਸ ਲਏ, ਵਿਚਾਰ ਪ੍ਰਗਟਾਵੇ ਦੇ ਹੱਕ ਉੱਪਰ ਹਮਲੇ ਬੰਦ ਕੀਤੇ ਜਾਣ ਅਤੇ ਕਸ਼ਮੀਰੀ ਲੋਕਾਂ ਦਾ ਸਵੈਨਿਰਣੇ ਦਾ ਹੱਕ ਤਸਲੀਮ ਕਰਦੇ ਹੋਏ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਬਹਾਲ ਕੀਤਾ ਜਾਵੇ।

## 'ਤਲਾਕ-ਏ-ਹਸਨ' ਬਾਰੇ ਪਟੀਸ਼ਨਾਂ 'ਤੇ ਸੁਣਵਾਈ 19 ਤੇ 20 ਨੂੰ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੋਮਵਾਰ ਨੂੰ 'ਤਲਾਕ-ਏ-ਹਸਨ' ਤੇ ਹੋਰ ਕਿਸਮਾਂ ਦੇ 'ਇਕਪਾਸੜ ਗ਼ੈਰ-ਕਾਨੂੰਨੀ ਤਲਾਕਾਂ ਨੂੰ ਗ਼ੈਰ-ਸੰਵਿਧਾਨਕ ਕਰਾਰ ਦੇਣ ਵਾਲੀਆਂ ਪਟੀਸ਼ਨਾਂ 'ਤੇ ਅੰਤਮ ਸੁਣਵਾਈ ਲਈ 19-20 ਨਵੰਬਰ ਦੀ ਤਰੀਕ ਤੈਅ ਕੀਤੀ ਹੈ। 'ਤਲਾਕ-ਏ- ਹਸਨ' ਤਲਾਕ ਦਾ ਇਹੋ-ਜਿਹਾ ਰੂਪ ਹੈ, ਜਿਸ ਦੇ ਤਹਿਤ ਕੋਈ ਮਰਦ 3 ਮਹੀਨੇ ਦੀ ਮੁੱਦਤ ਵਿਚ ਹਰ ਮਹੀਨੇ ਇਕ ਵਾਰ 'ਤਲਾਕ' ਆਖ ਕੇ ਸ਼ਾਦੀ ਤੋੜ ਸਕਦਾ ਹੁੰਦਾ ਹੈ। ਜਸਟਿਸ ਸੂਰੀਆਕਾਂਤ ਤੇ ਜਸਟਿਸ ਜੋਯਮਾਲਯਾ ਬਾਗਚੀ ਦੇ ਬੈਂਚ ਨੇ ਪੀੜਤਾਂ ਤੇ ਹੋਰ ਅਸੰਤੁਸ਼ਟ ਪੱਖਾਂ ਦੀਆਂ ਪਟੀਸ਼ਨਾਂ 'ਤੇ ਅੰਤਮ ਸੁਣਵਾਈ ਦੀ ਮਿਤੀ ਤੈਅ ਕਰਦੇ ਹੋਏ ਕੌਮੀ ਇਸਤਰੀ ਕਮਿਸ਼ਨ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਤੇ ਕੌਮੀ ਬਾਲ ਅਧਿਕਾਰ ਸਰਪ੍ਰਸਤੀ ਕਮਿਸ਼ਨ ਤੋਂ ਵਿਚਾਰ ਮੰਗੇ ਹਨ।

## ਘੱਟੋ-ਘੱਟ ਬੈਲੰਸ ਲਈ ਬੈਂਕ ਆਜ਼ਾਦ: ਆਰ.ਬੀ.ਆਈ.




**ਨਵੀਂ ਦਿੱਲੀ:** ਆਰ.ਬੀ.ਆਈ. ਦੇ ਗਵਰਨਰ ਸੰਜੇ ਮਲਹੋਤਰਾ ਨੇ ਸੋਮਵਾਰ ਨੂੰ ਕਿਹਾ ਕਿ ਬਚਤ ਖਾਤਿਆਂ ਵਿਚ ਘੱਟੋ ਘੱਟ ਬਾਕੀ ਰਾਸ਼ੀ ਦੀ ਹੱਦ ਕਿੰਨੀ ਹੋਵੇ, ਇਹ ਤੈਅ ਕਰਨਾ ਬੈਂਕਾਂ ਦਾ ਕੰਮ ਹੈ। ਉਨ੍ਹਾਂ ਕਿਹਾ ਕਿ ਘੱਟੋ-ਘੱਟ ਬੈਲੰਸ ਦੀ ਹੱਦ ਦਾ ਫ਼ੈਸਲਾ ਕਿਸੇ ਵੀ ਰੈਗੂਲੇਟਰੀ ਖੇਤਰ ਅਧਿਕਾਰ ਦੇ . ਤਹਿਤ ਨਹੀਂ ਆਉਂਦਾ। ਅਸਲ ਵਿਚ ਆਰਬੀਆਈ ਦਾ ਇਹ ਸਪਸ਼ਟੀਕਰਨ ਦੇਸ਼ ਦੇ ਦੂਜੇ ਸਭ ਤੋਂ ਵੱਡੇ ਨਿੱਜੀ ਬੈਂਕ ਆਈਸੀਆਈਸੀਆਈ ਬੈਂਕ ਵੱਲੋਂ ਸਾਰੇ ਗਾਹਕ ਵਰਗਾਂ ਲਈ ਮਾਸਿਕ ਘੱਟੋ ਘੱਟ ਬਾਕੀ ਰਾਸ਼ੀ ਵਿਚ ਪੰਜ ਗੁਣਾ ਦਾ ਵਾਧਾ ਕਰਨ ਤੋਂ ਬਾਅਦ ਆਇਆ ਹੈ। ਗੁਜਰਾਤ ਵਿਚ ਇਕ ਵਿੱਤੀ ਐਡਜਸਟਮੈਂਟ ਪ੍ਰੋਗਰਾਮ ਦੌਰਾਨ ਮਿਨੀਮਮ ਬੈਲੰਸ 'ਤੇ ਆਈਸੀਆਈਸੀਆਈ ਬੈਂਕ ਦੇ ਨਵੇਂ ਨਿਯਮਾਂ 'ਤੇ ਆਰਬੀਆਈ ਦੀ ਪ੍ਰਤੀਕ੍ਰਿਆ ਬਾਰੇ ਪੁੱਛੇ ਜਾਣ 'ਤੇ ਮਲਹੋਤਰਾ ਨੇ ਕਿਹਾ ਕਿ ਇਹ ਤੈਅ ਕਰਨਾ ਬੈਂਕਾਂ ਦਾ ਕੰਮ ਹੈ। ਉਨ੍ਹਾਂ ਕਿਹਾ ਕਿ ਕੁਝ ਬੈਂਕਾਂ ਨੇ ਇਹ ਹੱਦ 10 ਹਜ਼ਾਰ ਰੁਪਏ ਤੈਅ ਕੀਤੀ ਹੈ, ਜਦਕਿ ਕੁਝ ਬੈਂਕਾਂ ਨੇ ਗਾਹਕਾਂ ਲਈ ਇਹ ਹੱਦ ਦੋ ਹਜ਼ਾਰ ਰੁਪਏ ਰੱਖੀ ਹੈ।

## ਮੁੱਖ ਮੰਤਰੀ ਨੇ ਪੰਜਾਬ ਦਾ ਕਿਹੜਾ ਪੱਖ ਕੇਂਦਰ ਕੋਲ ਰੱਖਿਆ: ਡਾ. ਚੀਮਾ

ਚੰਡੀਗੜ੍ਹ:ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਕੋਰ ਕਮੇਟੀ ਮੈਂਬਰ ਡਾ. ਦਲਜੀਤ ਸਿੰਘ ਚੀਮਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਉਹ ਪੰਜਾਬੀਆਂ ਨੂੰ ਦੱਸਣ ਕਿ ਅੱਜ ਕੇਂਦਰ ਸਰਕਾਰ ਵਲੋਂ ਰੱਖੀ ਗਈ



ਐਸ.ਵਾਈ.ਐਲ. ਬਾਰੇ ਮੀਟਿੰਗ 'ਚ ਉਨ੍ਹਾਂ ਪੰਜਾਬ ਦਾ ਕਿਹੜਾ ਪੱਖ ਕੇਂਦਰ ਅੱਗੇ ਰੱਖਿਆ ਹੈ। ਡਾ. ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਇਹ ਆਖ ਰਹੇ ਹਨ ਕਿ ਉਨ੍ਹਾਂ ਪੰਜਾਬ ਦਾ ਪੱਖ ਚੰਗੀ ਤਰ੍ਹਾਂ ਰੱਖਿਆ ਹੈ ਪਰ ਪੰਜਾਬੀ ਇਹ ਜਾਨਣਾ ਚਾਹੁੰਦੇ ਹਨ ਕਿ ਆਖਿਰ ਉਨ੍ਹਾਂ ਕੀ ਪੱਖ ਰੱਖਿਆ ਹੈ। ਡਾ. ਚੀਮਾ ਨੇ ਐਸ.ਵਾਈ.ਐਲ. ਦੇ ਮੁੱਦੇ ਨੂੰ ਸਿੰਧੂ ਜਲ ਸੰਧੀ ਨਾਲ ਜੋੜਨ ਦੀ ਵੀ ਨਿਖੇਧੀ ਕੀਤੀ ਅਤੇ ਕਿਹਾ ਕਿ ਐਸ.ਵਾਈ.ਐਲ. ਦੇ ਮਾਮਲੇ 'ਤੇ ਪਹਿਲਾਂ ਪੰਜਾਬ ਨੂੰ ਨਿਆਂ ਮਿਲਣਾ ਚਾਹੀਦਾ ਹੈ ।

# ਕਪਿਲ ਦੇ ਕੈਫ਼ੇ 'ਤੇ ਫਿਰੌਤੀ ਦੀ ਵਸੂਲੀ ਲਈ ਚਲਾਈਆਂ ਗੋਲੀਆਂ

**ਚੰਡੀਗੜ੍ਹ:** ਗੈਂਗਸਟਰ ਲਾਰੈਂਸ ਬਿਸ਼ਨੋਈ ਗਿਰੋਹ ਦਾ ਖੌਫ਼ ਇਨ੍ਹੀਂ ਦਿਨੀਂ ਮਨੋਰੰਜਨ ਜਗਤ 'ਚ ਲਗਾਤਾਰ ਵਧ ਰਿਹਾ ਹੈ। ਪੰਜਾਬੀ ਕਲਾਕਾਰਾਂ ਨੂੰ ਧਮਕੀਆਂ ਦੇ ਕੇ ਫਿਰੌਤੀ ਮੰਗੀ ਜਾ ਰਹੀ ਹੈ। ਜਿਨ੍ਹਾਂ ਪੰਜਾਬੀ ਕਲਾਕਾਰਾਂ ਦੇ ਘਰਾਂ ਜਾਂ ਦਫ਼ਤਰਾਂ ਦੇ ਬਾਹਰ ਗੋਲੀਬਾਰੀ ਕੀਤੀ ਗਈ, ਉਨ੍ਹਾਂ ਨੂੰ ਸਲਮਾਨ ਖ਼ਾਨ ਨਾਲ ਕੰਮ ਨਾ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ। ਹੁਣ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਲਾਰੈਂਸ ਦਾ ਭਰਾ ਅਨਮੋਲ ਬਿਸ਼ਨੋਈ ਅਮਰੀਕਾ ਵਿਚ ਹਿਰਾਸਤ 'ਚ ਹੈ। ਉਸ ਦੀ ਜ਼ਮਾਨਤ ਲਈ ਲਗਪਗ 40 ਕਰੋੜ ਰੁਪਏ ਦੀ ਲੋੜ ਹੈ। ਇੰਨੀ ਵੱਡੀ ਰਕਮ ਦੀ ਵਸੂਲੀ ਲਈ ਹੀ ਗੋਲੀਬਾਰੀ ਕੀਤੀ ਜਾ ਰਹੀ ਹੈ।



ਪਤਾ ਲੱਗਾ ਹੈ ਕਿ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਨੇਡਾ ਦੇ ਸਰੀ ਸ਼ਹਿਰ 'ਚ ਸਥਿਤ ਕੈਪਸ ਕੈਫੇ 'ਤੇ ਵੀ ਪੈਸੇ ਦੀ ਵਸੂਲੀ ਲਈ ਦੋ ਵਾਰੀ ਗੋਲੀਆਂ ਚਲਾਈਆਂ ਗਈਆਂ ਸਨ। ਕਪਿਲ ਤੋਂ ਇਲਾਵਾ ਬੀਤੇ ਕਈ ਮਹੀਨਿਆਂ ਤੋਂ ਕੈਨੇਡਾ ਵਿਚ ਰਹਿੰਦੇ ਪੰਜਾਬੀ ਕਲਾਕਾਰਾਂ ਨੂੰ ਵੀ ਗੋਲੀਆਂ ਚਲਾ ਕੇ ਧਮਕਾਇਆ ਜਾ ਰਿਹਾ ਹੈ। ਹਰ ਵਾਰੀ ਗੋਲੀਆਂ ਚਲਾਉਣ ਤੋਂ ਬਾਅਦ ਲਾਰੈਂਸ ਗਿਰੋਹ ਵੱਲੋਂ ਕਿਹਾ ਗਿਆਕਿ ਗੋਲੀਬਾਰੀ ਇਸ ਲਈ ਕੀਤੀ ਗਈ ਕਿਉਂਕਿ ਇਹ ਲੋਕ ਸਲਮਾਨ ਖ਼ਾਨ ਨਾਲ ਕੰਮ ਕਰ ਰਹੇ ਹਨ ਪਰ ਅਸਲ ਵਿਚ ਇਨ੍ਹਾਂ ਕਲਾਕਾਰਾਂ ਤੇ ਗਾਇਕਾਂ ਤੋਂ ਫਿਰੌਤੀ ਮੰਗੀ ਜਾ ਰਹੀ ਹੈ।

ਅਮਰੀਕੀ ਜੇਲ੍ਹ 'ਚ ਬੰਦ ਅਨਮੋਲ ਮੁੰਬਈ ਦੇ ਐਨਸੀਪੀ ਆਗੂ ਬਾਬਾ ਸਿੱਦੀਕੀ ਦੀ ਹੱਤਿਆ ਤੇ ਅਦਾਕਾਰ ਸਲਮਾਨ ਖ਼ਾਨ ਦੇ ਮੁੰਬਈ ਸਥਿਤ ਘਰ ਦੇ ਬਾਹਰ ਗੋਲੀਬਾਰੀ ਦੇ ਮਾਮਲੇ 'ਚ ਲੁੜੀਂਦਾ ਹੈ। ਉਸ ਨੂੰ ਅਮਰੀਕੀ ਪੁਲਿਸ ਨੇ ਫੜਿਆ ਸੀ। ਹੁਣ ਪੈਸਾ ਇਕੱਠਾ ਕਰਨ ਦੀ ਜ਼ਿੰਮੇਵਾਰੀ ਲਾਰੈਂਸ ਨੇ ਆਪਣੇ ਗੁਰਗੇ ਹਰੀ ਬਾਕਸਰ ਨੂੰ ਸੌਂਪੀ ਹੈ, ਇਸ ਲਈ ਉਹ ਸਰਗਰਮ ਹੋ ਗਿਆ ਹੈ।

ਕਪਿਲ ਸ਼ਰਮਾ ਨੂੰ ਸਲਮਾਨ ਖ਼ਾਨ ਨਾਲ ਕੰਮ ਕਰਨ ਦੇ ਮਾਮਲੇ 'ਚ ਧਮਕੀ ਦਿੱਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਸਲਮਾਨ ਨਾਲ ਕੰਮ ਕਰਨ ਦੇ ਮਾਮਲੇ 'ਚ ਪੰਜਾਬੀ ਗਾਇਕ ਏਪੀ ਢਿੱਲੋਂ ਦੇ ਘਰ ਦੇ ਬਾਹਰ ਫਾਇਰਿੰਗ ਕੀਤੀ ਗਈ ਸੀ। ਇਸ ਦੀ ਜ਼ਿੰਮੇਵਾਰੀ ਲਾਰੈਂਸ ਗਿਰੋਹ ਦੇ ਰੋਹਿਤ ਗੋਦਾਰਾ ਨੇ ਲਈ ਸੀ। ਪੰਜਾਬੀ ਗਾਇਕ ਗਿੱਪੀ ਗਰੇਵਾਲ ਦੇ ਘਰ ਦੇ ਬਾਹਰ ਵੀ ਲਾਰੈਂਸ ਗਿਰੋਹ ਵੱਲੋਂ ਫਾਇਰਿੰਗ ਕੀਤੀ ਗਈ ਸੀ। ਇਸ ਵਿਚ ਵੀ ਸਲਮਾਨ ਨਾਲ ਰਿਸ਼ਤੇ ਦਾ ਹਵਾਲਾ ਦਿੱਤਾ ਗਿਆ। ਇਸ ਤੋਂ ਪਹਿਲਾਂ ਪੰਜਾਬੀ ਗਾਇਕ ਆਰ. ਨੇਤ ਤੋਂ ਇਕ ਕਰੋੜ ਦੀ ਫਿਰੌਤੀ ਮੰਗੀ ਗਈ। ਕਰਨ ਔਜਲਾ ਤੇ ਸ਼ੈਰੀ ਮਾਨ ਨੂੰ ਬੰਬੀਹਾ ਗੈਂਗ ਨਾਲ ਰਿਸ਼ਤਾ ਰੱਖਣ ਲਈ ਲਾਰੈਂਸ ਗਿਰੋਹ ਨੇ ਧਮਕੀ ਦਿੱਤੀ। ਪੰਜਾਬੀ ਗਾਇਕ ਜੈਸਮੀਨ ਸੈਂਡਲਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ। ਰੈਪਰ ਹਨੀ ਸਿੰਘ ਨੂੰ ਵੀ ਧਮਕਾਇਆ ਗਿਆ। 4 ਫਰਵਰੀ 2025 ਨੂੰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਰੀਬੀ ਟਰਾਂਸਪੋਰਟਰ ਪ੍ਰਗਟ ਸਿੰਘ ਤੋਂ 30 ਲੱਖ ਦੀ ਫਿਰੌਤੀ ਮੰਗੀ ਗਈ।

## ਕੌਣ ਹੈ ਹਰੀ ਬਾਕਸਰ

ਹਰੀ ਬਾਕਸਰ ਦਾ ਅਸਲੀ ਨਾਂ ਹਰੀਚੰਦਰ ਉਰਫ਼ ਹਰਚੰਦ ਹਰੀ ਬਾਕਸਰ ਹੈ। ਉਹ ਮੂਲ ਰੂਪ 'ਚ ਰਾਜਸਥਾਨ ਦੇ ਕੋਟਪੁਤਲੀ ਜ਼ਿਲ੍ਹੇ ਦੀ ਬਹਿਰੋੜ ਤਹਿਸੀਲ ਦੇ ਛਤਰਪੁਰਾ ਪਿੰਡ ਦਾ ਰਹਿਣ ਵਾਲਾ ਹੈ। ਉਸ 'ਤੇ ਕਈ ਅਪਰਾਧਕ ਮਾਮਲੇ ਦਰਜ ਹਨ।ਬਾਕਸਰ 2022 ਤੋਂ ਦੇਸ਼ 'ਚੋਂ ਗਾਇਬ ਹੈ। ਪੁਲਿਸ ਕੋਲ ਮੁਲਜ਼ਮ ਦੇ ਕੈਨੇਡਾ 'ਚ ਹੋਣ ਦਾ ਇਨਪੁਟ ਹੈ। ਲਾਰੈਂਸ ਦੇ ਭਰਾ ਦੀ ਜ਼ਮਾਨਤ ਲਈ ਉਹ ਵੱਖ- ਵੱਖ ਸੂਬਿਆਂ 'ਚ ਆਪਣੇ ਆਡੀਓ ਮੈਸੇਜ ਭੇਜ ਰਿਹਾ ਹੈ ਜਿਨ੍ਹਾਂ ਵਿਚ ਉਹ ਕਹਿ ਰਿਹਾ ਹੈ ਕਿ ਅਦਾਕਾਰ ਸਲਮਾਨ ਖ਼ਾਨ ਨਾਲ ਕੰਮ ਨਾ ਕਰੋ, ਬਿਸ਼ਨੋਈ ਭਾਈ ਦਾ ਮੈਸੇਜ ਹੈ। ਕੁਝ ਮੈਸੇਜਾਂ 'ਚ ਉਹ ਪੈਸਿਆਂ ਦੀ ਮੰਗ ਕਰ ਰਿਹਾ ਹੈ। ਰਾਜਸਥਾਨ 'ਚ ਅਜਿਹੇ ਕਈ ਆਡੀਓ ਮੈਸੇਜ ਵਾਇਰਲ ਹੋਏ ਹਨ।ਜਿਨ੍ਹਾਂ ਨੂੰ ਲੈ ਕੇ ਰਾਜਸਥਾਨ ਪੁਲਿਸ ਨੇ ਦੂਜੇ ਸੂਬਿਆਂ ਦੀ ਪੁਲਿਸ ਨਾਲ ਇਨਪੁਟ ਸਾਂਝਾ ਕੀਤਾ ਹੈ।





## ਮੁੰਬਈ ਪੁਲਿਸ ਨੇ ਕਪਿਲ ਸ਼ਰਮਾ ਨੂੰ ਦਿੱਤੀ ਸੁਰੱਖਿਆ

**ਮੁੰਬਈ:** ਮੁੰਬਈ ਪੁਲਿਸ ਨੇ ਕਾਮੇਡੀਅਨ ਕਪਿਲ ਸ਼ਰਮਾ ਨੂੰ ਕੈਨੇਡਾ 'ਚ ਉਨ੍ਹਾਂ ਦੇ ਕੈਫੇ 'ਤੇ ਹੋਈ ਫਾਇਰਿੰਗ ਤੋਂ ਬਾਅਦ ਸੁਰੱਖਿਆ ਮੁਹੱਈਆ ਕਰਾਈ ਹੈ। ਇਹ ਜਾਣਕਾਰੀ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਸੋਮਵਾਰ ਨੂੰ ਦਿੱਤੀ। ਹਾਲਾਂਕਿ ਇਸਦਾ ਵੇਰਵਾ ਨਹੀਂ ਦਿੱਤਾ। ਅੱਠ ਅਗਸਤ ਨੂੰ ਸ਼ਰਮਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸਥਿਤ ਕੈਪਸ ਕੈਫੇ 'ਤੇ ਫਾਇਰਿੰਗ ਕੀਤੀ ਗਈ ਸੀ।

## ਔਜਲਾ ਅਤੇ ਹਨੀ ਸਿੰਘ ਨੇ ਮੰਗੀ ਮਾਫ਼ੀ

**ਐੱਸ.ਏ.ਐੱਸ. ਨਗਰ:** ਪੰਜਾਬੀ ਗਾਇਕ ਕਰਨ ਔਜਲਾ ਤੇ ਹਨੀ ਸਿੰਘ ਨੇ ਆਪਣੇ ਗੀਤਾਂ 'ਚ ਔਰਤਾਂ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਨ ਲਈ ਪੰਜਾਬ ਰਾਜ ਮਹਿਲਾ ਕਮਿਸ਼ਨ ਤੋਂ ਮਾਫ਼ੀ ਮੰਗ ਲਈ ਹੈ। ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਦੱਸਿਆ ਕਿ ਦੋਵਾਂ ਗਾਇਕਾਂ ਨੇ ਵਿਦੇਸ਼ ਤੋਂ ਫੋਨ 'ਤੇ ਕਮਿਸ਼ਨ ਨੂੰ ਭਰੋਸਾ ਦਿੱਤਾ ਹੈ ਕਿ ਜਦੋਂ ਵੀ ਉਹ ਭਾਰਤ ਆਉਣਗੇ, ਤਾਂ ਨਿੱਜੀ ਤੌਰ 'ਤੇ ਕਮਿਸ਼ਨ ਦਫ਼ਤਰ 'ਚ ਆ ਕੇ ਮਾਫ਼ੀ ਮੰਗਣਗੇ। ਉਨ੍ਹਾਂ ਇਸ ਲਈ ਸੱਤ ਦਿਨਾਂ ਦਾ ਸਮਾਂ ਮੰਗਿਆ ਹੈ। ਇਸ ਮਾਮਲੇ 'ਚ ਪੰਜਾਬ ਪੁਲਿਸ ਵੱਲੋਂ ਏਆਈਜੀ ਯਾਦਵਿੰਦਰ ਸਿੰਘ ਸਿੱਧੂ ਨੇ ਵੀ ਕਮਿਸ਼ਨ ਕੋਲ ਪਹੁੰਚ ਕੇ ਆਪਣੀ ਰਿਪੋਰਟ ਸੌਂਪੀ ਹੈ ਤੇ ਦੱਸਿਆ ਹੈ ਕਿ ਦੋਵਾਂ ਗਾਇਕਾਂ ਦੇ ਵਕੀਲ ਜਲਦ ਹੀ ਆਪਣਾ ਪੱਖ ਪੇਸ਼ ਕਰਨਗੇ।





# ਜਸਟਿਸ ਯਸ਼ਵੰਤ ਵਰਮਾ ਨੂੰ ਹਟਾਉਣ ਦਾ ਮਤਾ ਲੋਕ ਸਭਾ 'ਚ ਸਵੀਕਾਰ, ਸਪੀਕਰ ਵਲੋਂ ਕਮੇਟੀ ਦਾ ਗਠਨ

**ਨਵੀਂ ਦਿੱਲੀ:** ਲੋਕ ਸਭਾ ਸਪੀਕਰ ਓਮ ਬਿਰਲਾ ਨੇ ਮੰਗਲਵਾਰ ਨੂੰ ਨਕਦੀ ਘੁਟਾਲੇ ਮਾਮਲੇ ਵਿੱਚ ਇਲਾਹਾਬਾਦ ਹਾਈਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਵਿਰੁੱਧ ਮਹਾਂਦੋਸ਼ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ। ਸਪੀਕਰ ਨੇ ਕਿਹਾ, 'ਮੈਨੂੰ ਰਵੀ ਸ਼ੰਕਰ ਪ੍ਰਸਾਦ ਅਤੇ ਵਿਰੋਧੀ ਧਿਰ ਦੇ ਨੇਤਾ ਸਮੇਤ ਕੁੱਲ 146 ਮੈਂਬਰਾਂ ਦੇ ਦਸਤਖਤਾਂ ਨਾਲ ਇਹ ਪ੍ਰਸਤਾਵ ਪ੍ਰਾਪਤ ਹੋਇਆ ਹੈ।'

ਉਨ੍ਹਾਂ ਕਿਹਾ ਕਿ ਇਹ ਪ੍ਰਸਤਾਵ ਇਲਾਹਾਬਾਦ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕਰਦਾ ਹੈ। ਸਪੀਕਰ ਨੇ ਜਾਂਚ ਲਈ 3 ਮੈਂਬਰੀ ਕਮੇਟੀ ਦਾ ਐਲਾਨ ਕੀਤਾ। ਕਮੇਟੀ ਵਿੱਚ ਸੁਪਰੀਮ ਕੋਰਟ ਦੇ ਜੱਜ ਜਸਟਿਸ ਅਰਵਿੰਦ ਕੁਮਾਰ, ਮਦਰਾਸ ਹਾਈ ਕੋਰਟ ਦੇ ਚੀਫ ਜਸਟਿਸ ਮਨਿੰਦਰ ਮੋਹਨ ਸ੍ਰੀਵਾਸਤਵ ਅਤੇ ਕਰਨਾਟਕ ਹਾਈ ਕੋਰਟ ਦੇ ਸੀਨੀਅਰ ਵਕੀਲ ਬੀ.ਵੀ. ਆਚਾਰੀਆ ਸ਼ਾਮਲ ਹਨ। ਇਸ ਵਿੱਚ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ 1-1 ਜੱਜ ਅਤੇ 1 ਕਾਨੂੰਨੀ ਮਾਹਰ ਸ਼ਾਮਲ ਹਨ। ਇਹ ਮਹਾਂਦੋਸ਼ ਪ੍ਰਸਤਾਵ ਜਾਂਚ ਕਮੇਟੀ ਦੀ ਰਿਪੋਰਟ ਆਉਣ ਤੱਕ ਪੈਂਡਿੰਗ ਰਹੇਗਾ।

ਸਪੀਕਰ ਬਿਰਲਾ ਨੇ ਕਿਹਾ ਤੱਥ ਭ੍ਰਿਸ਼ਟਾਚਾਰ ਵੱਲ ਇਸ਼ਾਰਾ ਕਰ ਰਹੇ ਹਨ : 'ਅਸੀਂ ਜੱਜਾਂ ਦੀ ਜਾਂਚ ਐਕਟ ਦੇ ਉਪਬੰਧਾਂ ਦਾ ਅਧਿਐਨ ਕੀਤਾ ਹੈ। ਅਸੀਂ ਸੁਪਰੀਮ ਕੋਰਟ ਦੁਆਰਾ ਐਲਾਨੇ ਗਏ ਕਾਨੂੰਨਾਂ ਦੇ ਨਾਲ-ਨਾਲ ਕਈ ਹੋਰ ਫੈਸਲਿਆਂ ਬਾਰੇ ਵੀ ਜਾਣਕਾਰੀ ਰੱਖੀ ਹੈ। ਸੁਪਰੀਮ ਕੋਰਟ ਨੇ ਸ਼ਿਕਾਇਤ ਨੂੰ ਗੰਭੀਰ ਪ੍ਰਕਿਰਤੀ ਦਾ ਪਾਇਆ ਹੈ। ਅੰਦਰੂਨੀ ਪ੍ਰਕਿਰਿਆ ਦੀ ਪਾਲਣਾ ਕੀਤੀ ਗਈ।'

'ਇਸ ਮਾਮਲੇ 'ਤੇ ਵਿਚਾਰ ਕਰਨ ਤੋਂ ਬਾਅਦ, ਸੀਜੇਆਈ ਨੇ ਜਸਟਿਸ ਵਰਮਾ ਦੇ ਜਵਾਬ ਅਤੇ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਦੇ ਜਵਾਬ 'ਤੇ ਇੱਕ ਰਾਏ ਬਣਾਈ ਕਿ ਇਸ 'ਤੇ ਪੂਰੀ ਜਾਂਚ ਜ਼ਰੂਰੀ ਹੈ। ਇਸ ਲਈ, ਇੱਕ 3 ਮੈਂਬਰੀ ਕਮੇਟੀ ਬਣਾਈ ਗਈ ਸੀ।'



'ਸਾਨੂੰ ਯਾਦ ਹੈ ਕਿ ਤਤਕਾਲੀ ਸੀਜੇਆਈ ਨੇ ਇਹ ਰਿਪੋਰਟ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਭੇਜੀ ਸੀ। ਇਹ ਵੀ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ, ਪਿਛਲੀਆਂ ਵਿਵਸਥਾਵਾਂ ਅਨੁਸਾਰ ਕੰਮ ਕੀਤਾ ਗਿਆ ਹੈ। ਕਮੇਟੀ ਦੀ ਰਿਪੋਰਟ ਵਿੱਚ ਦੋਸ਼ ਇਸ ਤਰ੍ਹਾਂ ਦੇ ਹਨ ਕਿ ਜਸਟਿਸ ਵਰਮਾ ਨੂੰ ਹਟਾਉਣ ਲਈ ਕਾਰਵਾਈ ਸ਼ੁਰੂ ਕਰਨ ਦੀ ਲੋੜ ਹੈ।'

'ਸੁਤੰਤਰ ਜਾਂਚ ਤੋਂ ਬਾਅਦ, ਸਾਨੂੰ ਪਤਾ ਲੱਗਾ ਹੈ ਕਿ ਜੱਜ ਨੂੰ ਹਟਾਉਣ ਦੀ ਪ੍ਰਕਿਰਿਆ ਭਾਰਤ ਦੇ ਸੰਵਿਧਾਨ ਦੀ ਧਾਰਾ 124 ਦੇ ਤਹਿਤ ਨਿਯਮਾਂ ਅਨੁਸਾਰ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਨਿਰਦੋਸ਼ ਚਰਿੱਤਰ ਨਿਆਂਪਾਲਿਕਾ ਵਿੱਚ ਇੱਕ ਆਦਮੀ ਦੇ ਵਿਸ਼ਵਾਸ ਦੀ ਨੀਂਹ ਹੈ। ਮੌਜੂਦਾ ਮਾਮਲੇ ਨਾਲ ਸਬੰਧਤ ਤੱਥ ਭ੍ਰਿਸ਼ਟਾਚਾਰ ਵੱਲ ਇਸ਼ਾਰਾ ਕਰਦੇ ਹਨ ਅਤੇ ਕਾਰਵਾਈ ਨੂੰ ਪ੍ਰੇਰਿਤ ਕਰਦੇ ਹਨ।'

'ਸੰਵਿਧਾਨ ਦੀ ਧਾਰਾ 124 ਦੇ ਤਹਿਤ, ਇਲਾਹਾਬਾਦ ਹਾਈ ਕੋਰਟ ਦੇ ਜੱਜ ਜਸਟਿਸ ਵਰਮਾ ਨੂੰ ਅਹੁਦੇ ਤੋਂ ਹਟਾਉਣ ਦਾ ਪ੍ਰਸਤਾਵ ਪੇਸ਼ ਕਰਦੇ ਹਨ। ਇਸ 'ਤੇ ਅੱਗੇ ਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸਨੂੰ ਢੁਕਵਾਂ ਸਮਝਦੇ ਹੋਏ, ਮੈਂ ਇਸਨੂੰ ਮਨਜ਼ੂਰੀ ਦੇ ਦਿੱਤੀ ਹੈ।' ਮੈਂ ਜਸਟਿਸ ਵਰਮਾ ਨੂੰ ਅਹੁਦੇ ਤੋਂ ਹਟਾਉਣ ਦੇ ਦੋਸ਼ਾਂ ਦੀ ਜਾਂਚ ਲਈ 3 ਮੈਂਬਰੀ ਕਮੇਟੀ ਬਣਾਈ ਹੈ।

# 'ਕੇਸਰੀ-2' 'ਚ ਆਜ਼ਾਦੀ ਸੰਗਰਾਮੀਆਂ ਦਾ ਹੋਇਆ ਅਪਮਾਨ: ਮਮਤਾ ਬੈਨਰਜੀ

**ਕੋਲਕਾਤਾ:** ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੰਗਾਲੀ ਇਨਕਲਾਬੀਆਂ ਨੂੰ ਕਥਿਤ ਤੌਰ 'ਤੇ ਗ਼ਲਤ ਤਰੀਕੇ ਨਾਲ ਪੇਸ਼ ਕਰਨ ਲਈ ਹਿੰਦੀ ਫਿਲਮ 'ਕੇਸਰੀ ਚੈਪਟਰ2' ਦੇ ਪ੍ਰੋਡਿਊਸਰਾਂ ਨੂੰ ਲੰਮੇ ਹੱਥੀਂ ਲਿਆ ਹੈ। ਬੈਨਰਜੀ ਨੇ ਦਾਅਵਾ ਕੀਤਾ ਕਿ ਫਿਲਮ ਵਿਚ ਖ਼ੁਦੀ ਰਾਮ ਬੋਸ ਦਾ ਨਾਂ ਗ਼ਲਤ ਤਰੀਕੇ ਨਾਲ ਖ਼ੁਦੀਰਾਮ ਸਿੰਘ ਤੇ ਬਰਿੰਦਰ ਕੁਮਾਰ ਘੋਸ਼ ਨੂੰ ਅੰਮ੍ਰਿਤਸਰ ਨਿਵਾਸੀ ਬਿਰੇਂਦਰ ਕੁਮਾਰ ਵਜੋਂ ਦਿਖਾਇਆ ਗਿਆ ਹੈ। ਮੁੱਖ ਮੰਤਰੀ ਨੇ 'ਐਕਸ' 'ਤੇ ਪੋਸਟ ਪਾ ਕੇ ਕਿਹਾ ਕਿ ਜਿਹੜੇ ਲੋਕ ਆਜ਼ਾਦੀ ਸੰਗਰਾਮ ਦੌਰਾਨ ਸ਼ਹਾਦਤ ਦਾ ਜਾਮ ਪੀ ਚੁੱਕੇ ਹਨ ਉਨ੍ਹਾਂ ਦਾ ਅਪਮਾਨ ਕਿਉਂ ਕੀਤਾ ਜਾ ਰਿਹਾ ਹੈ?



ਕੀ ਹੁਣ ਭਾਸ਼ਾ-ਅੱਤਵਾਦ ਵਾਲੇ ਲੋਕ ਅਮਰ ਕ੍ਰਾਂਤੀਕਾਰੀ ਖ਼ੁਦੀਰਾਮ ਦੇ ਨਾਂ ਨੂੰ ਵੀ ਤੋੜ-ਮਰੋੜ ਕੇ ਪੇਸ਼ ਕਰਨਗੇ? ਸਾਡੇ ਮੇਦਿਨੀਪੁਰ ਦੇ ਨੌਜਵਾਨ ਨੂੰ ਪੰਜਾਬ ਦੇ ਨੌਜਵਾਨ ਵਜੋਂ ਦਿਖਾਇਆ ਗਿਆ ਹੈ।

# ਪ੍ਰੋਫੈਸਰਾਂ ਦੇ ਮਾਮਲੇ 'ਚ ਪੰਜਾਬ ਸਰਕਾਰ ਸੁਪਰੀਮ ਕੋਰਟ ਪੁੱਜੀ

**ਚੰਡੀਗੜ੍ਹ:** ਸੁਪਰੀਮ ਕੋਰਟ ਦੇ ਡਬਲ ਬੈਂਚ ਵੱਲੋਂ ਪੰਜਾਬ ਦੇ 1158 ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਦੀ ਭਰਤੀ ਰੱਦ ਕੀਤੇ ਜਾਣ ਦੇ ਕਰੀਬ ਇਕ ਮਹੀਨੇ ਬਾਅਦ ਸੂਬਾ ਸਰਕਾਰ ਨੇ ਸੁਪਰੀਮ ਕੋਰਟ ਪੁੱਜ ਕੇ ਉਨ੍ਹਾਂ ਦੀ ਬਹਾਲੀ ਦੀ ਮੰਗ ਕੀਤੀ ਹੈ। ਸੂਬਾ ਸਰਕਾਰ ਦਾ ਕਹਿਣਾ ਹੈ ਕਿ 1158 ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਨੂੰ ਵਿਦਿਆਰਥੀਆਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦੇ ਹੋਏ ਬਹਾਲ ਕੀਤਾ ਜਾਣਾ ਚਾਹੀਦਾ ਹੈ। ਸੂਬੇ ਦੇ ਉੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਕ ਸੋਸ਼ਲ ਮੀਡੀਆ ਪੋਸਟ 'ਤੇ ਕਿਹਾ ਹੈ ਕਿ ਸਰਕਾਰ ਹੋਰ ਸੰਭਵ ਕਾਨੂੰਨ ਬਦਲਾਂ ਬਾਰੇ ਵੀ ਵਿਚਾਰ ਕਰ ਰਹੀ ਹੈ। ਸਹਾਇਕ ਪ੍ਰੋਫੈਸਰ ਤੇ ਲਾਇਬ੍ਰੇਰੀਅਨ ਸੂਬਾ ਸਰਕਾਰ 'ਤੇ ਦਬਾਅ ਪਾ ਰਹੇ ਸਨ ਕਿ ਉਹ ਉਨ੍ਹਾਂ ਦੀ ਬਹਾਲੀ ਲਈ ਸੁਪਰੀਮ ਕੋਰਟ 'ਚ ਰੀਵਿਊ ਪਟੀਸ਼ਨ ਦਾਖਲ ਕਰੇ।



# 15 ਮਿੰਟ ਪਹਿਲਾਂ ਬੁੱਕ ਹੋਵੇਗੀ ਵੰਦੇ ਭਾਰਤ ਦੀ ਟਿਕਟ

**ਨਵੀਂ ਦਿੱਲੀ:** ਯਾਤਰੀਆਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦੇ ਹੋਏ ਰੇਲਵੇ ਨੇ ਟਿਕਟ ਬੁਕਿੰਗ 'ਚ ਮਹੱਤਵਪੂਰਣ ਬਦਲਾਅ ਕੀਤੇ ਹਨ। ਰੇਲਵੇ ਟ੍ਰੇਨ ਰਵਾਨਾ ਹੋਣ ਦੇ 15 ਮਿੰਟ ਪਹਿਲਾਂ ਤੱਕ ਟਿਕਟ ਬੁਕਿੰਗ ਦੀ ਸਹੂਲਤ ਦੇਣ ਦੀ ਯੋਜਨਾ ਬਣਾ ਰਿਹਾ ਹੈ। ਦੱਖਣੀ ਰੇਲਵੇ 'ਚ ਚੱਲਣ ਵਾਲੀਆਂ ਅੱਠ ਵੰਦੇ ਭਾਰਤ ਐਕਸਪ੍ਰੈੱਸ ਟ੍ਰੇਨਾਂ 'ਚ ਪਾਇਲਟ ਪ੍ਰੋਜੈਕਟ ਦੇ ਤਹਿਤ ਇਹ ਸਹੂਲਤ ਸ਼ੁਰੂ ਕੀਤੀ ਗਈ ਹੈ। ਨਤੀਜੇ ਸਕਾਰਾਤਮਕ ਰਹੇ ਤਾਂ ਇਸ ਨੂੰ ਹੋਰ ਵੰਦੇ ਭਾਰਤ ਟ੍ਰੇਨਾਂ ਵਿਚ ਵੀ ਲਾਗੂ ਕੀਤਾ ਜਾਏਗਾ।



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਅਵਾਰਾ ਘੁੰਮਦੇ ਨਾ ਦਿਸਣ ਅਵਾਰਾ ਕੁੱਤੇ: ਸੁਪਰੀਮ ਕੋਰਟ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਵਾਰਾ ਕੁੱਤਿਆਂ ਦੀ ਦਹਿਸ਼ਤ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸੋਮਵਾਰ ਨੂੰ ਸਖ਼ਤ ਆਦੇਸ਼ ਦਿੱਤੇ। ਕੋਰਟ ਨੇ ਦਿੱਲੀ-ਐੱਨਸੀਆਰ 'ਚ ਅਵਾਰਾ ਕੁੱਤਿਆਂ ਨੂੰ ਹਟਾਉਣ ਤੇ ਉਨ੍ਹਾਂ ਨੂੰ ਡੌਗ ਸ਼ੈਲਟਰ 'ਚ ਰੱਖਣ ਦੇ ਆਦੇਸ਼ ਦਿੱਤੇ ਹਨ। ਨਾਲ ਹੀ ਕਿਹਾ ਕਿ ਜੇਕਰ ਕੋਈ ਵਿਅਕਤੀ ਜਾਂ ਸੰਗਠਨ ਇਸ ਕੰਮ 'ਚ ਰੁਕਾਵਟ ਪੈਦਾ ਕਰੇਗਾ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਸੁਪਰੀਮ ਕੋਰਟ ਨੇ ਕਿਹਾ ਕਿ ਸਾਰੇ ਇਲਾਕਿਆਂ ਨੂੰ ਅਵਾਰਾ ਕੁੱਤਿਆਂ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਵਿਚ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਪਸ਼ੂ ਤੇ ਕੁੱਤਾ ਪ੍ਰੇਮੀਆਂ 'ਤੇ ਸਖ਼ਤ ਹਮਲਾ ਕਰਦੇ ਹੋਏ ਕੋਰਟ ਨੇ ਕਿਹਾ ਕਿ ਕੀ ਪਸ਼ੂ ਅਧਿਕਾਰ ਵਰਕਰ ਰੈਬੀਜ਼ ਦੇ ਸ਼ਿਕਾਰ ਬੱਚਿਆਂ ਨੂੰ ਵਾਪਸ ਲਿਆ ਸਕਣਗੇ। ਕੋਰਟ ਨੇ ਦਿੱਲੀ ਸਰਕਾਰ, ਐੱਮਸੀਡੀ ਤੇ ਐੱਨਡੀਐੱਮਸੀ ਨੂੰ ਅੱਠ ਹਫ਼ਤਿਆਂ 'ਚ ਕੁੱਤਿਆਂ ਲਈ ਸ਼ੈਲਟਰ ਹੋਮ ਬਣਾਉਣ ਤੇ ਇਸ ਦੇ ਬੁਨਿਆਦੀ ਢਾਂਚੇ ਦੀ ਰਿਪੋਰਟ ਦੇਣ ਲਈ ਕਿਹਾ। ਕਿਹਾ ਕਿ ਫੜੇ ਗਏ ਅਵਾਰਾ ਕੁੱਤਿਆਂ ਦਾ ਰੋਜ਼ਾਨਾ ਰਿਕਾਰਡ ਰੱਖਿਆ ਜਾਏਗਾ। ਇਕ ਵੀ ਅਵਾਰਾ ਕੁੱਤਾ ਨਹੀਂ ਛੱਡਿਆ ਜਾਣਾ ਚਾਹੀਦਾ। ਕੁੱਤਾ ਵੱਢਣ ਦੀ ਸੂਚਨਾ ਦੇਣ ਲਈ ਇਕ ਹਫ਼ਤੇ 'ਚ ਹੈਲਪਲਾਈਨ ਬਣਾਈ ਜਾਏ। ਕੋਰਟ ਨੇ ਕੁੱਤਿਆਂ ਦੇ ਕੱਟਣ ਨਾਲ ਰੈਬੀਜ਼ ਹੋਣ 'ਤੇ ਚਿੰਤਾ ਪ੍ਰਗਟਾਉਂਦੇ ਹੋਏ ਇਸ ਦੀ ਵੈਕਸੀਨ ਦੀ ਉਪਲਬਧਤਾ ਬਾਰੇ ਵੀ ਨਿਰਦੇਸ਼ ਦਿੱਤੇ। ਇਹ ਆਦੇਸ਼ ਜਸਟਿਸ ਜੇ.ਬੀ. ਪਾਰਡੀਵਾਲਾ ਤੇ ਜਸਟਿਸ ਆਰ ਮਹਾਦੇਵਨ ਦੇ ਬੈਂਚ ਨੇ ਅਵਾਰਾ ਕੁੱਤਿਆਂ ਦੀ ਦਹਿਸ਼ਤ 'ਤੇ ਸੁਣਵਾਈ ਦੌਰਾਨ ਦਿੱਤੇ। ਕੋਰਟ ਨੇ ਸਥਿਤੀ ਨੂੰ ਬਹੁਤ ਗੰਭੀਰ ਦੱਸਦੇ ਹੋਏ ਕਿਹਾ ਕਿ ਉਹ ਇਸ ਮਾਮਲੇ 'ਚ ਕਿਸੇ ਵੀ ਅਰਜ਼ੀ 'ਤੇ ਵਿਚਾਰ ਨਹੀਂ ਕਰਨਗੇ।



ਸੁਪਰੀਮ ਕੋਰਟਨੇ ਕੁੱਤਿਆਂ ਦੇ ਵੱਢਣ ਨਾਲ ਰੈਬੀਜ਼ ਹੋਣ ਦੀ ਮੀਡੀਆ 'ਚ ਆਈ ਖ਼ਬਰ 'ਤੇ ਪਿਛਲੇ ਦਿਨੀਂ ਖ਼ੁਦ ਨੋਟਿਸ ਲੈਂਦੇ ਹੋਏ ਇਸ ਮਾਮਲੇ 'ਤੇ ਸੁਣਵਾਈ ਸ਼ੁਰੂ ਕੀਤੀ ਸੀ। ਕੋਰਟ ਨੇ ਸੀਨੀਅਰ ਵਕੀਲ ਗੌਰਵ ਅਗਰਵਾਲ ਨੂੰ ਮਾਮਲੇ 'ਚ ਨਿਆਮਿੱਤਰ ਨਿਯੁਕਤ ਕੀਤਾ ਸੀ। ਸੁਣਵਾਈ 'ਚ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਅਵਾਰਾ ਕੁੱਤਿਆਂ ਦੀ ਦਹਿਸ਼ਤ ਨਾਲ ਨਜਿੱਠਣ ਲਈ ਕੁਝ ਕੀਤੇ ਜਾਣ ਦੀ ਲੋੜ ਹੈ। ਅਸੀਂ ਆਪਣੇ ਬੱਚਿਆਂ ਦੀ ਬਲੀ ਸਿਰਫ਼ ਇਸ ਲਈ ਨਹੀਂ ਦੇ ਸਕਦੇ ਕਿ ਕੁਝ ਲੋਕ ਖ਼ੁਦ ਨੂੰ ਪਸ਼ੂ ਪ੍ਰੇਮੀ ਸਮਝਦੇ ਹਨ।

ਕੋਰਟ ਨੇ ਕਿਹਾ ਕਿ ਇਹ ਸਾਰੇ ਪਸ਼ੂ ਵਰਕਰ, ਕਥਿਤ ਪਸ਼ੂ ਪ੍ਰੇਮੀ ਕੀ ਉਨ੍ਹਾਂ ਸਾਰੇ ਬੱਚਿਆਂ ਨੂੰ ਵਾਪਸ ਲਿਆ ਸਕਣਗੇ ਜਿਹੜੇ ਰੈਬੀਜ਼ ਦੇ ਸ਼ਿਕਾਰ ਹੋ ਗਏ ਹਨ। ਕੀ ਉਹ ਉਨ੍ਹਾਂ ਬੱਚਿਆਂ ਨੂੰ ਮੁੜ ਜ਼ਿੰਦਗੀ ਦੇ ਸਕਣਗੇ। ਕੋਰਟ ਨੇ ਕਿਹਾ ਕਿ ਅਵਾਰਾ ਕੁੱਤਿਆਂ ਨੂੰ ਫੜਨ ਲਈ ਮੁਹਿੰਮ ਚਲਾਉਣ ਦੀ ਲੋੜ ਹੈ। ਇਕ ਵੀ ਅਵਾਰਾ ਕੁੱਤਾ ਘੁੰਮਦਾ ਹੋਇਆ ਨਹੀਂ ਦਿਸਣਾ ਚਾਹੀਦਾ। ਤੁਸ਼ਾਰ ਮਹਿਤਾ ਨੇ ਕਿਹਾ ਕਿ ਨਸਬੰਦੀ ਨਾਲ ਪ੍ਰਜਣਨ ਦਰ ਨੂੰ ਰੋਕਿਆ ਜਾ ਸਕਦਾ ਹੈ ਪਰ ਇਸ ਨਾਲ ਕੁੱਤਿਆਂ 'ਚ ਰੈਬੀਜ਼ ਫੈਲਣ ਦੀ ਸਮਰੱਥਾ ਖ਼ਤਮ ਨਹੀਂ ਹੁੰਦੀ। ਰੈਬੀਜ਼ ਦਾ ਕੋਈ ਇਲਾਜ ਨਹੀਂ ਹੈ, ਉਨ੍ਹਾਂ ਨੇ ਯੂਟਿਊਬ ਵੀਡੀਓ 'ਚ ਬੱਚਿਆਂ ਨੂੰ ਮਰਦੇ ਤੇ ਮਾਤਾ-ਪਿਤਾ ਨੂੰ ਬੇਸਹਾਰਾ ਰੋਂਦੇ ਦੇਖਿਆ ਹੈ ਕਿਉਂਕਿ ਡਾਕਟਰ ਵੀ ਕਹਿੰਦੇ ਹਨ ਕਿ ਇਸ ਦਾ ਇਲਾਜ ਨਹੀਂ ਹੈ। ਬੈਂਚ ਨੇ ਕਿਹਾ ਕਿ ਉਹ ਵਿਆਪਕ ਜਨਹਿੱਤ ਨੂੰ ਧਿਆਨ ਵਿਚ ਰੱਖ ਕੇ ਇਹ ਸੁਣਵਾਈ ਕਰ ਰਹੇ ਹਨ। ਕੋਰਟ ਨੇ ਇਸ 'ਤੇ ਧਿਆਨ ਦਿੱਤਾ ਕਿ ਕਿਵੇਂ ਛੋਟੇ ਬੱਚੇ ਤੇ ਬਜ਼ੁਰਗ ਕੁੱਤਿਆਂ ਦੇ ਵੱਢਣ ਦਾ ਸ਼ਿਕਾਰ ਹੋ ਰਹੇ ਹਨ। ਕੋਰਟ ਨੇ ਸੜਕਾਂ, ਸਾਰੇ ਸੰਵੇਦਨਸ਼ੀਲ ਸਥਾਨਾਂ ਤੋਂ ਅਵਾਰਾ ਕੁੱਤੇ ਹਟਾਉਣ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਇਸ ਨਾਲ ਬੱਚਿਆਂ ਨੂੰ ਸਾਈਕਲ ਚਲਾਉਂਦੇ ਤੇ ਖੇਡਦੇ ਸਮੇਂ ਸੁਰੱਖਿਅਤ ਮਹਿਸੂਸ ਹੋਵੇਗਾ।

ਮਹਿਤਾ ਨੇ ਕੋਰਟ ਨੂੰ ਕਿਹਾ ਕਿ ਐੱਮਸੀਡੀ ਨੇ ਪਹਿਲਾਂ ਅਵਾਰਾ ਕੁੱਤਿਆਂ ਨੂੰ ਸ਼ਿਫਟ ਕਰਨ ਲਈ ਇਕ ਥਾਂ ਦੀ ਨਿਸ਼ਾਨਦੇਹੀ ਕੀਤੀ ਸੀ ਪਰ ਕੁਝ ਪਸ਼ੂ ਅਧਿਕਾਰ ਵਰਕਰਾਂ ਨੇ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕਰ ਕੇ ਇਸ 'ਤੇ ਰੋਕ ਲਗਵਾ ਲਈ। ਕੋਰਟ ਨੇ ਸੋਮਵਾਰ ਨੂੰ ਇਸ ਸਬੰਧ 'ਚ ਕਈ ਨਿਰਦੇਸ਼ ਜਾਰੀ ਕੀਤੇ ਤੇ ਅਵਾਰਾ ਕੁੱਤਿਆਂ ਨੂੰ ਹਟਾਉਣ ਦੇ ਕੰਮ 'ਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਪੈਦਾ ਕਰਨ 'ਤੇ ਸਖ਼ਤ ਕਾਰਵਾਈ ਦੀ ਚਿਤਾਵਨੀ ਦਿੱਤੀ। ਕੋਰਟ ਨੇ ਸੂਬਿਆਂ ਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੁੱਤਿਆਂ ਲਈ ਸ਼ੈਲਟਰ ਹੋਮ ਬਣਾਏ ਜਾਣ, ਉੱਥੇ ਕੁੱਤਿਆਂ ਦੀ ਨਸਬੰਦੀ ਤੇ ਟੀਕਾਕਰਨ ਲਈ ਉਚਿਤ ਗਿਣਤੀ 'ਚ ਮੁਲਾਜ਼ਮ ਮੌਜੂਦ ਹੋਣ। ਇਨ੍ਹਾਂ ਡੌਗ ਸ਼ੈਲਟਰ ਹੋਮਾਂ ਦੀ ਸੀਸੀਟੀਵੀ ਨਾਲ ਨਿਗਰਾਨੀ ਹੋਵੇਗੀ। ਉਨ੍ਹਾਂ ਨੂੰ ਸੜਕਾਂ, ਕਾਲੋਨੀਆਂ ਜਾਂ ਜਨਤਕ ਥਾਵਾਂ 'ਤੇ ਨਾ ਛੱਡਿਆ ਜਾਏ।

## ਸਰਬਸੰਮਤੀ ਨਾਲ...

*(ਪਹਿਲੇ ਸਫ਼ੇ ਦਾ ਬਾਕੀ)*

ਤੀਜੇ ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦਾ ਚੁਣਿਆ ਹੋਇਆ ਪ੍ਰਧਾਨ ਪਾਰਟੀ ਦੀ ਜਥੇਬੰਦਕ ਚੋਣ ਤੋਂ ਇਲਾਵਾ ਵਿਧਾਨ ਸਭਾ ਤੇ ਲੋਕ ਸਭਾ ਦੀ ਚੋਣ ਨਹੀਂ ਲੜੇਗਾ। ਪ੍ਰਧਾਨ ਦਾ ਕਾਰਜਕਾਲ ਤਿੰਨ ਸਾਲ ਦਾ ਹੋਵੇਗਾ ਉਹ ਲਗਾਤਾਰ ਛੇ ਸਾਲ (ਤਿੰਨ- ਤਿੰਨ ਸਾਲ ਦੀਆਂ ਦੋ ਟਰਮਾਂ) ਜਾਂ ਵਕਫ਼ਾ ਪਾ ਕੇ ਦੁਬਾਰਾ ਇਕ ਟਰਮ ਹੀ ਚੋਣ ਲੜ ਸਕੇਗਾ। ਪ੍ਰਧਾਨ ਜੇਕਰ ਚੋਣ ਲੜਨਾ ਚਾਹੁੰਦਾ ਹੈ ਤਾਂ ਘੱਟ ਤੋਂ ਘੱਟ ਇਕ ਸਾਲ ਪਹਿਲਾਂ ਉਸ ਨੂੰ ਪ੍ਰਧਾਨਗੀ ਦਾ ਅਹੁਦਾ ਛੱਡਣਾ ਪਵੇਗਾ।

ਚੌਥੇ ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਵਲੋਂ 2022 ਦੀਆਂ ਚੋਣਾਂ ਤੋਂ ਬਾਅਦ ਪਾਰਟੀ ਦੇ ਰਾਜਸੀ ਨਿਘਾਰ ਦੇ ਕਾਰਨਾਂ ਦੀ ਜਾਂਚ ਸੰਬੰਧੀ ਬਣੀ 'ਝੂੰਦਾਂ ਕਮੇਟੀ' ਦੀਆਂ ਸਿਫ਼ਾਰਸ਼ਾਂ ਨੂੰ ਇਨਬਿੰਨ ਲਾਗੂ ਕੀਤਾ ਜਾਵੇਗਾ। ਪੰਜਵੇਂ ਮਤੇ ਅਨੁਸਾਰ ਪਾਰਟੀ ਦਾ ਡੈਲੀਗੇਟ ਹਾਊਸ ਚੁਣਨ ਲਈ ਮੈਂਬਰਸ਼ਿਪ ਭਰਤੀ ਛੇ ਸਾਲ ਬਾਅਦ ਹੋਵੇਗੀ ਅਤੇ ਡੈਲੀਗੇਟ ਇਜਲਾਸ ਛੇ ਸਾਲ ਤੱਕ ਕਾਰਜਸ਼ੀਲ ਰਹੇਗਾ। ਸ਼੍ਰੋਮਣੀ ਅਕਾਲੀ ਦਲ ਦੀ ਖੁੱਲੀ ਭਰਤੀ ਹਮੇਸ਼ਾ ਚਾਲੂ ਰਹੇਗੀ ਅਤੇ ਮੈਂਬਰ ਬਣਨ 'ਤੇ ਕੋਈ ਪਾਬੰਦੀ ਨਹੀਂ ਹੋਵੇਗੀ। ਇਕ ਹੋਰ ਮਤੇ ਅਨੁਸਾਰ ਦਲ ਦਾ ਇਕ ਸਾਲ ਵਿਚ ਇਕ ਡੈਲੀਗੇਟ ਇਜਲਾਸ ਬੁਲਾਉਣਾ ਲਾਜ਼ਮੀ ਹੋਵੇਗਾ ਤੇ ਉਸ ਸਮੇਂ ਦੌਰਾਨ ਪਾਰਟੀ ਦੀ ਕਾਰਜਸ਼ੈਲੀ ਦਾ ਮੁਲਾਂਕਣ ਵੀ ਕੀਤਾ ਜਾਵੇਗਾ। ਹੋਰ ਮਤੇ ਅਨੁਸਾਰ ਇਕ ਪਰਿਵਾਰ ਨੂੰ ਇਕ ਅਹੁਦਾ ਮਿਲੇਗਾ ਤੇ ਇਕ ਪਰਿਵਾਰ ਇਕ ਟਿਕਟ ਦਾ ਹੱਕਦਾਰ ਹੋਵੇਗਾ। ਉਮੀਦਵਾਰ ਦੀ ਚੋਣ ਲਈ ਪਾਰਟੀ ਦਾ ਪਾਰਲੀਮੈਂਟਰੀ ਬੋਰਡ ਬਣਾਇਆ ਜਾਵੇਗਾ, ਜੋ ਚੇਅਰਮੈਨ ਅਤੇ ਕੋ-ਚੇਅਰਮੈਨ ਹੈ ਸਮੇਤ ਸੱਤ ਜਾਂ ਨੋ ਮੈਂਬਰੀ ਹੋਵੇਗਾ, ਜਿਸ 6 ਦੀਆਂ ਸਿਫ਼ਾਰਸ਼ਾਂ ਅਤੇ ਸਹਿਮਤੀ ਨਾਲ । ਪਾਰਟੀ ਪ੍ਰਧਾਨ ਫ਼ੈਸਲਾ ਲਵੇਗਾ।

ਹੋਰ ਮਤਿਆਂ ਅਨੁਸਾਰ ਪੰਜਾਬ ਅਤੇ ਪੰਜਾਬ ਤੋਂ ਬਾਹਰ ਵਿੱਦਿਅਕ ਅਦਾਰਿਆਂ ਵਿਚ ਨੌਜਵਾਨਾਂ ਵਿਚ ਪਤਿਤਪੁਣਾ ਦੂਰ ਕਰਨ ਅਤੇ ਪੰਥ ਪ੍ਰਸਤੀ ਦੀ ਭਾਵਨਾ ਪੈਦਾ ਕਰਨ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਪੁਨਰ ਸੁਰਜੀਤ ਕੀਤਾ ਜਾਵੇਗਾ। ਯੂਥ ਵਿੰਗ ਦੇ ਪ੍ਰਧਾਨ ਲਈ ਉਮਰ ਸੀਮਾ 37 ਸਾਲ ਹੋਵੇਗੀ, ਨੌਜਵਾਨ ਅਤੇ ਇਸਤਰੀ ਵਰਗ ਨੂੰ ਵਿਧਾਨ ਸਭਾ, ਲੋਕ ਸਭਾ ਅਤੇ ਪਾਰਟੀ ਦੇ ਹਰ ਪਲੇਟਫਾਰਮ ਤੇ ਯੋਗ ਨੁਮਾਇੰਦਗੀ ਦਿੱਤੀ ਜਾਵੇਗੀ . ਵਿਧਾਨ ਸਭਾ ਤੇ ਲੋਕ ਸਭਾ ਚੋਣ ਲੜਨ ਵਾਲੇ ਉਮੀਦਵਾਰਾਂ (ਜੇਕਰ ਸਿੱਖ ਧਰਮ ਨਾਲ ਸੰਬੰਧਿਤ ਹੋਣ) ਦਾ ਕੇਸਾਧਾਰੀ ਹੋਣਾ ਜ਼ਰੂਰੀ ਹੋਵੇਗਾ । ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜਨਰਲ ਸਕੱਤਰ ਦਾ ਅਹੁਦਾ ਹੋਵੇਗਾ। ਇਹ ਵੀ ਮਤਾ ਪਾਸ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਦਾ ਮੈਂਬਰ ਕੋਈ ਵੀ ਰਾਜਸੀ ਚੋਣ ਨਹੀਂ ਲੜੇਗਾ । ਬੰਦੀ ਸਿੰਘਾਂ ਦੀ ਰਿਹਾਈ ਲਈ ਪੰਥ ਵਲੋਂ ਠੋਸ ਉਪਰਾਲੇ ਕੀਤੇ ਜਾਣਗੇ ਤੇ ਰਾਸ਼ਟਰਪਤੀ ਤੱਕ ਪਹੁੰਚ ਕੀਤੀ ਜਾਵੇਗੀ। ਕਰਤਾਰਪੁਰ ਸਾਹਿਬ ਦੇ ਬੰਦ ਲਾਂਘੇ ਨੂੰ ਖੋਲ੍ਹਣ ਅਤੇ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਾ ਸਾਹਿਬਾਨ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਲਈ ਯਤਨ ਕਰਨਗੇ । ਬੰਦੀ ਸਿੰਘਾਂ ਦੀ ਰਿਹਾਈ ਅਤੇ ਗਲਤ ਲਗਾਈਆਂ ਐੱਨ. ਐੱਸ. ਏ. ਤੋੜਨ ਲਈ ਹਰ ਹੀਲਾ ਵਰਤਿਆ ਜਾਵੇਗਾ।

## ਪੰਜਾਬ ਸਰਕਾਰ...

*(ਪਹਿਲੇ ਸਫ਼ੇ ਦਾ ਬਾਕੀ)*

ਦਲ ਨੇ ਵੀ ਆਪਣੀ ਗੁਆਚੀ ਹੋਈ ਸਿਆਸੀ ਜ਼ਮੀਨ ਹਾਸਲ ਕਰਨ ਲਈ ਇਸ ਨੀਤੀ ਖ਼ਿਲਾਫ਼ ਮੁਜ਼ਾਹਰੇ ਸ਼ੁਰੂ ਕਰ ਦਿੱਤੇ। ਕਾਂਗਰਸ ਤੇ ਭਾਜਪਾ ਨੇ ਵੀ ਇਸ ਮੁੱਦੇ 'ਤੇ ਮੁਜ਼ਾਹਰਿਆਂ ਦੀ ਜ਼ਮੀਨ ਤਿਆਰ ਕਰ ਲਈ ਸੀ। ਕਿਸਾਨਾਂ ਦੇ ਵਿਰੋਧੀ ਪਾਰਟੀਆਂ ਦੇ ਵਿਰੋਧ ਕਾਰਨ ਆਮ ਆਦਮੀ ਪਾਰਟੀ ਨੂੰ ਸਿਆਸੀ ਤੌਰ 'ਤੇ ਵੀ ਭਾਰੀ ਨੁਕਸਾਨ ਹੋ ਰਿਹਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨਵੇਂ ਅਕਾਲੀ ਦਲ ਦੇ ਪ੍ਰਧਾਨ ਬਣਨ ਮੌਕੇ ਅੱਜ ਲੈਂਡ ਪੂਲਿੰਗ ਪਾਲਸੀ ਦਾ ਵਿਰੋਧ ਕਰਦੇ ਹੋਏ ਇਸ ਨੂੰ ਪੰਜਾਬ ਦੀ ਭੂਗੋਲਿਕ ਸਥਿਤੀ ਬਦਲਣ ਦਾ ਦੋਸ਼ ਲਾਇਆ।

### ਪਾਰਟੀ 'ਚ ਵੀ ਪਾਲਿਸੀ ਦਾ ਹੋਣ ਲੱਗਾ ਸੀ ਵਿਰੋਧ

ਪਾਲਿਸੀ ਦੇ ਮੁੱਦੇ 'ਤੇ ਪਾਰਟੀ ਦੇ ਅੰਦਰ ਵੀ ਵਿਰੋਧ ਦੇ ਸੁਰ ਤਿੱਖੇ ਹੋਣ ਲੱਗੇ ਸਨ। ਇਸ ਦੀ ਸ਼ੁਰੂਆਤ ਆਨੰਦਪੁਰ ਸਾਹਿਬ ਦੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਹੀ ਕਰ ਦਿੱਤੀ ਸੀ। ਇਸ ਦੇ ਬਾਵਜੂਦ ਮੁੱਖ ਮੰਤਰੀ, ਕੈਬਨਿਟ



ਮੰਤਰੀਆਂ ਸਮੇਤ ਆਪ ਦੇ ਆਗੂ ਵਾਰ-ਵਾਰ ਪ੍ਰੈੱਸ ਕਾਨਫਰੰਸਾਂ ਕਰ ਕੇ ਪਾਲਿਸੀ ਨੂੰ ਕਿਸਾਨ ਹਿੱਤ 'ਚ ਦੱਸ ਰਹੇ ਸਨ। ਸੂਤਰਾਂ ਮੁਤਾਬਕ ਪੰਜਾਬ ਦੀ ਲੀਡਰਸ਼ਿਪ ਸਰਕਾਰ ਨੂੰ ਪਾਲਿਸੀ ਵਾਪਸ ਲੈਣ ਦਾ ਸੁਝਾਅ ਦਿੰਦੀ ਰਹੀ ਪਰ ਦਿੱਲੀ ਦੀ ਲੀਡਰਸ਼ਿਪ ਇਸਨੂੰ ਲਾਗੂ ਕਰਵਾਉਣ 'ਤੇ ਅੜੀ ਹੋਈ ਸੀ। ਪਾਲਿਸੀ ਦਾ ਵਿਰੋਧ ਇਸ ਕਦਰ ਵੱਧ ਗਿਆ ਸੀ ਕਿ ਪਿੰਡਾਂ 'ਚ ਆਪ ਆਗੂਆਂ ਦੀ ਐਂਟਰੀ ਬੰਦ ਕਰਨ ਦੇ ਪੋਸਟਰ ਲਗਾਏ ਜਾਣ ਲੱਗੇ ਸਨ। ਪਾਰਟੀ ਦੇ ਵਿਧਾਇਕਾਂ ਦਾ ਘਿਰਾਓ ਕਰ ਕੇ ਉਨ੍ਹਾਂ ਤੋਂ ਸਵਾਲ ਪੁੱਛੇ ਜਾ ਰਹੇ ਸਨ।

### ਕਾਨੂੰਨੀ ਤੌਰ 'ਤੇ ਵੀ ਨਹੀਂ ਮਿਲ ਰਹੀ ਸੀ ਕੋਈ ਰਾਹਤ

ਦੱਸਿਆ ਜਾਂਦਾ ਹੈ ਕਿ ਸਰਕਾਰ ਇਸ ਮਾਮਲੇ 'ਚ ਕਾਨੂੰਨੀ ਤੌਰ 'ਤੇ ਵੀ ਕੋਈ ਰਾਹਤ ਮਿਲਦੀ ਨਾ ਦੇਖ ਕੇ ਪਿੱਛੇ ਹਟੀ ਹੈ । ਪਿਛਲੇ ਦਿਨੀਂ ਇਸ ਮਾਮਲੇ 'ਚ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਰਕਾਰ ਨੂੰ ਝਾੜ ਪਾਈ ਸੀ। ਕੋਰਟ ਨੇ 10 ਸਤੰਬਰ ਤੱਕ ਸਰਕਾਰ ਦੀ ਇਸ ਪਾਲਿਸੀ 'ਤੇ ਰੋਕ ਲੱਗਾ ਦਿੱਤੀ ਸੀ। ਹੁਣ ਸਰਕਾਰ ਇਸ ਮੁੱਦੇ 'ਤੇ ਸੁਪਰੀਮ ਕੋਰਟ ਜਾਣ 'ਤੇ ਵਿਚਾਰ ਕਰ ਰਹੀ ਸੀ। ਵਿਭਾਗੀ ਸੂਤਰਾਂ ਮੁਤਾਬਕ ਕਾਨੂੰਨੀ ਮਾਹਰਾਂ ਨੇ ਸਰਕਾਰ ਨੂੰ ਸਲਾਹ ਦਿੱਤੀ ਸੀ ਕਿ ਇਸ ਮਾਮਲੇ 'ਚ ਸੁਪਰੀਮ ਕੋਰਟ ਤੋਂ ਵੀ ਰਾਹਤ




ਮਿਲਣ ਦੀ ਸੰਭਾਵਨਾ ਘੱਟ ਹੈ, ਕਿਉਂਕਿ ਪਾਲਿਸੀ 'ਚ ਸੋਸ਼ਲ ਇੰਪੈਕਟ ਅਸੈੱਸਮੈਂਟ ਨਹੀਂ ਕਰਵਾਇਆ ਗਿਆ ਸੀ ਤੇ ਸੁਪਰੀਮ ਕੋਰਟ ਦੇ ਕਈ ਫ਼ੈਸਲੇ ਇਸ ਦੇ ਖ਼ਿਲਾਫ਼ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

## ਗਿਆਨੀ ਹਰਪ੍ਰੀਤ ਸਿੰਘ ਬਣੇ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ

(ਪਹਿਲੇ ਸਫ਼ੇ ਦਾ ਬਾਕੀ)



ਅਹੁਦੇ ਲਈ ਤਜਵੀਜ਼ ਕੀਤਾ। ਉਨ੍ਹਾਂ ਦੇ ਨਾਂ ਦੀ ਤਾਈਦ ਐੱਸ.ਜੀ.ਪੀ.ਸੀ. ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤੀ ਜਦਕਿ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਨੇ ਤਾਈਦ ਮਜੀਦ ਕੀਤੀ।

ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਪੰਥਕ ਕੌਂਸਲ ਦੀ ਚੇਅਰਪਰਸਨ ਦੇ ਰੂਪ ਵਿਚ ਬੀਬੀ ਸਤਵੰਤ ਕੌਰ ਦਾ ਨਾਂ ਤਜਵੀਜ਼ ਕੀਤਾ, ਜਿਸ ਨੂੰ ਹਾਜ਼ਰ ਡੈਲੀਗੇਟਸ ਨੇ ਜੈਕਾਰਿਆਂ ਦੀ ਗੂੰਜ ਵਿਚ ਮਨਜ਼ੂਰੀ ਦਿੱਤੀ। ਚੋਣ ਅਧਿਕਾਰੀ ਸੰਤਾ ਸਿੰਘ ਉਮੈਦਪੁਰੀ ਨੇ ਹਾਜ਼ਰ ਸਾਰੇ ਡੈਲੀਗੇਟਸ ਤੋਂ ਹੋਰ ਨਾਵਾਂ ਦੀ ਤਜਵੀਜ਼ ਮੰਗੀ ਪਰ ਕੋਈ ਹੋਰ ਉਮੀਦਵਾਰ ਸਾਹਮਣੇ ਨਾ ਆਉਣ 'ਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਐਲਾਨ ਦਿੱਤਾ ਗਿਆ।

### ਭਾਜਪਾ ਦੇ ਕਾਰਨ ਅਕਾਲੀ ਦਲ ਐੱਸ.ਜੀ.ਪੀ.ਸੀ. 'ਤੇ ਕਾਬਜ਼: ਗਿਆਨੀ ਹਰਪ੍ਰੀਤ ਸਿੰਘ

ਬਾਗ਼ੀ ਧੜੇ ਵੱਲੋਂ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੇ ਸਪੱਸ਼ਟ ਕੀਤਾ ਕਿ ਉਹ ਚੋਣਾਂ ਨਹੀਂ ਲੜਨਗੇ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੇ ਪਾਰਟੀ ਦੇ ਆਈ.ਟੀ. ਵਿੰਗ ਨੂੰ ਲੈ ਕੇ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਕੰਮ ਮੇਰੀ ਕਿਰਦਾਰਕੁਸ਼ੀ ਕਰਨਾ ਹੈ। ਜੇਕਰ ਮੇਰੇ ਕਿਸੇ ਵੀ ਕਾਰਕੁੰਨ ਜਾਂ ਨੇਤਾ ਦੀ ਕਿਰਦਾਰਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਮੈਂ ਅਜਿਹੇ ਲੋਕਾਂ ਨੂੰ ਨੰਗਾ ਕਰ ਦੇਵਾਂਗਾ। ਮੇਰੇ ਕੋਲ ਸੁਖਬੀਰ ਦੀਆਂ ਜਾਇਦਾਦਾਂ ਦੀਆਂ ਲੰਬੀਆਂ-ਲੰਬੀਆਂ ਸੂਚੀਆਂ ਹਨ। ਪਹਿਲਾਂ ਮੈਂ ਇਕੱਲਾ ਸੀ, ਹੁਣ ਪੰਥ ਤੇ 15 ਲੱਖ ਲੋਕ ਮੇਰੇ ਨਾਲ ਹਨ। ਇਹ ਲੋਕ ਜਿੰਨਾ ਵੀ ਚਿੱਕੜ ਸੁੱਟ ਲੈਣ, ਅਸੀਂ ਪੰਥਕ ਮੁੱਦਿਆਂ ਦੀ ਹੀ ਗੱਲ ਕਰਾਂਗੇ। ਉਨ੍ਹਾਂ ਕਿਹਾ ਕਿ ਮੈਂ ਜਥੇਦਾਰ ਦੇ ਰੂਪ ਵਿਚ ਸੇਵਾ ਕਰ ਰਿਹਾ ਸੀ ਪਰ ਉਨ੍ਹਾਂ ਮੇਰੀ ਸੇਵਾ ਖੋਹ ਲਈ। ਹੁਣ ਪੰਥ ਨੇ ਮੈਨੂੰ ਉਨ੍ਹਾਂ ਦੇ ਸਿਰ 'ਤੇ ਬਿਠਾ ਦਿੱਤਾ ਹੈ। ਉਹ ਕਹਿੰਦੇ ਸਨ ਕਿ ਮੈਂ ਸਿਰਫ਼ ਗ੍ਰੰਥੀ ਹਾਂ, ਸਿਆਸਤ ਨਹੀਂ ਜਾਣਦਾ ਪਰ ਹੁਣ ਮੈਂ ਉਨ੍ਹਾਂ ਨੂੰ ਦਿਖਾਵਾਂਗਾ ਕਿ ਸਿਆਸਤ ਕਿਵੇਂ ਕੀਤੀ ਜਾਂਦੀ ਹੈ। ਐੱਸ.ਜੀ.ਪੀ.ਸੀ. ਦੀਆਂ ਚੋਣਾਂ ਨਾ ਹੋਣ 'ਤੇ ਜਥੇਦਾਰ ਨੇ ਕਿਹਾ ਕਿ ਵਰਤਮਾਨ ਵਿਚ ਕਾਬਜ਼ ਧੜੇ ਨੂੰ ਲਾਭ ਹੋ ਰਿਹਾ ਹੈ ਅਤੇ ਕੇਂਦਰ ਦੀ ਸੱਤਾਧਾਰੀ ਭਾਜਪਾ ਨਾਲ ਮਿਲ ਕੇ ਇਹ ਲਾਭ ਚੁੱਕਿਆ ਜਾ ਰਿਹਾ ਹੈ।

### ਜਲਦ ਹੀ ਜਥੇਬੰਦਕ ਢਾਂਚਾ ਕਾਇਮ ਕੀਤਾ ਜਾਵੇਗਾ: ਵਡਾਲਾ

ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜੋ ਹੁਕਮਨਾਮੇ ਹੋਏ ਸਨ, ਉਸ ਦੇ ਮੁਤਾਬਿਕ ਪੰਜ ਮੈਂਬਰੀ ਕਮੇਟੀ



ਨੇ ਲੱਗੀ ਸੇਵਾ ਪੂਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਅਨੁਸਾਰ ਦਲ ਦਾ ਜਥੇਬੰਦਕ ਢਾਂਚਾ ਕਾਇਮ ਕੀਤਾ ਜਾਵੇਗਾ ਤੇ ਦਲ ਦੀ ਮੈਂਬਰਸ਼ਿਪ ਭਰਤੀ ਜਾਰੀ ਰਹੇਗੀ।

### ਚੁਣੌਤੀਆਂ ਦੇ ਹੱਲ ਲਈ ਪੰਥਕ ਪਿੱਚ ਤਿਆਰ ਹੋਈ: ਚੰਦੂਮਾਜਰਾ

ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅੱਜ ਸਿੱਖ ਪੰਥ ਤੇ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦੇ



ਹੱਲ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਪੰਥਕ ਪਿੱਚ ਤਿਆਰ ਹੋਈ ਹੈ। ਉਨ੍ਹਾਂ ਕਿਹਾ ਕਿ ਅੱਜ ਕਿਰਤੀ ਤੇ ਸਧਾਰਨ ਸਿੱਖ ਪਰਿਵਾਰ ਨਾਲ ਸੰਬੰਧਿਤ ਸ਼ਖ਼ਸੀਅਤ ਗਿਆਨੀ ਹਰਪ੍ਰੀਤ ਸਿੰਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਬਣਾਏ ਜਾਣ ਨੇ ਇਤਿਹਾਸ ਸਿਰਜਦਿਆਂ ਇਹ ਮਿੱਥ ਵੀ ਤੋੜ ਦਿੱਤੀ ਹੈ ਕਿ ਅਕਾਲੀ ਦਲ 'ਜੱਟਾਂ ਦੀ ਪਾਰਟੀ ਹੈ।

### ਅੱਜ ਦੇ ਦਿਨ ਦਾ ਇਤਿਹਾਸ ਪੜਚੋਲਿਆ ਜਾਵੇਗਾ: ਬੀਬੀ ਸਤਵੰਤ ਕੌਰ

ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਕੌਂਸਲ ਦੀ ਨਵ-ਨਿਯੁਕਤ ਚੇਅਰਪਰਸਨ ਬੀਬੀ ਸਤਵੰਤ



ਕੌਰ ਨੇ ਕਿਹਾ ਕਿ ਅੱਜ ਰੌਲਾ ਕੋਈ ਅਹੁਦਿਆਂ ਜਾਂ ਕੋਈ ਸੱਤਾ ਪ੍ਰਾਪਤੀ ਦਾ ਨਹੀਂ ਹੈ, ਅੱਜ ਗੱਲ ਸਿੱਖਾਂ ਦੀ ਗਵਾਚ ਚੁੱਕੀ ਹੋਂਦ ਹਸਤੀ ਨੂੰ ਬਰਕਰਾਰ ਕਰਨ ਦੀ ਹੈ। ਸਿੱਖਾਂ 'ਚੋਂ ਜੋ ਆਪਣੀ ਲੀਡਰਸ਼ਿਪ ਪ੍ਰਤੀ ਭਰੋਸਯੋਗਤਾ ਗਵਾਚ ਗਈ ਉਸ ਦੀ ਪੁਨਰ ਸੁਰਜੀਤੀ ਦੀ ਵੀ ਵੱਡੇ ਪੱਧਰ 'ਤੇ ਲੋੜ ਹੈ। ਉਨਾਂ ਕਿਹਾ ਕਿ ਬਿਨਾਂ ਸ਼ੱਕ ਕਿ ਭਾਰਤ ਦੇਸ਼ 'ਚ ਰਹਿਣ ਵਾਲੇ ਹਰੇਕ ਸਿੱਖ ਦੀ ਕੌਮੀਅਤ ਵੀ ਉਸੇ ਤਰ੍ਹਾਂ ਹੀ ਭਾਰਤੀ ਹੈ ਜਿਵੇਂ ਇਥੋਂ ਦੇ ਹਿੰਦੂਆਂ, ਦੰਗ ਇਸਾਈਆਂ, ਮੁਸਲਮਾਨਾਂ ਤੇ ਹੋਰ ਧਰਮਾਂ ਦੀ ਹੈ, ਕਿਉਂਕਿ ਭਾਰਤ ਲੋਕਤੰਤਰ ਦੇਸ਼ ਹੈ।

ਇਥੇ ਵਸਣ ਵਾਲੀਆਂ ਹੋਰਨਾਂ ਕੌਮਾਂ ਵਾਂਗ ਸਿੱਖ ਵੀ ਇਕ ਵਿਲੱਖਣ ਸਵਰੂਪ ਸੁਤੰਤਰ ਸੱਭਿਆਚਾਰ ਅਤੇ ਸਮੁੱਚੀ ਮਾਨਵਤਾ ਲਈ ਮਾਰਗ ਦਰਸ਼ਕ ਨਿਵੇਕਲੇ ਸਿਧਾਂਤ ਅਤੇ ਪਰੰਪਰਾਵਾਂ ਦਾ ਸੁਮੇਲ ਰੱਖਣ ਦੀ ਇਕ ਜਾਗਦੀ ਜਮੀਰ ਵਾਲੀ ਕੌਮ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ 100 ਸਾਲਾਂ ਬਾਅਦ ਵੀ ਅੱਜ ਦੇ ਦਿਨ ਦਾ ਇਤਿਹਾਸ ਪੜਚੋਲਿਆ ਜਾਵੇਗਾ।

### ਪੰਥਕ ਏਕਤਾ ਲਈ ਯਤਨ ਕੀਤੇ ਜਾਣਗੇ: ਇਯਾਲੀ

ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਸੇਵਾ ਲੱਗੀ ਸੀ ਉਸ ਸੇਵਾ ਨੂੰ ਪੂਰਾ ਕੀਤਾ ਹੈ। ਇਸ ਦੌਰਾਨ ਕਈ



ਕਠਿਨਾਈਆਂ ਅਤੇ ਚੁਣੌਤੀਆਂ ਵੀ ਆਈਆਂ। ਸੇਵਾ ਨਿਭਾਉਂਦੇ ਹੋਏ ਕਿਰਦਾਰਕੁਸ਼ੀ ਵੀ ਹੋਈ ਪਰ ਜਦੋਂ ਗੁਰੂ ਦੇ ਸਿਧਾਂਤ ਅਨੁਸਾਰ ਕੋਈ ਹੁਕਮ ਹੋਵੇ ਤਾਂ ਹਰ ਸਿੱਖ ਦਾ ਫਰਜ਼ ਬਣਦਾ ਹੈ ਉਸ ਨੂੰ ਸਿਰੇ ਲਗਾਉਣਾ। ਉਨਾਂ ਕਿਹਾ ਕਿ ਗੁਰੂ ਸਾਹਿਬ ਨੇ ਕਿਰਪਾ ਕੀਤੀ ਜੋ ਸਾਡੀ ਪ੍ਰੀਖਿਆ ਸੀ ਉਸ 'ਚੋਂ ਪਾਸ ਹੋਏ। ਉਨ੍ਹਾਂ ਕਿਹਾ ਕਿ ਹੁਣ ਅਗਲਾ ਕੰਮ ਪੰਥਕ ਏਕਤਾ ਦਾ ਯਤਨ ਕਰਨਾ ਹੈ, ਇਸ ਦੇ ਲਈ ਉਹ ਨਿਸ਼ਕਾਮ ਸੇਵਾ ਕਰਨਗੇ।



### 15 ਲੱਖ ਦੇ ਕਰੀਬ ਭਰਤੀ ਕੀਤੀ: ਭਾਈ ਲੌਂਗੋਵਾਲ

ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਅੱਜ ਦੇ ਡੈਲੀਗੇਟ ਇਜਲਾਸ ਨੂੰ ਲੈ ਕੇ ਸਮੂਹ ਪੰਜਾਬੀਆਂ 'ਚ ਭਾਰੀ ਉਤਸ਼ਾਹ ਪਾਇਆ ਗਿਆ ਹੈ ਅਤੇ ਸਭ ਦੀਆਂ ਨਜ਼ਰਾਂ ਇਸ ਪਾਸੇ ਲੱਗੀਆਂ ਹੋਈਆਂ ਸਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 2 ਦਸੰਬਰ, 2024 ਨੂੰ ਹੋਏ ਆਦੇਸ਼ਾਂ ਅਨੁਸਾਰ 15 ਲੱਖ ਦੇ ਕਰੀਬ ਭਰਤੀ ਕੀਤੀ ਗਈ ਹੈ, ਹੁਣ ਪੰਥਕ ਏਕਤਾ ਲਈ ਜ਼ੋਰ ਲਗਾਇਆ ਜਾਵੇਗਾ।

### ਇਜਲਾਸ 'ਚ ਪੁੱਜੀਆਂ ਸ਼ਖ਼ਸੀਅਤਾਂ

ਇਜਲਾਸ ਵਿਚ ਪੰਜ ਮੈਂਬਰੀ ਭਰਤੀ ਕਮੇਟੀ ਮੈਂਬਰਾਂ ਤੋਂ ਇਲਾਵਾ ਸੀਨੀਅਰ ਅਕਾਲੀ ਆਗੂ ਬੀਬੀ ਜਗੀਰ ਕੌਰ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਤੇ ਪ੍ਰੋ: ਮਨਜੀਤ ਸਿੰਘ, ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਬੀਬੀ ਕਿਰਨਜੋਤ ਕੌਰ, ਚਰਨਜੀਤ ਸਿੰਘ ਬਰਾੜ, ਐਡਵੋਕੇਟ ਜਸਬੀਰ ਸਿੰਘ ਘੁੰਮਣ, ਭਾਈ ਮਨਜੀਤ ਸਿੰਘ, ਭਾਈ ਕਰਨੈਲ ਸਿੰਘ ਪੀਰ ਮੁਹੰਮਦ, ਭਾਈ ਹਰਿਸਿਮਰਨ ਸਿੰਘ, ਮੱਖਣ ਸਿੰਘ ਬਰਾੜ, ਕਰਨੈਲ ਸਿੰਘ ਪੰਜੋਲੀ, ਜਸਵੰਤ ਸਿੰਘ ਪੁੜੈਣ, ਸੁਖਦੇਵ ਸਿੰਘ ਚੱਕ, ਅਮਰਜੀਤ ਸਿੰਘ ਮੁੱਲਾਂਪੁਰ, ਹਰਬੰਸ ਸਿੰਘ ਮੰਝਪੁਰ, ਰਘਬੀਰ ਸਿੰਘ ਰਾਜਾਸਾਂਸੀ, ਪ੍ਰੋ: 1 ਬਲਵਿੰਦਰ ਸਿੰਘ ਜੌੜਾਸਿੰਘ, ਕੁਲਜੀਤ ਸਿੰਘ ਸਿੰਘ ਬ੍ਰਦਰਜ਼, ਕੰਵਰ ਚੜ੍ਹਤ ਸਿੰਘ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸਤਵਿੰਦਰਪਾਲ ਸਿੰਘ ਢੱਟ, ਅਵਤਾਰ ਸਿੰਘ ਜੌਹਲ, ਪਰਮਿੰਦਰ ਸਿੰਘ ਪੰਨੂੰ, ਮਾਸਟਰ ਕੁਲਵਿੰਦਰ ਸਿੰਘ ਜੰਡ, ਜਥੇਦਾਰ ਗੁਰਜੀਵਨ ਸਿੰਘ ਸਰੌਂਦ ਤੇ ਗਿਆਨੀ ਅਮਰ ਸਿੰਘ ਸਮੇਤ ਹੋਰ ਸ਼ਖ਼ਸੀਅਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ । ਇਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਭਾਈ । ਜਸਵੰਤ ਸਿੰਘ ਸਾਬਕਾ ਹਜ਼ੂਰੀ ਰਾਗੀ ਜਥੇ ਨੇ ਸ਼ਬਦ ਕੀਰਤਨ ਕੀਤਾ।

## ਅਕਾਲੀ ਦਲ ਦਾ ਪ੍ਰਧਾਨ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਾਜਸੀ ਚੋਣ ਨਹੀਂ ਲੜਨਗੇ; ਮਤੇ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਥਕ ਕੌਂਸਲ ਦੇ ਚੇਅਰਪਰਸਨ ਦੀ ਚੋਣ ਪ੍ਰਕਿਰਿਆ ਮੁਕੰਮਲ ਹੋਣ ਬਾਅਦ ਗਿਆਨੀ ਹਰਪ੍ਰੀਤ ਸਿੰਘ, ਬੀਬੀ ਸਤਵੰਤ ਕੌਰ ਤੇ ਭਰਤੀ ਕਮੇਟੀ ਦੇ ਮੈਂਬਰਾਂ ਸਮੇਤ ਸੀਨੀਅਰ ਅਕਾਲੀ ਲੀਡਰਸ਼ਿਪ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਪੈਦਲ ਚੱਲ ਕੇ ਸ੍ਰੀ ਦਰਬਾਰ ਸਾਹਿਬ ਪੁੱਜੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਾਰਟੀ, ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਦਰਸ਼ਨ ਕਰਨ ਆਉਣ ਸਮੇਂ ਸੂਚਨਾ ਕੇਂਦਰ ਵਿਖੇ ਆਉਣ 'ਤੇ ਅਕਾਲੀ ਦਲ ਦੇ ਨਵ- ਨਿਯੁਕਤ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਤੇ ਬੀਬੀ ਸਤਵੰਤ ਕੌਰ ਨੂੰ ਚਾਹ ਪਾਣੀ ਤਾਂ ਪਿਲਾਇਆ ਪਰ ਉਨ੍ਹਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਨਹੀਂ ਕੀਤਾ ਗਿਆ ।

## ਫਿਰ ਮੁਲਤਵੀ ਹੋ ਸਕਦੀਆਂ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ

**ਚੰਡੀਗੜ੍ਹ:** 14 ਸਾਲਾਂ ਬਾਅਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਇੱਕ ਵਾਰ ਫਿਰ ਮੁਲਤਵੀ ਹੋ ਸਕਦੀਆਂ ਹਨ। ਜਿਸ ਤਰ੍ਹਾਂ ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਯੂਟੀ ਚੰਡੀਗੜ੍ਹ ਵਿੱਚ ਚੋਣਾਂ ਲਈ ਵੋਟਰ ਸੂਚੀ ਤਿਆਰ ਕਰਨ ਦੇ ਕੰਮ 'ਚ ਜੋ ਤੇਜ਼ੀ ਆਈ ਸੀ, ਹੁਣ ਉਹ ਪ੍ਰਭਾਵਿਤ ਹੋ ਸਕਦੀ ਹੈ ਕਿਉਂਕਿ ਸਿੱਖ ਗੁਰਦੁਆਰਾ ਚੋਣ ਕਮਿਸ਼ਨ ਦੇ ਕਮਿਸ਼ਨਰ ਜਸਟਿਸ ਐੱਸਐੱਸ ਸਰਨ ਸੇਵਾਮੁਕਤ ਹੋ ਗਏ ਹਨ। ਕਮਿਸ਼ਨ ਦੇ ਨਿਯਮਾਂ ਅਨੁਸਾਰ ਕੋਈ ਵਿਅਕਤੀ ਇਸ ਅਹੁਦੇ 'ਤੇ ਸਿਰਫ 70 ਸਾਲ ਦੀ ਉਮਰ ਤੱਕ ਹੀ ਰਹਿ ਸਕਦਾ ਹੈ। ਜਸਟਿਸ ਸਰਨ ਦਾ ਕਾਰਜਕਾਲ 30 ਜੂਨ ਨੂੰ ਹੀ ਖਤਮ ਹੋ ਗਿਆ ਸੀ ਪਰ ਉਨ੍ਹਾਂ ਦੇ ਕਾਰਜਕਾਲ ਨੂੰ ਵਧਾਉਣ ਲਈ ਕੇਂਦਰ ਨੂੰ ਮਤਾ ਭੇਜਿਆ ਗਿਆ ਸੀ ਪਰ ਕੇਂਦਰ ਨੇ ਇਸ ਨੂੰ ਹੋਰ ਨਹੀਂ ਵਧਾਇਆ। ਕੇਂਦਰੀ ਗ੍ਰਹਿ ਮੰਤਰਾਲੇ ਨੇ ਨਵੇਂ ਕਮਿਸ਼ਨਰ ਦੀ ਭਾਲ ਲਈ ਸੇਵਾਮੁਕਤ ਜੱਜਾਂ ਤੋਂ ਅਰਜ਼ੀਆਂ ਮੰਗੀਆਂ ਹਨ। ਇਸ ਵਿੱਚ ਦੋ ਤੋਂ ਤਿੰਨ ਮਹੀਨੇ ਲੱਗ ਸਕਦੇ ਹਨ। ਸਾਹਮਣੇ ਆਇਆ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਵੀ ਚੱਲ ਰਹੀ ਹੈ, ਜਿਸ ਵਿੱਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਮੈਂਬਰ ਨੇ ਸ਼੍ਰੋਮਣੀ ਕਮੇਟੀ ਲਈ ਤਿਆਰ ਕੀਤੀ ਜਾ ਰਹੀ ਵੋਟਰ ਸੂਚੀ ਨੂੰ ਰੋਕ ਦਿੱਤਾ ਹੈ, ਇਹ ਕਹਿੰਦੇ ਹੋਏ ਕਿ ਵੋਟਾਂ ਹਰਿਆਣਾ ਵਿੱਚ ਵੀ ਹੋਣੀਆਂ ਚਾਹੀਦੀਆਂ ਹਨ।



## ਪੰਜਾਬੀ ਫ਼ਿਲਮ ਇੰਡਸਟਰੀ ਹੁਣ ਹਰਿਆਣਾ 'ਚ ਵੀ ਬਣਾਏਗੀ ਪੰਜਾਬੀ ਫਿਲਮਾਂ

**ਰੂਪਨਗਰ:** ਭਾਜਪਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਪੰਜਾਬੀ ਫਿਲਮ ਇੰਡਸਟਰੀ ਦੇ ਪ੍ਰਮੁੱਖ ਕਲਾਕਾਰਾਂ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਵਿਚਕਾਰ ਮੁਲਾਕਾਤ ਕਰਵਾਈ ਹੈ। ਇਸ ਮੌਕੇ ਹਰਿਆਣਾ ਵਿਚ ਪੰਜਾਬੀ ਫਿਲਮਾਂ ਅਤੇ ਪੰਜਾਬੀ ਸੱਭਿਆਚਾਰ ਦੇ ਪ੍ਰੋਤਸਾਹਨ ਨੂੰ ਲੈ ਕੇ ਰਚਨਾਤਮਕ ਵਿਚਾਰ-ਵਟਾਂਦਰਾ ਕੀਤਾ ਗਿਆ। ਮੁਲਾਕਾਤ ਦੌਰਾਨ ਕਲਾਕਾਰਾਂ ਨੇ ਮੁੱਖ ਮੰਤਰੀ ਸੈਣੀ ਨਾਲ ਆਪਣੀਆਂ ਮੰਗਾਂ ਤੇ ਸੁਝਾਅ ਸਾਂਝੇ ਕੀਤੇ ਜਿਨ੍ਹਾਂ ਵਿਚ ਫਿਲਮ ਨਿਰਮਾਣ ਲਈ ਉਚਿਤ ਮਾਹੌਲ, ਸ਼ੂਟਿੰਗ ਸਥਾਨਾਂ ਦੀ ਉਪਲੱਬਧਤਾ, ਟੈਕਸ ਰਾਹਤ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਲਈ ਖ਼ਾਸ ਯੋਜਨਾਵਾਂ ਸ਼ਾਮਲ ਸਨ। ਸੈਣੀ ਨੇ ਭਰੋਸਾ ਦਿਵਾਇਆ ਕਿ ਹਰਿਆਣਾ ਸਰਕਾਰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਪੱਕੇ ਕਦਮ ਚੁੱਕੇਗੀ।



ਉਨ੍ਹਾਂ ਕਿਹਾ ਕਿ ਹਰਿਆਣਾ ਅਤੇ ਪੰਜਾਬ ਦੇ ਸੱਭਿਆਚਾਰਕ ਰਿਸ਼ਤੇ ਗਹਿਰੇ ਹਨ ਅਤੇ ਪੰਜਾਬੀ ਫਿਲਮਾਂ ਰਾਹੀਂ ਇਹ ਰਿਸ਼ਤੇ ਹੋਰ ਮਜ਼ਬੂਤ ਕੀਤੇ ਜਾ ਸਕਦੇ ਹਨ।

ਅਜੈਵੀਰ ਸਿੰਘ ਲਾਲਪੁਰਾ ਨੇ ਕਿਹਾ ਕਿ ਭਾਜਪਾ ਹਮੇਸ਼ਾ ਤੋਂ ਪੰਜਾਬੀ ਮਾਤ ਭਾਸ਼ਾ, ਸ਼ਾਨਦਾਰ ਵਿਰਾਸਤ ਅਤੇ ਸੱਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਵਚਨਬੱਧ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਫਿਲਮ ਇੰਡਸਟਰੀ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸਗੋਂ ਸਾਡੀ ਸੱਭਿਆਚਾਰ, ਭਾਸ਼ਾ ਅਤੇ ਰਿਵਾਜਾਂ ਦਾ ਜੀਵੰਤ ਦਸਤਾਵੇਜ਼ ਹੈ। ਹਰਿਆਣਾ ਵਰਗੇ ਗੁਆਂਢੀ ਰਾਜ ਵਿਚ ਪੰਜਾਬੀ ਫਿਲਮਾਂ ਨੂੰ ਵਾਧਾ ਮਿਲਣ ਨਾਲ ਨਾ ਸਿਰਫ਼ ਕਲਾਕਾਰਾਂ ਨੂੰ ਲਾਭ ਹੋਵੇਗਾ, ਸਗੋਂ ਭਾਸ਼ਾ ਤੇ ਸੱਭਿਆਚਾਰ ਦਾ ਪ੍ਰਸਾਰ ਵੀ ਵੱਡੇ ਪੱਧਰ 'ਤੇ ਹੋਵੇਗਾ। ਉਨ੍ਹਾਂ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਰਾਜ ਮੰਤਰੀ ਐੱਲ ਮੁਰੁਗਨ ਨਾਲ ਮੁਲਾਕਾਤ ਕਰ ਕੇ ਪੰਜਾਬੀ ਫਿਲਮ ਇੰਡਸਟਰੀ ਦੀਆਂ ਚੁਣੌਤੀਆਂ ਤੇ ਸੰਭਾਵਨਾਵਾਂ 'ਤੇ ਚਰਚਾ ਕੀਤੀ ਸੀ। ਉਸ ਵੇਲੇ ਵੀ ਉਨ੍ਹਾਂ ਨੇ ਉਦਯੋਗ ਦੇ ਹਿੱਤ 'ਚ ਨੀਤੀਗਤ ਬਦਲਾਵਾਂ ਅਤੇ ਪ੍ਰੋਤਸਾਹਨ ਯੋਜਨਾਵਾਂ ਦੀ ਵਕਾਲਤ ਕੀਤੀ ਸੀ।

ਇਸ ਮੌਕੇ ਪੰਜਾਬੀ ਫਿਲਮ ਇੰਡਸਟਰੀ ਦੇ ਕਈ ਮਸ਼ਹੂਰ ਕਲਾਕਾਰ, ਨਿਰਮਾਤਾ ਅਤੇ ਨਿਰਦੇਸ਼ਕ ਮੌਜੂਦ ਸਨ। ਇਨ੍ਹਾਂ ਵਿਚ ਪ੍ਰਸਿੱਧ ਅਦਾਕਾਰ ਅਤੇ ਕਾਮੇਡੀਅਨ ਬਿੰਨੂ ਢਿੱਲੋਂ, ਰਾਜ ਧਾਲੀਵਾਲ, ਬੀਐੱਨ ਸ਼ਰਮਾ, ਸ਼ਵਿੰਦਰ ਸਿੰਘ ਮਾਹਲ, ਕਰਮਜੀਤ ਅਨਮੋਲ, ਸੀਨੀਅਰ ਅਦਾਕਾਰਾ ਨਿਰਮਲ ਰਿਸ਼ੀ, ਮਸ਼ਹੂਰ ਲੇਖਕ ਅਤੇ ਕਲਾਕਾਰ ਮਦਨ ਸ਼ੌਂਕੀ ਸਮੇਤ ਹੋਰ ਹਸਤੀਆਂ ਸ਼ਾਮਲ ਸਨ ਜਿਨ੍ਹਾਂ ਨੇ ਇਕ ਸੁਰ ਵਿਚ ਹਰਿਆਣਾ ਵਿਚ ਪੰਜਾਬੀ ਫਿਲਮਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਬੜ੍ਹਾਵਾ ਦੇਣ ਲਈ ਸਰਕਾਰ ਨਾਲ ਮਿਲ ਕੇ ਕੰਮ ਕਰਨ ਦਾ ਵਾਅਦਾ ਕੀਤਾ।

# ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸ਼ਾਇਰਾਂ ਦਾ ਸਾਵਣੀ ਸੰਗਮ

ਹੁਣੇ ਹੁਣੇ ਕੈਨੇਡਾ ਦੀ ਪਲੇਠੀ ਫੇਰੀ ਤੋਂ ਪਰਤਿਆ ਹਾਂ। ਹੋਰ ਅਨੇਕਾਂ ਤਜਰਬਿਆਂ ਤੋਂ ਇਲਾਵਾ ਇਸ ਫੇਰੀ ਦਾ ਹਾਸਲ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸ਼ਾਇਰਾਂ ਦਾ ਸਾਵਣੀ ਸੰਗਮ ਮਾਨਣ ਦਾ ਸੁਭਾਗ ਪ੍ਰਾਪਤ ਹੋਣਾ ਹੈ। ਅਸੀਂ ਆਪਣੀ ਪੌਣੀ ਸਦੀ ਦੇ ਜੀਵਨ ਵਿਚ ਪਹਿਲੀ ਵਾਰ ਅਜਿਹੇ ਸਾਂਝੇ ਸਾਹਿਤਕ ਸਮਾਗਮ ਵਿਚ ਸ਼ਮੂਲੀਅਤ ਕੀਤੀ ਤੇ ਉਹ ਵੀ ਜਦ ਹਿੰਦੁਸਤਾਨ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਅਤੇ ਪਾਕਿਸਤਾਨ ਦੇ ਦੁਵੱਲੇ ਰਿਸ਼ਤੇ ਰੱਜ ਕੇ ਕੁੜੱਤਣ ਭਰੇ ਹਨ ਅਤੇ ਦੋਵੇਂ ਮੁਲਕ ਇਸ ਮਈ ਮਹੀਨੇ ਚਾਰ-ਦਿਨਾਂ ਦਾ 'ਡਰੋਨੀ/ਮਿਜ਼ਾਈਲ' ਯੁੱਧ ਕਰ ਚੁੱਕੇ ਹਨ।

ਇਸ ਪੰਜਾਬੀ ਕਵੀਆਂ ਦੀ ਸਾਂਝੀ ਮਿਲਣੀ ਮਾਨਣ ਦਾ ਮੌਕਾ ਸਾਨੂੰ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ, ਟੋਰਾਂਟੋ' ਵਲੋਂ ਕਰਵਾਏ ਗਏ 'ਸਾਵਣ ਕਵੀ-ਦਰਬਾਰ' ਦੌਰਾਨ ਮਿਲਿਆ। ਇਹ ਸਭਾ, ਜੋ ਉੱਤਰੀ ਅਮਰੀਕਾ ਦੀ ਸਿਰਮੌਰ ਸਾਹਿਤਕ ਸੰਸਥਾ ਹੈ, ਦੇ ਕੋਆਰਡੀਨੇਟਰ ਪ੍ਰੋ. ਤਲਵਿੰਦਰ ਸਿੰਘ ਮੰਡ, ਸਰਪ੍ਰਸਤ ਕਰਨ ਅਜਾਇਬ ਸਿੰਘ ਸੰਘਾ ਅਤੇ ਹੋਰ ਅਹੁਦੇਦਾਰ ਸਾਹਿਬਾਨ ਵਲੋਂ ਸਾਨੂੰ ਇਸ ਕਵੀ ਦਰਬਾਰ ਵਿਚ ਬੁਲਾਇਆ ਗਿਆ। ਅਸੀਂ ਉਦੋਂ ਬਰੈਂਪਟਨ (ਟੋਰਾਂਟੋ, ਓਂਟਾਰੀਓ) ਵਿਚ ਆਪਣੇ ਬੇਟੇ ਸਿਮਰਨ (ਸੁੱਖ ਗੰਡਮ) ਕੋਲ ਠਹਿਰੇ ਹੋਏ ਸਾਂ। ਇਹ ਸਮਾਗਮ ਵੀ ਇਸੇ ਸ਼ਹਿਰ ਹੋਣਾ ਸੀ। ਸੋ, ਇੱਕ ਕਾਜ ਦੋ ਪੰਥ ਵਾਲੀ ਗੱਲ ਹੋ ਗਈ।

ਇਹ ਸਮਾਗਮ ਦੋ ਸੈਸ਼ਨਾਂ ਵਿਚ ਹੋਇਆ। ਪਹਿਲੇ ਸੈਸ਼ਨ ਦੌਰਾਨ ਪ੍ਰਤਿਭਾਵਾਨ ਤੇ ਬੌਧਿਕ 'ਕੰਟੈਂਟ' ਵਾਲੀਆਂ ਕਵਿਤਾਵਾਂ ਵਾਲੇ ਸ਼ਾਇਰ ਸ਼ਮੀਲ ਜਸਵੀਰ ਨੇ ਆਪਣੀ ਨਵ-ਪ੍ਰਕਾਸ਼ਤ ਕਾਵਿ-ਪੁਸਤਕ 'ਤੇਗ'(ਤਲਵਾਰ) ਸਬੰਧੀ ਜਾਣਕਾਰੀ ਸਾਂਝੀ ਕੀਤੀ। ਇਨ੍ਹਾਂ ਸਤਰਾਂ ਦੇ ਲੇਖਕ ਨੇ ਵੀ ਸੰਬੋਧਨ ਕੀਤਾ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ, ਡਾ. ਰਾਜਵਿੰਦਰ ਕੌਰ ਹੁੰਦਲ, ਸ਼ਮੀਲ ਜਸਵੀਰ ਤੇ ਇਨ੍ਹਾਂ ਸਤਰਾਂ ਦਾ ਲੇਖਕ ਸ਼ਾਮਿਲ ਸਨ। ਮੰਚ ਸੰਚਾਲਨ ਸਭਾ ਦੇ ਕੋਆਰਡੀਨੇਟਰ ਪ੍ਰੋ. ਤਲਵਿੰਦਰ ਸਿੰਘ ਮੰਡ ਨੇ ਕੀਤਾ। ਸਭਾ ਦੇ ਸੀਨੀਅਰ ਮੈਂਬਰ ਮਲੂਕ ਸਿੰਘ ਕਾਹਲੋਂ ਨੇ ਆਏ ਮਹਿਮਾਨਾਂ ਅਤੇ ਸਭਾ ਦੇ ਮੈਂਬਰਾਂ ਨੂੰ 'ਜੀ-ਆਇਆਂ' ਕਿਹਾ।

ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ 114 ਸਾਲਾ ਮੈਰਾਥਨ ਦੌੜਾਕ ਫੌਜਾ ਸਿੰਘ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸੇਵਾ-ਮੁਕਤ ਕੀਟ ਵਿਗਿਆਨੀ ਡਾ. ਬਲਜਿੰਦਰ ਸਿੰਘ ਸੇਖੋਂ, ਜੋ ਇਸ ਫਾਨੀ ਸੰਸਾਰ ਨੂੰ ਸਦੀਵੀ ਅਲਵਿਦਾ ਕਹਿ ਗਏ ਸਨ, ਨੂੰ ਸ਼ਰਧਾਂਜਲੀ ਦਿਤੀ ਗਈ ਅਤੇ ਉਨ੍ਹਾਂ ਦੇ ਸਤਿਕਾਰ ਵਜੋਂ ਇੱਕ ਮਿੰਟ ਦਾ ਮੌਨ ਧਾਰਿਆ ਗਿਆ।

ਫਿਰ ਸ਼ਮੀਲ ਨੇ ਆਪਣੀ ਪੁਸਤਕ 'ਤੇਗ' ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਉਨ੍ਹਾਂ 'ਤੇਗ' ਦੇ ਹਥਿਆਰ ਨੂੰ ਇੱਕ 'ਸੋਚ' ਦੇ ਮੈਟਾਫਰ ਵਜੋਂ ਵਰਤਿਆ ਹੈ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇ ਜੀਵਨ, ਕੁਰਬਾਨੀ ਅਤੇ ਸੰਤ-ਸਿਪਾਹੀ ਦੇ ਫ਼ਲਸਫੇ ਤੋਂ ਪ੍ਰਭਾਵਿਤ ਹੋ ਕੇ ਇਸ ਪੁਸਤਕ ਨੂੰ ਰਚਿਆ ਹੈ। ਉਨ੍ਹਾਂ ਆਪਣੀ ਪੁਸਤਕ ਵਿਚੋਂ 'ਕਰੁਣਾ ਵਾਰ', 'ਧਰਮ', 'ਸੁਪਨਾ' ਤੇ 'ਖਬਰ' ਦੇ ਸਿਰਲੇਖ ਵਾਲੀਆਂ ਕਵਿਤਾਵਾਂ ਵੀ ਸੁਣਾਈਆਂ। ਪ੍ਰਿੰਸੀਪਲ ਰਾਜਵਿੰਦਰ ਕੌਰ ਹੁੰਦਲ ਅਤੇ ਪ੍ਰੋ. ਜਸਵੰਤ ਸਿੰਘ ਗੰਡਮ ਨੇ ਵੀ ਇਸ ਸੈਸ਼ਨ ਨੂੰ ਸੰਬੋਧਨ ਕੀਤਾ।

ਦੂਸਰੇ ਸੈਸ਼ਨ ਸਮੇਂ ਸਾਵਣ ਕਵੀ ਦਰਬਾਰ ਵਿਚ ਦੋਨਾਂ ਪੰਜਾਬਾਂ ਦੇ ਸ਼ਾਇਰਾਂ ਅਤੇ ਗਾਇਕਾਂ ਨੇ ਸ਼ਬਦ ਤੇ ਸੁਰ-ਸੰਗੀਤ ਦੀ ਛਹਿਬਰ ਲਾਈ। ਸਾਵਣ ਦੇ ਮਹੀਨੇ, ਜੋ ਬਾਰਸ਼ (ਮਾਨਸੂਨ), ਪਿਆਰ-ਮੁਹੱਬਤ, ਖੁਸ਼ੀਆਂ-ਖੇੜਿਆਂ, ਮੇਲ-ਮਿਲਾਪ, ਉਤਪਤੀ ਅਤੇ ਪੁਨਰ-ਸੁਰਜੀਤੀ ਦਾ ਪ੍ਰਤੀਕ ਹੈ, ਕਵੀਆਂ/ਕਵਿੱਤਰੀਆਂ ਨੇ ਇਸ ਮਹੀਨੇ ਨਾਲ ਸਬੰਧਤ ਅਤੇ ਹੋਰ ਕਵਿਤਾਵਾਂ ਸੁਣਾ ਕੇ/ਲੋਕ-ਗੀਤ ਗਾ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ।

ਸਾਡੇ ਲਈ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਕਵੀਆਂ, ਗਾਇਕਾਂ, ਵਿਦਵਾਨਾਂ ਮਕਸੂਦ ਚੌਧਰੀ, ਪ੍ਰੋ. ਆਸ਼ਿਕ ਰਹੀਲ, ਬਸ਼ੱਰਤ ਰੇਹਾਨ, ਅਬਦੁਲ ਹਮੀਦੀ,





ਹੁਸਨੈਨ ਅਕਬਰ ਅਤੇ ਬਹੁ-ਚਰਚਿਤ ਹਿਸਟੋਰੀਅਨ ਡਾ. ਸੁਮੈਰਾ ਸਫਦਰ, ਜਿਸ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਫਲਸਫੇ ਉਪਰ ਪੀਐਚ.ਡੀ. ਕੀਤੀ ਹੈ ਤੇ ਲਾਹੌਰ ਦੇ ਇੱਕ ਕਾਲਜ 'ਚ ਪੜ੍ਹਾ ਰਹੀ ਹੈ, ਨੂੰ ਸੁਣਨਾ ਸੁਭਾਗ ਸੀ। ਓਧਰ ਵਾਲਿਆਂ ਲਈ ਬੇਸ਼ਕ ਇਹ ਆਮ ਗੱਲ ਹੋ ਸਕਦੀ ਹੈ ਪਰ ਇਧਰ ਵਾਲਿਆਂ ਲਈ ਇਹ ਸੁਹਾਵਣਾ ਸਬੱਬ ਸੀ।

ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਡਾ. ਗੁਰਮੀਤ ਸਿਘ ਹੁੰਦਲ, ਪ੍ਰੋ.ਆਸ਼ਿਕ ਰਹੀਲ, ਡਾ. ਪਰਗਟ ਸਿੰਘ ਬੱਗਾ, ਮਾਸਟਰ ਰਾਮ ਕੁਮਾਰ ਅਤੇ ਡਾ. ਸੁਮੈਰਾ ਸਫਦਰ ਸੁਸ਼ੋਭਤ ਸਨ। ਮੰਚ ਸੰਚਾਲਨ ਡਾ. ਜਗਮੋਹਨ ਸੰਘਾ ਨੇ ਕੀਤਾ।

ਸੁਰੀਲੇ ਗਾਇਕ ਇਕਬਾਲ ਬਰਾੜ ਨੇ ਸਾਵਣ ਨਾਲ ਸਬੰਧਤ ਪੰਜਾਬੀ-ਹਿੰਦੀ ਗਾਣਿਆਂ ਦੇ ਮੁਖੜਿਆਂ ਨੂੰ ਸੁਰ-ਬੱਧ ਕਰ ਕੇ ਜਾਦੂਮਈ ਲਹਿਜ਼ੇ 'ਚ ਗਾਇਆ। ਨਾਲ ਵਜਦੇ ਸੰਗੀਤ ਅਤੇ ਉਨ੍ਹਾਂ ਵਲੋਂ ਵਜਾਏ ਜਾ ਰਹੇ ਹਾਰਮੋਨੀਅਮ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ। ਸੁਰ-ਸੰਗੀਤ ਦੇ ਇਸ ਜਾਦੂ ਨੂੰ ਸੰਗੀਤਕਾਰ ਤੇ ਗਾਇਕ ਮਾਸਟਰ ਰਾਮ ਕੁਮਾਰ ਨੇ ਲੋਕ-ਕਵੀ ਸੁਰਜੀਤ ਪਾਤਰ ਦੀ ਗਜ਼ਲ ਗਾ ਕੇ ਚਾਰ ਚੰਨ ਲਗਾ ਦਿਤੇ। ਸਾਨੂੰ ਇਹ ਗਜ਼ਲ ਗਾਉਣ ਦੇ ਅੰਦਾਜ਼ ਨੇ ਕਈ ਦਿਨ ਤੀਕ ਨਸ਼ਿਆਈ ਰਖਿਆ!

ਸੁਖਚਰਨਜੀਤ ਗਿੱਲ, ਹਰਜੀਤ ਸਿੰਘ ਤੇ ਹਰਜੀਤ ਕੌਰ ਭੰਮਰਾ ਨੇ ਸਾਵਣ ਨਾਲ ਸਬੰਧਤ ਗੀਤ ਗਾਏ। ਲਹਿੰਦੇ ਪੰਜਾਬ ਦੇ ਲੋਕ-ਗਾਇਕ ਹਸਨਾਨ ਅਕਬਰ ਨੇ 'ਹੀਰ' ਐਨੀ ਬਾਕਮਾਲ ਗਾਈ ਕਿ ਸਰੋਤੇ ਕੀਲੇ ਗਏ! ਉਨ੍ਹਾਂ ਨੇ ਇੱਕ ਬਹੁਤ ਹੀ ਮਕਬੂਲ ਸ਼ੇਅਰ ਵੀ ਪੜ੍ਹਿਆ-"ਪਹਿਲੀ ਗੱਲ ਏ ਕਿ ਸਾਰੀ ਗਲਤੀ ਮੇਰੀ ਨਹੀਂ,/ਜੇ ਕਰ ਮੇਰੀ ਵੀ ਏ ਕੀ ਮੈਂ ਤੇਰੀ ਨਹੀਂ"। ਡਾ. ਸੁਖਦੇਵ ਸਿੰਘ, ਸੁਰਿੰਦਰ ਸੂਰ, ਪ੍ਰੋ. ਤਲਵਿੰਦਰ ਸਿੰਘ ਮੰਡ, ਕਰਨ ਅਜਾਇਬ ਸਿੰਘ ਸੰਘਾ, ਸ਼ਮੀਲ ਜਸਵੀਰ, ਹਰਮੇਸ਼ ਜੀਂਦੋਵਾਲ, ਰਾਜ ਕੁਮਾਰ ਓਸ਼ੋਰਾਜ, ਡਾ. ਹਰਕੰਵਲ ਸਿੰਘ ਕੋਰਪਾਲ, ਡਾ. ਪਰਗਟ ਸਿੰਘ ਬੱਗਾ, ਪਰਮਜੀਤ ਸਿੰਘ ਢਿਲੋਂ, ਮਲੂਕ ਸਿੰਘ ਕਾਹਲੋਂ, ਡਾ. ਰਾਜਵਿੰਦਰ ਕੌਰ ਹੁੰਦਲ, ਪ੍ਰੋ. ਜਸਵੰਤ ਸਿੰਘ ਗੰਡਮ, ਡਾ. ਦਲਬੀਰ ਸਿੰਘ ਕਥੂਰੀਆ ਅਤੇ ਹਰਦਿਆਲ ਸਿੰਘ ਝੀਤਾ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ/ਸੰਬੋਧਨ ਕੀਤਾ।

ਡਾ. ਗੁਰਮੀਤ ਸਿੰਘ ਹੁੰਦਲ ਨੇ ਸਾਵਣ ਕਵੀ ਦਰਬਾਰ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ।

ਡਾ. ਸੁਮੈਰਾ ਸਫਦਰ ਨੇ ਬਾਬਾ ਨਾਨਕ ਦੇ ਜੀਵਨ ਫਲਸਫੇ ਤੇ ਸਿੱਖਿਆਵਾਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਗੁਰੂ ਅਰਜਨ ਦੇਵ ਅਤੇ ਸਾਂਈਂ ਮੀਆਂ ਮੀਰ ਦੀ ਰੂਹਾਨੀ ਸਾਂਝ ਦੀ ਚਰਚਾ ਕਰਦਿਆਂ ਬਾਬਾ ਨਾਨਕ ਦੇ ਸਰਬ-ਸਾਂਝੀਵਾਲਤਾ ਦੇ ਫਲਸਫੇ ਉਪਰ ਚੱਲਣ ਦੀ ਲੋੜ 'ਤੇ ਜ਼ੋਰ ਦਿਤਾ।

ਪ੍ਰਿੰਸੀਪਲ ਸਰਵਣ ਸਿੰਘ ਹੋਰਾਂ ਬੋਲਣ-ਕਲਾ ਨੂੰ ਕਬੱਡੀ ਦੇ ਇਕ ਮੈਚ ਦੀ ਕੁਮੈਂਟਰੀ ਨਾਲ ਜੋੜ ਕੇ ਬੜੀਆਂ ਸੁਹਣੀਆਂ ਗੱਲਾਂ ਕੀਤੀਆਂ। ਕਰਨ ਅਜਾਇਬ ਸਿੰਘ ਸੰਘਾ ਨੇ ਸੈਸ਼ਨ ਦੀ ਕਾਰਵਾਈ ਨੂੰ ਪ੍ਰਭਾਵਸ਼ਾਲੀ ਲਹਿਜ਼ੇ ਵਿਚ ਸਮੇਟਿਆ।

ਸਭਾ ਦੇ ਸਰਪ੍ਰਸਤ 92-ਸਾਲਾ ਵਿਦਵਾਨ ਸ਼ਖਸੀਅਤ ਬਲਰਾਜ ਚੀਮਾ ਨੇ ਸਭ ਦਾ ਧੰਨਵਾਦ ਕਰਦਿਆਂ ਕਵਿਤਾ ਨੂੰ ਇੱਕ ਜਸ਼ਨ ਦਸਿਆ ਤੇ ਕਿਹਾ ਕਿ ਇਸ ਨੂੰ ਇਕ ਜਸ਼ਨ ਵਜੋਂ ਗਾ ਕੇ ਹੀ ਪੇਸ਼ ਕੀਤੇ ਜਾਣਾ ਚਾਹੀਦੈ।

ਹੋਰਨਾਂ ਤੋਂ ਇਲਾਵਾ ਇਸ ਸਮਾਗਮ ਵਿਚ ਕਿਰਪਾਲ ਸਿੰਘ ਪੰਨੂੰ, ਪ੍ਰੋ. ਸਿਕੰਦਰ ਸਿੰਘ ਗਿੱਲ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਸੁਰਿੰਦਰਪਾਲ ਸਿੰਘ ਘੱਗ, ਇੰਜੀ. ਈਸ਼ਰ ਸਿੰਘ, ਗੁਰਚਰਨ ਸਿੰਘ ਬਨਵੈਤ, ਸੁਖਵਿੰਦਰ ਸਿੰਘ ਗਰੇਵਾਲ, ਹਰਭਿੰਦਰ ਕੌਰ ਤੇ ਪ੍ਰੀਤ ਹੀਰ ਸ਼ਾਮਲ ਸਨ।

ਇਹ ਸਮਾਗਮ ਸਾਡੇ ਧੁਰ ਅੰਦਰ ਤੀਕ ਖੁਣਿਆਂ ਗਿਐ!

## ਦੇਸੀ ਰੇਡੀਓ ਸਾਊਥਾਲ ਦੀਆਂ ਸਾਲਾਨਾ ਤੀਆਂ 'ਚ ਪੰਜਾਬਣਾਂ ਨੇ ਨੱਚ-ਨੱਚ ਪੂਰੇ ਕੀਤੇ ਚਾਅ

**ਸਾਊਥਾਲ/ਲੰਡਨ:** ਲੰਡਨ ਵਿਚ ਸਭ ਤੋਂ ਵੱਧ ਸੁਣੇ ਜਾਣ ਵਾਲੇ ਦੇਸੀ ਰੇਡੀਓ





ਸਾਊਥਾਲ ਦੇ 'ਦ ਪੰਜਾਬੀ ਸੈਂਟਰ' ਵੱਲੋਂ ਹਰ ਸਾਲ ਮਨਾਇਆ ਜਾਂਦਾ ਤੀਆਂ ਦਾ ਤਿਉਹਾਰ ਇਸ ਵਾਰ ਵੀ ਧੂਮ-ਧਾਮ ਨਾਲ ਮਨਾਇਆ ਗਿਆ। ਤਕਰੀਬਨ 25 ਕੁ ਸਾਲ ਪਹਿਲਾਂ ਲੰਡਨ 'ਚ ਪਹਿਲੀ ਵਾਰੀ ਸ਼ੁਰੂ ਕੀਤੇ ਇਸ ਪ੍ਰੋਗਰਾਮ ਵਿਚ ਇਸ ਵਾਰ ਵੀ ਵੱਡੀ ਗਿਣਤੀ ਵਿਚ ਬੀਬੀਆਂ ਨੇ ਸ਼ਿਰਕਤ ਕੀਤੀ।

ਜ਼ਿਕਰਯੋਗ ਹੈ ਕਿ ਸਾਉਣ ਦੇ ਚਾਰ ਸ਼ਨਿਚਰਵਾਰਾਂ ਨੂੰ 'ਦ ਪੰਜਾਬੀ ਸੈਂਟਰ' ਵੱਲੋਂ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੰਜਾਬ ਦੇ ਰਵਾਇਤੀ ਪਹਿਰਾਵੇ ਵਿਚ ਸਜ-ਧਜ ਕੇ ਪੁੱਜੀਆਂ ਪੰਜਾਬਣਾਂ ਨੇ ਗਿੱਧੇ ਦੇ ਪਿੜ ਵਿਚ ਆਪਣੀਆਂ ਵੰਨ-ਸੁਵੰਨੀਆਂ ਬੋਲੀਆਂ ਨਾਲ ਖ਼ੂਬ ਰੰਗ ਬੰਨ੍ਹਿਆ। ਸ਼ਿਰਕਤ ਕਰ ਰਹੀਆਂ ਸਾਰੀਆਂ ਬੀਬੀਆਂ ਨੇ ਇਸ ਗੱਲ ਨੂੰ ਹਮੇਸ਼ਾ ਵਾਂਗ ਫਿਰ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਦੇਸੀ ਰੇਡੀਓ ਦਾ ਇਹ ਸ਼ਲਾਘਾਯੋਗ ਉੱਦਮ ਉਨ੍ਹਾਂ ਦੇ ਇਕੱਠੇ ਹੋਣ ਅਤੇ ਆਪਣੇ ਵਿਰਸੇ ਨਾਲ ਜੁੜਨ ਲਈ ਚੰਗਾ ਸਬੱਬ ਸਿਰਜਦਾ ਹੈ। ਇਸ ਮੌਕੇ ਦੇਸੀ ਰੇਡੀਓ ਵੱਲੋਂ ਲਹਿੰਦੇ ਪੰਜਾਬ ਦੀ ਪੰਜਾਬਣ ਲੇਖਿਕਾ ਸ਼ਗੁਫਤਾ ਗਿੰਮੀ ਲੋਧੀ ਨੂੰ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਕਾਰਜ ਵਿਚ ਪਾਏ ਯੋਗਦਾਨ ਬਦਲੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਈਲਿੰਗ ਬਾਰੋਅ ਦੇ ਡਿਪਟੀ ਮੇਅਰ ਮੈਡਮ ਫ਼ਦੁਮਾ ਮੁਹੰਮਦ, ਕੌਂਸਲਰ ਅਮਰਜੀਤ ਜੰਮੂ ਅਤੇ ਕੌਂਸਲਰ ਮਹਿੰਦਰ ਮਿੱਡਾ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

***ਰਿਪੋਰਟ: ਮਨਦੀਪ ਖੁਰਮੀ ਹਿੰਮਤਪੁਰਾ***

## ਮੈਰਾਥਨ ਦੌੜਾਕ ਬਾਬਾ ਫ਼ੌਜਾ ਸਿੰਘ ਨੂੰ ਦੌੜਾਕਾਂ ਨੇ ਦੌੜ ਕੇ ਭੇਟ ਕੀਤੀ ਸ਼ਰਧਾਂਜਲੀ

**ਬਰੈਂਪਟਨ, (ਡਾ. ਝੰਡ):** ਮੈਰਾਥਨ ਦੌੜਾਕ ਸ. ਫ਼ੌਜਾ ਸਿੰਘ ਨੂੰ ਯਾਦ ਕਰਦਿਆਂ ਲੰਘੇ



ਦਿਨੀਂ ਬਰੈਂਪਟਨ ਦੀ ਟੀ.ਪੀ.ਏ.ਆਰ. ਕਲੱਬ ਤੇ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿਚ 5 ਕਿਲੋਮੀਟਰ ਦੌੜ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜਿੱਥੇ ਟੀਪੀਏਆਰ ਕਲੱਬ ਦੇ ਮੈਂਬਰ, ਨੌਜੁਆਨ, ਮਰਦ, ਇਸਤਰੀਆਂ ਤੇ ਬਜ਼ੁਰਗ ਇਸ ਦੌੜ ਵਿਚ ਸ਼ਾਮਲ ਹੋਏ, ਉੱਥੇ ਬੱਚਿਆਂ ਨੇ ਵੀ ਇਸ ਦੌੜ ਵਿਚ ਵਧ-ਚੜ੍ਹ ਕੇ ਭਾਗ ਲਿਆ ਜਿਨ੍ਹਾਂ ਵਿਚ 4-5 ਸਾਲ ਤੋਂ ਲੈ ਕੇ 10-12 ਸਾਲ ਦੇ ਬੱਚੇ ਸ਼ਾਮਲ ਸਨ। ਇਸ ਈਵੈਂਟ ਵਿਚ ਸ਼ਾਮਲ ਹੋਣ ਲਈ ਸਕਾਰਬਰੋ ਤੋਂ ਦੌੜਾਕਾਂ ਤੇ ਵਾਲੰਟੀਅਰਾਂ ਦੀ ਬੱਸ ਸਵੇਰੇ ਹੀ ਪਾਰਕ ਵਿਚ ਪਹੁੰਚ ਗਈ ਸੀ।

ਮੈਰਾਥਨ ਦੌੜਾਕ 114 ਸਾਲਾ ਬਾਬਾ ਫ਼ੌਜਾ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਇਹ ਨਿਵੇਕਲਾ ਤੇ ਉਤਸ਼ਾਹੀ ਤਰੀਕਾ ਸੀ ਜਿਸ ਵਿਚ ਹਰੇਕ ਵਰਗ ਦੇ ਲੋਕਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਇਹ 5 ਕਿਲੋਮੀਟਰ ਦੌੜ ਸਵੇਰੇ 10 ਵਜੇ ਆਰੰਭ ਹੋਈ, ਜਿਸ ਦਾ ਮਕਸਦ ਨਾ ਕੇਵਲ ਮੈਰਾਥਨ ਦੌੜਾਕ ਬਾਬਾ ਫ਼ੌਜਾ ਸਿੰਘ ਨੂੰ ਸ਼ਰਧਾਂਜਲੀ ਅਰਪਣ ਕਰਨਾ ਸੀ, ਸਗੋਂ ਲੋਕਾਂ ਨਾਲ ਉਨ੍ਹਾਂ ਦੀ ਮੈਰਾਥਨ ਦੌੜਾਕੀ ਦੇ ਲੰਮੇ ਤੇ ਵਿਲੱਖਣ ਸਫ਼ਰ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਮਾਰਗ ਬਾਰੇ ਜਾਣਕਾਰੀ ਵੀ ਸਾਂਝੀ ਕਰਨਾ ਸੀ



ਜਿਸ ਵਿਚ ਪ੍ਰਬੰਧਕ ਸਫ਼ਲ ਹੋਏ। ਦੌੜ ਦੇ ਇਸ ਈਵੈਂਟ ਵਿਚ 100 ਤੋਂ ਵਧੇਰੇ ਦੌੜਾਕ ਤੇ ਵਾੱਕਰ ਸ਼ਾਮਲ ਹੋਏ ਜਿਨ੍ਹਾਂ ਵਿਚ ਅੱਧੇ ਤੋਂ ਵੱਧ ਬਰੈਂਪਟਨ ਦੀ ਟੀਪੀਏਆਰ ਕਲੱਬ ਦੇ ਮੈਂਬਰ ਸਨ ਜੋ ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਨਾਲ ਦੂਰੋਂ ਹੀ ਪਛਾਣੇ ਜਾ ਰਹੇ ਸਨ। ਇਨ੍ਹਾਂ ਦੌੜਾਕਾਂ ਵਿਚ ਛੋਟੇ-ਛੋਟੇ ਬੱਚੇ ਵੀ ਸ਼ਾਮਲ ਸਨ ਜੋ ਸ਼ੌਕ ਤੇ ਉਤਸ਼ਾਹ ਨਾਲ ਦੌੜ ਰਹੇ ਸਨ। ਦੌੜ ਦੀ ਸਮਾਪਤੀ 'ਤੇ ਸ਼ਮੂਲੀਅਤ ਕਰਨ ਵਾਲਿਆਂ ਨੂੰ ਪੀਜ਼ੇ, ਫ਼ਲ, ਚਾਹ ਤੇ ਗਰਮ-ਕਾਫ਼ੀ ਦੀ ਰਿਫ਼ਰੈੱਸ਼ਮੈਂਟ ਦਿੱਤੀ ਗਈ। ਈਵੈਂਟ ਦੀ ਸਮਾਪਤੀ ਸਮੇਂ ਕੁਝ ਬੁਲਾਰਿਆਂ ਵੱਲੋਂ ਬਾਬਾ ਫ਼ੌਜਾ ਸਿੰਘ ਵੱਲੋਂ ਦਿੱਤੇ ਗਏ ਚੰਗੀ ਸਿਹਤ, ਚੜ੍ਹਦੀ-ਕਲਾ ਅਤੇ ਬੁਲੰਦ ਹੌਸਲੇ ਦੇ ਸੁਨੇਹਿਆਂ ਨਾਲ ਸੰਬੋਧਨ ਕੀਤਾ ਗਿਆ ਜਿਨ੍ਹਾਂ ਨੂੰ ਬਾਬਾ ਜੀ ਨੇ ਆਪਣੇ ਜੀਵਨ ਵਿਚ ਪੂਰੀ ਤਰ੍ਹਾਂ ਅਪਨਾਇਆ ਅਤੇ ਇਨ੍ਹਾਂ ਨੂੰ ਅਖ਼ੀਰ ਤੱਕ ਹੱਡੀਂ ਹੰਢਾਇਆ।

ਅਖ਼ੀਰ ਵਿਚ ਪ੍ਰਬੰਧਕਾਂ ਵਿਚ ਸ਼ਾਮਲ 'ਐਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ' ਦੇ ਮੁੱਖ-ਪ੍ਰਬੰਧਕ ਨਰਿੰਦਰ ਪਾਲ ਬੈਂਸ ਅਤੇ ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਇਸ ਈਵੈਂਟ ਵਿਚ ਸ਼ਾਮਲ ਹੋਏ ਸਮੂਹ ਦੌੜਾਕਾਂ, ਵਾੱਕਰਾਂ, ਵਾਲੰਟੀਅਰਾਂ ਅਤੇ ਉਨ੍ਹਾਂ ਦਾ ਹੌਸਲਾ ਵਧਾਉਣ ਵਾਲਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਬਾਬਾ ਫ਼ੌਜਾ ਸਿੰਘ ਦੀ ਯਾਦ ਨੂੰ ਇੰਜ ਹੀ ਹਰ ਸਾਲ ਮਨਾਉਣ ਦਾ ਵਾਅਦਾ ਕੀਤਾ ਗਿਆ।

# ਗ਼ੁਲਾਬ ਕੌਰ ਨੂੰ ਸਮਰਪਿਤ ਹੋਏਗਾ ਮੇਲਾ ਗ਼ਦਰੀ ਬਾਬਿਆਂ ਦਾ

**ਜਲੰਧਰ:** 30, 31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਸਾਰਾ ਦਿਨ ਸਾਰੀ ਰਾਤ ਹੋਣ ਵਾਲਾ 34ਵਾਂ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਸਾਮਰਾਜ, ਫ਼ਾਸ਼ੀਵਾਦ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਆਦਿਵਾਸੀਆਂ ਦੇ ਕਤਲੇਆਮ, ਉਜਾੜੇ, ਕੁਦਰਤੀ ਖਣਿਜ ਪਦਾਰਥਾਂ ਉਪਰ ਦੇਸੀ ਬਦੇਸੀ ਕਾਰਪੋਰੇਟ ਘਰਾਣਿਆਂ ਦਾ ਧਾਵਾ, ਲੈਂਡ ਪੂਲਿੰਗ ਨੀਤੀ, ਔਰਤਾਂ ਦੀ ਸਮਾਜਕ ਬਰਾਬਰੀ, ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਆਜ਼ਾਦ, ਖ਼ੁਸ਼ਹਾਲ ਨਵਾਂ ਨਰੋਆ ਸਮਾਜ ਸਿਰਜਣ ਲਈ ਲੋਕ ਸੰਗਰਾਮ ਜਾਰੀ ਰੱਖਣ ਦਾ ਪੈਗ਼ਾਮ ਦੇਣ ਨੂੰ ਪ੍ਰਣਾਇਆ ਹੋਏਗਾ।

ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਨੂੰ ਸਮਰਪਤ ਇਸ ਮੇਲੇ ਦੇ ਸਿਖਰਲੇ ਦਿਨ ਪਹਿਲੀ ਨਵੰਬਰ ਸਵੇਰੇ 10 ਵਜੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਦਰਸ਼ਨ ਖਟਕੜ ਅਦਾ ਕਰਨਗੇ। ਇਸ ਉਪਰੰਤ ਦਰਜਣਾਂ ਕਲਾਕਾਰਾਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿੱਚ ਵਰਕਸ਼ਾਪ ਲਗਾ ਕੇ ਤਿਆਰ ਕੀਤਾ ਓਪੇਰਾ ਰੂਪੀ ਅਮੋਲਕ ਸਿੰਘ ਦਾ ਲਿਖਿਆ ਝੰਡੇ ਦਾ ਗੀਤ 'ਖਿੜਦੇ ਰਹਿਣਗੇ ਗ਼ਦਰੀ ਗੁਲਾਬ' ਹੋਏਗਾ।

ਸਾਰਾ ਦਿਨ ਗੀਤ-ਸੰਗੀਤ, ਵਿਚਾਰ-ਚਰਚਾ, ਭਖਦੇ ਮਸਲਿਆਂ 'ਤੇ ਬੁਲਾਰੇ ਆਪਣੇ ਵਿਚਾਰ ਰੱਖਣਗੇ। ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਹੋਏਗੀ। ਦਿਨ ਵੇਲੇ ਢੁਕਵੇਂ ਵਿਸ਼ਿਆਂ ਉਪਰ ਮੁਲਕ ਦੇ ਜਾਣੇ-ਪਹਿਚਾਣੇ ਵਿਦਵਾਨਾਂ ਮੁਹੰਮਦ ਯੂਸਫ਼ ਤਾਰੀਗਾਮੀ (ਜੰਮੂ-ਕਸ਼ਮੀਰ) ਅਤੇ ਡਾ. ਨਵਸ਼ਰਨ ਨੂੰ ਬੁਲਾਵਾ ਭੇਜਿਆ ਜਾ ਰਿਹਾ ਹੈ।

ਤਿੰਨ ਰੋਜ਼ਾ ਮੇਲਾ 30 ਅਕਤੂਬਰ ਸ਼ਾਮ 4 ਵਜੇ ਸ਼ੁਰੂ ਹੋਣ ਵਾਲਾ ਮੇਲਾ ਹੋਏਗਾ ''ਪੁਸਤਕ ਸਭਿਆਚਾਰ ਦੀ ਸ਼ਾਮ: ਪਾਬੰਦੀ ਸ਼ੁਦਾ ਕਿਤਾਬਾਂ ਦੇ ਨਾਮ''। ਇਸ ਰੋਜ਼ ਹੀ ਸ਼ੁਰੂ ਹੋ ਜਾਏਗੀ ਕਲਾ ਅਤੇ ਫੋਟੋ ਪ੍ਰਦਰਸ਼ਨੀ।

31 ਅਕਤੂਬਰ ਦਿਨ ਵੇਲੇ ਕੁਇਜ਼, ਗਾਇਨ, ਭਾਸ਼ਣ ਅਤੇ ਪੇਂਟਿੰਗ ਮੁਕਾਬਲਾ ਹੋਏਗਾ। ਇਸ ਰੋਜ਼ ਦੁਪਹਿਰ ਵੇਲੇ ਵਿਚਾਰ-ਚਰਚਾ ਹੋਏਗੀ। ਜਿਸ ਵਿੱਚ 'ਫ਼ਾਸ਼ੀਵਾਦ ਅਤੇ ਭਾਰਤੀ ਲੋਕਤੰਤਰ' ਅਤੇ 'ਸਾਮਰਾਜ ਅਤੇ ਵਿਸ਼ਵ ਵਪਾਰ ਦਾ ਦੁਨੀਆਂ ਭਰ ਦੇ ਲੋਕਾਂ ਉਪਰ ਹੱਲਾ' ਵਿਸ਼ੇ ਉਪਰ ਚਰਚਾ ਹੋਏਗੀ ਜਿਸ ਨੂੰ ਮੁਲਕ ਦੇ ਚੋਟੀ ਦੇ ਵਿਦਵਾਨ ਸੰਬੋਧਨ ਕਰਨਗੇ। ਇਸ ਸ਼ਾਮ ਹੋਏਗਾ ਕਵੀ ਦਰਬਾਰ ਜੋ ਔਰਤ ਮੁੱਦਿਆਂ ਅਤੇ ਔਰਤ ਸ਼ਕਤੀ 'ਤੇ ਕੇਂਦਰਤ ਹੋਏਗਾ। 31 ਅਕਤੂਬਰ ਸ਼ਾਮ: 'ਫ਼ਲਸਤੀਨ ਅਤੇ



ਕਬਾਇਲੀ ਲੋਕਾਂ ਦੇ ਨਾਮ' ਦਸਤਾਵੇਜ਼ੀ ਫ਼ਿਲਮਾਂ ਦੀ ਸਕਰੀਨਿੰਗ ਹੋਏਗੀ। ਤਿੰਨ ਰੋਜ਼ਾ ਮੇਲੇ ਮੌਕੇ ਦੇਸ਼ ਭਗਤ ਯਾਦਗਾਰ ਹਾਲ ਦੇ ਸਮੁੱਚੇ ਕੰਪਲੈਕਸ ਨੂੰ ਗ਼ਦਰੀ ਸ਼ਹੀਦ ਹਾਫ਼ਿਜ਼ ਅਬਦੁੱਲਾ ਨਗਰ ਦਾ ਨਾਮ ਦਿੱਤਾ ਜਾਏਗਾ ਜੋ ਕਿ ਗ਼ਦਰੀ ਗੁਲਾਬ ਕੌਰ ਅਤੇ ਹੋਰ ਗ਼ਦਰੀਆਂ ਨਾਲ ਸਰਗਰਮ ਯੋਗਦਾਨ ਪਾਉਂਦਾ ਰਿਹਾ।

ਪੁਸਤਕ ਪ੍ਰਦਰਸ਼ਨੀ ਦੇ ਪੰਡਾਲ ਨੂੰ 'ਗ਼ਦਰੀ ਸ਼ਹੀਦ ਰਹਿਮਤ ਅਲੀ ਵਜ਼ੀਦਕੇ ਨਗਰ' ਅਤੇ ਪ੍ਰਮੁੱਖ ਪੰਡਾਲ ਨੂੰ 'ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਕੋਟਲਾ ਨੌਧ ਸਿੰਘ ਪੰਡਾਲ' ਦਾ ਨਾਮ ਦਿੱਤਾ ਜਾਏਗਾ।

ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਵਿੱਚ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਹੋਈ ਮੀਟਿੰਗ 'ਚ ਲਏ ਮਹੱਤਵਪੂਰਨ ਫੈਸਲਿਆਂ ਦੀ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ 'ਚ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਬੰਦ ਕਰਨ, ਗਾਜ਼ਾ 'ਚੋਂ ਫੌਜਾਂ ਬਾਹਰ ਕੱਢਣ ਅਤੇ ਫ਼ਲਸਤੀਨ, ''ਫ਼ਲਸਤੀਨ ਦੇ ਲੋਕਾਂ ਦਾ, ਨਹੀਂ ਇਜ਼ਰਾਈਲੀ ਅਤੇ ਅਮਰੀਕੀ ਜੋਕਾਂ ਦਾ'' ਆਵਾਜ਼ ਬੁਲੰਦ ਕੀਤੀ ਗਈ। ਇੱਕ ਹੋਰ ਮਤੇ ਰਾਹੀਂ ਆਦਿਵਾਸੀ ਇਲਾਕਿਆਂ, ਜੰਗਲ, ਜਲ, ਜ਼ਮੀਨ, ਕੁਦਰਤੀ ਸਰੋਤਾਂ ਨੂੰ ਖੋਹਣ ਪਏ ਕਾਰਪੋਰੇਟ ਘਰਾਣਿਆਂ ਦਾ ਡਟਵਾਂ ਵਿਰੋਧ ਕਰਦੇ ਹੋਏ ਆਦਿਵਾਸੀਆਂ ਅਤੇ ਕਮਿਊਨਿਸਟ ਇਨਕਲਾਬੀਆਂ ਦੇ ਕਤਲੇਆਮ ਬੰਦ ਕਰਨ ਦਾ ਮਤਾ ਪਾਸ ਕੀਤਾ ਗਿਆ।

ਜੰਮੂ-ਕਸ਼ਮੀਰ ਅਤੇ ਮੁਲਕ ਦੇ ਹੋਰਨਾਂ ਖੇਤਰਾਂ ਅੰਦਰ ਖਾਸ ਕਰਕੇ ਨਾਮਵਰ ਵਿਦਵਾਨਾਂ ਦੀਆਂ 25 ਕਿਤਾਬਾਂ ਉਪਰ ਮੜ੍ਹੀ ਪਾਬੰਦੀ ਦਾ ਵਿਰੋਧ ਕਰਨ ਦਾ ਮਤਾ ਵੀ ਪਾਸ ਕੀਤਾ ਗਿਆ। ਭਾਸ਼ਾ, ਲੋਕ ਸਾਹਿਤ ਉਪਰ ਹੱਲੇ ਅਤੇ ਆਧਾਰ ਕਾਰਡਾਂ ਉਪਰੋਂ ਪੰਜਾਬੀ ਬੋਲੀ ਦੀ ਫੱਟੀ ਪੋਚਣ ਦਾ ਵੀ ਜਨਰਲ ਬਾਡੀ ਨੇ ਤਿੱਖਾ ਵਿਰੋਧ ਕੀਤਾ।

ਜਨਰਲ ਬਾਡੀ ਮੀਟਿੰਗ 'ਚ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਤੋਂ ਇਲਾਵਾ ਕਮੇਟੀ ਮੈਂਬਰ ਹਾਜ਼ਰ ਸਨ। ਮੀਟਿੰਗ ਦਾ ਆਗਾਜ਼ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ, ਕਾਮਰੇਡ ਗੁਰਦਿਆਲ ਸਿੰਘ ਪਹਾੜਪੁਰ, ਕਾਕੋਰੀ ਕਾਂਢ ਦੇ ਸ਼ਹੀਦਾਂ (9 ਅਗਸਤ 1925), ਕਾਲਿਆਂ ਵਾਲਾ ਖੂਹ ਦੇ ਸ਼ਹੀਦਾਂ, ਸ਼ਹੀਦ ਊਧਮ ਸਿੰਘ ਅਤੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੀ ਵਿਛੋੜਾ ਸ਼ਤਾਬਦੀ ਨੂੰ ਖੜ੍ਹੇ ਹੋ ਕੇ ਸਲਾਮ ਕਰਨ ਨਾਲ ਹੋਇਆ।

# ਜੱਜਾਂ ਦੀ ਘਾਟ ਕਾਰਨ ਦੇਸ਼ 'ਚ 4 ਕਰੋੜ 66 ਲੱਖ ਲੋਕ ਨਿਆਂ ਦੀ ਉਡੀਕ 'ਚ

**ਬਠਿੰਡਾ:** ਦੇਸ਼ ਦੀਆਂ ਢਿੱਲੀ ਨਿਆਂ ਪ੍ਰਣਾਲੀ ਦੇ ਚੱਲਦਿਆਂ ਭਾਰਤ ਦੀਆਂ ਸਮੂਹ ਅਦਾਲਤਾਂ ਵਿਚ ਵੱਡੀ ਤਾਦਾਦ ਵਿਚ ਕੇਸਾਂ ਦੇ ਲਟਕਣ ਨਾਲ ਦੇਸ਼ ਦੇ 4 ਕਰੋੜ 66 ਲੱਖ ਦੇ ਕਰੀਬ ਲੋਕ ਨਿਆਂ ਦੀ ਉਡੀਕ ਵਿਚ ਬੈਠੇ ਆਪਣੇ ਜੀਵਨ ਦਾ ਵੱਡਾ ਹਿੱਸਾ ਬਰਬਾਦ ਕਰ ਚੁੱਕੇ ਹਨ। ਮੀਡੀਆ ਰਿਪੋਰਟਾਂ ਦੇ ਅੰਕੜਿਆਂ ਤੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਅਨੁਸਾਰ ਭਾਰਤ ਦੀਆਂ ਅਦਾਲਤਾਂ ਵਿਚ 6000 ਤੋਂ ਵਧੇਰੇ ਜੱਜਾਂ ਦੀ ਘਾਟ ਹੈ। 2025 ਦੀ ਇੰਡੀਆ ਜਸਟਿਸ ਰਿਪੋਰਟ ਅਨੁਸਾਰ ਭਾਰਤ ਵਿਚ 10 ਲੱਖ ਲੋਕਾਂ ਪਿੱਛੇ ਸਿਰਫ਼ 15 ਜੱਜ ਹਨ। 1987 ਦੀ ਕਾਨੂੰਨ ਆਯੋਗ ਸਿਫ਼ਾਰਿਸ਼ ਮੁਤਾਬਕ 10 ਲੱਖ ਲੋਕਾਂ ਪਿੱਛੇ 50 ਜੱਜਾਂ ਦੀ ਜ਼ਰੂਰਤ ਹੈ। ਇਸ ਕਾਰਨ ਅਨੇਕਾਂ ਮਾਮਲਿਆਂ ਵਿਚ ਲੋਕਾਂ ਨੂੰ ਆਪਣੇ ਫ਼ੈਸਲਿਆਂ ਦੀ ਉਡੀਕ ਕਰਨ ਲਈ ਚਾਰ ਦਹਾਕਿਆਂ ਤੱਕ ਦੀ ਉਡੀਕ ਕੀਤੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ।



ਜੁਲਾਈ ਮਹੀਨੇ ਦੀ ਸ਼ੁਰੂਆਤੀ ਰਿਪੋਰਟ ਅਨੁਸਾਰ ਭਾਰਤ ਦੀਆਂ ਹਾਈ ਕੋਰਟਾਂ ਵਿਚ ਜੱਜਾਂ ਦੀ ਮਨਜ਼ੂਰਸ਼ੁਦਾ ਪਦਾਂ ਦੀ ਗਿਣਤੀ 1122 ਦੇ ਮੁਕਾਬਲੇ 371 ਜੱਜਾਂ ਦੇ ਅਹੁਦੇ ਖਾਲੀ ਪਏ ਹਨ। ਭਾਰਤ ਵਿਚ ਲਗਾਤਾਰ ਵੱਧ ਰਹੀ ਜਨਸੰਖਿਆ ਕਾਰਨ ਦੇਸ਼ ਦੀ ਆਬਾਦੀ 140 ਕਰੋੜ ਤੱਕ ਪੁੱਜ ਗਈ, ਜਿਸ ਨਾਲ ਭਾਰਤ ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ 5 ਚੁੱਕਾ ਹੈ। ਇੰਨੀ ਵੱਡੀ ਆਬਾਦੀ ਵਾਲੇ ਦੇਸ਼ ਵਿਚ ਜੱਜਾਂ ਦੀ ਕੁੱਲ ਗਿਣਤੀ 21285 ਹੈ। ਇਕ ਹੋਰ ਰਿਪੋਰਟ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਦੇਸ਼ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਇਕ ਜੱਜ ਪਾਸ ਔਸਤਨ 2300 ਦੇ ਕਰੀਬ ਮੁਕੱਦਮੇ ਹਨ।

ਦੂਸਰੇ ਪਾਸੇ ਮੱਧ ਪ੍ਰਦੇਸ਼ ਵਿਚ ਇਲਾਹਾਬਾਦ ਦੀ ਹਾਈ ਕੋਰਟ ਵਿਚ ਇਕ ਜੱਜ ਪਿੱਛੇ ਔਸਤਨ 15000 ਕੇਸ ਹਨ। ਕਾਨੂੰਨ ਤੇ ਸੰਸਦੀ ਕਾਰਜ ਰਾਜ ਮੰਤਰੀ ਵਲੋਂ ਰਾਜ ਸਭਾ ਵਿਚ ਜੁਲਾਈ ਮਹੀਨੇ ਵਿਚ ਦੱਸਿਆ ਗਿਆ ਸੀ ਕਿ ਹਾਈਕੋਰਟ ਵਿਚ ਜੱਜਾਂ ਦੀਆਂ ਖਾਲੀ ਪਈਆਂ 371 ਅਸਾਮੀਆਂ ਵਿਚ 178 ਅਹੁਦਿਆਂ ਲਈ ਨਿਯੁਕਤੀ ਹਾਈਕੋਰਟ ਦੇ ਕੋਲੇਜੀਅਮ ਵਿਚ ਵਿਚਾਰ ਅਧੀਨ ਹਨ। ਦੇਸ਼ ਦੇ ਸਮੂਹ ਅਦਾਲਤ ਵਿਚ ਉਪਰ ਤੋਂ ਹੇਠਾਂ ਤੱਕ ਦੇਸ਼ ਦੀਆਂ ਅਦਾਲਤਾਂ ਵਿਚ ਜੱਜਾਂ ਦੀ ਵੱਡੀ ਕਮੀ ਕਾਰਨ ਬਹੁਤ ਸਾਰੇ ਮੁਕੱਦਮਿਆਂ ਵਿਚ ਨਿਆਂ ਦੀ ਉਡੀਕ ਕਰਦੇ ਨੌਜਵਾਨ ਬੁੱਢੇ ਹੋ ਰਹੇ ਹਨ ਜੋ ਆਪਣੀ ਜ਼ਿੰਦਗੀ ਦਾ ਜਵਾਨੀ ਵਾਲਾ ਅਹਿਮ ਸਮਾਂ ਬਰਬਾਦ ਕਰ ਰਹੇ ਹਨ। ਦੇਸ਼ ਦੀ ਨਿਆਂ ਪ੍ਰਣਾਲੀ ਅਜਿਹੇ ਲੋਕਾਂ ਲਈ ਬਹੁਤ ਮਾੜੀ ਸਾਬਤ ਹੋ ਰਹੀ ਹੈ। ਦੇਸ਼ ਦੀ ਆਜ਼ਾਦੀ ਦੇ 79 ਵਰ੍ਹੇ ਲੰਘਣ ਦੇ ਬਾਵਜੂਦ ਵੀ ਦੇਸ਼ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਵਲੋਂ ਦੇਸ਼ ਦੀ ਨਿਆਂ ਪ੍ਰਣਾਲੀ ਵਿਚ ਸੁਧਾਰ ਲਿਆਉਣ ਵਿਚ ਬਹੁਤੀ ਦਿਲਚਸਪੀ ਨਹੀਂ ਵਿਖਾਈ ਗਈ।

# ਕੇਂਦਰ ਵੱਲੋਂ ਪੰਜਾਬੀ ਭਾਸ਼ਾ ਨੂੰ ਖਤਮ ਕਰਨ ਦੀ ਸਾਜ਼ਿਸ਼ ਤੋਂ ਸੁਚੇਤ ਹੋਣ ਦੀ ਲੋੜ

**ਜਲੰਧਰ:** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਿਟਿਡ ਲੁਧਿਆਣਾ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ ਅਤੇ ਸਕੱਤਰ ਜਸਪਾਲ ਸੋਨਾ ਪੁਰੇਵਾਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਪੰਜਾਬੀ ਸਮੇਤ ਹੋਰ ਖੇਤਰੀ ਭਾਸ਼ਾਵਾਂ ਨੂੰ ਹੌਲੀ-ਹੌਲੀ ਖਤਮ ਕਰਨ ਦੀ ਵੱਡੀ ਸਾਜ਼ਿਸ਼ ਰਚੀ ਗਈ ਹੈ। ਇਹ ਸਾਜ਼ਿਸ਼ ਪੰਜਾਬੀ ਭਾਸ਼ਾ ਨੂੰ ਕੇਂਦਰੀ ਦਸਤਾਵੇਜ਼ਾਂ, ਵੈੱਬਸਾਈਟਾਂ ਅਤੇ ਪ੍ਰਚਾਰ ਸਾਧਨਾਂ 'ਚੋਂ ਹੌਲੀ-ਹੌਲੀ ਅਲੋਪ ਕੀਤਾ ਜਾ ਰਿਹਾ ਹੈ। ਤਾਜ਼ਾ ਉਦਾਹਰਣ ਆਧਾਰ ਕਾਰਡਾਂ 'ਚੋਂ ਪੰਜਾਬੀ ਨੂੰ ਪੂਰੀ ਤਰ੍ਹਾਂ ਅਲੋਪ ਕਰਨ ਦੀ ਹੈ। ਇਸੇ ਤਰ੍ਹਾਂ ਬੈਂਕਾਂ ਦੇ ਦਸਤਾਵੇਜ਼ਾਂ, ਏ.ਟੀ.ਐਮ. ਸੇਵਾਵਾਂ ਅਤੇ ਟੈਲੀਫੋਨ ਸੇਵਾਵਾਂ (ਖਾਸ ਕਰਕੇ ਕਸਟਮਰ ਕੇਅਰ) 'ਚੋਂ ਪੰਜਾਬੀ ਨੂੰ ਪੂਰੀ ਤਰ੍ਹਾਂ ਅਲੱਗ ਕਰ ਦਿੱਤਾ ਗਿਆ ਹੈ। ਸਰਕਾਰ ਹਰ ਥਾਂ ਹਿੰਦੀ ਨੂੰ ਪ੍ਰਮੁੱਖਤਾ ਦੇ ਰਹੀ ਹੈ। ਹਿੰਦੀ ਨੂੰ ਅੱਗੇ ਵਧਾਉਣ ਲਈ ਹੀ ਪੰਜਾਬੀ ਅਤੇ ਹੋਰ ਖੇਤਰੀ ਭਾਸ਼ਾਵਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਇਸ ਸਾਜ਼ਿਸ਼ ਵਿੱਚ ਦੇਸ਼ ਦਾ ਕਾਰਪੋਰੇਟ ਸੈਕਟਰ ਵੀ ਸਰਕਾਰ ਨਾਲ ਰਲਿਆ ਹੋਇਆ ਹੈ। ਇਸੇ ਤਰ੍ਹਾਂ ਸਿੱਖਿਆ ਬੋਰਡਾਂ ਰਾਹੀਂ ਵੀ ਜੋ ਸਾਜ਼ਿਸ਼ ਸਰਗਰਮ ਹੈ। ਪਾਰਲੀਮੈਂਟ ਵਿੱਚ ਵੀ ਪੰਜਾਬੀ ਨੂੰ ਦਸਤਾਵੇਜ਼ੀ ਭਾਸ਼ਾ ਵਜੋਂ ਵਰਤੋਂ ਕਰਨ 'ਤੇ ਰੋਕ ਲਗਾ ਦਿੱਤੀ ਗਈ ਹੈ। ਜੰਮੂ-ਕਸ਼ਮੀਰ ਵਿੱਚ ਵੀ ਪੰਜਾਬੀ ਭਾਸ਼ਾ ਦਾ ਵਜੂਦ ਖਤਮ ਕਰ ਦਿੱਤਾ ਗਿਆ ਹੈ। ਪੰਜਾਬ ਦੀਆਂ ਕੇਂਦਰੀ ਸੰਸਥਾਵਾਂ ਵਿੱਚ ਵੀ ਪੰਜਾਬੀ ਦੀ ਵਰਤੋਂ ਨਹੀਂ ਹੋ ਰਹੀ। ਇਹ ਸਾਜ਼ਿਸ਼ ਯੂਨੀਵਰਸਿਟੀਆਂ ਰਾਹੀਂ ਵੀ ਚਾਲਾਕੀ ਨਾਲ ਖੇਡੀ ਜਾ ਰਹੀ ਹੈ। ਪੰਜਾਬ ਦੇ ਲੋਕਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਇਸ ਮਾਮਲੇ ਵਿੱਚ ਕੋਈ ਪ੍ਰਤੀਕਰਮ ਨਹੀਂ ਦਿੱਤਾ ਜਾ ਰਿਹਾ। ਅਜਿਹੇ ਹਾਲਾਤਾਂ ਕਾਰਨ ਹੀ ਕੇਂਦਰ ਸਰਕਾਰ ਪੰਜਾਬੀ ਨੂੰ ਖਤਮ ਕਰਨ ਦੀ ਖੇਡ ਖੁੱਲ੍ਹ ਕੇ ਖੇਡ ਰਹੀ ਹੈ।



ਪੰਜਾਬ ਦੀ ਸਭਿਆਚਾਰਕ ਅਤੇ ਵਿਰਾਸਤੀ ਪਛਾਣ ਦਾ ਮੁੱਖ ਹਿੱਸਾ ਪੰਜਾਬੀ ਦੀ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਹੋਂਦ ਖਤਰੇ ਵਿੱਚ ਪੈ ਗਈ ਹੈ। ਕੇਂਦਰ ਵੱਲੋਂ ਪੰਜਾਬੀ ਭਾਸ਼ਾ ਨੂੰ ਹਾਸ਼ੀਏ ਉੱਤੇ ਧੱਕਣ ਦੀ ਸਾਜ਼ਿਸ਼ ਲਗਾਤਾਰ ਕਾਰਜਸ਼ੀਲ ਹੈ। 2020 ਵਿੱਚ ਲਾਗੂ ਕੀਤੀ ਗਈ ਨਵੀਂ ਸਿੱਖਿਆ ਨੀਤੀ ('5ਫ) ਨੂੰ ਲੈ ਕੇ ਪੰਜਾਬੀ ਭਾਸ਼ਾ ਦੇ ਸਮਰਥਕਾਂ ਵਿੱਚ ਕਾਫੀ ਚਿੰਤਾ ਵੇਖੀ ਗਈ। ਇਸ ਨੀਤੀ ਵਿੱਚ ਮਾਤ-ਭਾਸ਼ਾ ਜਾਂ ਖੇਤਰੀ ਭਾਸ਼ਾ ਵਿੱਚ ਪੰਜਵੀਂ ਜਮਾਤ ਤੱਕ ਸਿੱਖਿਆ ਦੇਣ ਦੀ ਗੱਲ ਕਹੀ ਗਈ ਹੈ। ਪਰ ਇਹ ਨੀਤੀ ਅਸਲ ਵਿੱਚ ਹਿੰਦੀ ਅਤੇ ਅੰਗਰੇਜ਼ੀ ਨੂੰ ਪਹਿਲ ਦਿੰਦੀ ਹੈ, ਜਿਸ ਨਾਲ ਪੰਜਾਬੀ ਅਤੇ ਹੋਰ ਖੇਤਰੀ ਭਾਸ਼ਾਵਾਂ ਨੂੰ ਨੁਕਸਾਨ ਪਹੁੰਚੇਗਾ। ਇਸ ਨੀਤੀ ਦੇ ਤਹਿਤ, ਕੇਂਦਰੀ ਨੌਕਰੀਆਂ ਅਤੇ ਉੱਚ ਸਿੱਖਿਆ ਵਿੱਚ ਹਿੰਦੀ ਅਤੇ ਅੰਗਰੇਜ਼ੀ ਦੀ ਮਹੱਤਤਾ ਨੂੰ ਵਧਾਉਣ ਦੀ ਕੋਸ਼ਿਸ਼ ਨਜ਼ਰ ਆਉਂਦੀ ਹੈ। ਇਸ ਦੇ ਨਤੀਜੇ ਵਜੋਂ, ਪੰਜਾਬੀ ਭਾਸ਼ਾ ਦੀ ਵਰਤੋਂ ਸਿਰਫ਼ ਸਥਾਨਕ ਪੱਧਰ ਤੱਕ ਸੀਮਤ ਹੋ ਜਾਵੇਗੀ ਅਤੇ ਇਸ ਦੇ ਵਿਕਾਸ ਦੀ ਸੰਭਾਵਨਾ ਨੂੰ ਗ੍ਰਹਿਣ ਲੱਗ ਜਾਵੇਗਾ। ਇਹ ਸਥਿਤੀ ਪੰਜਾਬੀ ਨੌਜਵਾਨਾਂ ਨੂੰ ਆਪਣੀ ਮਾਤ-ਭਾਸ਼ਾ ਨੂੰ ਅਣਗੌਲਣ ਅਤੇ ਅੰਗਰੇਜ਼ੀ ਜਾਂ ਹਿੰਦੀ ਵੱਲ ਝੁਕਣ ਲਈ ਮਜਬੂਰ ਕਰੇਗੀ। ਪੰਜਾਬੀ ਭਾਸ਼ਾ ਸਿਰਫ਼ ਇੱਕ ਸੰਚਾਰ ਦਾ ਮਾਧਿਅਮ ਨਹੀਂ, ਸਗੋਂ ਪੰਜਾਬ ਦੀ ਸੱਭਿਆਚਾਰਕ ਅਤੇ ਇਤਿਹਾਸਕ ਵਿਰਾਸਤ ਦਾ ਪ੍ਰਤੀਕ ਹੈ। ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਜਾਬੀ ਸਾਹਿਤ ਦੀਆਂ ਅਮੀਰ ਰਚਨਾਵਾਂ ਇਸ ਦੀ ਮਹੱਤਤਾ ਨੂੰ ਦਰਸਾਉਂਦੀਆਂ ਹਨ, ਪਰ ਫਿਰਕੂ ਅਤੇ ਪੂੰਜੀਵਾਦੀ ਨੀਤੀਆਂ ਦੇ ਪ੍ਰਭਾਵ ਹੇਠ, ਪੰਜਾਬੀ ਭਾਸ਼ਾ ਨੂੰ ਸਿਰਫ਼ ਸੱਭਿਆਚਾਰਕ ਪ੍ਰਦਰਸ਼ਨ ਤੱਕ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ, ਸੋਸ਼ਲ ਮੀਡੀਆ ਅਤੇ ਆਧੁਨਿਕ ਸੰਚਾਰ ਸਾਧਨਾਂ ਦੇ ਪ੍ਰਭਾਵ ਤਹਿਤ ਵੀ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਸੀਮਤ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਕੇਂਦਰ ਸਰਕਾਰ ਦੀਆਂ ਵੈੱਬਸਾਈਟਾਂ ਅਤੇ ਇੰਟਰਨੈੱਟ ਸੇਵਾਵਾਂ ਨੂੰ ਸਿਰਫ਼ ਹਿੰਦੀ 'ਤੇ ਕੇਂਦਰਿਤ ਕੀਤਾ ਜਾ ਰਿਹਾ ਹੈ। ਸਰਕਾਰ ਸੋਸ਼ਲ ਮੀਡੀਆ ਸਾਈਟਾਂ ਉੱਪਰ ਵੀ ਹਿੰਦੀ ਨੂੰ ਅੱਗੇ ਵਧਾ ਰਹੀ ਹੈ। ਪੰਜਾਬ ਦੇ ਲੋਕਾਂ ਦੇ ਸੋਸ਼ਲ ਮੀਡੀਆ ਅਕਾਊਂਟ ਜਾਣ ਬੁੱਝ ਕੇ ਹਿੰਦੀ ਵਿੱਚ ਦਰਸਾਏ ਜਾਂਦੇ ਹਨ। ਪੰਜਾਬੀ ਨੂੰ ਬਚਾਉਣ ਅਤੇ ਪ੍ਰਫੁੱਲਿਤ ਕਰਨ ਲਈ, ਸਰਕਾਰੀ ਅਤੇ ਸਮਾਜਿਕ ਪੱਧਰ 'ਤੇ ਸਾਂਝੇ ਯਤਨਾਂ ਦੀ ਲੋੜ ਹੈ। ਪੰਜਾਬ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਨੂੰ ਸਿੱਖਿਆ ਦਾ ਮੁੱਖ ਮਾਧਿਅਮ ਬਣਾਇਆ ਜਾਵੇ। ਇਸ ਦੇ ਨਾਲ ਹੀ ਪੰਜਾਬ 'ਚ ਹਰ ਨੌਕਰੀ ਲਈ 12ਵੀਂ ਜਮਾਤ ਤੱਕ ਪੰਜਾਬੀ ਨੂੰ ਲਾਜ਼ਮੀ ਕੀਤਾ ਜਾਵੇ। ਪੰਜਾਬੀ ਭਾਸ਼ਾ ਸਿਰਫ਼ ਇੱਕ ਭਾਸ਼ਾ ਨਹੀਂ, ਸਗੋਂ ਪੰਜਾਬੀਅਤ ਦੀ ਆਤਮਾ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਸੰਭਾਲਣਾ ਅਤੇ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਸਾਡਾ ਸਾਂਝਾ ਫ਼ਰਜ਼ ਹੈ।

# ਸਰਕਾਰੀ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ ਦੀ ਚੋਣ

**ਲੁਧਿਆਣਾ:** ਐਲੂਮਨੀ ਪਦਮ ਸ੍ਰੀ ਓਂਕਾਰ ਸਿੰਘ ਪਾਹਵਾ ਅਤੇ ਸੁਰਿੰਦਰ ਸਿੰਘ ਭੋਗਲ ਦੀ ਸਰਪ੍ਰਸਤੀ ਹੇਠ, ਐਸਸੀਡੀ ਸਰਕਾਰੀ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਨੇ ਪ੍ਰਿੰਸੀਪਲ ਗੁਰਸ਼ਰਨ ਜੀਤ ਸਿੰਘ ਸੰਧੂ, ਜੋ ਕਿ ਕਾਲਜ ਦੇ ਸਾਬਕਾ ਵਿਦਿਆਰਥੀ ਵੀ ਹਨ, ਦੀ ਪ੍ਰਧਾਨਗੀ ਹੇਠ ਆਪਣੀ ਨਵੀਂ ਕਾਰਜਕਾਰੀ ਸੰਸਥਾ ਦੀ ਚੋਣ ਕੀਤੀ ਅਤੇ ਉਨ੍ਹਾਂ ਨੂੰ ਐਲੂਮਨੀ ਐਸੋਸੀਏਸ਼ਨ ਦਾ ਪ੍ਰਧਾਨ ਬਣਾਇਆ ਗਿਆ ਹੈ। ਨਵੀਂ ਕਾਰਜਕਾਰਨੀ ਵਿੱਚ ਗਵਰਨਿੰਗ ਬਾਡੀ ਦੇ ਮੈਂਬਰ ਹਨ: ਪ੍ਰੋ. ਹੁਸਨ ਲਾਲ ਬਸਰਾ (ਵਾਈਸ ਪ੍ਰਿੰਸੀਪਲ) ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਡਾ. ਪੀ. ਡੀ. ਗੁਪਤਾ ਅਤੇ ਕੇ. ਬੀ. ਸਿੰਘ ਵਾਈਸ ਪ੍ਰੈਜ਼ੀਡੈਂਟ, ਪ੍ਰੋ. ਗੀਤਾਂਜਲੀ ਪਾਬਰੇਜਾ ਜਨਰਲ ਸਕੱਤਰ, ਪ੍ਰੋ. ਮੁਕੇਸ਼ ਕੁਮਾਰ ਸੰਯੁਕਤ ਸਕੱਤਰ, ਡਾ. ਨਿਤਿਨ ਸੂਦ ਵਿੱਤ ਸਕੱਤਰ, ਬ੍ਰਿਜ ਭੂਸ਼ਣ ਗੋਇਲ ਅਤੇ ਅਸ਼ੋਕ ਧੀਰ ਆਰਗੇਨਾਈਜ਼ਿੰਗ ਸਕੱਤਰ, ਪ੍ਰਭਜੋਤ ਸਿੰਘ ਕਾਨੂੰਨੀ ਸਕੱਤਰ, ਨਵਦੀਪ ਸਿੰਘ ਮੀਡੀਆ ਸਕੱਤਰ। ਕਾਰਜਕਾਰਨੀ ਦੇ ਹੋਰ ਮੈਂਬਰ ਹਨ : ਓਮ ਪ੍ਰਕਾਸ਼ ਵਰਮਾ (ਪੀ.ਸੀ.ਐਸ. ਸੇਵਾਮੁਕਤ) ਡਾ. ਸਜਲਾ ਕਾਲੜਾ, ਮਦਨ ਲਾਲ ਸਿੰਗਲਾ ਸੀ.ਏ., ਰਸ਼ਮੀ ਗਰੋਵਰ, ਦਲਬੀਰ ਸਿੰਘ ਮੌਲੀ, ਸੁਲਭ ਗੁਪਤਾ ਸੀ.ਏ., ਜਸਪਾਲ ਸਿੰਘ, ਰਵਿੰਦਰ ਵਾਤਸਯਾਨਾ, ਡਾ. ਵਿਕਾਸ ਲੂੰਬਾ, ਗੁਰਮੀਤ ਸਿੰਘ ਅਤੇ ਸੁਰਿੰਦਰ ਸਿੰਘ ਹਨ।

ਇਸ ਮੌਕੇ ਪ੍ਰਿੰਸੀਪਲ ਸੰਧੂ ਨੇ ਕਈ ਉੱਘੇ ਸਾਬਕਾ ਵਿਦਿਆਰਥੀਆਂ ਦੇ ਨਾਵਾਂ ਨੂੰ ਯਾਦ ਕੀਤਾ ਜਿਨ੍ਹਾਂ ਨੇ ਇਸ ਕਾਲਜ ਨੂੰ ਮਾਣ ਦਿਵਾਇਆ। ਉਨ੍ਹਾਂ ਕਿਹਾ ਕਿ ਸਾਬਕਾ ਵਿਦਿਆਰਥੀਆਂ ਵਿੱਚੋਂ ਬਹੁਤ ਸਾਰੇ ਪਦਮ ਪੁਰਸਕਾਰ ਜੇਤੂ ਹਨ। ਉਨ੍ਹਾਂ ਨੇ ਕਾਲਜ ਵਿੱਚ ਸਾਬਕਾ ਵਿਦਿਆਰਥੀਆਂ ਦੇ ਯੋਗਦਾਨ ਬਾਰੇ ਗੱਲ ਕੀਤੀ। ਸ੍ਰੀ ਸੰਧੂ ਨੇ ਕਿਹਾ ਕਿ ਕਾਲਜ ਆਪਣੇ ਸਾਬਕਾ ਵਿਦਿਆਰਥੀਆਂ ਦੀ ਸਮੂਹਿਕ ਪ੍ਰਤਿਭਾ ਅਤੇ ਮੁਹਾਰਤ ਦਾ ਲਾਭ ਉਠਾਉਂਦੇ ਹੋਏ, ਐਲੂਮਨੀ ਐਸੋਸੀਏਸ਼ਨ ਨਾਲ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਉਮੀਦ ਕਰਦਾ ਹੈ। ਪ੍ਰੋਫੈਸਰ ਗੀਤਾਂਜਲੀ ਪਬਰੇਜਾ ਨੇ ਸਟੇਜ ਦਾ ਸੰਚਾਲਨ ਕੀਤਾ ਅਤੇ ਇਹ ਯਕੀਨੀ ਬਣਾਇਆ ਕਿ ਕਾਰਵਾਈ ਸੁਚਾਰੂ ਅਤੇ ਦਿਲਚਸਪ ਹੋਵੇ। ਸਾਲਾਨਾ ਆਮ ਮੀਟਿੰਗ ਵਿੱਚ ਦੂਰ-ਦੂਰ ਤੋਂ ਆਏ ਸਾਬਕਾ ਵਿਦਿਆਰਥੀਆਂ ਦੇ ਸਤਿਕਾਰ ਲਈ ਲਈ ਕਾਲਜ ਦਾ ਪੂਰਾ ਸਟਾਫ਼ ਮੌਜੂਦ ਸੀ।

ਬ੍ਰਿਜ ਭੂਸ਼ਣ ਗੋਇਲ, ਪ੍ਰਬੰਧਕੀ ਸਕੱਤਰ ਨੇ ਧੰਨਵਾਦ ਮਤਾ ਪੇਸ਼ ਕਰਦੇ ਹੋਏ ਕਿਹਾ ਕਿ ਸਾਬਕਾ ਵਿਦਿਆਰਥੀ ਹਮੇਸ਼ਾ ਆਪਣੇ ਪਿਆਰੇ ਅਲਮਾ ਮੇਟਰ ਦੀ ਉੱਤਮਤਾ ਦੀ ਮਹਿਮਾ ਦੇ ਬ੍ਰਾਂਡ ਅੰਬੈਸਡਰ ਹੁੰਦੇ ਹਨ। ਕਾਲਜ ਦੇ ਸਾਬਕਾ ਵਿਦਿਆਰਥੀ, ਐਸੋਸੀਏਸ਼ਨ ਦੇ ਸਰਪ੍ਰਸਤ ਸੁਰਿੰਦਰ ਸਿੰਘ ਭੋਗਲ ਨੇ ਕਿਹਾ ਸਾਬਕਾ ਵਿਦਿਆਰਥੀ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਉੱਤਮ ਪ੍ਰਦਰਸ਼ਨ ਕਰ ਰਹੇ ਹਨ ਅਤੇ ਉਹ ਆਪਣੇ ਅਲਮਾ ਮੇਟਰ ਦੇ ਵਿਕਾਸ ਲਈ ਕੰਮ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ।

ਸਾਬਕਾ ਵਿਦਿਆਰਥੀਆਂ ਨੇ ਇੱਕ ਪਾਰਕ ਦਾ ਨਾਮ ਐਲੂਮਨੀ ਪਾਰਕ ਰੱਖਣ ਦੀ ਬੇਨਤੀ ਕੀਤੀ ਜਿਸ ਨੂੰ ਸਾਬਕਾ ਵਿਦਿਆਰਥੀ ਨਿਯਮਿਤ ਤੌਰ 'ਤੇ ਸੰਭਾਲਣ ਅਤੇ ਸਭ ਤੋਂ ਵਧੀਆ ਬਨਸਪਤੀ ਨਾਲ ਅਤੇ ਬੈਂਚ ਆਦਿ ਪ੍ਰਦਾਨ ਕਰਨ ਦਾ ਵਾਅਦਾ ਕੀਤਾ।

# ਪੰਜਾਬ ਟਾਈਮਜ਼

*16 ਅਗਸਤ, ਸ਼ਨਿਚਰਵਾਰ*

## ਪੰਥਕ ਸਿਆਸਤ ਦਾ ਭਵਿੱਖ

*ਸ਼੍ਰੋਮਣੀ ਅਕਾਲੀ ਦਲ ਹੁਣ ਦੋ ਬਣ ਗਏ ਹਨ। ਪਾਰਟੀ ਦਫ਼ਤਰ ਅਤੇ ਤੱਕੜੀ ਚੋਣ ਨਿਸ਼ਾਨ ਕਿਸ ਕੋਲ ਰਹੇਗਾ? ਇਹ ਸਵਾਲ ਰਾਜਨੀਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।*

*ਬਿਨਾਂ ਸ਼ੱਕ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਦਲ ਬਹੁਤ ਪੁਰਾਣਾ ਹੈ, ਪਰ ਪੁਰਾਣਾ ਹੋਣ ਦੇ ਬਾਵਜੂਦ ਇਸਦੀ ਪ੍ਰਸੰਗਿਕਤਾ ਕਾਟੇ ਹੇਠ ਹੈ। ਆਜ਼ਾਦੀ ਤੋਂ ਬਾਅਦ ਉਤੇ ਕੇਂਦਰਿਤ ਹੋਈਏ ਤਾਂ ਮਾਸਟਰ ਤਾਰਾ ਸਿੰਘ ਤੋਂ ਬਾਅਦ ਸੰਤ ਫ਼ਤਹਿ ਸਿੰਘ ਅਤੇ ਹਰਚੰਦ ਸਿੰਘ ਲੌਂਗੋਵਾਲ ਰਾਹੀਂ ਹੁੰਦੀ ਹੋਈ ਇਸਦੀ ਵਾਗਡੋਰ ਲੰਮੇਂ ਸਮੇਂ ਤੱਕ ਪਰਕਾਸ਼ ਸਿੰਘ ਬਾਦਲ ਦੇ ਹੱਥਾਂ ਵਿਚ ਰਹੀ, ਤੇ ਫੇਰ ਸੁਖਬੀਰ ਸਿੰਘ ਬਾਦਲ ਤੱਕ ਪਹੁੰਚੀ। ਐਸੀ ਪਹੁੰਚੀ ਕਿ ਇਸਦੀ ਹਾਲਤ ਦਿਨੋਂ-ਦਿਨ ਨਿਘਾਰ ਵੱਲ ਵਧਦੀ ਗਈ।*

*ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਦੇ ਕੁੱਲ 3 ਵਿਧਾਇਕ ਹੀ ਜਿੱਤ ਸਕੇ ਸਨ। ਜਿਨ੍ਹਾਂ ਵਿਚੋਂ ਬੰਗਾ ਤੋਂ ਚੁਣੇ ਗਏ ਵਿਧਾਇਕ ਸੁਖਵਿੰਦਰ ਸੁੱਖੀ ਬਾਅਦ ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਇਸ ਵੇਲੇ ਅਕਾਲੀ ਦਲ ਕੋਲ ਸਿਰਫ਼ ਦੋ ਵਿਧਾਇਕ ਹੀ ਹਨ। ਮਨਪ੍ਰੀਤ ਸਿੰਘ ਇਆਲੀ ਅਤੇ ਬਿਕਰਮ ਮਜੀਠੀਆ ਦੀ ਪਤਨੀ ਗਨੀਵ ਕੌਰ ਮਜੀਠੀਆ। ਇਆਲੀ ਤਾਂ ਖ਼ੁਦ ਨਵਾਂ ਅਕਾਲੀ ਦਲ ਖੜ੍ਹਾ ਕਰਨ ਵਾਲਿਆਂ 'ਚ ਪੇਸ਼ ਰਹੇ ਹਨ। ਜਿਸ ਦਾ ਮਤਲਬ ਹੈ ਕਿ ਦੋਹਾਂ ਸ਼੍ਰੋਮਣੀ ਅਕਾਲੀ ਦਲਾਂ ਕੋਲ ਇਕ ਇਕ ਵਿਧਾਇਕ ਹੈ। ਹੁਣ ਪਾਰਟੀ ਦੇ ਦਫ਼ਤਰ ਅਤੇ ਚੋਣ ਨਿਸ਼ਾਨ 'ਤੱਕੜੀ' ਦਾ ਮਾਮਲਾ ਚੋਣ ਕਮਿਸ਼ਨ ਕੋਲ ਜਾਵੇਗਾ। ਉਥੇ ਹੀ ਸਭ ਕੁੱਝ ਦਾ ਨਿਤਾਰਾ ਹੋਵੇਗਾ।*

*ਮਹਾਂਰਾਸ਼ਟਰ ਵਿਚ ਵੀ ਸ਼ਿਵ ਸੈਨਾ ਦੇ ਦੋ ਗੁੱਟਾਂ ਦੀ ਲੜਾਈ ਦਾ ਨਿਰਣਾ ਚੋਣ ਕਮਿਸ਼ਨ ਨੇ ਹੀ ਕੀਤਾ ਸੀ। ਤਾਰਨ ਤਾਰਨ ਹਲਕੇ ਦੀ ਉਪ ਚੋਣ ਜਦੋਂ ਵੀ ਹੋਈ ਤੇ ਦੋਹਾਂ ਅਕਾਲੀ ਉਮੀਦਵਾਰਾਂ 'ਚੋਂ ਜਿਸ ਦਾ ਉਮੀਦਵਾਰ ਜੇਤੂ ਰਿਹਾ ਉਸ ਵੱਧ ਗਿਣਤੀ ਕਾਰਨ ਇਸ ਦਾ ਹੱਕਦਾਰ ਬਣ ਜਾਵੇਗਾ। ਆਮ ਤੌਰ 'ਤੇ ਉਪ ਚੋਣ ਸੱਤਾਧਾਰੀ ਪਾਰਟੀ ਦੇ ਹੱਕ ਵਿਚ ਹੀ ਭੁਗਤਦੀ ਹੈ! ਇਸ ਕਰਕੇ ਕਿਸੇ ਵੀ ਅਕਾਲੀ ਦਲ ਕੋਲ ਵਿਧਾਇਕਾਂ ਦੀ ਗਿਣਤੀ ਵਧਾ ਸਕਣ ਦਾ ਮੌਕਾ ਘੱਟ ਹੀ ਨਜ਼ਰ ਆ ਰਿਹਾ ਹੈ। ਇਸ ਹਾਲਤ ਵਿਚ ਭਵਿੱਖ ਦੀ ਪੰਥਕ ਸਿਆਸਤ ਹੋਰ ਵੀ ਦਿਲਚਸਪ ਹੋਣ ਵਾਲੀ ਹੈ।*

*ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਪੰਜਾਬ ਦੇ ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਪਰਿਪੇਖ ਵਿਚ ਡੂੰਘੀਆਂ ਜੜ੍ਹਾਂ ਰੱਖਦਾ ਹੈ। ਬੇਸ਼ੱਕ ਪਿਛਲੀ ਇਕ ਸਦੀ ਦੌਰਾਨ ਗੁਰਦੁਆਰਾ ਸੁਧਾਰ ਲਹਿਰ ਤੋਂ ਉਭਰੀ ਇਹ ਪਾਰਟੀ ਇਕ ਪੰਥਕ ਸੰਗਠਨ ਤੋਂ ਲੈ ਕੇ ਖੇਤਰੀ ਰਾਜਨੀਤਕ ਧੁਰੇ ਤੱਕ ਦਾ ਸਫ਼ਰ ਤੈਅ ਕਰ ਚੁੱਕੀ ਹੈ। ਪਰ ਇਸ ਸਮੁੱਚੀ ਯਾਤਰਾ ਦੌਰਾਨ ਕਈ ਅਜਿਹੇ ਮੋੜ ਆਏ ਜਿੱਥੇ ਰਣਨੀਤਕ, ਨੀਤੀਗਤ ਅਤੇ ਸੰਗਠਨਾਤਮਕ ਗਲਤੀਆਂ ਨੇ ਨਾ ਸਿਰਫ਼ ਇਸ ਪਾਰਟੀ ਦੇ ਭਵਿੱਖ, ਸਗੋਂ ਪੰਜਾਬ ਦੀ ਰਾਜਨੀਤਕ ਦਿਸ਼ਾ ਨੂੰ ਵੀ ਪ੍ਰਭਾਵਿਤ ਕੀਤਾ ਹੈ। ਪਰ ਇਹ ਸਾਰੀ ਸਮੱਸਿਆ ਉਦੋਂ ਵਿਕਰਾਲ ਰੂਪ ਧਾਰਨ ਕਰਦੀ ਹੈ, ਜਦ 1990 ਦੇ ਅਖੀਰ ਤੋਂ ਸ਼੍ਰੋਮਣੀ ਅਕਾਲੀ ਦਲ ਵਿਚ ਪਰਿਵਾਰਵਾਦ ਵਧਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ੇ ਕਾਰਨ ਪਾਰਟੀ ਅੰਦਰੂਨੀ ਲੋਕਤੰਤਰ ਤੋਂ ਦੂਰ ਹੋ ਗਈ। ਇਸ ਕਾਰਨ ਹੌਲੀ-ਹੌਲੀ ਪਾਰਟੀ ਨੇ ਆਪਣਾ ਪੇਂਡੂ ਅਤੇ ਪੰਥਕ ਆਧਾਰ ਗੁਆਉਣਾ ਸ਼ੁਰੂ ਕਰ ਦਿੱਤਾ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਧਾਰਮਿਕ ਭਾਵਨਾਵਾਂ ਨਾਲ ਸੰਬੰਧਿਤ ਗਲਤੀਆਂ ਨੇ ਵੀ ਇਸ ਦੀ ਦਿੱਖ ਨੂੰ ਗਹਿਰਾਈ ਨਾਲ ਪ੍ਰਭਾਵਿਤ ਕੀਤਾ। ਫਿਰ 2015 ਵਿਚ ਡੇਰਾ ਸੱਚਾ ਸੌਦਾ ਮੁਖੀ ਨੂੰ ਅਕਾਲ ਤਖ਼ਤ ਵੱਲੋਂ ਮੁਆਫ਼ੀ ਦੇਣ ਦੀ ਆਗਿਆ ਦੇਣ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚੀ ਤੇ ਇਸੇ ਸਾਲ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਘਟਨਾਕ੍ਰਮ ਅਤੇ ਪੁਲਿਸ ਦੀ ਕਾਰਵਾਈ ਨੇ ਪਾਰਟੀ ਵਿਰੁੱਧ ਵੱਡਾ ਗੁੱਸਾ ਪੈਦਾ ਕੀਤਾ। ਇਹੀ ਨਹੀਂ, ਖਾੜਕੂ ਲਹਿਰ ਦੌਰਾਨ ਸਿੱਖ ਨੌਜਵਾਨਾਂ ਦੇ ਨਕਲੀ ਪੁਲਿਸ ਮੁਕਾਬਲਿਆਂ ਰਾਹੀਂ ਕਤਲ ਕਰਨ ਵਾਲੇ ਪੁਲਿਸ ਅਧਿਕਾਰੀਆਂ ਦੀਆਂ ਨਿਯੁਕਤੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਭਰੋਸੇਯੋਗਤਾ ਸਿੱਖ ਹਲਕਿਆਂ ਅੰਦਰ ਬੜੀ ਤੇਜ਼ੀ ਨਾਲ ਘਟਾਈ ਹੈ। ਸਾਲ 2012 ਤੋਂ 2017 ਦੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਰਾਜ ਦੌਰਾਨ ਨਸ਼ਿਆਂ ਦੇ ਕਾਰੋਬਾਰ, ਪੁਲਿਸ-ਰਾਜਨੀਤਕ ਗੱਠਜੋੜ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੇ ਵੀ ਸ਼੍ਰੋਮਣੀ ਅਕਾਲੀ ਦਲ ਦੀ ਇਤਿਹਾਸਕ ਪਛਾਣ ਨੂੰ ਭਾਰੀ ਨੁਕਸਾਨ ਪਹੁੰਚਾਇਆ। ਜਿਸ ਦਾ ਨਤੀਜਾ 2017 ਅਤੇ 2022 ਦੀਆਂ ਚੋਣਾਂ ਵਿਚ ਪਾਰਟੀ ਦੀ ਭਾਰੀ ਹਾਰ ਦੇ ਰੂਪ ਵਿਚ ਸਾਹਮਣੇ ਆਇਆ। ਇਹ ਸਾਰੇ ਤਜਰਬੇ ਦਰਸਾਉਂਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਇਤਿਹਾਸਕ ਗਲਤੀਆਂ ਸਿਰਫ਼ ਵਿਅਕਤੀਗਤ ਫ਼ੈਸਲਿਆਂ ਦਾ ਨਤੀਜਾ ਨਹੀਂ ਸਨ, ਸਗੋਂ ਇਹ ਰਣਨੀਤਕ, ਨੀਤੀਗਤ ਅਤੇ ਸੰਗਠਨਾਤਮਕ ਕਮਜ਼ੋਰੀਆਂ ਦਾ ਸੰਕੇਤ ਵੀ ਦਿੰਦੀਆਂ ਹਨ। ਪੰਜਾਬੀ ਸੂਬੇ ਦੇ ਅਧੂਰੇ ਮੁੱਦੇ ਤੋਂ ਲੈ ਕੇ 1984 ਦੇ ਸੰਕਟ, ਡੇਰਾ ਸੱਚਾ ਸੌਦਾ ਵਿਵਾਦ, ਭਾਜਪਾ ਨਾਲ ਲੰਬੇ ਗਠਜੋੜ ਅਤੇ ਨਸ਼ਿਆਂ ਦੇ ਦੋਸ਼ਾਂ ਤੱਕ, ਹਰ ਇਕ ਗਲਤੀ ਨੇ ਪਾਰਟੀ ਦੀ ਪਹਿਚਾਣ, ਲੋਕਪ੍ਰਿਯਤਾ ਅਤੇ ਭਰੋਸੇਯੋਗਤਾ ਨੂੰ ਹਿਲਾ ਦਿੱਤਾ।*

*ਇਸ ਲਈ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪੁਨਰ-ਸੁਰਜੀਤੀ ਸੰਬੰਧੀ ਸਵਾਲ ਨਾਲ ਨਜਿੱਠਦੇ ਹੋਏ ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੁੜ ਸੁਰਜੀਤ ਹੋਣ ਸੰਬੰਧੀ ਸਵਾਲ ਸਿਰਫ਼ ਸੰਭਾਵਨਾ ਦਾ ਸਵਾਲ ਨਹੀਂ, ਬਲਕਿ ਕਈ ਰਾਜਨੀਤਕ, ਸਮਾਜਿਕ ਅਤੇ ਸੰਗਠਨਾਤਮਕ ਗੁਣਾਂ 'ਤੇ ਨਿਰਭਰ ਹੈ। ਕਿਉਂਕਿ ਪਾਰਟੀ ਨੇ ਕਈ ਵਾਰ ਆਪਣੀ ਸਿਆਸੀ ਪਛਾਣ ਗੁਆਈ ਹੈ, ਪਰ ਪੰਜਾਬ ਦੇ ਰਾਜਨੀਤਕ ਸਭਿਆਚਾਰ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਇਤਿਹਾਸਕ ਭੂਮਿਕਾ ਅਜੇ ਵੀ ਗਹਿਰਾ ਪ੍ਰਭਾਵ ਰੱਖਦੀ ਹੈ।*

*ਸਵਾਲ ਇਹ ਹੈ ਕਿ ਕੀ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਪੰਥਕ ਸਿਆਸਤ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਸਕਣ ਦੇ ਸਮਰੱਥ ਹੋਵੇਗੀ? ਦਿਲਚਸਪ ਗੱਲ ਇਹ ਹੈ ਕਿ ਦੋਹਾਂ ਅਕਾਲੀ ਦਲਾਂ ਦਾ ਮੂੰਹ ਭਾਜਪਾ ਵਲ ਹੈ। ਪੰਜਾਬ ਦੀ ਸੱਤਾ ਉੱਤੇ ਕਬਜ਼ਾ ਕਰਨ ਲਈ ਦੋਹਾਂ ਨੂੰ ਭਾਜਪਾ ਦੀਆਂ ਬਿਸਾਖੀਆਂ ਦੀ ਲੋੜ ਪਵੇਗੀ। ਅਜੇਹਾ ਗੱਠਜੋੜ ਪੰਜਾਬ ਲਈ ਕਿੰਨਾ ਕੁ ਲਾਹੇਵੰਦ ਹੋਵੇਗਾ, ਇਸਦਾ ਕਿਆਸ ਬਹੁਤਾ ਮੁਸ਼ਕਿਲ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਬੇਹੱਦ ਗੁੰਝਲਦਾਰ ਪਹੇਲੀ ਹੈ। ਜੋ ਬਹੁਤ ਗਹਿਰੀ ਤਰ੍ਹਾਂ ਇਸਦੇ ਢਾਂਚਾਗਤ ਸੁਧਾਰਾਂ ਨਾਲ ਜੁੜੀ ਹੋਈ ਹੈ। ਪੁਰਾਣੇ ਮਾਡਲ ਦੀ ਨਵੀਂ ਲੀਡਰਸ਼ਿਪ ਵਲੋਂ ਇਸਦੀ ਬੇੜੀ ਪਾਰ ਲਗਾ ਸਕਣੀ ਸੌਖਾ ਕਾਰਜ ਨਹੀਂ ਹੋਵੇਗਾ। ਖੇਤੀਬਾੜੀ, ਪਾਣੀ, ਨਸ਼ਾ ਮੁਕਤੀ ਅਤੇ ਪੇਂਡੂ ਰੁਜ਼ਗਾਰ ਵਰਗੇ ਮੁੱਦਿਆਂ 'ਤੇ ਗੰਭੀਰ ਪ੍ਰੋਗਰਾਮ ਲਿਆ ਕੇ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਮੁੜ ਜਿੱਤਣਾ, ਭਾਜਪਾ ਨਾਲ ਸੰਬੰਧਾਂ ਤੋਂ ਸਬਕ ਲੈ ਕੇ ਆਪਣੀ ਸੁਤੰਤਰ ਰਾਜਨੀਤਕ ਪਛਾਣ ਬਣਾਉਣਾ, ਨੌਜਵਾਨਾਂ ਅਤੇ ਵਿਦੇਸ਼ਾਂ ਵਿਚ ਵਸਦੇ ਪੰਜਾਬ ਪ੍ਰੇਮੀਆਂ ਨੂੰ ਨਾਲ ਜੋੜਨ ਦੇ ਯਤਨ ਕਰਨਾ ਆਦਿ ਕਾਰਜ ਪਾਰਟੀ ਲਈ ਨਵੀਂ ਉਮੀਦ ਜਗਾ ਸਕਦੇ ਹਨ। ਦੋਹਾਂ ਵਿਚੋਂ ਜਿਹੜਾ ਦਲ ਇਨ੍ਹਾਂ ਨੁਕਤਿਆਂ ਉੱਤੇ ਗੰਭੀਰਤਾ ਨਾਲ ਕੇਂਦਰਿਤ ਹੋ ਜਾਵੇਗਾ, ਪੰਜਾਬ ਦੀ ਪੰਥਕ ਸਿਆਸਤ ਦਾ ਭਵਿੱਖ ਉਹੀ ਦਲ ਹੋਵੇਗਾ।*

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਗੂੰਜ ਬਿਨਾਂ ਗੜਗੱਜ?

**ਬਿੱਲੀ 'ਨੌਂ ਸੌ ਚੂਹਿਆਂ' ਨੂੰ ਖਾਣ ਵਾਲ਼ੀ, ਬੂਰੀ ਲੱਗਣੀ ਕਰਨ ਗਈ ਹੱਜ ਭਾਈ।**
**'ਧਨੀਂ ਰਾਮ' ਜੇ ਠਨ-ਠਨ ਗੋਪਾਲ ਹੋਵੇ, ਲੋਕੀ ਹੱਸਣ'ਗੇ 'ਨਾਮ ਦੇ ਪੱਜ' ਭਾਈ।**
**'ਦਇਆ ਰਾਮ ਝਟਕੱਈ' ਦੁਕਾਨ ਉੱਤੇ, ਨਾਮ ਕਿੰਨਾਂ ਕੁ ਜਾਏ ਗਾ 'ਸਜ' ਭਾਈ।**
**ਪਤਨੀ 'ਸ਼ਾਂਤੀ ਦੇਵੀ' ਪਰ 'ਪਤੀ ਉੱਤੇ', ਪਵੇ ਵਾਂਗ ਬਘਿਆੜੀ ਦੇ ਭੱਜ ਭਾਈ।**
**ਚੌਂਕੀਦਾਰ ਵੀ ਮੰਨੇਂ ਨਾ ਹੁਕਮ ਸਿੰਘ ਦੀ, ਕਿੱਦਾਂ ਬਚੇ'ਗੀ 'ਨਾਮ ਦੀ ਲੱਜ' ਭਾਈ।**
**ਪਾ ਉਹ ਸਕੇ ਨਾ 'ਗੂੰਜ' ਅਜ਼ਾਦ ਹੋ ਕੇ, ਨਾਮ ਰੱਖਿਆ ਐਵੇਂ 'ਗੜਗੱਜ' ਭਾਈ?**

## ਆਜ਼ਾਦੀ ਦਿਵਸ ਅਤੇ ਭਾਰਤ ਦੀ ਜਮਹੂਰੀਅਤ ਨੂੰ ਦਰਪੇਸ਼ ਮਸਲੇ



ਆਜ਼ਾਦੀ ਦਿਵਸ, 15 ਅਗਸਤ, ਮੌਕੇ ਦੇਸ਼ ਵਿਚ ਜਸ਼ਨ ਮਨਾਏ ਜਾਂਦੇ ਹਨ। ਇਨ੍ਹਾਂ ਜਸ਼ਨਾਂ ਵਿਚ ਦੇਸ਼ ਭਗਤਾਂ ਵਲੋਂ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾਂਦਾ ਹੈ। ਪਿਛਲੇ ਦਿਨੀਂ ਸੁਨਾਮ ਸ਼ਹਿਰ ਵਿਚ ਪੰਜਾਬ ਸਰਕਾਰ ਵਲੋਂ ਸ਼ਹੀਦ ਊਧਮ ਸਿੰਘ ਦੀ ਯਾਦ ਵਿਚ ਵੱਡਾ ਸਮਾਗਮ ਕਰਵਾਇਆ ਗਿਆ ਸੀ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਆਪਣੀ ਜਾਨ ਕੁਰਬਾਨ ਕਰਕੇ ਦੇਸ਼ ਦੀ ਆਜ਼ਾਦੀ ਵਿਚ ਵੱਡਾ ਯੋਗਦਾਨ ਪਾਇਆ ਸੀ। ਸ਼ਹੀਦ ਊਧਮ ਸਿੰਘ ਨੇ ਜਲ੍ਹਿਆਂਵਾਲਾ ਬਾਗ਼ ਦੇ ਨਿਹੱਥੇ ਲੋਕਾਂ 'ਤੇ ਅੰਗਰੇਜ਼ੀ ਹਕੂਮਤ ਵਲੋਂ ਗੋਲੀਆਂ ਚਲਾ ਕੇ ਖ਼ੂਨੀ ਖੇਡ ਦਾ ਬਦਲਾ ਲਿਆ ਸੀ। ਉਸ ਨੇ ਉਸ ਵੇਲੇ ਦੇ ਗਵਰਨਰ ਓ'ਡਵਾਇਰ ਨੂੰ



**ਸੁੱਚਾ ਸਿੰਘ ਗਿੱਲ**

ਗੋਲੀ ਮਾਰ ਕੇ ਇਹ ਸੰਦੇਸ਼ ਦਿੱਤਾ ਸੀ ਭਾਰਤ ਦੇ ਨਾਗਰਿਕਾਂ ਦੀ ਜ਼ਿੰਦਗੀ ਵੀ ਓਸੇ ਤਰ੍ਹਾਂ ਮਹੱਤਵਪੂਰਨ ਹੈ ਜਿਵੇਂ ਬਰਤਾਨਵੀ ਨਾਗਰਿਕਾਂ ਦੀ। ਦੇਸ਼ ਦੇ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਵਾਸਤੇ ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਹਾਸਲ ਕਰਨਾ ਜ਼ਰੂਰੀ ਹੋ ਗਿਆ ਸੀ। ਆਜ਼ਾਦੀ ਦੇ ਜਸ਼ਨ ਮਨਾਉਂਦਿਆਂ ਦੇਸ਼ ਭਗਤਾਂ ਦੇ ਵਿਚਾਰਾਂ ਅਤੇ ਫ਼ਲਸਫ਼ੇ ਨੂੰ ਜਾਂ ਤਾਂ ਅਣਗੌਲਿਆ ਕੀਤਾ ਜਾਂਦਾ ਹੈ ਜਾਂ ਕੇਵਲ ਉਪਚਾਰਕ ਤੌਰ 'ਤੇ ਉਨ੍ਹਾਂ ਦਾ ਜ਼ਿਕਰ ਕੀਤਾ ਜਾਂਦਾ ਹੈ। ਆਜ਼ਾਦੀ ਸੰਗਰਾਮੀਆ ਦੇ ਵਿਚਾਰਾਂ ਨੂੰ ਦੇਸ਼ ਦੇ ਨਿਰਮਾਣ ਵਿਚ ਲਾਗੂ ਨਾ ਕਰਨ ਬਾਰੇ ਆਜ਼ਾਦੀ ਦਿਵਸ ਦੇ ਜਸ਼ਨਾਂ ਵਿਚੋਂ ਗਾਇਬ ਕਰ ਦਿੱਤਾ ਜਾਂਦਾ ਹੈ। ਇਹ ਜ਼ਰੂਰੀ ਹੈ ਕਿ ਉਨ੍ਹਾਂ ਦੇ ਵਿਚਾਰਾਂ ਬਾਰੇ ਦੇਸ਼ ਵਿਆਪੀ ਬਹਿਸਾਂ ਅਤੇ ਗੋਸ਼ਟੀਆਂ ਕਰਵਾਈਆਂ ਜਾਣ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਨਜ਼ਰ-ਅੰਦਾਜ਼ ਕਰਨ ਦੇ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ।

ਦੇਸ਼ ਦੀ ਆਜ਼ਾਦੀ ਦੇ ਸੌ ਸਾਲ ਦੀ ਲੜਾਈ ਵਿਚ ਵੱਖ-ਵੱਖ ਵਿਚਾਰਾਂ ਅਤੇ ਜਥੇਬੰਦੀਆਂ/ਪਾਰਟੀਆਂ ਵਲੋਂ ਆਪਣੇ ਤਰੀਕੇ ਅਤੇ ਸਮਝ ਨਾਲ ਯੋਗਦਾਨ ਪਾਇਆ ਗਿਆ ਸੀ। ਪਰ ਜਦੋਂ 1940ਵਿਆਂ ਵਿਚ ਇਹ ਸਪੱਸ਼ਟ ਹੋ ਗਿਆ ਕਿ ਭਾਰਤ ਨੂੰ ਆਜ਼ਾਦੀ ਮਿਲਣ ਦਾ ਸਮਾਂ ਨੇੜੇ ਆ ਗਿਆ ਹੈ ਤਾਂ ਇਹ ਬਹਿਸ ਚੱਲ ਪਈ ਕਿ ਆਜ਼ਾਦ ਭਾਰਤ ਦਾ ਆਰਥਿਕ, ਸਮਾਜਿਕ ਅਤੇ ਰਾਜਨੀਤਕ ਢਾਂਚਾ ਕਿਸ ਤਰ੍ਹਾਂ ਦਾ ਅਤੇ ਕਿਵੇਂ ਕਾਇਮ ਕੀਤਾ ਜਾਵੇਗਾ। ਇਸ ਬਾਰੇ ਦੇਸ਼ ਦੇ ਉਦਯੋਗਪਤੀਆਂ, ਕਾਂਗਰਸ ਪਾਰਟੀ, ਕਮਿਊਨਿਸਟ ਪਾਰਟੀ ਅਤੇ ਗਾਂਧੀਅਨ ਵਿਚਾਰਧਾਰਾ ਵਾਲੇ ਨੁਮਾਇੰਦਿਆਂ ਵਲੋਂ ਆਪਣੀ ਰਾਇ ਲੋਕਾਂ ਸਾਹਮਣੇ ਲਿਖ ਕੇ ਪੇਸ਼ ਕੀਤੀ ਗਈ ਸੀ। ਉਨ੍ਹਾਂ ਵਲੋਂ ਦੇਸ਼ ਵਿਚ ਸਮਾਜਿਕ-ਆਰਥਿਕ ਨਿਰਮਾਣ ਬਾਰੇ ਆਪਣੇ ਵਿਚਾਰ ਯੋਜਨਾ ਬਣਾ ਕੇ ਪੇਸ਼ ਕੀਤੇ ਗਏ। ਇਨ੍ਹਾਂ ਯੋਜਨਾਵਾਂ ਦੇ ਖਰੜਿਆਂ ਵਿਚ ਇਹ ਵਿਚਾਰ ਪ੍ਰਗਟਾਏ ਗਏ ਕਿ ਦੇਸ਼ ਦੇ ਵਿਕਾਸ ਅਤੇ ਨਿਰਮਾਣ ਵਾਸਤੇ ਯੋਜਨਾਬੰਦੀ ਜ਼ਰੂਰੀ ਹੈ। ਆਰਥਿਕ ਵਿਕਾਸ ਵਾਸਤੇ ਪਬਲਿਕ ਸੈਕਟਰ ਦੇ ਰੋਲ ਨੂੰ ਮਹੱਤਵਪੂਰਣ ਮੰਨਿਆ ਗਿਆ ਸੀ। ਦੇਸ਼ ਵਿਚ ਧਨ-ਦੌਲਤ ਦੀ ਕਾਣੀ ਵੰਡ 'ਤੇ ਰੋਕ ਲਗਾਉਣਾ ਲਾਜ਼ਮੀ ਸਮਝਿਆ ਗਿਆ ਸੀ। ਇਸ ਕਾਰਜ ਵਾਸਤੇ ਆਜ਼ਾਦੀ ਤੋਂ ਬਾਅਦ ਖੇਤੀ ਅਧੀਨ ਜ਼ਮੀਨ ਵਾਸਤੇ ਭੂਮੀ ਸੁਧਾਰਾਂ ਨੂੰ ਮਾਨਤਾ ਦਿੱਤੀ ਗਈ। ਭਾਵੇਂ ਉਦਯੋਗਿਕ ਅਤੇ ਵਪਾਰਕ ਇਕਾਈਆਂ ਨੂੰ ਪ੍ਰਾਈਵੇਟ ਸੈਕਟਰ ਵਿਚ ਬਿਜ਼ਨਸ ਕਰਨ ਦੀ ਇਜਾਜ਼ਤ ਦਿੱਤੀ ਗਈ ਪਰ ਦੇਸ਼ ਵਿਚ ਆਮਦਨ ਅਤੇ ਧਨ-ਦੌਲਤ ਦੀ ਕਾਣੀ ਵੰਡ ਨੂੰ ਰੋਕਣ ਲਈ ਉਪਾਵਾਂ ਨੂੰ ਜ਼ਰੂਰੀ ਬਣਾਇਆ ਗਿਆ ਸੀ। ਲੋਕਾਂ ਨੂੰ ਆਜ਼ਾਦੀ ਦੇ ਫਲਸਰੂਪ ਜਮਹੂਰੀ ਅਧਿਕਾਰ ਅਤੇ ਸ਼ਹਿਰੀ ਆਜ਼ਾਦੀਆਂ ਦੀ ਗਰੰਟੀ ਦਿਤੀ ਗਈ। ਦੇਸ਼ ਵਿਚ ਜਮਹੂਰੀਅਤ ਨੂੰ ਅਪਨਾਉਣ ਵਾਸਤੇ ਰੰਗ, ਜਾਤ, ਧਰਮ, ਜਮਾਤ ਅਤੇ ਇਲਾਕੇ ਦੇ ਵਿਤਕਰੇ ਬਗੈਰ ਹਰ ਬਾਲਗ ਨਾਗਰਿਕ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਗਿਆ। ਵਿਧਾਨ ਘੜਨੀ ਅਸੈਂਬਲੀ ਵਲੋਂ ਸੰਵਿਧਾਨ ਤਿਆਰ ਕਰ ਕੇ 26 ਜਨਵਰੀ, 1950 ਨੂੰ ਲਾਗੂ ਕਰ ਦਿੱਤਾ ਗਿਆ ਸੀ। ਦੇਸ਼ ਵਿਚ ਪਾਰਲੀਮਾਨੀ ਸਿਸਟਮ ਲਾਗੂ ਕੀਤਾ ਗਿਆ ਅਤੇ ਕੇਂਦਰ ਵਿਚ ਹਕੂਮਤ ਬਣਾਉਣ ਲਈ ਲੋਕ ਸਭਾ ਅਤੇ ਸੂਬਿਆਂ ਵਿਚ ਅਸੈਂਬਲੀਆਂ ਨੂੰ ਆਮ ਚੋਣਾਂ ਨਾਲ ਲੋਕਾਂ ਨੂੰ ਚੁਣਨ ਦਾ ਅਧਿਕਾਰ ਦਿੱਤਾ ਗਿਆ। ਸੰਵਿਧਾਨ ਵਿਚ ਜਮਹੂਰੀਅਤ ਨੂੰ ਸੁਰੱਖਿਅਤ ਰੱਖਣ ਲਈ ਕਾਰਜਕਾਰਨੀ, ਪਾਰਲੀਮੈਂਟ/ਅਸੈਂਬਲੀ ਅਤੇ ਨਿਆਂਪਾਲਿਕਾ ਨੂੰ ਇੱਕ ਦੂਜੇ ਤੋਂ ਖ਼ੁਦਮੁਖ਼ਤਿਆਰ ਰਖਿਆ ਗਿਆ ਸੀ। ਆਜ਼ਾਦ/ਖ਼ੁਦਮੁਖ਼ਤਿਆਰ ਮੀਡੀਆ ਨੂੰ ਜਮਹੂਰੀਅਤ ਦਾ ਚੌਥਾ ਥੰਮ੍ਹ ਬਣਾਇਆ ਗਿਆ। ਚੋਣ ਕਮਿਸ਼ਨ ਨੂੰ ਨਿਰਪੱਖ ਚੋਣਾਂ ਕਰਵਾਉਣ ਲਈ ਸੰਵਿਧਾਨਕ ਦਰਜਾ ਦਿੱਤਾ ਗਿਆ ਅਤੇ ਸੂਬਿਆਂ ਨੂੰ ਉਨ੍ਹਾਂ ਦੇ ਇਲਾਕਾਈ ਸਭਿਆਚਾਰ ਅਤੇ ਆਰਥਿਕ-ਸਮਾਜਿਕ ਵਿਕਾਸ ਲੋੜਾਂ ਵਾਸਤੇ ਖ਼ੁਦਮੁਖ਼ਤਿਆਰੀ ਦੇਣ ਲਈ ਸੰਵਿਧਾਨ ਵਿਚ ਅਧਿਕਾਰਾਂ ਦੀ ਵੱਖਰੀ ਸੂਚੀ ਦਰਜ ਕੀਤੀ ਗਈ। ਆਜ਼ਾਦੀ ਲਹਿਰ ਸਮੇਂ ਕੀਤੇ ਵਾਅਦਿਆਂ ਅਤੇ ਉਪਰੰਤ ਆਜ਼ਾਦੀ ਤੋਂ ਬਾਅਦ ਸੰਵਿਧਾਨ ਵਿਚ ਦਿੱਤੀਆਂ ਗਰੰਟੀਆਂ ਤੋਂ ਹੁਣ ਹੱਥ ਪਿਛੇ ਖਿਚਣ ਦੇ ਉਘੜਵੇਂ ਸੰਕੇਤ ਮਿਲ ਰਹੇ ਹਨ। ਇਹ ਦੇਸ਼ ਦੇ ਲੋਕਾਂ ਲਈ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਅਗਸਤ 2014 ਵਿਚ ਭਾਰਤ ਸਰਕਾਰ ਵਲੋਂ ਯੋਜਨਾਬੰਦੀ ਦਾ ਭੋਗ ਪਾ ਦਿੱਤਾ ਗਿਆ ਅਤੇ ਪਲਾਨਿੰਗ ਕਮਿਸ਼ਨ ਨੂੰ ਖਤਮ ਕਰਕੇ ਨੀਤੀ ਆਯੋਗ ਸਥਾਪਤ ਕਰ ਦਿੱਤਾ ਗਿਆ। ਹੁਣ ਕੋਈ ਦੇਸ਼ ਵਿਆਪੀ ਯੋਜਨਾ ਤਿਆਰ ਨਹੀਂ ਕੀਤੀ ਜਾਂਦੀ। ਨਵੀਂ ਆਰਥਿਕ ਨੀਤੀ (1991) ਲਾਗੂ ਕਰਨ ਤੋਂ ਬਾਅਦ ਵੱਡੀਆਂ ਇਜ਼ਾਰੇਦਾਰ ਕੰਪਨੀਆਂ ਦੇ ਵਧਣ-ਫੁੱਲਣ 'ਤੇ ਸਭ ਰੋਕਾਂ ਖਤਮ ਕਰ ਦਿੱਤੀਆਂ ਗਈਆਂ ਸਨ। ਇਨ੍ਹਾਂ ਕੰਪਨੀਆਂ ਦੇ ਵਿਕਾਸ ਲਈ ਕੇਂਦਰ ਸਰਕਾਰ ਵਲੋਂ ਕਈ ਰਿਆਇਤਾਂ ਦੇਣ ਦੇ ਐਲਾਨ ਕੀਤੇ ਗਏ ਹਨ। ਇਨ੍ਹਾਂ ਵਿਚ ਨਵੀਆਂ ਇਕਾਈਆਂ ਵਾਸਤੇ ਸਸਤੀ/ਮੁਫ਼ਤ ਜ਼ਮੀਨ, ਬਿਜਲੀ ਅਤੇ ਪਾਣੀ ਦਾ ਇੰਤਜ਼ਾਮ, ਟੈਕਸਾਂ ਤੋਂ ਛੋਟਾਂ ਆਦਿ ਸ਼ਾਮਲ ਹਨ। ਵੱਡੀਆਂ ਕੰਪਨੀਆਂ ਵਲੋਂ ਬੈਂਕਾਂ ਦੇ ਕਰਜ਼ਿਆਂ ਦੀ ਅਦਾਇਗੀ ਨਾ ਕਰਨ 'ਤੇ ਕਰਜ਼ੇ ਮਾਫ਼ ਕੀਤੇ ਜਾਂਦੇ ਹਨ। ਵਿੱਤ ਮੰਤਰੀ ਵਲੋਂ ਪਾਰਲੀਮੈਂਟ ਵਿਚ ਦਿੱਤੇ ਬਿਆਨ ਵਿਚ ਦੱਸਿਆ ਗਿਆ ਹੈ ਕਿ 2014-2024 ਦੇ ਦਸ ਸਾਲਾਂ ਦੌਰਾਨ ਕਾਰਪੋਰੇਟ ਕੰਪਨੀਆਂ ਦੇ 16.35 ਲੱਖ ਕਰੋੜ ਰੁਪਏ ਦੇ ਕਰਜ਼ੇ ਮਾਫ਼ ਕੀਤੇ ਗਏ ਹਨ। ਦੂਜੇ ਪਾਸੇ ਗਰੀਬ ਕਿਸਾਨ ਅਤੇ ਮਜ਼ਦੂਰ ਥੋੜ੍ਹੇ ਜਿਹੇ ਕਰਜ਼ੇ ਕਾਰਨ ਆਤਮ-ਹੱਤਿਆਵਾਂ ਕਰਨ ਲਈ ਮਜਬੂਰ ਹਨ। ਸਰਕਾਰ ਵਲੋਂ ਇਨ੍ਹਾਂ ਦੇ ਕਰਜ਼ਿਆਂ ਦੇ ਹੱਲ ਲਈ ਕੋਈ ਪ੍ਰੋਗਰਾਮ ਨਹੀਂ ਬਣਾਇਆ ਗਿਆ। ਇਸ ਕਾਰਣ ਦੇਸ਼ ਵਿਚ ਆਮਦਨ ਅਤੇ ਧਨ-ਦੌਲਤ ਦੀ ਅਸਮਾਨਤਾ ਸਿਖਰਾਂ 'ਤੇ ਪਹੁੰਚ ਗਈ ਹੈ। ਬੇਰੁਜ਼ਗਾਰੀ ਦੀ ਦਰ ਆਜ਼ਾਦੀ ਤੋਂ ਬਾਅਦ ਉਚਤਮ ਸੀਮਾ 'ਤੇ ਹੈ। ਦੇਸ਼ ਦੇ 22% ਨੌਜਵਾਨ ਬੇਰੁਜ਼ਗਾਰੀ ਦੇ ਸ਼ਿਕਾਰ ਹਨ। ਪੰਜਾਬ ਵਿਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 27% ਹੋ ਗਈ ਹੈ। ਉਹ ਰੁਜ਼ਗਾਰ ਵਾਸਤੇ ਵਿਦੇਸ਼ਾਂ ਨੂੰ ਕਾਨੂੰਨੀ ਅਤੇ ਗੈਰ-ਕਾਨੂੰਨੀ ਢੰਗ ਨਾਲ ਜਾਣ ਲਈ ਮਜਬੂਰ ਹਨ। ਸਰਕਾਰੀ ਅੰਕੜਿਆਂ ਅਨੁਸਾਰ 80 ਕਰੋੜ ਲੋਕ ਸਰਕਾਰ ਵਲੋਂ ਮੁਫ਼ਤ ਅਨਾਜ ਨਾਲ ਗੁਜ਼ਾਰਾ ਕਰ ਰਹੇ ਹਨ ਅਤੇ ਵੱਡੀ ਗਿਣਤੀ ਵਿਚ ਕੁਪੋਸ਼ਣ ਦਾ ਸ਼ਿਕਾਰ ਹਨ। ਮਹਿੰਗਾਈ ਨਾਲ ਆਮ ਸ਼ਹਿਰੀਆਂ ਦਾ ਲੱਕ ਟੁੱਟਿਆ ਪਿਆ ਹੈ ਪਰ ਸਰਕਾਰ ਮਹਿੰਗਾਈ ਨੂੰ ਨਜਿੱਠਣ ਦਾ ਢੋਲ ਵਜਾ ਰਹੀ ਹੈ।

ਦੇਸ਼ ਦੀ ਜਮਹੂਰੀਅਤ ਉਪਰ ਖ਼ਤਰੇ ਦੇ ਬੱਦਲ ਮੰਡਰਾ ਰਹੇ ਹਨ। ਸਮਾਜ ਨੂੰ ਧਰਮਾਂ ਦੇ ਆਧਾਰ 'ਤੇ ਵੰਡਣ 'ਤੇ ਜ਼ੋਰ ਲੱਗਿਆ ਹੋਇਆ ਹੈ। ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਮਹੂਰੀਅਤ ਦੀ ਸਲਾਮਤੀ ਵਾਸਤੇ ਬਣਾਈਆਂ ਗਈਆਂ ਸੰਸਥਾਵਾਂ ਨਿਘਾਰ ਵੱਲ ਜਾ ਰਹੀਆਂ ਹਨ। ਵਿਰੋਧੀਆਂ ਨੂੰ ਜਾਂਚ ਏਜੰਸੀਆਂ ਦੀ ਵਰਤੋਂ ਕਰਕੇ ਜੇਲ੍ਹਾਂ ਵਿਚ ਸੁਟਿਆ ਜਾ ਰਿਹਾ ਹੈ। ਸੀ.ਬੀ.ਆਈ., ਐਨਫੋਰਸਮੈਂਟ ਡਾਇਰੈਕਟੋਰੇਟ, ਕੌਮੀ ਜਾਂਚ ਏਜੰਸੀ ਆਦਿ ਦਾ ਖੁੱਲ੍ਹ ਕੇ ਦੁਰਉਪਯੋਗ ਹੋ ਰਿਹਾ ਹੈ। ਵਿਰੋਧੀ ਵਿਚਾਰਾਂ ਵਾਲੇ ਬੁੱਧੀਜੀਵੀਆਂ ਦੀਆਂ ਲਿਖਤਾਂ ਨੂੰ ਗੈਰ-ਕਾਨੂੰਨੀ ਐਲਾਨਿਆ ਜਾ ਰਿਹਾ ਹੈ। ਧਰਮ-ਨਿਰਪੱਖ ਦੇਸ਼ ਦੇ ਖਾਸੇ ਨੂੰ ਬਦਲ ਕੇ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਹਾਕਮ ਪਾਰਟੀ ਦੇ ਲੀਡਰ ਕਰਨ ਲੱਗ ਪਏ ਹਨ। ਬਹੁਤੇ ਅਖ਼ਬਾਰ ਅਤੇ ਟੈਲੀਵਿਜ਼ਨ ਚੈਨਲਾਂ ਵੱਲੋਂ ਸਰਕਾਰ ਨੂੰ ਸਵਾਲ ਪੁੱਛਣ ਦੀ ਬਜਾਏ ਉਹ ਸਰਕਾਰੀ ਵਿਚਾਰਾਂ ਦਾ ਹੀ ਪ੍ਰਚਾਰ ਕਰ ਰਹੇ ਹਨ। ਪਾਰਲੀਮੈਂਟ ਅਤੇ ਸੂਬਾ ਅਸੈਂਬਲੀਆਂ ਵਿਚ ਵਿਰੋਧੀਆਂ ਨੂੰ ਬੋਲਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਿਆਂਪਾਲਿਕਾ ਲੋਕਾਂ ਦੇ ਅਧਿਕਾਰਾਂ, ਸੰਵਿਧਾਨ ਅਤੇ ਜਮਹੂਰੀਅਤ ਨੂੰ ਬਚਾਉਣ ਵਾਸਤੇ ਮੁਸ਼ਕਲਾਂ ਦਾ ਸਾਹਮਣਾ ਕਰ ਰਹੀ ਹੈ। ਉਪਰਲੀਆਂ ਅਦਾਲਤਾਂ ਦੇ ਕਈ ਜੱਜ ਸੰਵਿਧਾਨ ਦੀ ਪ੍ਰਸਤਾਵਨਾ ਅਤੇ ਮੂਲ ਭਾਵਨਾ ਦੇ ਖ਼ਿਲਾਫ਼ ਫੈਸਲੇ ਦੇ ਰਹੇ ਹਨ। ਚੋਣ ਕਮਿਸ਼ਨ ਵੀ ਲਗਾਤਾਰ ਵਿਵਾਦਾਂ ਦੇ ਘੇਰੇ ਵਿਚ ਫਸਦਾ ਜਾ ਰਿਹਾ ਹੈ। ਚੋਣਾਂ ਕਰਵਾਉਣ ਦੇ ਸਮੇਂ ਅਤੇ ਗੇੜਾਂ ਨੂੰ ਲੈ ਕੇ ਇਸ ਦੀ ਨਿਰਪੱਖਤਾ 'ਤੇ ਸਵਾਲ ਉਠਾਏ ਜਾਣ ਲੱਗ ਪਏ ਹਨ। ਹੁਣ ਹਰਿਆਣਾ, ਮਹਾਰਾਸ਼ਟਰ ਅਤੇ ਕਰਨਾਟਕ ਵਿਚ ਚੋਣਾਂ ਵਿਚ ਜਾਅਲੀ ਵੋਟਾਂ ਪੈਣ ਦੇ ਘਪਲੇ ਸਾਹਮਣੇ ਆ ਰਹੇ ਹਨ। ਚੋਣ ਕਮਿਸ਼ਨ 'ਤੇ ਹਾਕਮ ਪਾਰਟੀ ਦੇ ਪੱਖਪਾਤੀ ਹੋਣ ਦਾ ਦੋਸ਼ ਲਗ ਰਿਹਾ ਹੈ। ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ (Special Intensive Revision-SIR)/ਵੋਟਰ ਲਿਸਟਾਂ ਦੀ ਗਹਿਰੀ ਸੁਧਾਈ ਦੀ ਕਾਰਵਾਈ ਨੇ ਚੋਣ ਕਮਿਸ਼ਨ ਦੀ ਮਨਸ਼ਾ 'ਤੇ ਸ਼ੱਕ ਪੈਦਾ ਕੀਤੇ ਹਨ। ਪਿਛਲੀ ਲੋਕ ਸਭਾ ਦੀਆਂ ਚੋਣਾਂ ਵਿਚ ਵੋਟਾਂ ਪਾ ਚੁੱਕੇ ਵੋਟਰਾਂ ਤੋਂ ਅਜਿਹੇ ਕਾਗਜ਼ ਮੰਗੇ ਜਾ ਰਹੇ ਹਨ ਜਿਨ੍ਹਾਂ ਦੀ ਜ਼ਰੂਰਤ ਨਹੀਂ ਹੈ। ਆਧਾਰ ਕਾਰਡ, ਰਾਸ਼ਨ ਕਾਰਡ ਅਤੇ ਵੋਟਰ ਕਾਰਡ ਨੂੰ ਨਕਾਰਿਆ ਜਾ ਰਿਹਾ ਹੈ। ਨਾਗਰਿਕਾਂ ਤੋਂ ਉਨ੍ਹਾਂ ਦੇ ਮਾਤਾ/ਪਿਤਾ ਦੇ ਜਨਮ ਸਰਟੀਫਿਕੇਟ ਪੇਸ਼ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਗਰੀਬ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਅਤੇ ਖਾਸ ਕਰਕੇ ਪਰਵਾਸੀ ਬਿਹਾਰੀ ਮਜ਼ਦੂਰਾਂ ਕੋਲ ਐਸੇ ਜਨਮ ਸਰਟੀਫਿਕੇਟ ਨਾ ਹੋਣ ਕਰਕੇ ਲੱਖਾਂ ਬਾਲਗਾਂ ਦੇ ਨਾਮ ਵੋਟਰ ਸੂਚੀਆਂ ਵਿਚੋਂ ਖਾਰਜ ਕਰਨ ਬਾਰੇ ਰਿਪੋਰਟਾਂ ਮੀਡੀਆ ਵਿਚ ਛਪ ਚੁੱਕੀਆਂ ਹਨ। ਇਸ ਕਾਰਨ ਸੰਸਦ ਵਿਚ ਸ਼ੋਰ-ਸ਼ਰਾਬਾ ਚੱਲ ਰਿਹਾ ਹੈ ਅਤੇ ਚੋਣ ਕਮਿਸ਼ਨ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲੱਗ ਰਹੇ ਹਨ। ਕੁਝ ਮਾਹਿਰਾਂ ਵਲੋਂ ਇਹ ਵਿਚਾਰ ਪ੍ਰਗਟਾਏ ਜਾ ਰਹੇ ਹਨ ਕਿ ਚੋਣ ਕਮਿਸ਼ਨ ਦੀ ਇਸ ਕਾਰਵਾਈ ਨਾਲ ਗਰੀਬ ਕਿਸਾਨਾਂ, ਮਜ਼ਦੂਰਾਂ ਅਤੇ ਘੱਟ ਗਿਣਤੀਆਂ ਦੇ ਵੋਟ ਦੇ ਅਧਿਕਾਰ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇ ਇਹ ਕਾਰਵਾਈ ਦੂਜੇ ਸੂਬਿਆਂ ਵਿਚ ਵੀ ਲਾਗੂ ਕੀਤੀ ਜਾਂਦੀ ਹੈ ਤਾਂ ਕਰੋੜਾਂ ਦੀ ਗਿਣਤੀ ਵਿਚ ਬਾਲਗ ਵੋਟਰ ਆਪਣੇ ਵੋਟ ਦੇ ਅਧਿਕਾਰ ਤੋਂ ਵੰਚਿਤ ਹੋ ਜਾਣਗੇ। ਸੰਵਿਧਾਨ ਵਿਚ ਸੋਧਾਂ ਕਰਕੇ ਸੂਬਿਆਂ ਦੀ ਖ਼ੁਦਮੁਖ਼ਤਿਆਰੀ 'ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਜੀ.ਐਸ.ਟੀ. ਸਿਸਟਮ ਦੇ ਲਾਗੂ ਹੋਣ ਨਾਲ ਸੂਬਿਆਂ ਕੋਲੋਂ ਆਪਣੀ ਲੋੜ ਅਨੁਸਾਰ ਟੈਕਸ ਲਾਉਣ ਦੀ ਸ਼ਕਤੀ ਵੀ ਖ਼ਤਮ ਕਰ ਦਿੱਤੀ ਗਈ ਹੈ।

ਦੇਸ਼ ਦੀ ਆਰਥਿਕਤਾ ਅਤੇ ਸਿਆਸਤ ਵਿਚ ਲੋਕਾਂ ਦੀ ਹਿੱਸੇਦਾਰੀ ਨੂੰ ਗਾਇਬ ਕਰਨ ਬਾਰੇ ਆਜ਼ਾਦੀ ਦਿਵਸ ਮੌਕੇ ਵਿਚਾਰ ਕਰਨਾ ਮਹੱਤਵਪੂਰਣ ਵਿਸ਼ਾ ਹੈ। ਲੋਕਾਂ ਦੀ ਹਿੱਸੇਦਾਰੀ ਇਸ ਕਰਕੇ ਖਤਮ ਹੋ ਰਹੀ ਹੈ ਕਿਉਂਕਿ ਦੇਸ਼ ਦੀ ਆਰਥਿਕਤਾ 'ਤੇ ਮੁੱਠੀਭਰ ਕਾਰਪੋਰੇਟ ਘਰਾਣਿਆਂ ਨੇ ਕਬਜ਼ਾ ਕਰ ਲਿਆ ਹੈ। ਇਨ੍ਹਾਂ ਘਰਾਣਿਆਂ ਦਾ ਦੇਸ਼ ਦੀ ਵਸੋਂ ਵਿਚ ਹਿੱਸਾ ਇੱਕ ਪ੍ਰਤੀਸ਼ਤ ਤੋਂ ਵੀ ਘੱਟ ਹੈ ਪਰ ਦੇਸ਼ ਦੀ 40% ਤੋਂ ਵੱਧ ਆਮਦਨ ਅਤੇ ਧਨ-ਦੌਲਤ 'ਤੇ ਇਨ੍ਹਾਂ ਦਾ ਕਬਜ਼ਾ ਹੋ ਗਿਆ ਹੈ। ਇਹ ਦੇਸ਼ ਵਿਚ ਸਿਆਸੀ ਪਾਰਟੀਆਂ ਨੂੰ ਚੋਣਾਂ ਵਾਸਤੇ ਮੋਟਾ ਚੰਦਾ ਦਿੰਦੇ ਹਨ ਅਤੇ ਆਰਥਿਕ ਸਿਸਟਮ ਨੂੰ ਆਪਣੇ ਮੁਫਾਦਾਂ ਲਈ ਵਰਤਦੇ ਹਨ। ਉਹ ਦੇਸ਼ ਦੇ ਜਲ, ਜੰਗਲ ਅਤੇ ਜ਼ਮੀਨ 'ਤੇ ਵੀ ਕਾਬਜ਼ ਹੋਣ ਲਈ ਤਤਪਰ ਹਨ। ਪੰਜਾਬ ਵਿਚ ਲੈਂਡ ਪੂਲਿੰਗ ਸਕੀਮ ਤਹਿਤ ਇਹ ਹੋਰ ਵੀ ਜੱਗ ਜ਼ਾਹਰ ਹੋ ਗਿਆ ਹੈ।

ਦੇਸ਼ ਦੀ ਆਰਥਿਕਤਾ ਅਤੇ ਸਿਆਸਤ ਨੂੰ ਲੋਕਾਂ ਦੇ ਹਿਤ ਵਾਸਤੇ ਬਦਲਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਆਜ਼ਾਦੀ ਲਹਿਰ ਦੇ ਸੰਗਰਾਮੀਆਂ ਦੇ ਨੁਕਤਾਨਿਗਾਹ ਤੋਂ ਵਿਚਾਰਿਆ ਜਾਵੇ। ਇਹ ਤਾਂ ਹੀ ਸੰਭਵ ਹੈ ਜੇਕਰ ਦੇਸ਼ ਦੇ ਮਜ਼ਦੂਰ, ਕਿਸਾਨ ਅਤੇ ਮੱਧਵਰਗ ਦੇ ਲੋਕ ਕਾਰਪੋਰੇਟ ਘਰਾਣਿਆਂ ਅਤੇ ਉਨ੍ਹਾਂ ਦੇ ਸਮਰਥਨ ਵਾਲੀਆਂ ਸਿਆਸੀ ਪਾਰਟੀਆਂ ਬਾਰੇ ਜਾਗਰੂਕ ਹੋਣ। ਵਿਆਪਕ ਗੱਠਜੋੜ ਅਤੇ ਸਮਝ ਨਾਲ ਸੱਤਾ ਪ੍ਰਾਪਤ ਕਰਕੇ ਆਰਥਿਕਤਾ ਅਤੇ ਸਿਆਸਤ ਨੂੰ ਲੋਕਾਂ ਦੇ ਹਿੱਤ ਵਿਚ ਬਦਲਿਆ ਜਾ ਸਕਦਾ ਹੈ। ਇਸ ਵਾਸਤੇ ਦੇਸ਼ ਦੇ ਲੋਕਾਂ ਨੂੰ ਫਿਰ ਆਜ਼ਾਦੀ ਸੰਗਰਾਮ ਕਰਨਾ ਪਵੇਗਾ। ਇਹੋ ਇਕ ਤਰੀਕਾ ਹੈ ਜਿਸ ਨਾਲ ਆਮ ਲੋਕਾਂ ਦੇ ਮੁਦਿਆਂ ਨੂੰ ਦੇਸ਼ ਦੀ ਆਰਥਿਕਤਾ ਅਤੇ ਸਿਆਸਤ ਦੇ ਕੇਂਦਰੀ ਬਿੰਦੂ ਵਜੋਂ ਸਥਾਪਿਤ ਕੀਤਾ ਜਾ ਸਕਦਾ ਹੈ।

### ਫੜਨਵੀਸ ਦਾ 'ਪਿਆਰਾ ਜ਼ਿਲ੍ਹਾ' ਗੜਚਿਰੋਲੀ:

# ਸੁੰਗੜਦਾ ਮਾਓਵਾਦ, ਵਧਦੀ ਮਾਈਨਿੰਗ

*ਪਿਛਲੇ ਕੁਝ ਸਮੇਂ ਤੋਂ ਭਾਰਤੀ ਰਾਜ ਵੱਲੋਂ ਚਲਾਏ ਨੀਮ-ਫ਼ੌਜੀ ਓਪਰੇਸ਼ਨਾਂ ਦੇ ਦਬਾਅ ਹੇਠ ਮਹਾਰਾਸ਼ਟਰ ਦੇ ਗੜਚਿਰੋਲੀ ਜ਼ਿਲ੍ਹੇ ਵਿਚ ਮਾਓਵਾਦੀ ਪਿੱਛੇ ਹਟਦੇ ਗਏ, ਉਨ੍ਹਾਂ ਦੀ ਥਾਂ ਮਾਈਨਿੰਗ ਕੰਪਨੀਆਂ ਆਉਂਦੀਆਂ ਗਈਆਂ। ਇਹ ਸਾਰਾ ਕਾਰੋਬਾਰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਦੇਖ-ਰੇਖ ਹੇਠ ਹੋ ਰਿਹਾ ਹੈ, ਜਿਸ ਨੇ ਆਪਣੇ ਆਪ ਨੂੰ ਇਸ ਜ਼ਿਲ੍ਹੇ ਦਾ ਸਰਪ੍ਰਸਤ ਮੰਤਰੀ ਥਾਪ ਲਿਆ ਹੈ। ਸਵਾਲ ਇਹ ਹੈ ਕਿ ਆਦਿਵਾਸੀਆਂ ਦੇ ਇਸ ਜੰਗਲ ਉੱਪਰ ਮਾਈਨਿੰਗ ਦਾ ਕੀ ਅਸਰ ਪਵੇਗਾ? ਇਨ੍ਹਾਂ ਪੱਖਾਂ ਦੀ ਪੜਤਾਲ 'ਦੀ ਵਾਇਰ' ਦੀ ਰਿਪੋਰਟਰ ਸੰਤੋਸ਼ੀ ਮਰਕਾਮ ਨੇ ਇਸ ਲੰਮੀ ਰਿਪੋਰਟ ਵਿਚ ਕੀਤੀ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਹ ਰਿਪੋਰਟ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ ਜਿਸਦਾ ਉਚੇਚੇ ਤੌਰ 'ਤੇ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।-ਸੰਪਾਦਕ॥*

7 ਜੂਨ ਨੂੰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਲੇਖ ਲਿਖ ਕੇ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਦੇ ਇਸ ਦਾਅਵੇ ਨੂੰ ਚੁਣੌਤੀ ਦਿੱਤੀ ਕਿ ਰਾਜ ਵਿਧਾਨ ਸਭਾ ਚੋਣਾਂ ਵਿਚ ਧਾਂਦਲੀ ਹੋਈ ਹੈ।

ਦਿਲਚਸਪ ਗੱਲ ਇਹ ਹੈ ਕਿ ਇਸ ਲੇਖ ਦੇ ਮੁੱਢਲੇ ਵਾਕ ਬਿਲਕੁਲ ਵੱਖਰੇ ਵਿਸ਼ੇ 'ਤੇ ਕੇਂਦ੍ਰਿਤ ਸਨ। ਫੜਨਵੀਸ ਨੇ ਲਿਖਿਆ ਕਿ 6 ਜੂਨ ਨੂੰ ਉਹ ਗੜਚਿਰੋਲੀ ਜ਼ਿਲ੍ਹੇ ਦੇ ਦੌਰੇ 'ਤੇ ਸੀ ਅਤੇ ਉਹ ਅਬੂਝਮਾੜ ਦੇ ਸੰਘਣੇ ਜੰਗਲਾਂ ਵਿਚ ਜਾਣ ਵਾਲਾ ਪਹਿਲਾ ਮੁੱਖ ਮੰਤਰੀ ਸੀ। 'ਮੈਂ ਰਾਤ ਗੜਚਿਰੋਲੀ ਵਿਚ ਗੁਜ਼ਾਰੀ ਸੀ। ਮੈਂ ਅੱਜ ਤੱਕ ਉਥੇ ਘੱਟੋ-ਘੱਟ ਚਾਰ ਰਾਤਾਂ ਰਹਿ ਚੁੱਕਾ ਹਾਂ।'

ਇਹ ਹੈਰਾਨੀ ਦੀ ਗੱਲ ਲੱਗ ਸਕਦੀ ਹੈ ਕਿ ਰਾਹੁਲ ਗਾਂਧੀ ਨੂੰ ਜਵਾਬ ਦਿੰਦਾ, ਚੋਣ ਪ੍ਰਕਿਰਿਆ 'ਤੇ ਕੇਂਦ੍ਰਿਤ ਇਹ ਲੇਖ ਗੜਚਿਰੋਲੀ ਤੋਂ ਕਿਉਂ ਸ਼ੁਰੂ ਕੀਤਾ ਗਿਆ ਸੀ।

**ਸੰਤੋਸ਼ੀ ਮਰਕਾਮ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਇਹ ਕੋਈ ਸੰਯੋਗ ਨਹੀਂ ਸੀ। ਮੁੱਖ ਮੰਤਰੀ ਫੜਨਵੀਸ ਦਾ ਇਸ ਜ਼ਿਲ੍ਹੇ ਨਾਲ ਖ਼ਾਸ ਲਗਾਓ ਰਿਹਾ ਹੈ।

ਅਕਸਰ ਪੁੱਛਿਆ ਜਾਂਦਾ ਹੈ ਕਿ ਜਦੋਂ ਦੰਡਕਾਰਣੀਆ (ਛੱਤੀਸਗੜ੍ਹ ਦੇ ਦੰਡਕ ਜੰਗਲਾਂ) ਤੋਂ ਨਕਸਲੀਆਂ ਨੂੰ ਮਿਟਾ ਦਿੱਤਾ ਜਾਵੇਗਾ, ਤਾਂ ਇਸ ਬੀਹੜ ਜੰਗਲ ਦੀ ਕੀ ਤਸਵੀਰ ਬਣੇਗੀ? ਇਸ ਦਾ ਜਵਾਬ ਮਾਓਵਾਦ ਪ੍ਰਭਾਵਿਤ ਗੜਚਿਰੋਲੀ ਜ਼ਿਲ੍ਹੇ ਵਿਚ ਦੇਖਿਆ ਜਾ ਸਕਦਾ ਹੈ।

ਪਿਛਲੇ ਕੁਝ ਸਾਲਾਂ ਤੋਂ ਜਿਓਂ-ਜਿਓਂ ਇਸ ਜ਼ਿਲ੍ਹੇ ਵਿਚ ਮਾਓਵਾਦੀ ਲਹਿਰ ਕਮਜ਼ੋਰ ਹੋ ਕੇ ਸੁੰਗੜਦੀ ਗਈ ਹੈ, ਮਹਾਰਾਸ਼ਟਰ ਸਰਕਾਰ ਨੇ ਖਾਣਾਂ ਅਤੇ ਉਦਯੋਗਾਂ ਨੂੰ ਵਧਾਉਣ-ਫੈਲਾਉਣ ਦੇ ਅਮਲ ਤੇਜ਼ ਕਰ ਦਿੱਤੇ ਹਨ।

ਪਿਛਲੇ ਦਿਨੀਂ ਇਕ ਅਖ਼ਬਾਰ ਵਿਚ ਦੋ ਖ਼ਬਰਾਂ ਇਕੱਠੀਆਂ ਛਪੀਆਂ ਸਨ। ਇਕ ਖ਼ਬਰ ਮਾਓਵਾਦੀਆਂ ਦੇ ਵੱਡੇ ਆਗੂ (ਜਨਰਲ ਸਕੱਤਰ ਨੰਬਾਲਾ ਕੇਸ਼ਵ ਰਾਓ) ਦੇ ਮੁਕਾਬਲੇ 'ਚ ਮਾਰੇ ਜਾਣ ਦੀ ਸੀ। ਦੂਜੀ, ਮਹਾਰਾਸ਼ਟਰ ਦੇ ਮਾਓਵਾਦ ਪ੍ਰਭਾਵਿਤ ਗੜਚਿਰੋਲੀ ਜ਼ਿਲ੍ਹੇ ਵਿਚ ਕੱਚੇ ਲੋਹੇ ਤੋਂ ਉਦਯੋਗੀ ਲੋਹਾ ਬਣਾਉਣ ਲਈ ਜੰਗਲਾਤ ਵੱਲੋਂ ਮਨਜ਼ੂਰੀ ਦਿੱਤੇ ਜਾਣ ਦੀ ਸੀ, ਜਿਸ ਵਿਚ ਇਕ ਲੱਖ 23 ਹਜ਼ਾਰ ਦਰੱਖ਼ਤ ਕੱਟਣ ਦੀ ਯੋਜਨਾ ਸੀ।

ਇਹ ਮਨਜ਼ੂਰੀ ਲੌਇਡਜ਼ ਸਟੀਲ ਨੂੰ ਮਿਲੀ ਸੀ, ਜਿਸ ਨੂੰ ਪਿਛਲੇ ਸਾਲਾਂ ਵਿਚ ਇਸ ਜੰਗਲ ਉੱਪਰ ਮਾਈਨਿੰਗ ਸ਼ੁਰੂ ਕਰਨ ਦੇ ਬੇਹਿਸਾਬ ਅਧਿਕਾਰ ਮਿਲਦੇ ਗਏ ਹਨ।

22 ਮਈ ਨੂੰ ਵਾਤਾਵਰਣ ਮੰਤਰਾਲੇ ਨੇ ਲੌਇਡਜ਼ ਮੈਟਲਜ਼ ਐਂਡ ਐਨਰਜੀ ਵੱਲੋਂ ਕੱਚੀਆਂ ਧਾਤਾਂ ਨੂੰ ਧੋ ਕੇ ਸ਼ੁੱਧ ਕਰਨ ਲਈ ਲਗਾਏ ਜਾਣ ਵਾਲੇ ਪਲਾਂਟ ਲਈ 900 ਹੈਕਟੇਅਰ ਤੋਂ ਵੱਧ ਜੰਗਲ ਸਾਫ਼ ਕਰਨ ਅਤੇ 1,23,000 ਤੋਂ ਵੱਧ ਦਰੱਖ਼ਤਾਂ ਨੂੰ ਕੱਟਣ ਲਈ ਹਰੀ ਝੰਡੀ ਦੇ ਦਿੱਤੀ ਸੀ।

ਜਿਸ ਦਿਨ 7 ਜੂਨ ਨੂੰ ਫੜਨਵੀਸ ਦਾ ਉਹ ਲੇਖ ਛਪਿਆ, ਕੇਂਦਰੀ ਵਾਤਾਵਰਣ ਮੰਤਰਾਲੇ ਦੀ ਵਾਤਾਵਰਣ ਮੁਲਾਂਕਣ ਕਮੇਟੀ (EAC) ਨੇ ਗੜਚਿਰੋਲੀ ਦੀ ਸੂਰਜਾਗੜ੍ਹ ਖਾਣ ਵਿਚ ਕੱਚੇ ਲੋਹੇ ਦੀ ਪੈਦਾਵਾਰ ਦੁੱਗਣੀ ਤੋਂ ਵੱਧ ਕਰਨ ਲਈ ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਿਟਿਡ ਨੂੰ ਵਾਤਾਵਰਣ ਮਨਜ਼ੂਰੀ ਦੇਣ ਦੀ ਸਿਫ਼ਾਰਸ਼ ਕਰ ਦਿੱਤੀ। ਇਹ ਮਨਜ਼ੂਰੀ ਕੰਪਨੀ ਨੂੰ ਆਪਣੀ ਸਾਲਾਨਾ ਪੈਦਾਵਾਰ ਸਮਰੱਥਾ ਨੂੰ 1 ਕਰੋੜ ਟਨ ਤੋਂ ਵਧਾ ਕੇ 2 ਕਰੋੜ 26 ਲੱਖ ਟਨ ਕਰਨ ਦੇ ਸਮਰੱਥ ਬਣਾਏਗੀ। ਇਸ ਤੋਂ ਪਹਿਲਾਂ 2023 'ਚ ਇਸ ਕੰਪਨੀ ਨੂੰ ਆਪਣੀ ਪੈਦਾਵਾਰ 30 ਲੱਖ ਤੋਂ ਵਧਾ ਕੇ 1 ਕਰੋੜ ਟਨ ਪ੍ਰਤੀ ਸਾਲ ਕਰਨ ਦੀ ਮਨਜ਼ੂਰੀ ਦਿੱਤੀ ਗਈ ਸੀ।

ਗੌਰਤਲਬ ਹੈ ਕਿ ਇਸ ਪ੍ਰੋਜੈਕਟ ਨੂੰ ਪਹਿਲਾਂ ਹੀ 'ਉਲੰਘਣਾਵਾਂ ਵਾਲੇ ਮਾਮਲੇ' ਦੇ ਤੌਰ 'ਤੇ ਵਰਗੀਕ੍ਰਿਤ ਕੀਤਾ ਗਿਆ ਸੀ। ਪਰ ਕੰਪਨੀ ਨੂੰ ਵਾਤਾਵਰਣ ਉਲੰਘਣਾ ਲਈ ਦੋਸ਼ੀ ਠਹਿਰਾਏ ਜਾਣ ਦੇ ਬਾਵਜੂਦ ਖਣਨ ਦੇ ਵਿਸਥਾਰ ਦੀ ਮਨਜ਼ੂਰੀ ਦਿੱਤੀ ਗਈ।

ਦਸੰਬਰ 2022 'ਚ ਮਹਾਰਾਸ਼ਟਰ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵਾਤਾਵਰਣ ਸੁਰੱਖਿਆ ਐਕਟ, 1986 ਦੀਆਂ ਧਾਰਾਵਾਂ 15, 16 ਅਤੇ 19 ਦੇ ਤਹਿਤ ਗੜਚਿਰੋਲੀ ਦੀ ਇਕ ਅਦਾਲਤ ਵਿਚ ਸ਼ਿਕਾਇਤ ਦਰਜ ਕਰਾਈ ਸੀ ਕਿ 2007 ਦੀ ਵਾਤਾਵਰਣ ਮਨਜ਼ੂਰੀ ਦੀ ਪੰਜ ਸਾਲ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਕੰਪਨੀ ਵੱਲੋਂ ਖਣਨ ਜਾਰੀ ਸੀ। ਮੰਤਰਾਲੇ ਅਤੇ ਅਦਾਲਤ ਦੇ ਰਿਕਾਰਡ ਅਨੁਸਾਰ, ਕੰਪਨੀ ਦੇ ਅਧਿਕਾਰੀਆਂ ਨੇ ਆਪਣਾ ਜੁਰਮ ਕਬੂਲਿਆ ਅਤੇ ਉਹ ਦੋਸ਼ੀ ਠਹਿਰਾਏ ਗਏ। ਇਸ ਦੇ ਲਈ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਕੰਪਨੀ 'ਤੇ 5.48 ਕਰੋੜ ਰੁਪਏ ਜੁਰਮਾਨਾ ਲਾਇਆ ਸੀ।

**ਵਿਵਾਦਾਂ ਨਾਲ ਲੰਮਾ ਸੰਬੰਧ**

ਇਹ ਪ੍ਰੋਜੈਕਟ ਸ਼ੁਰੂ ਤੋਂ ਹੀ ਵਿਵਾਦਾਂ ਦੇ ਘੇਰੇ ਵਿਚ ਰਿਹਾ ਹੈ ਕਿਉਂਕਿ ਇਹ ਖਣਨ ਸਥਾਨ ਸੰਵੇਦਨਸ਼ੀਲ ਭਾਮਰਾਗੜ੍ਹ ਰਿਜ਼ਰਵ ਜੰਗਲ ਦੇ ਅਧੀਨ ਆਉਂਦਾ ਹੈ। ਗੜਚਿਰੋਲੀ ਜ਼ਿਲ੍ਹੇ ਵਿਚ ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਿਟਿਡ ਇਕੱਲੀ ਖਣਨ ਕੰਪਨੀ ਹੈ ਜੋ ਲੋਹੇ ਦੀ ਖਾਣ ਚਲਾ ਰਹੀ ਹੈ। ਇਸ ਕੰਪਨੀ ਨੂੰ 2007 ਵਿਚ ਸੂਰਜਾਗੜ੍ਹ ਖਾਣ ਦਾ ਪਟਾ 20 ਸਾਲ ਲਈ ਮਿਲਿਆ ਸੀ, ਜਿਸ ਨੂੰ ਬਾਅਦ ਵਿਚ 2057 ਤੱਕ ਲਈ ਵਧਾ ਦਿੱਤਾ ਗਿਆ।







**ਦੇਵੇਂਦਰ ਫੜਨਵੀਸ ਦੀ ਗੜਚਿਰੋਲੀ ਵਿਚ ਖ਼ਾਸ ਦਿਲਚਸਪੀ**

ਆਦਿਵਾਸੀ ਬਹੁਤਾਤ ਵਾਲਾ ਗੜਚਿਰੋਲੀ ਜ਼ਿਲ੍ਹਾ 'ਵਿਕਾਸ' ਦੇ ਪੈਮਾਨੇ 'ਤੇ ਕਾਫ਼ੀ ਪਿਛੜਿਆ ਹੋਇਆ ਮੰਨਿਆ ਜਾਂਦਾ ਹੈ, ਹਾਲਾਂਕਿ ਇਹ ਖਣਿਜ ਅਤੇ ਵਣ ਵਸੀਲਿਆਂ ਨਾਲ ਭਰਪੂਰ ਹੈ, ਜਿਸਦੀ ਹੱਦ ਛੱਤੀਸਗੜ੍ਹ ਦੇ ਅਬੂਝਮਾੜ ਪਹਾੜ ਨਾਲ ਲੱਗਦੀ ਹੈ।

ਸੂਰਜਾਗੜ੍ਹ ਪਹਾੜ 'ਤੇ ਉੱਚ ਗੁਣਵੱਤਾ ਵਾਲੇ ਕੁਲ 857 ਮੀਟ੍ਰਿਕ ਟਨ ਕੱਚੇ ਲੋਹੇ ਦੇ ਭੰਡਾਰ ਹੋਣ ਦਾ ਅੰਦਾਜ਼ਾ ਹੈ, ਜਿਸ ਵਿਚ 156 ਮੀਟ੍ਰਿਕ ਟਨ ਹੇਮਟਾਈਟ ਅਤੇ 701 ਮੈਟ੍ਰਿਕ ਟਨ ਬੈਂਡਡ ਹੇਮਟਾਈਟ ਕੁਆਰਟਜ਼ (ਬੀਐੱਚਕਿਊ) ਸ਼ਾਮਲ ਹਨ।

ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਆਪਣੇ ਆਪ ਨੂੰ ਗੜਚਿਰੋਲੀ ਦਾ ਸਰਪ੍ਰਸਤ ਮੰਤਰੀ ਅਤੇ ਆਪਣੇ ਕੈਬਨਿਟ ਸਾਥੀ ਆਸ਼ੀਸ਼ ਜੈਸਵਾਲ ਨੂੰ ਸਹਿ-ਸਰਪ੍ਰਸਤ ਮੰਤਰੀ ਨਿਯੁਕਤ ਕੀਤਾ ਹੈ। ਇਸ ਤਰ੍ਹਾਂ ਜ਼ਿਲ੍ਹੇ ਦੀ ਪੂਰੀ ਕਮਾਨ ਆਪਣੇ ਹੱਥ ਵਿਚ ਲੈ ਲਈ ਹੈ।

ਸਾਲ 2025 ਦਾ ਪਹਿਲਾ ਦਿਨ ਫੜਨਵੀਸ ਨੇ ਗੜਚਿਰੋਲੀ ਵਿਚ ਗੁਜ਼ਾਰਿਆ ਸੀ। ਉਹ ਗੜਚਿਰੋਲੀ ਜ਼ਿਲ੍ਹੇ ਵਿਚ ਰਾਤ ਗੁਜ਼ਾਰਨ ਵਾਲਾ ਮਹਾਰਾਸ਼ਟਰ ਦਾ ਪਹਿਲਾ ਮੁੱਖ ਮੰਤਰੀ ਵੀ ਬਣਿਆ ਸੀ। ਇਸ ਦੌਰਾਨ ਉਸ ਨੇ ਜ਼ਿਲ੍ਹੇ ਵਿਚ ਲੌਇਡਜ਼ ਮੈਟਲ ਕੰਪਨੀ ਦੀਆਂ ਕੁਝ ਇਕਾਈਆਂ ਦਾ ਉਦਘਾਟਨ ਵੀ ਕੀਤਾ ਸੀ।

ਅੱਜ ਦੀ ਤਾਰੀਕ 'ਚ ਗੜਚਿਰੋਲੀ ਲਈ 60,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਪਾਈਪਲਾਈਨ ਵਿਚ ਹੈ। ਇਸ ਤੋਂ ਇਲਾਵਾ, ਸਰਕਾਰ ਦੀ ਯੋਜਨਾ ਇਕ ਹਵਾਈ ਅੱਡਾ ਬਣਾਉਣ ਅਤੇ ਨਾਗਪੁਰ-ਮੁੰਬਈ ਐਕਸਪ੍ਰੈਸ ਵੇਅ ਦਾ ਵਿਸਥਾਰ ਗੜਚਿਰੋਲੀ ਤੱਕ ਕਰਨ ਦੀ ਵੀ ਹੈ, ਜਿਸ ਨੂੰ 'ਸਮ੍ਰਿੱਧੀ ਮਹਾਮਾਰਗ' ਦੇ ਨਾਂ ਨਾਲ ਜਾਣਿਆ ਜਾਵੇਗਾ।

19 ਜੂਨ ਨੂੰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਤਜਵੀਜ਼ਤ ਗੜਚਿਰੋਲੀ ਹਵਾਈ ਅੱਡੇ ਲਈ ਇਕ ਖ਼ਾਸ ਸਰਵੇ (ਇਮੀਜੀਏਟ ਆਬਸਟੈਕਲ ਲਿਮੀਟੇਸ਼ਨ ਸਰਫੇਸ ਸਰਵੇ) ਦਾ ਆਦੇਸ਼ ਦਿੱਤਾ। ਨਾਲ ਹੀ ਇਲਾਕੇ ਵਿਚ ਹੋਰ ਪ੍ਰੋਜੈਕਟਾਂ ਲਈ ਵੱਡੇ ਪੱਧਰ 'ਤੇ ਜ਼ਮੀਨ ਐਕੁਆਇਰ ਕਰਨ ਦਾ ਵੀ ਹੁਕਮ ਦਿੱਤਾ।

ਇਸ ਸਾਲ ਫਰਵਰੀ ਵਿਚ ਸਵਿਟਜ਼ਰਲੈਂਡ ਦੇ ਡਾਵੋਸ ਵਿਚ ਆਯੋਜਿਤ ਸਾਲਾਨਾ ਵਿਸ਼ਵ ਆਰਥਕ ਮੰਚ (ਡਬਲਯੂਈਐੱਫ) ਵਿਚ ਫੜਨਵੀਸ ਨੇ ਜਿਸ ਪਹਿਲੇ ਮੈਮੋਰੰਡਮ ਆਫ ਐਸੋਸੀਏਸ਼ਨ ਉੱਪਰ ਦਸਤਖ਼ਤ ਕੀਤੇ, ਉਹ ਗੜਚਿਰੋਲੀ ਵਿਚ ਪੂੰਜੀ-ਨਿਵੇਸ਼ ਲਈ ਸੀ।

ਮੁੱਖ ਮੰਤਰੀ ਦੇਵੇਂਦਰ ਫੜਨਵੀਸ 22 ਜੁਲਾਈ 2025 ਨੂੰ ਨਕਸਲ ਪ੍ਰਭਾਵਿਤ ਗੜਚਿਰੋਲੀ ਜ਼ਿਲ੍ਹੇ ਵਿਚ ਕਈ ਮਹੱਤਵਪੂਰਣ ਬੁਨਿਆਦੀ ਢਾਂਚਾ ਅਤੇ ਉਦਯੋਗਿਕ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਹੇਡਰੀ ਵਿਚ 50 ਲੱਖ ਟਨ ਪ੍ਰਤੀ ਸਾਲ (ਐੱਮਟੀਪੀਏ) ਸਮਰੱਥਾ ਵਾਲੇ ਕੱਚਾ ਲੋਹਾ ਗ੍ਰਾਈਂਡਿੰਗ ਪਲਾਂਟ ਦੇ ਪਹਿਲੇ ਪੜਾਅ ਅਤੇ 10 ਐੱਮਟੀਪੀਏ ਸਮਰੱਥਾ ਵਾਲੀ ਸਲਰੀ ਪਾਈਪਲਾਈਨ ਪ੍ਰੋਜੈਕਟ ਸ਼ਾਮਲ ਹਨ। ਇਸ ਤੋਂ ਇਲਾਵਾ, ਕੋਂਸਾਰੀ ਵਿਚ 4.5 ਐੱਮਟੀਪੀਏ ਸਮਰੱਥਾ ਵਾਲਾ ਏਕੀਕ੍ਰਿਤ ਸਟੀਲ ਪਲਾਂਟ, 100 ਬਿਸਤਰੇ ਵਾਲਾ ਮਲਟੀਸਪੈਸ਼ਲਟੀ ਹਸਪਤਾਲ, ਇਕ ਸਕੂਲ ਅਤੇ ਨਕਸਲ ਪ੍ਰਭਾਵਿਤ ਖੇਤਰ ਵਿਚ 116 ਏਕੜ 'ਚ ਫੈਲੀ ਲੌਇਡਜ਼ ਟਾਊਨਸ਼ਿਪ ਸ਼ਾਮਲ ਹੈ।

**ਜਿੰਦਲ ਸਮੂਹ ਦਾ ਵੀ ਹੈ ਪੂੰਜੀ-ਨਿਵੇਸ਼**

ਜਿੰਦਲ ਦੇ ਜੇਐੱਸਡਬਲਯੂ ਸਮੂਹ ਨੇ ਵੀ ਗੜਚਿਰੋਲੀ ਜ਼ਿਲ੍ਹੇ ਸਮੇਤ ਰਾਜ ਦੇ ਵੱਖ-ਵੱਖ ਖੇਤਰਾਂ ਵਿਚ ਕਈ ਪ੍ਰੋਜੈਕਟਾਂ ਵਿਚ ਲਗਭਗ 3 ਲੱਖ ਕਰੋੜ ਰੁਪਏ ਦਾ ਪੂੰਜੀ-ਨਿਵੇਸ਼ ਕੀਤਾ ਹੈ। ਇਸ ਜ਼ਿਲ੍ਹੇ ਵਿਚ ਜਮਸ਼ੇਦਪੁਰ ਤੋਂ ਬਾਅਦ ਭਾਰਤ ਦਾ ਦੂਜਾ ਸਟੀਲ ਸਿਟੀ ਬਣਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਨਿਵੇਸ਼ ਦਾ ਐਲਾਨ ਕਰਦੇ ਹੋਏ ਫੜਨਵੀਸ ਨੇ ਕਿਹਾ ਸੀ, 'ਮਹਾਰਾਸ਼ਟਰ ਵਿਚ ਸਟੀਲ, ਸੂਰਜੀ ਊਰਜਾ, ਆਟੋ ਅਤੇ ਸੀਮਿੰਟ ਵਰਗੇ ਮੁੱਖ ਖੇਤਰਾਂ ਵਿਚ ਵੱਖ-ਵੱਖ ਪੂੰਜੀ-ਨਿਵੇਸ਼ ਵਾਲੀ ਕੰਪਨੀ ਜੇਐੱਸਡਬਲਯੂ ਸਟੀਲ ਨਾਲ ਇਕਰਾਰਨਾਮੇ 'ਤੇ ਦਸਤਖ਼ਤ ਕਰਨਾ, ਗੜਚਿਰੋਲੀ ਨੂੰ ਭਾਰਤ ਦੇ 'ਸਟੀਲ ਸਿਟੀ' ਵਜੋਂ ਵਿਕਸਤ ਕਰਨ ਦੀ ਸਾਡੀ ਵਿਜ਼ਨ ਨੂੰ ਪੂਰਾ ਕਰਨ ਵਿਚ ਇਕ ਮਹੱਤਵਪੂਰਨ ਕਦਮ ਹੈ।'

11 ਅਪ੍ਰੈਲ 2025 ਨੂੰ ਆਯੋਜਤ ਕੀਤੇ ਗਏ ਗੜਚਿਰੋਲੀ ਜ਼ਿਲ੍ਹਾ ਪੂੰਜੀ-ਨਿਵੇਸ਼ ਸਿਖ਼ਰ ਸੰਮੇਲਨ ਵਿਚ 66 ਮਾਈਕ੍ਰੋ, ਛੋਟੇ ਅਤੇ ਦਰਮਿਆਨੇ ਉੱਦਮਾਂ ਨੇ 493.4 ਕਰੋੜ ਰੁਪਏ ਦੇ ਇਕਰਾਰਨਾਮਿਆਂ 'ਤੇ ਦਸਤਖ਼ਤ ਕੀਤੇ ਸਨ।

ਇਸ ਦੌਰਾਨ, ਮਹਾਰਾਸ਼ਟਰ ਉਦਯੋਗਿਕ ਵਿਕਾਸ ਨਿਗਮ (ਐੱਮਆਈਡੀਸੀ) ਨੇ ਗੜਚਿਰੋਲੀ ਵਿਚ ਜੇਐੱਸਡਬਲਯੂ ਸਮੂਹ ਦੇ ਸਟੀਲ ਪ੍ਰੋਜੈਕਟ ਲਈ ਲਗਭਗ 3,500 ਏਕੜ ਜ਼ਮੀਨ ਐਕੁਆਇਰ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਮਾਓਵਾਦ ਪ੍ਰਭਾਵਿਤ ਜ਼ਿਲ੍ਹੇ ਦੀ ਵਡਸਾ ਤਹਿਸੀਲ ਵਿਚ ਜ਼ਮੀਨ ਦੀ ਪਛਾਣ ਕੀਤੀ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਖੇਤਰਫਲ ਦੀ ਦ੍ਰਿਸ਼ਟੀ ਨਾਲ ਇਹ ਜ਼ਿਲ੍ਹੇ ਵਿਚ ਜ਼ਮੀਨ ਐਕੁਆਇਰ ਕਰਨ ਦਾ ਸਭ ਤੋਂ ਵੱਡਾ ਮਾਮਲਾ ਹੋਵੇਗਾ, ਜਿਸ ਨੂੰ ਸਟੇਟ 'ਸਟੀਲ ਹੱਬ' ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾ ਰਿਹਾ ਹੈ।

**ਖਣਨ ਮਨਜ਼ੂਰੀਆਂ ਵਿਚ ਤੇਜ਼ੀ ਲਈ ਬਿੱਲ**

30 ਜੂਨ ਨੂੰ ਮਹਾਰਾਸ਼ਟਰ ਸਰਕਾਰ ਨੇ ਗੜਚਿਰੋਲੀ ਜ਼ਿਲ੍ਹੇ ਵਿਚ ਖਣਨ ਮਨਜ਼ੂਰੀਆਂ ਵਿਚ ਤੇਜ਼ੀ ਲਿਆਉਣ ਅਤੇ ਖਣਿਜ ਆਧਾਰਤ ਉਦਯੋਗਾਂ ਨੂੰ ਵਧਾਉਣ ਲਈ ਇਕ ਏਕੀਕ੍ਰਿਤ ਅਥਾਰਟੀ ਸਥਾਪਤ ਕਰਨ ਲਈ ਵਿਧਾਨ ਸਭਾ ਵਿਚ ਬਿੱਲ ਪੇਸ਼ ਕੀਤਾ। ਗੜਚਿਰੋਲੀ ਜ਼ਿਲ੍ਹਾ ਮਾਈਨਿੰਗ ਅਥਾਰਟੀ (ਜੀਡੀਐੱਮਏ) ਦਾ ਪ੍ਰਧਾਨ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਹੋਵੇਗਾ।

ਇਸ ਬਿੱਲ ਅਨੁਸਾਰ, ਅਥਾਰਟੀ ਕੋਲ ਸਾਰੇ ਮੌਜੂਦਾ ਕਾਨੂੰਨਾਂ ਨੂੰ ਦਰਕਿਨਾਰ ਕਰਨ ਦਾ ਅਧਿਕਾਰ ਹੋਵੇਗਾ ਅਤੇ ਕਿਸੇ ਵੀ ਅਦਾਲਤ ਨੂੰ ਇਸਦੇ ਕਿਸੇ ਵੀ ਕੰਮ ਜਾਂ ਆਦੇਸ਼ ਦੇ ਖ਼ਿਲਾਫ਼ ਕੋਈ ਮਾਮਲਾ/ਕਾਰਵਾਈ ਚਲਾਉਣ ਦਾ ਅਧਿਕਾਰ ਨਹੀਂ ਹੋਵੇਗਾ।



7 ਜੁਲਾਈ ਨੂੰ ਇਹ ਬਿੱਲ ਮਹਾਰਾਸ਼ਟਰ ਵਿਧਾਨ ਪਰਿਸ਼ਦ ਨੇ ਪਾਸ ਕਰ ਦਿੱਤਾ। 7 ਜੁਲਾਈ ਨੂੰ ਹੀ ਮਹਾਰਾਸ਼ਟਰ ਦੇ ਉਦਯੋਗ ਮੰਤਰੀ ਉਦੈ ਸਾਮੰਤ ਨੇ ਗੜਚਿਰੋਲੀ ਨੂੰ ਇਕ ਸਟੀਲ ਉਤਪਾਦਨ ਧੁਰੇ ਵਿਚ ਬਦਲਣ ਲਈ ਇਕ ਲੱਖ ਕਰੋੜ ਰੁਪਏ ਦੇ ਪੂੰਜੀ-ਨਿਵੇਸ਼ ਦਾ ਐਲਾਨ ਕੀਤਾ।

**'ਖਾਣਾਂ ਲਈ ਕੰਪਨੀਆਂ ਦੀ ਲਾਈਨ ਲੱਗੀ ਹੈ...'**

ਕੰਪਨੀਆਂ ਦੀ ਇਸ ਆਮਦ ਨਾਲ ਸਥਾਨਕ ਆਦਿਵਾਸੀ ਰੋਹ 'ਚ ਹਨ। ਆਦਿਵਾਸੀ ਕਾਰਕੁਨ ਲਾਲਸੂ ਨੋਗੋਟੀ ਦੱਸਦੇ ਹਨ ਕਿ ਗੜਚਿਰੋਲੀ ਜ਼ਿਲ੍ਹੇ ਵਿਚ ਖਾਣਾਂ ਪੱਟਣ ਲਈ ਕੰਪਨੀਆਂ ਦੀ ਲਾਈਨ ਲੱਗੀ ਹੋਈ ਹੈ। ਆਉਣ ਵਾਲੇ ਦਿਨਾਂ ਵਿਚ ਪੂਰੇ ਜ਼ਿਲ੍ਹੇ ਵਿਚ ਕੁਲ 25 ਥਾਵਾਂ 'ਤੇ ਖਾਣਾਂ ਸ਼ੁਰੂ ਕਰਨ ਦੀ ਤਜਵੀਜ਼ ਹੈ। ਸੂਰਜਾਗੜ੍ਹ ਪਹਾੜੀ ਮਾਲਾ ਦੇ ਦੂਜੇ ਪਾਸੇ ਵੀ ਖਾਣਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਜਿਸ ਵਿਚ ਛੇ ਬਲਾਕ ਵੱਖ-ਵੱਖ ਕੰਪਨੀਆਂ ਨੂੰ ਦਿੱਤੇ ਗਏ ਹਨ। ਇਨ੍ਹਾਂ ਵਿਚ ਜਿੰਦਲ ਦਾ ਜੇਐੱਸਡਬਲਯੂ ਸਮੂਹ ਅਤੇ ਰਾਇਪੁਰ ਸਥਿਤ 'ਨੈਚੁਰਲ ਰਿਸੋਰਸਿਜ਼ ਐਨਰਜੀ ਕੰਪਨੀ' ਵੀ ਸ਼ਾਮਲ ਹਨ। ਕੋਰਚੀ ਤਹਿਸੀਲ ਦੀ ਜੇਂਡੇਪਾੜ ਪਹਾੜੀ ਅਤੇ ਭਾਮਰਾਗੜ੍ਹ ਤਹਿਸੀਲ ਦੇ ਬਾਬਲਾਈ ਪਹਾੜ ਵਿਚ ਵੀ ਲੋਹੇ ਦੀ ਖਾਣ ਪੱਟਣ ਦੀ ਤਜਵੀਜ਼ ਹੈ। ਕੱਚੇ ਲੋਹੇ ਤੋਂ ਇਲਾਵਾ, ਅਡਾਨੀ ਗਰੁੱਪ ਦੀ ਇਕਾਈ ਅੰਬੂਜਾ ਸੀਮਿੰਟਸ ਨੂੰ ਗੜਚਿਰੋਲੀ ਦੇ ਦੇਵਲਮਾਰੀ-ਕਟੇਪੱਲੀ ਖੇਤਰ ਵਿਚ ਚੂਨਾ ਪੱਥਰ ਖਣਨ ਲਈ ਵੀ ਮਨਜ਼ੂਰੀ ਦਿੱਤੀ ਗਈ ਹੈ। ਇਹ ਲਗਭਗ 538 ਹੈਕਟੇਅਰ ਖੇਤਰ ਵਿਚ ਸਥਿਤ ਹੈ, ਜਿਸ ਵਿਚ ਲਗਭਗ 15 ਕਰੋੜ ਟਨ ਚੂਨਾ ਪੱਥਰ ਹੋਣ ਦਾ ਅੰਦਾਜ਼ਾ ਹੈ। ਮੋਹਗਾਂਵ ਗ੍ਰਾਮ ਸਭਾ ਦੇ ਪ੍ਰਧਾਨ ਦੇਵਸਾਏ ਆਤਲਾ ਨੇ ਦੱਸਿਆ ਕਿ ਅਜੇ ਚਾਮੋਰਸ਼ੀ ਤਾਲੁਕਾ ਵਿਚ 1200 ਹੈਕਟੇਅਰ ਖੇਤਰ ਵਿਚ ਬਾਕਸਾਈਟ ਦੇ ਖਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਥੇ ਕਿਸੇ ਆਦਿਵਾਸੀ ਕੰਪਨੀ ਨੂੰ ਅੱਗੇ ਕਰਕੇ ਇਲਾਕੇ ਨੂੰ 90 ਸਾਲ ਲਈ ਲੀਜ਼ 'ਤੇ ਲੈਣ ਦੀ ਯੋਜਨਾ ਹੈ। ਦੇਵਸਾਏ ਨੇ 'ਦ ਵਾਇਰ' ਹਿੰਦੀ ਨੂੰ ਦੱਸਿਆ, "ਕਿਉਂਕਿ ਇਹ ਇਲਾਕਾ ਪੰਜਵੀਂ ਅਨੁਸੂਚੀ ਖੇਤਰ ਵਿਚ ਆਉਂਦਾ ਹੈ, ਇੱਥੇ ਕੋਈ ਬਾਹਰੀ ਕੰਪਨੀ ਜ਼ਮੀਨ ਨਹੀਂ ਲੈ ਸਕਦੀ। ਇਸ ਲਈ ਕੋਈ ਬਾਹਰੀ ਕੰਪਨੀ ਕਿਸੇ ਆਦਿਵਾਸੀ ਦੇ ਨਾਮ 'ਤੇ ਕੰਪਨੀ ਬਣਾਏਗੀ, ਤੇ ਪਹਿਲਾਂ ਉਹ ਜ਼ਮੀਨ ਉਸਦੇ ਨਾਮ ਕਰਕੇ, ਬਾਅਦ ਵਿਚ ਉਸ ਤੋਂ ਲੀਜ਼ 'ਤੇ ਲੈ ਲਵੇਗੀ।" ਉਹ ਦੱਸਦੇ ਹਨ ਕਿ ਉਨ੍ਹਾਂ ਕੋਲ ਵੀ ਕੁਝ ਲੋਕ ਆਏ ਸਨ। ਉਹ ਲੋਕ ਦੇਵਸਾਏ ਤੋਂ ਉਸ ਜ਼ਮੀਨ ਨੂੰ ਆਪਣੀ ਕੰਪਨੀ 'ਆਦਿਮ ਪਾਰੰਪਰਿਕ ਸੰਸਥਾ' ਦੇ ਨਾਮ ਕਰਨ ਲਈ ਕਹਿ ਰਹੇ ਸਨ। ਬਦਲੇ ਵਿਚ ਕੁਝ ਪੈਸੇ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ। ਇਹ ਵੀ ਕਿਹਾ ਗਿਆ ਕਿ ਉਹ ਹੀ ਜ਼ਮੀਨ ਉਨ੍ਹਾਂ ਦੀ ਕੰਪਨੀ ਦੇ ਨਾਮ ਕਰਵਾ ਦੇਣਗੇ ਅਤੇ ਨੌਂ ਸਾਲ ਬਾਅਦ ਉਨ੍ਹਾਂ ਤੋਂ 90 ਸਾਲ ਲਈ ਲੀਜ਼ 'ਤੇ ਲੈਣਗੇ ਅਤੇ ਖਣਨ ਕਰਨਗੇ।

**ਖਣਨ ਦਾ ਵਿਰੋਧ**

ਸ਼ੁਰੂ ਤੋਂ ਹੀ ਸਥਾਨਕ ਆਦਿਵਾਸੀ ਸੂਰਜਾਗੜ੍ਹ ਖੇਤਰ ਵਿਚ ਖਣਨ ਦਾ ਵਿਰੋਧ ਕਰ ਰਹੇ ਹਨ। ਇਸ ਨੂੰ ਲੈ ਕੇ ਕਈ ਸੰਘਰਸ਼ ਹੋਏ ਹਨ। ਪਿੰਡ ਵਾਸੀਆਂ ਦਾ ਦੋਸ਼ ਹੈ ਕਿ ਕੰਪਨੀਆਂ ਨੇ ਉਨ੍ਹਾਂ ਨੂੰ ਧੋਖਾ ਦਿੱਤਾ ਅਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਉਨ੍ਹਾਂ ਦੀ ਜ਼ਮੀਨ ਹੜੱਪ ਕੇ ਉਸ ਵਿਚ ਖਣਨ ਦਾ ਕੰਮ ਸ਼ੁਰੂ ਕਰ ਦਿੱਤਾ। ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਿਟਿਡ ਨੂੰ ਸੂਰਜਾਗੜ੍ਹ ਵਿਚ ਖਣਨ ਦੀ ਮਨਜ਼ੂਰੀ 2007 ਵਿਚ ਮਿਲੀ ਅਤੇ 2008 ਵਿਚ 340.09 ਹੈਕਟੇਅਰ ਖੇਤਰ ਵਿਚ ਖਣਨ ਲਾਇਸੈਂਸ ਮਿਲਣ ਦੇ ਬਾਵਜੂਦ, ਮਾਓਵਾਦੀਆਂ ਅਤੇ ਆਦਿਵਾਸੀ ਭਾਈਚਾਰਿਆਂ ਦੇ ਵਿਰੋਧ, ਅਤੇ ਜੰਗਲ ਤੇ ਜ਼ਮੀਨ ਦੇ ਅਧਿਕਾਰਾਂ ਨਾਲ ਸੰਬੰਧਤ ਮੁੱਦਿਆਂ ਕਾਰਨ ਕਈ ਸਾਲ ਤੱਕ ਕੰਮ ਸ਼ੁਰੂ ਨਹੀਂ ਹੋ ਸਕਿਆ। ਕਈ ਵਾਰ ਮਾਓਵਾਦੀਆਂ ਨੇ ਕੰਪਨੀ ਦੇ ਵਾਹਨ ਜਲਾਏ ਤੇ ਮੁਲਾਜ਼ਮਾਂ ਦੀ ਕੁੱਟਮਾਰ ਕੀਤੀ। 2013 'ਚ ਕੰਪਨੀ ਦੇ ਉਪ ਪ੍ਰਧਾਨ ਜਸਪਾਲ ਢਿੱਲੋਂ ਅਤੇ ਦੋ ਹੋਰ ਦੀ ਹੱਤਿਆ ਵੀ ਕਥਿਤ ਮਾਓਵਾਦੀਆਂ ਨੇ ਕੀਤੀ।

ਉਸ ਤੋਂ ਤੁਰੰਤ ਬਾਅਦ, ਤਤਕਾਲੀ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਅਗਸਤ 2015 ਵਿਚ ਕੇਂਦਰੀ ਗ੍ਰਹਿ ਮੰਤਰੀ ਨੂੰ ਖੇਤਰ ਵਿਚ ਨੀਮ-ਫ਼ੌਜੀ ਬਲਾਂ ਦੀ ਮੌਜੂਦਗੀ ਵਧਾਉਣ ਦੀ ਬੇਨਤੀ

(ਬਾਕੀ ਅਗਲੇ ਸਫੇ 'ਤੇ)

# ਆਦਿਵਾਸੀ ਲੋਕਾਂ ਦੇ ਕਤਲੇਆਮ ਵਿਰੁੱਧ ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਸਾਂਝੀ ਰੈਲੀ ਤੇ ਮੁਜ਼ਾਹਰਾ

## ਮੋਗਾ ਦੀ ਧਰਤੀ 'ਤੇ ਗੂੰਜੇ ਆਪਣੇ ਹੀ ਲੋਕਾਂ ਵਿਰੁੱਧ ਕਰੂਰ ਜੰਗ ਬੰਦ ਕਰਨ ਦੇ ਨਾਅਰੇ

**ਮੋਗਾ:** ਇੱਥੇ ਪੰਜਾਬ ਦੀਆਂ ਦਰਜਨਾਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਆਦਿਵਾਸੀਆਂ ਤੇ ਉਨ੍ਹਾਂ ਦੇ ਹਿਤਾਂ ਲਈ ਸੰਘਰਸ਼ ਕਰ ਰਹੇ ਅੰਦੋਲਨਾਂ ਦੇ ਕਰੂਰ ਕਤਲੇਆਮ ਵਿਰੁੱਧ ਰੋਹ ਭਰਪੂਰ ਰੈਲੀ ਅਤੇ ਮੁਜ਼ਾਹਰਾ ਕਰ ਕੇ ਮੰਗ ਕੀਤੀ ਗਈ ਕਿ ਆਦਿਵਾਸੀ ਖੇਤਰਾਂ 'ਚ 'ਅਪਰੇਸ਼ਨ ਕਗਾਰ' ਸਮੇਤ ਹਰ ਤਰ੍ਹਾਂ ਦੇ ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ, ਝੂਠੇ ਪੁਲਿਸ ਮੁਕਾਬਲਿਆਂ ਸਮੇਤ






ਹਰ ਤਰ੍ਹਾਂ ਦੇ ਜਬਰ-ਜ਼ੁਲਮ ਫੌਰੀ ਰੋਕੇ ਜਾਣ, ਉੱਥੋਂ ਸਾਰੇ ਪੁਲਿਸ ਕੈਂਪ ਹਟਾਏ ਜਾਣ ਅਤੇ ਪੁਲਿਸ ਤੇ ਅਰਧ ਸੈਨਿਕ ਬਲ ਵਾਪਸ ਬੁਲਾਏ ਜਾਣ, ਜਲ-ਜੰਗਲ-ਜ਼ਮੀਨ ਤੇ ਖਣਿਜ ਭੰਡਾਰ ਕਾਰਪੋਰੇਟਾਂ ਨੂੰ ਲੁਟਾਉਣੇ ਬੰਦ ਕੀਤੇ ਜਾਣ ਅਤੇ ਲੋਕ ਵਿਰੋਧੀ ਆਰਥਕ ਮਾਡਲ ਰੱਦ ਕੀਤਾ ਜਾਵੇ, ਆਦਿਵਾਸੀਆਂ ਦੇ ਟਾਕਰੇ ਖ਼ਿਲਾਫ਼ ਡਰੋਨਾਂ ਤੇ ਹੈਲੀਕਾਪਟਰਾਂ ਰਾਹੀਂ ਬੰਬਾਰੀ ਬੰਦ ਕੀਤੀ, ਯੂਏਪੀਏ, ਅਫਸਪਾ ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕੀਤੇ ਜਾਣ, ਕੌਮੀ ਜਾਂਚ ਏਜੰਸੀ ਭੰਗ ਕੀਤੀ ਜਾਵੇ, ਗ੍ਰਿਫ਼ਤਾਰ ਕੀਤੇ ਗਏ ਜਮਹੂਰੀ ਹੱਕਾਂ ਦੇ ਕਾਰਕੁਨ ਰਿਹਾਅ ਕੀਤੇ ਜਾਣ, ਲੋਕ ਜਥੇਬੰਦੀਆਂ ਅਤੇ ਸੰਘਰਸ਼ਾਂ 'ਤੇ ਲਾਈਆਂ ਪਾਬੰਦੀਆਂ ਖਤਮ ਕੀਤੀਆਂ ਜਾਣ ਅਤੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਬਹਾਲ ਕੀਤੇ ਜਾਣ।

ਇਸ ਤੋਂ ਪਹਿਲਾਂ ਦਾਣਾ ਮੰਡੀ ਵਿਚ ਰੈਲੀ ਵਿਚ ਜੁੜੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ, ਤਰਕਸ਼ੀਲਾਂ, ਜਮਹੂਰੀ ਹੱਕਾਂ ਦੇ ਝੰਡਾਬਰਦਾਰਾਂ, ਲੋਕਪੱਖੀ ਲੇਖਕਾਂ, ਸਾਹਿਤਕਾਰਾਂ, ਕਲਾਕਾਰ-ਰੰਗਕਰਮੀਆਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਅਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰ ਡਾ. ਪਰਮਿੰਦਰ, ਤਰਕਸ਼ੀਲ ਸੋਸਾਇਟੀ ਪੰਜਾਬ ਦੇ ਸੂਬਾ ਪ੍ਰਧਾਨ ਰਾਜਿੰਦਰ ਭਦੌੜ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਪੇਂਡੂ



ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਕਾਰਖਾਨਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਸਿੰਘ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰਿਤਪਾਲ ਸਿੰਘ, ਪੀ.ਐਸ.ਯੂ. ਦੇ ਸੂਬਾ ਪ੍ਰਧਾਨ ਰਣਬੀਰ ਸਿੰਘ ਰੰਧਾਵਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ, ਪੀ.ਐਸ.ਯੂ. (ਸ਼ਹੀਦ ਰੰਧਾਵਾ) ਦੇ ਆਗੂ ਹੁਸ਼ਿਆਰ ਸਿੰਘ, ਬੀਕੇਯੂ (ਕ੍ਰਾਂਤੀਕਾਰੀ) ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਜ਼ੀਰਾ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਦਿਲਬਾਗ ਸਿੰਘ ਜ਼ੀਰਾ, ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਲਕਰਨ ਸਿੰਘ ਨੇ ਕਿਹਾ ਕਿ ਭਾਰਤੀ ਹੁਕਮਰਾਨਾਂ ਵੱਲੋਂ ਬਸਤਰ ਅਤੇ ਹੋਰ ਆਦਿਵਾਸੀ ਖੇਤਰਾਂ ਵਿਚ ਲੱਖਾਂ ਦੀ ਗਿਣਤੀ 'ਚ ਅਰਧ-ਸੈਨਿਕ ਤਾਕਤਾਂ ਝੋਕ ਕੇ ਚਲਾਏ ਜਾ ਰਹੇ ਖ਼ੂਨੀ ਅਪਰੇਸ਼ਨਾਂ ਦਾ ਇੱਕੋ-ਇਕ ਮਨੋਰਥ ਦੇਸ਼ ਦੇ ਜਲ-ਜੰਗਲ-ਜ਼ਮੀਨਾਂ ਤੇ ਖਣਿਜ ਭੰਡਾਰ ਵਿਦੇਸ਼ੀ ਤੇ ਦੇਸੀ ਇਜਾਰੇਦਾਰ ਸਰਮਾਏਦਾਰਾਂ ਨੂੰ ਲੁਟਾਉਣਾ ਹੈ। ਸਾਰੇ ਜਮਹੂਰੀ ਤੇ ਮਨੁੱਖੀ ਤਕਾਜ਼ਿਆਂ ਨੂੰ ਤਿਆਗ ਕੇ ਡਰੋਨਾਂ, ਹੈਲੀਕਾਪਟਰਾਂ ਰਾਹੀਂ ਬੰਬਾਰੀ ਤੋਂ ਸਪਸ਼ਟ ਹੈ ਕਿ ਆਦਿਵਾਸੀ ਲੋਕਾਂ ਤੇ ਹੋਰ ਸੰਘਰਸ਼ਸ਼ੀਲ ਤਾਕਤਾਂ ਦਾ ਬਦਰੇਗ ਕਤਲੇਆਮ ਕਰਕੇ ਮੋਦੀ ਸਰਕਾਰ ਇਹ ਜੰਗਲ ਖਾਲੀ ਕਰਾ ਕੇ ਅਜਾਰੇਦਾਰ ਸਰਮਾਏਦਾਰਾਂ ਦੇ ਧਾੜਵੀ ਖਣਨ ਪ੍ਰੋਜੈਕਟਾਂ ਦੇ ਹਵਾਲੇ ਕਰਨ 'ਤੇ ਤੁਲੀ ਹੋਈ ਹੈ। ਇਸੇ ਦੇ ਹਿੱਸੇ ਵਜੋਂ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਜਾਬਰ ਹੱਲੇ ਦਾ ਵਾਜਬ ਵਿਰੋਧ ਕਰਨ ਵਾਲੇ ਲੋਕਪੱਖੀ ਲੇਖਕਾਂ, ਵਿਦਵਾਨਾਂ ਅਤੇ ਜਮਹੂਰੀ ਤੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ ਅਤੇ ਆਦਿਵਾਸੀਆਂ ਤੇ ਮਾਓਵਾਦੀਆਂ ਨੂੰ ਮੁਕਾਬਲਿਆਂ ਵਿਚ ਮਾਰਿਆ ਜਾ ਰਿਹਾ ਹੈ। ਵੱਡੇ ਕਾਰਪੋਰੇਟਾਂ ਦੀ ਲਾਲਚੀ ਅੱਖ ਪੂਰੇ ਦੇਸ਼ ਦੇ ਖੇਤੀ ਅਤੇ ਖਣਿਜ ਭੰਡਾਰਾਂ ਉੱਪਰ ਹੈ ਅਤੇ ਜੇਕਰ ਭਾਰਤ ਦੇ ਮਿਹਨਤਕਸ਼ ਲੋਕ ਜਾਗਰੂਕ ਹੋ ਕੇ ਇਸ ਹਮਲੇ ਨੂੰ ਠੱਲ੍ਹ ਨਹੀਂ ਪਾਉਂਦੇ ਤਾਂ ਦੇਰ-ਸਵੇਰ ਸਾਰੇ ਸੂਬਿਆਂ ਦੇ ਲੋਕ ਇਸ ਖ਼ੂਨੀ ਹਮਲੇ ਦਾ ਨਿਸ਼ਾਨਾ ਬਣਨਗੇ। ਆਦਿਵਾਸੀ ਖੇਤਰਾਂ ਵਿਚ ਫਾਸ਼ੀ ਕਹਿਰ ਢਾਹੁਣ ਦਾ ਇਹ ਸਿਲਸਿਲਾ ਪੰਜਾਬ ਅੰਦਰ ਵੀ ਇਸੇ ਕਾਰਪੋਰੇਟ ਜਗਤ ਦੀ ਸੇਵਾ ਲਈ ਸੰਘਰਸ਼ਸ਼ੀਲ ਤਾਕਤਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ ਅਤੇ ਇੱਥੇ ਵੀ ਲੋਕ ਸੰਘਰਸ਼ਾਂ ਦੇ ਅੱਗੇ ਵਧਣ ਨਾਲ ਜਮਹੂਰੀ ਹੱਕਾਂ ਦੇ ਘਾਣ ਅਤੇ ਹਕੂਮਤੀ ਪਾਬੰਦੀਆਂ ਨੇ ਹੋਰ ਤਿੱਖੇ ਜਬਰ ਦਾ ਰੂਪ ਧਾਰਨ ਕਰਨਾ ਹੈ। ਇਸ ਲਈ ਸੰਸਾਰ ਕਾਰਪੋਰੇਟ ਜਗਤ ਦੇ ਹਿਤਾਂ ਲਈ ਬੋਲੇ ਇਸ ਹੱਲੇ ਵਿਰੁੱਧ ਸਾਂਝੀ ਲੜਾਈ ਲੜਨ ਦੀ ਲੋੜ ਹੈ ਅਤੇ ਇਹ ਸਾਂਝੀ ਰੈਲੀ ਇਸ ਦਿਸ਼ਾ 'ਚ ਇਕ ਇਤਿਹਾਸਕ ਹੰਭਲਾ ਹੈ। ਰੈਲੀ ਵਿਚ ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ, ਆਟੋ ਰਿਕਸ਼ਾ ਯੂਨੀਅਨ ਮੋਗਾ ਅਤੇ ਹੋਰ ਜਥੇਬੰਦੀਆਂ ਦੇ ਸਾਥੀ ਵੀ ਕਾਫਲੇ ਦੇ ਰੂਪ 'ਚ ਸ਼ਾਮਿਲ ਹੋਏ।

ਇਕੱਠ ਵਿਚ ਲੇਖਕ, ਅਨੁਵਾਦਕ ਅਤੇ ਜਮਹੂਰੀ ਕਾਰਕੁਨ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਮਤੇ ਪੇਸ਼ ਕੀਤੇ ਗਏ, ਜਿਨ੍ਹਾਂ ਨੂੰ ਹੱਥ ਖੜ੍ਹੇ ਕਰ ਕੇ ਪ੍ਰਵਾਨਗੀ ਦਿੱਤੀ ਗਈ। ਮਤਿਆਂ ਵਿਚ ਮੰਗ ਕੀਤੀ ਗਈ ਕਿ ਆਦਿਵਾਸੀ ਇਲਾਕਿਆਂ ਵਿਚ ਅਪਰੇਸ਼ਨ ਕਗਾਰ ਅਤੇ ਹੋਰ ਨੀਮ-ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ, ਆਦਿਵਾਸੀਆਂ ਅਤੇ ਮਾਓਵਾਦੀਆਂ ਦਾ ਕਤਲੇਆਮ ਬੰਦ ਕੀਤਾ ਜਾਵੇ ਅਤੇ ਲੋਕ ਵਿਰੋਧੀ ਆਰਥਕ ਨੀਤੀਆਂ ਰੱਦ ਕੀਤੀਆਂ ਜਾਣ। ਇਕ ਵਿਸ਼ੇਸ਼ ਮਤੇ ਦੁਆਰਾ ਗਾਜ਼ਾ ਵਿਚ ਫ਼ਲਸਤੀਨੀ ਲੋਕਾਂ ਦਾ ਕਤਲੇਆਮ ਬੰਦ ਕਰਨ ਦੀ ਮੰਗ ਕੀਤੀ ਗਈ ਅਤੇ ਫ਼ਲਸਤੀਨੀ ਲੋਕਾਂ ਦੇ ਮੁਕਤੀ ਸੰਘਰਸ਼ ਨਾਲ ਇਕਮੁੱਠਤਾ ਪ੍ਰਗਟਾਈ ਗਈ। ਉੱਘੇ ਨਾਟਕਕਾਰ ਗੁਰਸ਼ਰਨ ਸਿੰਘ ਦੀ ਬੇਟੀ ਅਤੇ ਜਮਹੂਰੀ ਕਾਰਕੁਨ ਡਾ. ਨਵਸ਼ਰਨ ਵੱਲੋਂ ਰੈਲੀ ਨਾਲ ਇਕਮੁੱਠਤਾ ਦਾ ਸੰਦੇਸ਼ ਪੜ੍ਹਿਆ ਗਿਆ। ਉਨ੍ਹਾਂ ਸਤੰਬਰ ਵਿਚ ਅੰਮ੍ਰਿਤਸਰ ਵਿਖੇ ਗੁਰਸ਼ਰਨ ਸਿੰਘ ਜੀ ਦਾ ਮਨਾਇਆ ਜਾ ਰਿਹਾ ਜਨਮ ਦਿਹਾੜਾ ਆਦਿਵਾਸੀ ਸੰਘਰਸ਼ ਨੂੰ ਸਮਰਪਿਤ ਕਰਨ ਦੀ ਜਾਣਕਾਰੀ ਦਿੰਦਿਆਂ ਸਭ ਨੂੰ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਪਲਸ ਮੰਚ ਦੇ ਜਗਸੀਰ ਜੀਦਾ ਸਮੇਤ ਕਿੰਨੇ ਹੀ ਗਾਇਕਾਂ ਵੱਲੋਂ ਗੀਤ ਪੇਸ਼ ਕੀਤੇ ਗਏ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਜਗਤਾਰ ਕਾਲਾਝਾੜ ਨੇ ਕੀਤਾ।

---

## ਫੜਨਵੀਸ ਦਾ 'ਪਿਆਰਾ ਜ਼ਿਲ੍ਹਾ' ਗੜ੍ਹਚਿਰੋਲੀ:

*(ਪਿਛਲੇ ਸਫੇ ਦਾ ਬਾਕੀ)*

ਕੀਤੀ, ਤਾਂ ਜੋ ਖਣਨ ਨੂੰ ਬੇਰੋਕ-ਟੋਕ ਜਾਰੀ ਰੱਖਿਆ ਜਾ ਸਕੇ।

ਉਸ ਤੋਂ ਬਾਅਦ ਕੰਪਨੀ ਨੇ ਦੁਬਾਰਾ ਖਣਨ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ। 5 ਦਸੰਬਰ 2016 ਨੂੰ 70 ਪਿੰਡਾਂ ਦੇ ਆਦਿਵਾਸੀ ਆਗੂ, ਸਥਾਨਕ ਸਮਾਜਿਕ ਸੰਗਠਨ ਅਤੇ ਰਾਜਨੀਤਕ ਆਗੂਆਂ ਦੇ ਨੁਮਾਇੰਦੇ ਸੂਰਜਾਗੜ੍ਹ ਵਿਚ ਇਕੱਠੇ ਹੋਏ ਅਤੇ ਖਣਨ ਰੋਕਣ ਲਈ ਮਤਾ ਪਾਸ ਕੀਤਾ ਅਤੇ ਮੰਗ ਕੀਤੀ ਕਿ ਸਰਕਾਰ ਸਾਰੀਆਂ ਮੌਜੂਦਾ ਅਤੇ ਤਜਵੀਜ਼ਸ਼ੁਦਾ ਖਣਨ ਲੀਜ਼ਾਂ ਨੂੰ ਰੱਦ ਕਰੇ। ਉਨ੍ਹਾਂ ਨੇ ਲੋਕਾਂ ਦੀ ਰੋਜ਼ੀ-ਰੋਟੀ ਦੀ ਰੱਖਿਆ ਲਈ ਵਣ ਅਧਿਕਾਰ ਕਾਨੂੰਨ, 2006 ਅਤੇ ਅਨੁਸੂਚਿਤ ਖੇਤਰਾਂ ਵਿਚ ਪੰਚਾਇਤ ਦਾ ਵਿਸਥਾਰ (ਪੇਸਾ) ਕਾਨੂੰਨ ਲਾਗੂ ਕਰਨ ਲਈ ਵੀ ਮਤੇ ਪਾਸ ਕੀਤੇ।

ਪਰ, ਸਥਾਨਕ ਆਦਿਵਾਸੀਆਂ ਦੇ ਵਿਰੋਧ ਦੇ ਬਾਵਜੂਦ ਖੁਦਾਈ ਦਾ ਕੰਮ ਬੰਦ ਨਹੀਂ ਹੋਇਆ। 24 ਦਸੰਬਰ 2016 ਨੂੰ ਮਾਓਵਾਦੀਆਂ ਨੇ ਸੂਰਜਾਗੜ੍ਹ ਖਾਣ 'ਤੇ ਹਮਲਾ ਕਰਕੇ ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਟਿਡ ਦੇ ਦਰਜਨਾਂ ਟਰੱਕਾਂ ਅਤੇ ਅਰਥਮੂਵਰ ਮਸ਼ੀਨਾਂ ਨੂੰ ਅੱਗ ਲਾ ਦਿੱਤੀ। ਲਗਭਗ 80 ਵਾਹਨ ਸਾੜ ਦਿੱਤੇ ਗਏ। ਕਿਹਾ ਜਾਂਦਾ ਹੈ ਕਿ ਇਸ ਨਾਲ ਕੰਪਨੀ ਨੂੰ 13 ਕਰੋੜ ਰੁਪਏ ਦਾ ਨੁਕਸਾਨ ਹੋਇਆ।

ਇਸ ਤੋਂ ਬਾਅਦ ਇਲਾਕੇ ਵਿਚ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਗਈ। ਲਾਲਸੂ ਨੇ ਦੱਸਿਆ, "ਖਣਨ ਦਾ ਵਿਰੋਧ ਕਰ ਰਹੇ ਪਿੰਡਾਂ ਦੇ ਲੋਕਾਂ ਨੂੰ ਪੁਲਿਸ ਅਤੇ ਨੀਮ-ਫ਼ੌਜੀ ਬਲਾਂ ਦੇ ਹੱਥੋਂ ਜਬਰ-ਜ਼ੁਲਮ ਅਤੇ ਗ੍ਰਿਫ਼ਤਾਰੀਆਂ ਦਾ ਸਾਹਮਣਾ ਕਰਨਾ ਪਿਆ।"

2017 ਵਿਚ ਲਗਭਗ 70 ਪਿੰਡਾਂ ਦੇ ਲੋਕਾਂ ਨੇ ਮਤਾ ਪਾਸ ਕੀਤਾ ਜਿਸ ਵਿਚ ਸਰਕਾਰ ਦੁਆਰਾ ਖਣਨ ਲਾਇਸੈਂਸ ਵੰਡਣ ਦਾ ਵਿਰੋਧ ਕੀਤਾ ਗਿਆ। ਉਨ੍ਹਾਂ ਦਾ ਮੰਨਣਾ ਹੈ ਕਿ ਉਚਿਤ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ ਗਿਆ।

ਸਥਾਨਕ ਲੋਕਾਂ ਦੇ ਅਨੁਸਾਰ, ਵਣ ਅਧਿਕਾਰ ਐਕਟ (2006) ਦੇ ਤਹਿਤ ਜ਼ਮੀਨ ਐਕੁਆਇਰ ਕਰਨ ਦੀ ਪ੍ਰਕਿਰਿਆ ਅਤੇ ਪੰਚਾਇਤ (ਅਨੁਸੂਚਿਤ ਖੇਤਰਾਂ ਤੱਕ ਪੰਚਾਇਤ ਦਾ ਵਿਸਤਾਰ) ਐਕਟ, 1996 ਦੇ ਤਹਿਤ ਉਨ੍ਹਾਂ ਦੀ ਸਹਿਮਤੀ ਲੈਣ ਦੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਗਈ।

ਉਨ੍ਹਾਂ ਦਾ ਕਹਿਣਾ ਹੈ ਕਿ ਇੱਥੇ ਖਣਨ ਦਾ ਕੰਮ ਖਣਨ ਪ੍ਰਟਾਈ ਕਾਨੂੰਨ, ਵਾਤਾਵਰਣ ਕਾਨੂੰਨ ਅਤੇ ਪੇਸਾ ਕਾਨੂੰਨਾਂ ਨੂੰ ਨਜ਼ਰਅੰਦਾਜ਼ ਕਰ ਕੇ ਕੀਤਾ ਜਾ ਰਿਹਾ ਹੈ।

ਪੋਟੇਗਾਓਂ ਦੇ ਆਦਿਵਾਸੀ ਵਿਕਾਸ ਪਰਿਸ਼ਦ ਦੇ ਕਾਰਕੁਨ ਵਿਨੋਦ ਮੰਡਾਵੀ ਨੇ ਦੋਸ਼ ਲਾਇਆ ਕਿ 2010 ਵਿਚ ਗੜ੍ਹਚਿਰੋਲੀ ਦੇ ਕੁਲੈਕਟਰ ਵੱਲੋਂ ਜਾਲਸਾਜ਼ੀ ਨਾਲ ਗ੍ਰਾਮ ਸਭਾਵਾਂ ਦੇ ਦਸਤਾਵੇਜ਼ ਤਿਆਰ ਕਰਕੇ ਖਣਨ ਲਈ ਲੋਕਾਂ ਦੀ ਸਹਿਮਤੀ ਦਰਸਾਈ ਗਈ। ਗ੍ਰਾਮ ਸਭਾ ਦੇ ਅਜਿਹੇ ਜਾਅਲੀ ਦਸਤਾਵੇਜ਼ ਐਟਾਪੱਲੀ ਬਲਾਕ ਦੇ ਦਮਕੋਂਡਾਵਾਹੀ, ਬਾਂਡੇ ਇਲਾਕੇ ਵਿਚ ਪਿੰਡਾਂ ਦੇ ਗ੍ਰਾਮਸੇਵਕਾਂ ਰਾਹੀਂ ਬਣਾਏ ਗਏ।

ਸਾਲ 2023 ਵਿਚ ਸੂਰਜਾਗੜ੍ਹ ਖਣਨ ਦੇ ਖ਼ਿਲਾਫ਼ 70 ਤੋਂ ਵੱਧ ਪਿੰਡਾਂ ਦੇ ਆਦਿਵਾਸੀਆਂ ਦੇ ਸ਼ਾਂਤਮਈ ਧਰਨੇ ਉੱਪਰ ਪੁਲਿਸ ਨੇ ਹਮਲਾ ਕਰਕੇ ਧਰਨਾ ਬੰਦ ਕਰਵਾ ਦਿੱਤਾ ਜੋ ਲੱਗਭੱਗ ਅੱਠ ਮਹੀਨੇ ਤੋਂ ਚੱਲ ਰਿਹਾ ਸੀ।

ਲਾਲਸੂ ਨੋਗੋਟੀ ਦੱਸਦੇ ਹਨ ਕਿ ਲੋਕਾਂ ਨੂੰ ਪੁਲਿਸ, ਪ੍ਰਸ਼ਾਸਨ ਅਤੇ ਕੰਪਨੀ ਲਗਾਤਾਰ ਡਰਾ-ਧਮਕਾ ਰਹੇ ਹਨ, ਉਨ੍ਹਾਂ 'ਤੇ ਝੂਠੇ ਕੇਸ ਪਾ ਰਹੇ ਹਨ।

2023 ਵਿਚ ਤੋੜਗੱਟਾ ਵਿਚ ਖਾਣ ਦੇ



ਖ਼ਿਲਾਫ਼ ਧਰਨਾ 255 ਦਿਨ ਚੱਲਿਆ ਸੀ, ਜੋ ਗੜ੍ਹਚਿਰੌਲੀ ਦੇ ਇਤਿਹਾਸ ਵਿਚ ਆਦਿਵਾਸੀਆਂ ਦੇ ਸਭ ਤੋਂ ਲੰਬੇ ਅੰਦੋਲਨਾਂ ਵਿਚੋਂ ਇਕ ਸੀ।

ਲਾਲਸੂ ਨੇ ਦੋਸ਼ ਲਗਾਇਆ ਕਿ ਸਰਕਾਰ ਨੇ ਪੁਲਿਸ ਰਾਹੀਂ ਉਸ ਸ਼ਾਂਤਮਈ ਅੰਦੋਲਨ ਨੂੰ ਬੇਰਹਿਮੀ ਨਾਲ ਕੁਚਲ ਦਿੱਤਾ। ਲੋਕਾਂ ਨੂੰ ਉੱਥੋਂ ਖਦੇੜ ਦਿੱਤਾ, ਝੋਂਪੜੀਆਂ ਵਿਚ ਵੜ ਕੇ ਭੰਨਤੋੜ ਕੀਤੀ, 21 ਲੋਕਾਂ—ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਲ ਸਨ—ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ 'ਤੇ ਝੂਠੇ ਕੇਸ ਪਾ ਕੇ 17-18 ਦਿਨ ਚੰਦਰਪੁਰ ਜੇਲ੍ਹ ਵਿਚ ਰੱਖਿਆ ਗਿਆ ਅਤੇ ਬਾਅਦ ਵਿਚ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ।

ਵਿਨੋਦ ਮੰਡਾਵੀ ਨੇ ਦੱਸਿਆ ਕਿ ਉਸ ਇਲਾਕੇ ਵਿਚ ਹਰ ਪੰਜ ਕਿਲੋਮੀਟਰ 'ਤੇ ਪੁਲਿਸ ਚੌਕੀ ਬਣਾਈ ਗਈ ਹੈ, ਕੋਈ ਵੀ ਆਵਾਜ਼ ਉਠਾਉਂਦਾ ਹੈ ਤਾਂ ਉਸ 'ਤੇ ਮਾਓਵਾਦੀ ਹੋਣ ਦਾ ਠੱਪਾ ਲਾ ਦਿੱਤਾ ਜਾਂਦਾ ਹੈ। ਉਸਨੇ ਕਿਹਾ, "ਮੈਂ ਵੀ ਕਈ ਵਾਰ ਹਿਰਾਸਤ ਵਿਚ ਲਿਆ ਗਿਆ ਹਾਂ।"

ਉਸ ਇਲਾਕੇ ਦੇ ਹੋਰ ਲੋਕਾਂ ਨੇ ਵੀ 'ਦ ਵਾਇਰ' ਹਿੰਦੀ ਨੂੰ ਦੱਸਿਆ ਕਿ ਲੋਕ ਹੁਣ ਖਾਣ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨਾਂ ਵਿਚ ਭਾਗ ਲੈਣ ਤੋਂ ਕਤਰਾਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਪੁਲਿਸ ਅਤੇ ਨੀਮ-ਫ਼ੌਜੀ ਬਲਾਂ ਦੇ ਹੱਥੋਂ ਜਬਰ-ਜ਼ੁਲਮ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲਿਸ ਉਨ੍ਹਾਂ 'ਤੇ ਮਾਓਵਾਦੀ ਹੋਣ ਜਾਂ ਯੂਏਪੀਏ ਵਰਗੇ ਕਠੋਰ ਕਾਨੂੰਨਾਂ ਦੇ ਤਹਿਤ ਕੇਸ ਦਰਜ ਕਰਦੀ ਹੈ।

### ਉਜਾੜੇ ਦਾ ਸਵਾਲ - ਆਦਿਵਾਸੀਆਂ ਦੀਆਂ ਜ਼ਮੀਨਾਂ ਦਾ ਹਾਲ

ਲਾਲਸੂ ਨੇ ਦੱਸਿਆ ਕਿ ਫ਼ਿਲਹਾਲ ਇਸ ਇਲਾਕੇ ਵਿਚ ਖਣਨ ਦੀ ਵਜ੍ਹਾ ਨਾਲ ਕਿਸੇ ਵੀ ਪਿੰਡ ਦਾ ਉਜਾੜਾ ਤਾਂ ਨਹੀਂ ਹੋਇਆ ਹੈ, ਪਰ ਅੱਗੇ ਉਜਾੜੇ ਜਾਣ ਦਾ ਖ਼ਤਰਾ ਬਹੁਤ ਵਧ ਜਾਵੇਗਾ। ਜਿਵੇਂ-ਜਿਵੇਂ ਖਣਨ ਦਾ ਵਿਸਥਾਰ ਹੋਵੇਗਾ, ਲੋਕਾਂ ਦੀਆਂ ਜ਼ਮੀਨਾਂ ਹੜੱਪਣੀਆਂ ਸ਼ੁਰੂ ਹੋ ਜਾਣਗੀਆਂ। ਇਲਾਕੇ ਦੇ ਕੁਝ ਪਿੰਡਾਂ ਵਿਚ ਲੌਇਡਜ਼ ਕੰਪਨੀ ਨੇ ਲੋਕਾਂ ਤੋਂ ਜ਼ਮੀਨਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਲਾਲਸੂ ਨੇ ਦੱਸਿਆ ਕਿ ਹੇਡਰੀ ਪਿੰਡ ਵਿਚ ਲੌਇਡਜ਼ ਕੰਪਨੀ ਨੇ ਸਕੂਲ, ਹਸਪਤਾਲ ਅਤੇ ਟ੍ਰੇਨਿੰਗ ਸੈਂਟਰ ਬਣਾਇਆ, ਜਿਸ ਲਈ ਆਦਿਵਾਸੀਆਂ ਦੀਆਂ ਜ਼ਮੀਨਾਂ ਲਈਆਂ ਗਈਆਂ। ਇਸ ਤਰ੍ਹਾਂ ਜਿਉਂ-ਜਿਉਂ ਖਣਨ ਵਧ ਰਿਹਾ ਹੈ, ਹੋਰ ਗਤੀਵਿਧੀਆਂ ਲਈ ਵੀ ਆਦਿਵਾਸੀਆਂ ਦੀਆਂ ਜ਼ਮੀਨਾਂ ਲਈਆਂ ਜਾ ਰਹੀਆਂ ਹਨ।

ਲਾਲਸੂ ਕਹਿੰਦੇ ਹਨ ਕਿ ਸਰਕਾਰ ਤੋਂ ਕੰਪਨੀ ਨੂੰ 340.09 ਹੈਕਟੇਅਰ ਖੇਤਰ ਵਿਚ ਖਣਨ ਦਾ ਲਾਇਸੈਂਸ ਮਿਲਿਆ ਹੋਇਆ ਹੈ, ਪਰ ਕੰਪਨੀ ਉਸ ਇਲਾਕੇ ਵਿਚ ਇਸ ਤੋਂ ਕਈ ਗੁਣਾ ਵੱਧ ਜ਼ਮੀਨਾਂ ਹੋਰ ਗਤੀਵਿਧੀਆਂ ਦੇ ਨਾਂ 'ਤੇ ਲੈ ਰਹੀ ਹੈ।

ਇਸ ਤੋਂ ਇਲਾਵਾ, ਐਟਾਪੱਲੀ ਅਤੇ ਮਦੀਗੁੜੇਮ ਵਿਚ ਕੱਚਾ ਮਾਲ ਜਮ੍ਹਾਂ ਕਰਨ ਲਈ ਕੰਪਨੀ ਨੇ ਬਹੁਤ ਸਾਰੀਆਂ ਜ਼ਮੀਨਾਂ ਲੈ ਰੱਖੀਆਂ ਹਨ। ਆਲਾਪੱਲੀ ਅਤੇ ਕਾਮਨਚੇਰੂ ਦੇ ਆਲੇ-ਦੁਆਲੇ ਵੀ ਪਾਰਕਿੰਗ ਅਤੇ ਕੱਚੇ ਲੋਹੇ ਦੇ ਨਾਲ ਨਿਕਲਣ ਵਾਲੇ ਮਿੱਟੀ-ਪੱਥਰ ਆਦਿ ਨੂੰ ਡੰਪ ਕਰਨ ਲਈ ਆਦਿਵਾਸੀਆਂ ਦੀਆਂ ਬਹੁਤ ਸਾਰੀਆਂ ਜ਼ਮੀਨਾਂ ਐਕੁਆਇਰ ਕੀਤੀਆਂ ਗਈਆਂ ਹਨ।

ਇਸ ਤਰ੍ਹਾਂ ਆਦਿਵਾਸੀਆਂ ਦੀਆਂ ਜ਼ਮੀਨਾਂ ਖੋਹ ਕੇ ਕੰਪਨੀਆਂ ਨੂੰ ਦਿੱਤੀਆਂ ਜਾ ਰਹੀਆਂ ਹਨ।

'ਦ ਵਾਇਰ' ਹਿੰਦੀ ਨੇ ਇਸ ਸਾਰੇ ਮਸਲੇ 'ਤੇ—ਜ਼ਮੀਨ ਐਕੁਆਇਰ ਕਰਨ ਤੋਂ ਲੈ ਕੇ ਆਦਿਵਾਸੀਆਂ ਦੇ ਸਰੋਕਾਰਾਂ ਤੱਕ—ਲੌਇਡਜ਼ ਕੰਪਨੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਫ਼ਤਰ ਨੂੰ ਵਿਸਥਾਰਪੂਰਵਕ ਸਵਾਲ ਭੇਜੇ, ਜਿਨ੍ਹਾਂ ਦਾ ਜਵਾਬ ਰਿਪੋਰਟ ਦੇ ਪ੍ਰਕਾਸ਼ਨ ਤੱਕ ਨਹੀਂ ਮਿਲਿਆ। ***(ਚੱਲਦਾ)***

# 14-15 ਅਗਸਤ 1947: ਆਜ਼ਾਦੀ ਨਹੀਂ, ਉਜਾੜਾ

## "ਸੌਂ ਜਾ ਮੇਰੇ ਮਾਲਕਾ ਵੀਰਾਨ ਹੋਈ ਰਾਤ"

ਵੀਹਵੀਂ ਸਦੀ ਦੇ ਆਰੰਭ ਵਿਚ ਗ਼ਦਰ ਪਾਰਟੀ ਨੇ ਕੈਨੇਡਾ-ਅਮਰੀਕਾ ਦੀ ਧਰਤੀ ਤੋਂ ਭਾਰਤ ਨੂੰ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦ ਕਰਵਾਉਣ ਦਾ ਬਿਗਲ ਬਜਾਇਆ ਸੀ। ਗ਼ਦਰੀ ਬਾਬਿਆਂ ਨੇ ਆਜ਼ਾਦ ਦੇਸ਼ ਲਈ ਨਾਂ 'ਯੂਨਾਈਟਿਡ ਸਟੇਟਸ ਆਫ਼ ਇੰਡੀਆ' ਦਿੱਤਾ ਸੀ, ਜਿਸ ਦਾ ਭਾਵ ਸੀ 'ਮਜ਼ਬੂਤ ਸੰਘੀ ਢਾਂਚਾ' ਭਾਵ ਦੇਸ਼ ਦੇ ਸਮੂਹ ਰਾਜ, ਉਥੋਂ ਦੇ ਭਾਈਚਾਰੇ, ਮੂਲਵਾਸੀ ਤੇ ਘੱਟ-ਗਿਣਤੀਆਂ ਆਪਣਾ ਸਭਿਆਚਾਰ, ਪਹਿਰਾਵੇ, ਖਾਣ-ਪੀਣ, ਬੋਲ-ਚਾਲ ਅਤੇ ਰਹਿਣ-ਸਹਿਣ ਦਾ ਪੂਰਨ ਆਨੰਦ ਮਾਣ ਸਕਣ। ਇਸ ਦਾ ਭਾਵ ਇਹ ਵੀ ਸੀ ਕਿ ਨਾ ਤਾਂ ਸੱਤਾ ਦਾ ਭਾਰੀ 'ਕੇਂਦਰੀਕਰਨ' ਹੋਵੇ ਅਤੇ ਨਾ ਹੀ ਰਾਜਨੀਤੀ ਦਾ 'ਧਰੁਵੀਕਰਨ'। ਸੰਘੀ ਢਾਂਚੇ 'ਚ ਕੇਂਦਰ ਆਪਣੇ



**ਡਾ. ਗੁਰਵਿੰਦਰ ਸਿੰਘ, ਕੈਨੇਡਾ**
**ਫੋਨ: 604-825 1550**

ਸੂਬਿਆਂ ਦੀਆਂ ਸਰਕਾਰਾਂ ਨਾਲ ਧੱਕੇਸ਼ਾਹੀ ਨਾ ਕਰੇ ਅਤੇ ਕੇਂਦਰੀ ਸਰਕਾਰ ਸੁਆਰਥ ਲਈ, ਸਿਆਸੀ ਵਿਰੋਧੀਆਂ ਦਾ ਅੰਤ ਨਾ ਕਰੇ। ਗ਼ਦਰੀ ਬਾਬਿਆਂ ਦੀ ਇਸ ਸੋਚ ਨਾਲ ਅੱਜ ਜਿਵੇਂ ਖਿਲਵਾੜ ਹੋ ਰਿਹਾ ਹੈ, ਜਿਸ ਦੀਆਂ ਅਨੇਕਾਂ ਮਿਸਾਲਾਂ ਮੌਜੂਦਾ ਆਜ਼ਾਦ ਭਾਰਤ ਦੇ ਸੰਘੀ ਢਾਂਚੇ 'ਤੇ ਸੁਆਲ ਖੜ੍ਹੇ ਕਰਦੀਆਂ ਹਨ।

ਜਿਹੜੇ ਆਰਐਸਐਸ ਦੇ ਸੰਘੀ ਕੋੜਮੇ ਨੇ ਆਜ਼ਾਦੀ 'ਚ ਹਿੱਸਾ ਪਾਉਣ ਦੀ ਥਾਂ, ਅੰਗਰੇਜ਼ਪ੍ਰਸਤੀ ਕੀਤੀ, ਅੱਜ ਉਹ ਆਜ਼ਾਦੀ ਦੇ ਪ੍ਰਵਾਨਿਆਂ ਤੋਂ 'ਦੇਸ਼ ਪਿਆਰ' ਦੇ ਪ੍ਰਮਾਣ ਮੰਗ ਰਹੇ ਹਨ। ਸਿਤਮਜ਼ਰੀਫ਼ੀ ਇਹ ਹੈ ਕਿ ਆਰਐਸਐਸ ਦੇ ਮੋਹਨ ਭਾਗਵਤ ਵਰਗਿਆਂ ਦੇ ਦਰਬਾਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਤਾਬਿਆਦਾਰ ਬਣ ਕੇ ਜਵਾਬਦੇਹ ਹੋ ਰਹੇ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਰਐਸਐਸ ਦੇ ਮੌਜੂਦਾ ਭਾਰਤ ਵਿਚ ਵਿਦਿਆ ਦਾ ਭਗਵਾਂਕਰਨ ਕਿਸ ਪੱਧਰ ਤੱਕ ਜਾਵੇਗਾ? ਆਰਐਸਐਸ ਦੇ ਨਕਸ਼ੇ ਕਦਮਾਂ 'ਤੇ ਚੱਲਣ ਵਾਲੀ ਭਾਜਪਾ ਸਰਕਾਰ ਦੇ ਸਿਆਸੀ ਵਿਰੋਧ ਕਾਰਨ ਵੱਖ-ਵੱਖ ਸੂਬੇ ਅਤੇ ਸਿਆਸੀ ਪਾਰਟੀਆਂ ਕੇਂਦਰ ਵੱਲੋਂ ਕੁਚਲੇ ਜਾ ਰਹੇ ਹਨ। ਮਨੀਪੁਰ ਦੀ ਸਥਿਤੀ ਇਸਦੀ ਮੂੰਹ ਬੋਲਦੀ ਤਸਵੀਰ ਹੈ, ਜਿੱਥੇ ਘੱਟ-ਗਿਣਤੀ ਕੁਕੀ ਇਸਾਈ ਭਾਈਚਾਰੇ ਦੀਆਂ ਔਰਤਾਂ ਦੀ ਨਗਨ ਪਰੇਡ, ਸਮੂਹਿਕ ਬਲਾਤਕਾਰ ਅਤੇ ਸ਼ਰੇ-ਬਾਜ਼ਾਰ ਕਤਲ ਬਹੁਗਿਣਤੀਵਾਦ ਦੀ ਸਿਆਸੀ ਚਾਲ ਅਤੇ ਫਿਰਕੂਵਾਦ ਦਾ ਨਤੀਜਾ ਹੈ। ਹਿੰਦੁਤਵ ਦੇ ਏਜੰਡੇ ਅਧੀਨ 'ਹਿੰਦੀ, ਹਿੰਦੂ ਅਤੇ ਹਿੰਦੁਸਤਾਨ' ਦਾ ਢੰਡੋਰਾ ਪਿਟਦੇ ਦੇਸ਼ ਦੇ ਹਾਕਮ ਘੱਟ-ਗਿਣਤੀਆਂ 'ਤੇ ਅੱਤਿਆਚਾਰ, ਧਾਰਾ 370 ਦਾ ਖ਼ਾਤਮਾ, ਸੀ.ਏ.ਏ. ਵਰਗੇ ਐਕਟਾਂ ਰਾਹੀਂ ਵੋਟਾਂ ਦੇ ਧਰੁਵੀਕਰਨ ਲਈ ਜ਼ਮੀਨ ਤਿਆਰ ਕਰ ਰਹੇ ਹਨ।

ਸੱਚ ਤਾਂ ਇਹ ਹੈ ਕਿ ਗ਼ਦਰੀ ਬਾਬਿਆਂ ਦੇ ਸੁਪਨਿਆਂ ਨਾਲ ਉਦੋਂ ਹੀ ਖਿਲਵਾੜ ਹੋ ਗਿਆ ਸੀ, ਜਦੋਂ 14-15 ਅਗਸਤ 1947 ਨੂੰ ਦੇਸ਼ ਪੰਜਾਬ ਦੇ ਦੋ ਟੁਕੜੇ ਹੋਏ ਸਨ। ਲੱਖਾਂ ਲੋਕ ਮਾਰੇ ਗਏ ਸਨ। ਪੰਜਾਬ ਨੂੰ ਦੋ ਹਿੱਸਿਆਂ 'ਚ ਵੰਡਣ ਦਾ ਦਰਦ ਪਾਕਿਸਤਾਨੀ ਪੰਜਾਬ ਦੇ ਕਵੀ ਉਸਤਾਦ 'ਦਾਮਨ' ਇਉਂ ਮਹਿਸੂਸ ਕਰਦੇ ਹਨ;


'ਇਸ ਮੁਲਕ ਦੀ ਵੰਡ ਕੋਲੋਂ ਯਾਰੋ,
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਹਾਂ।
ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।
—
ਲਾਲੀ ਅੱਖੀਆਂ ਦੀ ਪਈ ਦਸਦੀ ਏ,
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।''

ਅੰਗਰੇਜ਼ਾਂ ਖ਼ਿਲਾਫ਼ ਆਜ਼ਾਦੀ ਦੇ ਸੰਘਰਸ਼ ਵਿਚ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਸ਼ਹੀਦੀਆਂ ਪਾਉਣ, ਉਮਰ ਕੈਦ ਕੱਟਣ ਅਤੇ ਕਾਲੇ ਪਾਣੀਆਂ ਦਾ ਦਰਦ ਝੱਲਣ ਵਾਲੇ ਪੰਜਾਬੀਆਂ ਨੂੰ ਹੀ ਦੇਸ਼ ਦੀ ਵੰਡ ਦਾ ਦਰਦ, ਸਭ ਤੋਂ ਵੱਧ ਹੰਢਾਉਣਾ ਪਿਆ। ਇਕ ਅੰਦਾਜ਼ੇ ਅਨੁਸਾਰ ਫ਼ਿਰਕੂ ਨਫ਼ਰਤ ਦੇ ਭਾਂਬੜ ਬਾਲ ਕੇ, ਪੰਜਾਬ ਨੂੰ ਦੋ ਟੋਟਿਆਂ 'ਚ ਵੰਡੇ ਜਾਣ ਦੌਰਾਨ 10 ਲੱਖ ਤੋਂ ਵੱਧ ਪੰਜਾਬੀਆਂ ਦੇ ਕਤਲ ਹੋਏ। ਸਦੀ ਦੇ ਮਹਾਂ-ਦੁਖਾਂਤ ਨੂੰ ਜਸ਼ਨ ਵਜੋਂ ਮਨਾਉਣਾ ਬੌਧਿਕ ਦੀਵਾਲੀਆਪਣ ਨਹੀਂ, ਤਾਂ ਹੋਰ ਕੀ ਹੈ? ਅਜਿਹੇ ਦੁਖਾਂਤ 'ਤੇ ਮਾਤਮ ਮਨਾਉਣ ਦੀ ਲੋੜ ਹੈ, ਨਾ ਕਿ ਜਸ਼ਨ ਮਨਾਉਣ ਦੀ, ਜਿਵੇਂ ਕਿ ਮਹਾਨ ਸ਼ਾਇਰ ਡਾ. ਹਰਭਜਨ ਸਿੰਘ ਇਹ ਦਰਦ ਬਿਆਨ ਕਰਦੇ ਸਨ;

''ਸੌਂ ਜਾ ਮੇਰੇ ਮਾਲਕਾ ਵੇ ਵਰਤਿਆ ਹਨੇਰ
ਵੇ ਕਾਲਖਾਂ 'ਚ ਤਾਰਿਆਂ ਦੀ ਡੁੱਬ ਗਈ ਸਵੇਰ।
ਹੈ ਖੂਹਾਂ ਵਿਚ ਆਦਮੀ ਦੀ ਜਾਗਦੀ ਸੜ੍ਹਾਂਦ
ਤੇ ਸੌਂ ਗਏ ਨੇ ਆਦਮੀ ਤੋਂ ਸੱਖਣੇ ਗਵਾਂਢ।
ਵੇ ਸੀਤ ਨੇ ਮੁਆਤੇ ਤੇ ਗਸ਼ ਹੈ ਜ਼ਮੀਨ,
ਵੇ ਸੀਨਿਆਂ ਵਿਚ ਸੁੰਨ ਦੋਵੇਂ ਖ਼ੂਨ ਤੇ ਸੰਗੀਨ।
ਵੇ ਜ਼ਿੰਦਗੀ ਬੇਹੋਸ਼ ਤੇ ਖ਼ਾਮੋਸ਼ ਕਾਇਨਾਤ
ਵਿਹਲਾ ਹੋ ਕੇ ਸੌਂ ਗਿਆ ਐ ਲੋਹਾ ਇਸਪਾਤ।
ਸੌਂ ਜਾ ਮੇਰੇ ਮਾਲਕਾ ਵੀਰਾਨ ਹੋਈ ਰਾਤ।''







'ਆਜ਼ਾਦੀ' ਅਜਿਹਾ ਸ਼ਬਦ ਹੈ, ਜੋ ਆਪਣੇ ਵਿਸ਼ਾਲ ਕਲਾਵੇ ਵਿਚ ਅਨੇਕਾਂ ਮਹੱਤਵਪੂਰਨ ਸੰਕਲਪਾਂ ਨੂੰ ਸਮੋਈ ਬੈਠਾ ਹੈ। ਬਹੁ ਪੱਖੀ ਤੇ ਬਹੁ-ਪਸਾਰੀ ਸ਼ਬਦ ਆਜ਼ਾਦੀ ਦਾ ਲਫ਼ਜ਼ੀ ਅਰਥ ਹੈ- 'ਸਰੀਰਕ, ਮਾਨਸਿਕ, ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਪੱਖੋਂ ਕਿਸੇ ਵਿਅਕਤੀ, ਸਮਾਜ ਅਤੇ ਦੇਸ਼ ਦੀ ਪੂਰਨ ਸੁਤੰਤਰਤਾ 'ਤੇ ਸੰਸਾਰ ਦੇ ਹਰ ਪ੍ਰਾਣੀ ਦਾ ਜਮਾਂਦਰੂ ਹੱਕ ਹੈ। ਜ਼ਿੰਦਗੀ ਵਾਸਤੇ ਆਜ਼ਾਦੀ ਉਨੀ ਹੀ ਲਾਜ਼ਮੀ ਹੈ, ਜਿੰਨੇ ਸਰੀਰ ਲਈ ਅੰਨ, ਪਾਣੀ ਅਤੇ ਹਵਾ ਆਦਿ। ਜਿਥੇ ਅਧਿਆਤਮਕ ਸ਼ੈਲੀ ਵਿਚ ਬਾਬਾ ਫ਼ਰੀਦ 'ਬਾਰਿ ਪਰਾਇਐ ਬੈਸਣਾ'' ਵਿਚ ਆਤਮਿਕ ਗੁਲਾਮੀ ਦੀ ਸਥਿਤੀ ਨਾਲੋਂ ਮੌਤ ਨੂੰ ਪਹਿਲ ਦਿੰਦੇ ਹਨ, ਉਥੇ ਵਿਸ਼ਵ ਦੇ ਪ੍ਰਸਿੱਧ ਫਿਲਾਸਫ਼ਰ ਪੈਟਰਿਕ ਹੈਨਰੀ ਦੇ ਸ਼ਬਦ ਹਨ ''ਜੇ ਤੁਸੀਂ ਮੈਨੂੰ ਆਜ਼ਾਦੀ ਨਹੀਂ ਦੇ ਸਕਦੇ, ਤਾਂ ਇਸ ਨਾਲੋਂ ਬਿਹਤਰ ਹੈ ਕਿ ਤੁਸੀਂ ਮੈਨੂੰ ਮੌਤ ਦੇ ਦਿਓ।'' ਦੁਨੀਆ ਦੇ ਹਰ ਮੁਲਕ ਵਿਚ ਹਰ ਕੌਮ ਵੱਲੋਂ, ਆਜ਼ਾਦੀ ਪ੍ਰਾਪਤੀ ਲਈ ਨਿਰੰਤਰ ਜਦੋ-ਜਹਿਦ ਹੁੰਦੀ ਰਹੀ ਹੈ ਅਤੇ ਤਦ ਤੱਕ ਜਾਰੀ ਰਹੀ ਹੈ, ਜਦ ਤੱਕ ਪੂਰਨ ਆਜ਼ਾਦੀ ਪ੍ਰਾਪਤ ਨਹੀਂ ਹੋਈ।

ਭਾਰਤ ਨੂੰ ਗੁਲਾਮੀ ਦੇ ਸ਼ਿਕੰਜੇ ਤੋਂ ਖ਼ਲਾਸੀ ਦਿਵਾਉਣ ਦੀ ਗੌਰਵਮਈ ਇਤਿਹਾਸਕ ਗਾਥਾ ਵਿਚ ਵੀ ਪੰਜਾਬੀਆਂ, 'ਖ਼ਾਸਕਰ ਸਿੱਖਾਂ' ਵੱਲੋਂ ਸਭ ਤੋਂ ਵੱਧ ਦਿੱਤੀਆਂ ਗਈਆਂ ਕੁਰਬਾਨੀਆਂ ਦੀ ਦਾਸਤਾਨ ਮੌਜੂਦ ਹੈ। ਮਹਾਨ ਸਿੱਖ ਸੂਰਵੀਰਾਂ ਦੀਆਂ ਸ਼ਹੀਦੀਆਂ ਦੇ ਸਿੱਟੇ ਵਜੋਂ ਹੀ ਕਦੇ ਨਾ ਅਸਤ ਹੋਣ ਵਾਲਾ 'ਬ੍ਰਿਟਿਸ਼ ਸਾਮਰਾਜ ਦਾ ਸੂਰਜ', ਸਦਾ ਲਈ ਛਿਪ ਗਿਆ ਸੀ। ਬਦਲੇ ਵਿਚ ਸਿੱਖਾਂ ਨੂੰ ਕੀ ਮਿਲਿਆ- 'ਗੁਲਾਮੀ'। ਧੱਕੇਸ਼ਾਹੀਆਂ ਅਤੇ ਜਬਰ ਤੋਂ ਤੰਗ ਆ ਕੇ ਸਿੱਖ ਆਪਣੇ ਆਜ਼ਾਦ ਦੇਸ਼ ਦੀ ਮੰਗ ਨਾ ਕਰਨ ਤਾਂ ਹੋਰ ਕੀ ਕਰਨ?

ਵਰਤਮਾਨ ਸਮੇਂ ਆਖਣ ਨੂੰ ਤਾਂ ਭਾਰਤ ਨੂੰ ਆਜ਼ਾਦ ਹੋਇਆਂ 78 ਵਰ੍ਹੇ ਬੀਤ ਚੁੱਕੇ ਹਨ, ਪਰ ਵਿਚਾਰਨਯੋਗ ਗੱਲ ਇਹ ਹੈ ਕਿ ਇਸ ਸਮੇਂ ਦੌਰਾਨ ਦੇਸਵਾਸੀਆਂ ਨੇ 'ਆਜ਼ਾਦੀ ਦਾ ਨਿੱਘ' ਮਾਣਿਆ ਵੀ ਹੈ ਕਿ ਨਹੀਂ? ਕੁਰਬਾਨੀਆਂ ਦੇ ਇਤਿਹਾਸ ਪੱਖੋਂ ਦੇਸ਼ ਲਈ 95 ਫੀਸਦੀ ਸ਼ਹਾਦਤਾਂ ਦੇਣ ਵਾਲੇ ਪੰਜਾਬੀਆਂ ਨੂੰ 5 ਫੀਸਦੀ ਆਜ਼ਾਦ ਵਾਯੂ-ਮੰਡਲ ਵੀ ਨਸੀਬ ਨਹੀਂ ਹੋਇਆ। ਬੀਤੀ ਪੌਣੀ ਸਦੀ ਦੌਰਾਨ ਪੰਜਾਬੀਆਂ, 'ਖ਼ਾਸਕਰ ਸਿੱਖਾਂ' ਨੇ ਆਪਣੇ ਪਿੰਡੇ 'ਤੇ ਜੋ ਦਰਦ ਹੰਢਾਇਆ, ਉਸ ਬਾਰੇ ਸੋਚਦਿਆਂ ਉਹ ਕਿਵੇਂ ਤਿਰੰਗੇ ਨੂੰ ਸਲਾਮੀ ਦੇ ਸਕਦੇ ਹਨ? ਸੱਚ ਤਾਂ ਇਹ ਹੈ:

ਨਸਲਕੁਸ਼ੀ ਜੋ ਕਰ ਰਹੇ, ਸੱਤਾ ਵਿਚ ਮਗ਼ਰੂਰ।
ਕਹਿਣ 'ਤਿਰੰਗਾ ਚਾੜ੍ਹਿਓ', ਸਾਨੂੰ ਨਾ ਮਨਜ਼ੂਰ।

ਅੱਜ ਭਾਰਤ ਦੀ ਦਸ਼ਾ ਇਹ ਹੈ ਕਿ ਆਰਥਿਕ ਪੱਖੋਂ ਦੇਸ਼ ਦਾ 5 ਫੀਸਦੀ ਵਸ਼ਿਸ਼ਟ ਤੇ ਅਮੀਰ (ਅਡਾਨੀ, ਅੰਬਾਨੀ) ਵਰਗ 95 ਫੀਸਦੀ ਧਨ 'ਤੇ ਕਾਬਜ਼ ਹੋਇਆ ਬੈਠਾ ਹੈ, ਜਦ ਕਿ ਮੁਲਕ ਦੀ ਪਚਾਨਵੇਂ ਫੀਸਦੀ ਆਬਾਦੀ ਪੰਜ ਫੀਸਦੀ ਸਰੋਤਾਂ 'ਤੇ ਜ਼ਿੰਦਗੀ ਬਸਰ ਕਰ ਰਹੀ ਹੈ। ਕੁੱਲੀ, ਗੁੱਲੀ ਤੇ ਜੁੱਲੀ ਲਈ ਤਰਸਦੇ ਗਰੀਬੀ ਦਾ ਸ਼ਿਕਾਰ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ ਤੇ ਮਾਸੂਮ ਬੱਚੇ ਭੁੱਖੇ ਪੇਟ ਰੋਂਦਿਆਂ ਸੌਂ ਜਾਂਦੇ ਹਨ, ਅਜਿਹੇ ਦੁਖਿਆਰਿਆਂ ਲਈ ਆਜ਼ਾਦੀ ਕੋਈ ਅਰਥ ਨਹੀਂ ਰੱਖਦੀ। ਸੱਚ ਤਾਂ ਇਹ ਹੈ ਕਿ ਬਹੁਤੇ ਦੇਸ਼-ਵਾਸੀਆਂ ਨੂੰ ਤਾਂ ਇਲਮ ਹੀ ਨਹੀਂ ਕਿ ਆਜ਼ਾਦੀ ਕਿਸ ਸ਼ੈਅ ਦਾ ਨਾਂ ਹੈ, ਬਲਕਿ ਹੈਰਾਨੀ ਭਰੇ ਲਹਿਜ਼ੇ 'ਚ ਉਹ ਕਵੀ ਗੁਰਦਾਸ ਰਾਮ 'ਆਲਮ' ਵਾਂਗ ਇਉਂ ਸੁਆਲ-ਜੁਆਬ ਕਰਦੇ ਹਨ ;

ਭਾਰਤ ਨੂੰ ਗੁਲਾਮੀ ਦੇ ਸ਼ਿਕੰਜੇ ਤੋਂ ਖ਼ਲਾਸੀ ਦਿਵਾਉਣ ਦੀ ਗੌਰਵਮਈ ਇਤਿਹਾਸਕ ਗਾਥਾ ਵਿਚ ਵੀ ਪੰਜਾਬੀਆਂ, 'ਖ਼ਾਸਕਰ ਸਿੱਖਾਂ' ਵੱਲੋਂ ਸਭ ਤੋਂ ਵੱਧ ਦਿੱਤੀਆਂ ਗਈਆਂ ਕੁਰਬਾਨੀਆਂ ਦੀ ਦਾਸਤਾਨ ਮੌਜੂਦ ਹੈ। ਮਹਾਨ ਸਿੱਖ ਸੂਰਵੀਰਾਂ ਦੀਆਂ ਸ਼ਹੀਦੀਆਂ ਦੇ ਸਿੱਟੇ ਵਜੋਂ ਹੀ ਕਦੇ ਨਾ ਅਸਤ ਹੋਣ ਵਾਲਾ 'ਬ੍ਰਿਟਿਸ਼ ਸਾਮਰਾਜ ਦਾ ਸੂਰਜ', ਸਦਾ ਲਈ ਛਿਪ ਗਿਆ ਸੀ। ਬਦਲੇ ਵਿਚ ਸਿੱਖਾਂ ਨੂੰ ਕੀ ਮਿਲਿਆ- 'ਗੁਲਾਮੀ'। ਧੱਕੇਸ਼ਾਹੀਆਂ ਅਤੇ ਜਬਰ ਤੋਂ ਤੰਗ ਆ ਕੇ ਸਿੱਖ ਆਪਣੇ ਆਜ਼ਾਦ ਦੇਸ਼ ਦੀ ਮੰਗ ਨਾ ਕਰਨ ਤਾਂ ਹੋਰ ਕੀ ਕਰਨ?

''ਕਿਉਂ ਬਈ ਨਿਹਾਲਿਆ! ਆਜ਼ਾਦੀ ਨਹੀਂ ਵੇਖੀ?
ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ।
ਆਈ ਨੂੰ ਭਾਵੇਂ ਕਈ ਸਾਲ ਬੀਤੇ,
ਪਰ ਅਸੀਂ ਤਾਂ ਅਜੇ ਤੱਕ ਦਰਸ਼ਨ ਨਹੀਂ ਕੀਤੇ।
ਅਖ਼ਬਾਰਾਂ 'ਚੋਂ ਪੜ੍ਹਿਆ ਜਰਵਾਣੀ ਜਿਹੀ ਏ,
ਕੋਈ ਸੋਹਣੀ ਨਹੀਂ, ਐਵੇਂ 'ਕਾਣੀ ' ਜਿਹੀ ਏ।''

1947 ਵਿਚ ਪਾਕਿਸਤਾਨ ਤੇ ਹਿੰਦੁਸਤਾਨ ਦੀ ਫਿਰਕੂ ਵੰਡ ਦੌਰਾਨ ਲੱਖਾਂ ਬੇਗੁਨਾਹ ਮਾਰੇ ਗਏ, ਪਰ 'ਆਜ਼ਾਦੀ' ਮਗਰੋਂ ਦੇਸ਼ ਦੀ ਫਿਰਕੂ ਰਾਜਨੀਤੀ ਦੇ ਸਿੱਟੇ ਵਜੋਂ ਇਹ ਫਸਾਦ ਘਟੇ ਨਹੀਂ, ਲਗਾਤਾਰ ਵਧਦੇ ਰਹੇ ਹਨ। ਦੇਸ਼ ਵਿਚ ਜੂਨ 1984 ਵਿਚ ਦੁਖਾਂਤ ਤੇ ਮਗਰੋਂ ਬਾਬਰੀ ਮਸਜਿਦ ਦੁਖਾਂਤ ਅਜਿਹੀਆਂ ਫਿਰਕੂ ਅਤੇ ਦਰਦਨਾਕ ਘਟਨਾਵਾਂ ਹਨ, ਜੋ ਭਾਰਤ ਦੇ ਇਤਿਹਾਸ ਵਿਚ ਵੀਹਵੀਂ ਸਦੀ ਦੇ ਸਭ ਤੋਂ ਵੱਡੇ ਦੁਖਾਂਤ ਵਜੋਂ ਜਾਣੀਆਂ ਜਾਂਦੀਆਂ ਰਹਿਣਗੀਆਂ। ਸੱਤਾ ਦੇ ਧਰੁਵੀਕਰਨ ਦੀ ਕੋਝੀ ਤਸਵੀਰ ਦੇਖਣੀ ਹੋਵੇ, ਤਾਂ ਨਵੰਬਰ 1984 ਵਿਚ 'ਸਿੱਖ ਨਸਲਕੁਸ਼ੀ' ਦੇ ਦੁਖਾਂਤ ਤੋਂ ਸਪੱਸ਼ਟ ਹੋ ਜਾਂਦੀ ਹੈ। ਆਜ਼ਾਦ ਭਾਰਤ 'ਚ ਸਰਕਾਰੀ-ਤੰਤਰ ਦੀ ਆੜ 'ਚ ਹਜ਼ਾਰਾਂ ਸਿੱਖਾਂ ਦਾ ਕਤਲ ਹੋਇਆ, ਪਰ ਜਵਾਬ 'ਚ ਬਹੁਗਿਣਤੀ ਵੱਲੋਂ ਉਸ ਸਮੇਂ ਦੀ 'ਕਾਂਗਰਸ' ਨੂੰ ਸਭ ਤੋਂ ਵੱਡਾ ਬਹੁਮਤ ਹਾਸਿਲ ਹੋਇਆ। ਇਸ ਵਰਤਾਰੇ ਨੂੰ ਦੁਹਰਾਉਂਦੇ ਹੋਏ, ਸੰਨ 2002 ਵਿਚ ਗੁਜਰਾਤ ਅੰਦਰ ਮੁਸਲਿਮ ਕਤਲੇਆਮ ਹੋਇਆ, ਉਸ ਮਗਰੋਂ 'ਭਾਰਤੀ ਜਨਤਾ ਪਾਰਟੀ' ਨੂੰ ਬਹੁ-ਗਿਣਤੀ ਵੱਲੋਂ ਭਾਰੀ ਬਹੁਮਤ ਨਾਲ ਨਿਵਾਜਿਆ ਗਿਆ। ਦੇਸ਼ ਵਿਚ ਸਿਆਸਤਦਾਨਾਂ ਵੱਲੋਂ ਮਾਨਵਵਾਦ ਉਤੇ ਫਿਰਕੂਵਾਦ ਅਤੇ ਲੋਕਤੰਤਰ ਉਤੇ ਫ਼ਾਸ਼ੀਵਾਦ ਦੀ ਜਿੱਤ ਦਾ ਨੰਗਾ-ਚਿੱਟਾ ਪ੍ਰਚਾਰ ਕੀਤਾ ਜਾ ਰਿਹਾ ਹੈ। ਸ਼ਾਇਰ ਸ਼ੋਕ ਬਹਿਰਾਇਚੀ ਦਾ ਇਹ ਮਸ਼ਹੂਰ ਸ਼ੇਅਰ 'ਆਜ਼ਾਦੀ ਦੇ 78 ਸਾਲ' ਗੁਜ਼ਰ ਜਾਣ ਮਗਰੋਂ ਨਜ਼ਰ ਆ ਰਹੇ ਹਾਲਾਤ 'ਤੇ ਪੂਰਾ ਢੁਕਦਾ ਹੈ।

''ਬਸ ਏਕ ਹੀ ਉੱਲੂ ਕਾਫ਼ੀ ਥਾ,
ਬਰਬਾਦ ਗੁਲਸਿਤਾਂ ਕਰਨੇ ਕੋ
ਹਰ ਸ਼ਾਖ਼ ਪੇ ਉਲੂ ਬੈਠਾ ਹੈ,
ਅੰਜਾਮ -ਏ-ਗੁਲਸਿਤਾਂ ਕਿਆ ਹੋਗਾ?''

ਢਾਂਚਾਗਤ ਨਸਲਵਾਦ ਦਾ ਬੋਲਬਾਲਾ ਸਿਖਰਾਂ ਨੂੰ ਛੂਹ ਰਿਹਾ ਹੈ। ਬਹੁ-ਸੰਖਿਆਵਾਦ ਦੀ ਦਹਿਸ਼ਤਗਰਦੀ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਆਪਣੇ ਵਿਚ ਜਜ਼ਬ ਕਰਨ ਜਾਂ ਮੂਲੋਂ ਹੀ ਮਿਟਾਉਣ 'ਤੇ ਤੁਲੀ ਹੋਈ ਹੈ। ਸਰਕਾਰ ਦੀ ਅਲੋਚਨਾ ਕਰਨਾ ਸਭ ਤੋਂ ਵੱਡਾ ਜੁਰਮ ਹੈ। ਸੰਵਿਧਾਨ ਵਿਚਲੇ 'ਸੈਕੁਲਰਿਜ਼ਮ' ਭਾਵ ਧਰਮ-ਨਿਰਪੱਖਤਾ ਦੇ ਸ਼ਬਦ ਚਾਹੇ ਲਿਖਤੀ ਰੂਪ 'ਚ ਅਜੇ ਹਟਾਏ ਨਹੀਂ ਗਏ, ਪਰ ਸੱਤਾ ਤੇ ਸਥਾਪਤੀ ਨੇ ਆਪਣੇ ਵਿਹਾਰ ਤੇ ਕਿਰਦਾਰ ਵਿਚੋਂ ਇਹ ਕਦੋਂ ਦੇ ਖ਼ਤਮ ਕਰ ਦਿੱਤੇ ਹਨ। ਜਦੋਂ 'ਵਾੜ ਹੀ ਖੇਤ ਨੂੰ ਖਾਣ' ਲੱਗ ਪਵੇ ਅਤੇ ਰੱਖਿਅਕ ਹੀ ਭੱਖਿਅਕ ਬਣ ਜਾਣ, ਤਾਂ ਪੀੜਤ ਦੇ ਬਚ ਸਕਣ ਦੀ ਆਸ ਮੁੱਕ ਜਾਂਦੀ ਹੈ। ਦੇਸ਼ ਦੇ ਸੈਂਕੜੇ 'ਬੁੱਧੀਜੀਵੀ' ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨਾਂ ਅਧੀਨ ਜੇਲ੍ਹਾਂ 'ਚ ਡੱਕੇ ਹੋਏ ਹਨ। 'ਸਿੱਖ ਕੈਦੀ' ਉਮਰ ਕੈਦਾਂ ਕੱਟਣ ਮਗਰੋਂ ਵੀ ਜੇਲ੍ਹਾਂ 'ਚ ਧੱਕੇ ਨਾਲ ਬੰਦ ਹਨ, ਜਿਨ੍ਹਾਂ ਦੀਆਂ ਰਿਹਾਈਆਂ ਨਹੀਂ ਹੋ ਰਹੀਆਂ।

ਚਿੰਤਕ ਜੇਲ੍ਹੀਂ ਬੰਦ ਨੇ, ਬੋਲਣ ਦਾ ਵੀ ਦੋਸ਼।
ਜਨਤਾ ਕੀਤੀ ਹਾਕਮਾਂ, ਸਿਵਿਆਂ ਵਾਂਗ ਖ਼ਾਮੋਸ਼।

1975 ਵਿਚ ਭਾਰਤ 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਾ ਕੇ ਲੋਕਰਾਜੀ ਤਾਕਤਾਂ ਨਸ਼ਟ ਕਰਨਾ ਅਜਿਹੀ ਮੰਦਭਾਗੀ ਕਾਰਵਾਈ ਸੀ, ਜਿਸਨੇ ਆਜ਼ਾਦੀ ਦਾ ਸਿਧਾਂਤ ਹੀ ਬਰਬਾਦ ਕਰ ਦਿੱਤਾ। ਅੱਜ ਵੀ ਦੇਸ਼ 'ਚ ਵੱਖ-ਵੱਖ ਸੂਬਿਆਂ ਅੰਦਰ ਕੇਂਦਰ ਦੇ ਨੁਮਾਇੰਦੇ ਰਾਜਪਾਲਾਂ ਰਾਹੀ, ਸਰਕਾਰਾਂ ਤੋੜਨ ਅਤੇ ਸਿਆਸੀ ਖਰੀਦੋ-ਫ਼ਰੋਖ਼ਤ ਦਾ ਧੰਦਾ ਜ਼ੋਰਾਂ 'ਤੇ ਚਲ ਰਿਹਾ ਹੈ। ਅੱਜ ਦੀ 'ਅਣ-ਐਲਾਨੀ ਐਮਰਜੈਂਸੀ' ਹੋਰ ਵੀ ਵਧੇਰੇ ਖ਼ਤਰਨਾਕ ਹੈ। ਐਮਰਜੈਂਸੀ ਵੇਲੇ ਇੰਦਰਾ ਗਾਂਧੀ ਬਾਰੇ ਪ੍ਰਸਿੱਧ ਸ਼ਾਇਰ ਡਾ. ਦੁਸ਼ਯੰਤ ਕੁਮਾਰ ਤਿਆਗੀ ਨੇ ਜੋ ਲਿਖਿਆ ਸੀ, ਅੱਜ ਉਹ ਮੋਦੀ ਸਰਕਾਰ 'ਤੇ ਵੀ ਪੂਰਾ ਢੁੱਕਦਾ ਹੈ;

''ਏਕ 'ਗੁੜੀਆ' ਕੀ ਕਈ ਕਠਪੁਤਲੀਓਂ ਮੇਂ ਜਾਨ ਹੈ।
ਆਜ ਸ਼ਾਇਰ ਯੇਹ ਤਮਾਸ਼ਾ ਦੇਖ ਕੇ ਹੈਰਾਨ ਹੈ।
ਮਸਲ ਹਤ ਆਮੇਜ਼ ਹੋਤੇ ਹੈ ਸਿਆਸਤ ਕੇ ਕਦਮ
ਤੂ ਨਾ ਸਮਝੇਗਾ ਅਭੀ ਤੂ ਅਭੀ ਇਨਸਾਨ ਹੈ।
ਕੱਲ੍ਹ ਨੁਮਾਇਸ਼ ਮੇਂ ਮਿਲਾ ਵੋਹ ਚੀਥੜੇ ਪਹਿਨੇ ਹੋਏ
ਮੈਨੇ ਪੂਛਾ ਨਾਮ ਬੋਲਾ 'ਹਿੰਦੋਸਤਾਨ' ਹੈ।''

ਇਹ ਉਹੀ ਪੀੜਾ ਹੈ, ਜਿਹੜੀ ਲੋਕਾਂ ਅੰਦਰ ਫਿਰਕੂ ਸਾਂਝ ਨੂੰ ਤੋੜਨ ਅਤੇ ਤਣਾਓ ਵਧਾਉਣ ਦੀ ਹਾਲਤ 'ਚ, ਨਾਸੂਰ ਬਣਦੀ ਹੈ। ਦਰਅਸਲ ਇਹ 'ਆਜ਼ਾਦੀ ਦਾ ਮਹਾਂਉਤਸਵ' ਨਹੀਂ, ਸਗੋਂ 'ਦੇਸ਼ ਨੂੰ ਹਿੰਦੂ ਰਾਸ਼ਟਰ' ਬਣਾਉਣ ਦਾ ਆਖ਼ਰੀ ਪੜਾਅ ਹੈ, ਜਿਸ ਵਿਚ ਵੰਨ-ਸੁਵੰਨਤਾ ਨੂੰ ਮਲੀਆਮੇਟ ਕਰਨ ਲਈ 'ਇਕ ਦੇਸ਼ ਇਕ ਭਾਸ਼ਾ' ਵਰਗੇ ਨਾਅਰੇ ਦਿੱਤੇ ਜਾ ਰਹੇ ਹਨ। ਫਿਰਕੂ ਪੱਧਰ 'ਤੇ ਭਾਈਚਾਰਿਆਂ ਨੂੰ ਵੰਡਣ ਵਾਲੇ ਕਾਨੂੰਨ ਅਤੇ ਕਈ ਹੋਰ ਘੁਣਤਰਾਂ ਹੋ ਰਹੀਆਂ ਹਨ। ਦੇਸ਼ ਦੇ ਕੱਟੜ ਫ਼ਿਰਕੂ ਸ਼ਾਸਕ ਜੋ ਤਬਾਹੀ ਕਰ ਰਹੇ ਹਨ, ਉਹ ਵੇਖਦਿਆਂ ਪ੍ਰੋ. ਮੋਹਨ ਸਿੰਘ ਦੇ ਬੋਲ ਯਾਦ ਆ ਰਹੇ ਹਨ ਕਿ ਕਿਸ ਤਰ੍ਹਾਂ ਵਤਨ ਵੀਰਾਨ ਹੋ ਗਿਆ ਤੇ ਰਾਖਾ ਸ਼ੈਤਾਨ ਬਣ ਗਿਆ ਹੈ ;

''ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ,
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ
'ਕਲਯੁੱਗ ਹੈ ਰੱਥ ਅਗਨ ਦਾ', ਤੂੰ ਆਪ ਆਖਿਆ,
ਮੁੜ ਕੂੜ ਓਸ ਰੱਥ ਦਾ, ਰਥਵਾਨ ਹੋ ਗਿਆ ।
ਉਹ ਝੁਲੀਆਂ ਤੇਰੇ ਦੇਸ਼ ਤੇ ਮਾਰੂ ਹਨੇਰੀਆਂ,
ਉਡ ਕੇ ਅਸਾਡਾ ਆਹਲਣਾ ਕੱਖ ਕਾਨ ਹੋ ਗਿਆ
ਇਕ ਪਾਸੇ ਪਾਕ, ਪਾਕੀ, ਪਾਕਿਸਤਾਨ ਹੋ ਗਿਆ,
ਇਕ ਪਾਸੇ ਹਿੰਦੂ, ਹਿੰਦੀ, ਹਿੰਦੁਸਤਾਨ ਹੋ ਗਿਆ।''

ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ, ਆਜ਼ਾਦੀ ਮਗਰੋਂ ਇਕ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਪੁੱਛਿਆ ਇਹ ਸਵਾਲ ਕਿ ਬਾਬਾ ਜੀ, ਤੁਹਾਡੀ ਕਮਰ ਝੁਕ ਗਈ ਹੈ, ਦੇ ਜਵਾਬ 'ਚ ਬਾਬਾ ਭਕਨਾ ਨੇ ਕਿਹਾ ਸੀ ਕਿ ਅੰਗਰੇਜ਼ ਤਾਂ ਉਨ੍ਹਾਂ ਦੀ ਪਿੱਠ 'ਚ ਕੁੱਬ ਨਾ ਪਾ ਸਕੇ, ਪਰ ਆਜ਼ਾਦ ਦੇਸ਼ ਦੀ ਆਪਣੀ ਸਰਕਾਰ ਨੇ ਜ਼ਰੂਰ ਪਾ ਦਿੱਤਾ। ਅੱਜ 74 ਵਰ੍ਹੇ ਬੀਤਣ ਮਗਰੋਂ ਜੇਲ੍ਹਾਂ ਅੰਦਰ ਤਾੜੇ ਬੁੱਧੀਜੀਵੀ, ਸਿੱਖ ਅਤੇ ਮੁਸਲਿਮ ਨੌਜਵਾਨ ਤੇ ਸਿਆਸੀ ਆਲੋਚਕ ਵੀ ਬਾਬਾ ਭਕਨਾ ਵਾਂਗ ਹੀ ਮਹਿਸੂਸ ਕਰ ਰਹੇ ਹਨ। ਦੇਸ਼ ਅੰਦਰ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਸਿਆਸਤ ਦਾ ਅਪਰਾਧੀਕਰਨ, ਭ੍ਰਿਸ਼ਟਾਚਾਰ, ਜਬਰ-ਜਿਨਾਹ ਅਤੇ ਥਾਂ- ਥਾਂ ਮਨੁੱਖੀ ਕਤਲੇਆਮ ਹੋ ਰਹੇ ਹਨ। ਜਦੋਂ ਦੇਸ਼ ਦੀ ਸਰਕਾਰ ਦੇ ਖ਼ਿਲਾਫ਼ ਕਿਸਾਨ, ਮਜ਼ਦੂਰ, ਘੱਟ ਗਿਣਤੀਆਂ, ਸਾਰੇ ਹੀ ਸੜਕਾਂ 'ਤੇ ਰੋਸ ਪ੍ਰਗਟਾ ਰਹੇ ਹੋਣ ਅਜਿਹੇ ਸਮੇਂ ਜਸ਼ਨ ਨਹੀਂ ਮਨਾਏ ਜਾਂਦੇ, ਸਗੋਂ ਵਿਰੋਧ ਕੀਤਾ ਜਾਂਦਾ ਹੈ। ਅਜਿਹੀ ਹਾਲਤ 'ਚ ਹਰ ਬਸ਼ਰ ਦੇ ਜ਼ਿਹਨ 'ਚ ਅਲਾਮਾ ਇਕਬਾਲ ਦਾ ਇਹ ਸ਼ੇਅਰ ਚੋਟਾਂ ਮਾਰ ਰਿਹਾ ਹੈ,

''ਮੁੱਦਤੋਂ ਗੁਜ਼ਰੀ ਹੈਂ ਇਤਨੀ
ਰੰਜੋ ਗ਼ਮ ਸਹਿਤੇ ਹੁਏ।
ਸ਼ਰਮ ਸੀ ਆਤੀ ਹੈ
ਇਸ ਵਤਨ ਕੋ ਵਤਨ ਕਹਿਤੇ ਹੁਏ।''

# ਉਚੀ ਸ਼ਖਸੀਅਤ ਦੇ ਮਾਲਕ – ਭਾਈ ਰਾਏ ਸਿੰਘ

ਭਾਈ ਰਾਏ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ) ਪੰਜ ਕੁ ਵਰ੍ਹਿਆਂ ਤੋਂ ਨਿਊਯਾਰਕ ਦੇ ਗੁਰੂਘਰ ਸੰਤ ਸਾਗਰ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਹਨ। ਹਰ ਐਤਵਾਰ ਆਸਾ ਦੀ ਵਾਰ ਦਾ ਕੀਰਤਨ ਸਵੇਰੇ ਸਾਢੇ ਪੰਜ ਤੋਂ ਸਾਢੇ ਸੱਤ ਤਕ, ਲਗਾਤਾਰ ਕਰਦੇ ਆ ਰਹੇ ਹਨ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਸਮੇਂ ਸਿਰ ਪੁਹੰਚ ਕੇ ਇਸ ਵਕਤ ਨੂੰ ਸਾਰਥਕ ਬਣਾਇਆ ਜਾ ਸਕੇ। ਭਾਈ ਸਾਹਿਬ ਐਨੇ ਵਜਦ ਵਿਚ ਆ ਕੇ ਕੀਰਤਨ ਕਰਦੇ ਹਨ ਕਿ ਰੂਹ ਨੂੰ ਅਲੌਕਿਕ ਹੁਲਾਰੇ ਮਹਿਸੂਸ ਹੋਣ ਲੱਗ ਪੈਂਦੇ ਹਨ। ਕਈ ਹਫ਼ਤਿਆਂ ਤੋਂ ਮਨ ਵਿਚ ਖਿਆਲ ਆ ਰਹੇ ਸਨ ਕਿ ਉਨ੍ਹਾਂ ਨਾਲ ਕਿੱਧਰੇ ਬੈਠ ਕੇ ਗੱਲਾਂ ਕੀਤੀਆਂ ਜਾਣ। ਪਰ ਐਡੀ ਉਚੀ ਸ਼ਖਸੀਅਤ ਦੇ ਮਾਲਕ ਨਾਲ ਗੱਲ ਕਰਨ ਦਾ ਹੀਆ ਨਹੀਂ ਸੀ ਪੈ ਰਿਹਾ। ਕਿਉਂਕਿ ਮੈਂ ਇੰਨਾ ਸੂਝਵਾਨ ਨਹੀਂ, ਪਰ ਫ਼ਿਰ ਵੀ ਹੌਸਲਾ ਕਰਕੇ ਲੰਘੇ ਐਤਵਾਰ ਆਸਾ ਦੀ ਵਾਰ ਦੀ ਸੰਪੂਰਨਤਾ ਤੋਂ ਬਾਅਦ ਜਦੋਂ ਭਾਈ ਸਾਹਿਬ ਬਾਹਰ ਆਏ, ਤਾਂ ਮੈਂ ਵੀ ਕਾਹਲੇ ਕਦਮੀਂ ਪਿੱਛੇ ਆ ਗਿਆ। ਉਨ੍ਹਾਂ ਦੇ ਸਨਮੁੱਖ ਹੋ ਕੇ ਮੈਂ ਕਿਹਾ

**ਬਲਵੀਰ ਸਿੰਘ ਡੁਮੇਲੀ**

'ਭਾਈ ਸਾਹਿਬ ਜੀ ਇਕ ਬੇਨਤੀ ਹੈ' ਕਹਿਣ ਲੱਗੇ 'ਹੁਕਮ ਕਰੋ' 'ਤੁਹਾਡੇ ਨਾਲ ਕੁੱਝ ਗੱਲਾਂ ਕਰਨੀਆਂ' ਮੈਂ ਕਿਹਾ। 'ਕੋਈ ਗਲ ਨ੍ਹੀਂ ਸ਼ਨਿਚਰਵਾਰ ਸ਼ਾਮ ਨੂੰ ਕੀਰਤਨ ਕਰਨ ਦੀ ਡਿਊਟੀ ਤੋਂ ਵਿਹਲ ਹੁੰਦੀ ਹੈ, ਸ਼ਾਮ ਵੇਲੇ ਆ ਜਾਵੋ।'

ਮਿੱਥੇ ਸਮੇਂ ਅਨੁਸਾਰ ਮੈਂ ਭਾਈ ਸਾਹਿਬ ਦੀ ਰਿਹਾਇਸ਼ 'ਤੇ ਪਹੁੰਚ ਗਿਆ, ਸ਼ਾਇਦ ਮੈਨੂੰ ਹੀ ਉਡੀਕ ਰਹੇ ਸਨ। ਛੋਟੀਆਂ-ਛੋਟੀਆਂ ਡੱਬੀਆਂ ਵਾਲਾ ਕੁੜਤਾ, ਸਫੇਦ ਪਜਾਮਾ ਤੇ ਸਿਰ ਉਤੇ ਪੇਂਡੂ ਤਰੀਕੇ ਨਾਲ ਮਾਰਿਆ ਹੋਇਆ ਮੜਾਸਾ ਉਨ੍ਹਾਂ ਦੇ ਹਸੂੰ-ਹਸੂੰ ਕਰਦੇ ਚਿਹਰੇ 'ਤੇ ਰੂਹਾਨੀ ਦਿੱਖ ਦਾ ਪ੍ਰਤੀਕ ਲੱਗ ਰਿਹਾ ਸੀ। ਕੁਰਸੀ ਉਪਰ ਬੈਠਣ ਦਾ ਇਸ਼ਾਰਾ ਕਰਦਿਆਂ ਪੁੱਛਣ ਲੱਗੇ 'ਕੀ ਪੀਓਗੇ ਚਾਹ ਜਾ ਠੰਢਾ' ਆਪਣੀ ਤਹਿਜ਼ੀਬ ਨੂੰ ਵਿਸ਼ੇਸ਼ਗਤ ਕਰਦਿਆਂ 'ਕੁੱਝ ਨਈਂ' ਮੇਰਾ ਜਵਾਬ ਸੀ। ਮੈਂ ਉਨ੍ਹਾਂ ਨੂੰ ਆਪਣੀਆਂ ਪੁਸਤਕਾਂ 'ਮੈਂ ਮਿੱਟੀ ਦਾ ਰੂਪ' ਤੇ 'ਪੰਛੀ ਗਾਵਣ ਰਾਗਣੀ' ਦਿੱਤੀਆਂ। 'ਕਿਤਾਬਾਂ ਦੇ ਨਾਂ ਤਾਂ ਬਹੁਤ ਖੂਬਸੂਰਤ ਹਨ, ਜ਼ਰੂਰ ਪੜ੍ਹਾਂਗਾਂ' ਕਹਿ ਕੇ ਕੋਲ ਪਏ ਮੇਜ਼ ਉਪਰ ਰੱਖ ਲਈਆਂ। ਆਮ ਜਿਹੀਆਂ ਗੱਲਾਂ ਕਰਦਿਆਂ ਦੋ ਕੱਪ ਚਾਹ ਦੇ ਤਿਆਰ ਹੋ ਕੇ ਆ ਗਏ। ਭਾਈ ਸਾਹਿਬ ਦੇ ਪਤਨੀ ਵੀ ਪਾਸ ਹੀ ਬੈਠੇ ਸਨ, ਜਿਨ੍ਹਾਂ ਚਾਹ ਦੇ ਨਾਲ ਬਦਾਮ, ਅਖਰੋਟ ਤੇ ਹੋਰ ਮੇਵੇ ਸਲੀਕੇ ਨਾਲ ਪਰੋਸ ਕੇ ਸਾਡੇ ਮੂਹਰੇ ਲਿਆ ਰੱਖੇ। ਮਨ ਨੂੰ ਖੁਸ਼ੀ ਹੋਈ ਕਿ ਸਿੱਖ ਪੰਥ ਦੇ ਸਿਰਮੌਰ ਕੀਰਤਨੀਏ, ਸਾਦਗੀ ਤੇ ਰੂਹਾਨੀਅਤ ਨਾਲ ਭਰਪੂਰ ਸ਼ਖਸੀਅਤ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲਿਆ ਹੈ।

'ਕਈ ਦਿਨਾਂ ਤੋਂ ਤੁਹਾਡੇ ਨਾਲ ਕੁੱਝ ਗੱਲਾਂ ਕਰਨ ਦੀਆਂ ਵਿਉਂਤਾਂ ਬੁਣ ਰਿਹਾ ਸੀ ਪਰ ਸਮਾਂ ਬਣ ਨਹੀਂ ਸੀ ਰਿਹਾ। ਐਡੇ ਉਚੇ ਸਤਿਕਾਰਤ ਕੱਦ ਬਾਰੇ ਗੱਲਾਂ ਕਰਨ ਦੀ ਮੇਰੇ ਵਿਚ ਐਨੀ ਸੋਝੀ ਨਹੀਂ ਹੈ, ਪਤਾ ਨਈਂ ਲੱਗ ਰਿਹਾ ਕਿ ਗੱਲ ਕਿਵੇਂ ਤੇ ਕਿੱਥੋਂ ਸ਼ੁਰੂ ਕਰਾਂ'। 'ਇਸ ਤਰ੍ਹਾਂ ਦੀ ਕੋਈ ਗੱਲ ਨਈਂ, ਮੈਂ ਤਾਂ ਸੋਢੀ ਸੁਲਤਾਨ ਰਾਮਦਾਸ ਜੀ ਦੇ ਘਰ ਦਾ ਨਿਮਾਣਾ ਜਿਹਾ ਕੀਰਤਨੀਆ ਹੀ ਹਾਂ।'

ਆਪਣੇ ਬਚਪਨ ਤੇ ਪਰਿਵਾਰਕ ਪਿਛੋਕੜ ਬਾਰੇ ਕੁੱਝ ਦੱਸੋ ਕਿ ਕਿਸ ਤਰ੍ਹਾਂ ਗੁਰੂ ਸਾਹਿਬ ਦੀ ਕਿਰਪਾ ਦੇ ਪਾਤਰ ਬਣਨ ਦਾ ਸੁਭਾਗਾ ਮੌਕਾ ਮਿਲਿਆ? ਗੱਲ ਅਗੇ ਤੋਰਨ ਲਈ ਮੈਂ ਪੁਛਿਆ, ਤੁਹਾਨੂੰ ਭਾਈ ਰਾਏ ਸਿੰਘ ਦੇਹਰਾਦੂਨ ਵਾਲੇ ਜਾਂ ਭਾਈ ਰਾਏ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੇ ਨਾਂ ਨਾਲ ਸੰਬੋਧਿਤ ਹੋਵਾਂ?

ਮੁਸਕਰਾ ਕੇ ਕਹਿਣ ਲੱਗੇ, 'ਨਾ ਮੈਂ ਅੰਮ੍ਰਿਤਸਰੀਆ ਤੇ ਨਾ ਹੀ ਦੇਹਰਾਦੂਨ ਵਾ.ਲਾ ਹਾਂ, ਮੈਂ ਤਾਂ ਹਜ਼ੂਰ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਅਸਥਾਨ ਸੱਚ ਖੰਡ ਦਰਬਾਰ ਸਾਹਿਬ ਜੀ ਦਾ ਹਜ਼ੂਰੀ ਕੀਰਤਨੀਆ ਜ਼ਰੂਰ ਰਿਹਾਂ। ਸੋ ਮੈਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਸਾਬਕਾ ਰਾਗੀ ਕਹੋ ਤਾਂ ਚੰਗਾ ਲੱਗੇਗਾ। ਗੁਰੂ ਸਾਹਿਬ ਦੀ ਕਿਰਪਾ, ਸੰਗਤ ਦਾ ਅਣਮਿਣਿਆ ਪਿਆਰ ਤੇ ਸਤਿਕਾਰ ਵੇਖ ਕੇ ਮੱਲੋ-ਮੱਲੀ ਸਿਰ ਗੁਰੂ ਸਾਹਿਬ ਮੂਹਰੇ ਝੁਕ ਜਾਂਦਾ ਹੈ'। ਭਾਈ ਸਾਹਿਬ ਬਹੁਤ ਹ.ਲੀਮੀ ਨਾਲ ਗੱਲ ਕਰ ਰਹੇ ਸਨ।

ਇਸ ਮੁਕਾਮ 'ਤੇ ਪਹੁੰਚਣ ਦਾ ਸਬੱਬ ਕਿਵੇਂ ਬਣਿਆ?

ਮੇਰਾ ਜਨਮ 1965 ਵਿਚ ਸਹਾਰਨਪੁਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਫਤਿਹਪੁਰ ਪੈਲੀਯੋਂ ਵਿਚ ਹੋਇਆ। ਪਿਤਾ ਦਾ ਨਾਂ ਰੂਪ ਸਿੰਘ ਤੇ ਦਾਦਾ ਜੀ ਦਾ ਨਾਂ ਛੋਟੂ ਸਿੰਘ ਸੀ, ਜਿਨ੍ਹਾਂ ਦੀ ਵੰਸ਼ਜ ਭਾਈ ਲੱਖੀ ਸ਼ਾਹ ਵਣਜਾਰਾ ਹੋਰਾਂ ਨਾਲ ਜਾ ਜੁੜਦੀ ਹੈ।

ਮੇਰਾ ਖਿਆਲ ਸੀ ਕਿ ਤੁਹਾਡਾ ਪਿਛੋਕੜ ਸ਼ਹੀਦ ਭਾਈ ਮਨੀ ਸਿੰਘ ਜੀ ਨਾਲ ਜਾ ਜੁੜਦਾ ਹੈ।

'ਨਹੀਂ! ਸ਼ਹੀਦ ਭਾਈ ਮਨੀ ਸਿੰਘ ਜੀ ਬਾਬਾ ਲੱਖੀ ਸ਼ਾਹ ਹੋਰਾਂ ਦੇ ਦਾਮਾਦ ਸਨ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਬਚਿੱਤਰ ਸਿੰਘ ਜੀ ਤੇ ਬਹੁਤ ਸਾਰੇ ਸ਼ਹੀਦ ਸਿੰਘ ਜੋ ਗੁਰੂ ਗੋਬਿੰਦ ਸਿੰਘ ਜੀ ਨਾਲ ਜੰਗਾਂ-ਯੁੱਧਾਂ ਵਿਚ ਸ਼ਹੀਦ ਹੋਏ, ਸਾਡੇ ਵੱਡੇ-ਵਡੇਰੇ ਹੀ ਸਨ'। ਇਨ੍ਹਾਂ ਦੋਵਾਂ ਵੰਸ਼ਾਂ ਦੀ ਸਿੱਖ ਪੰਥ ਦੀ ਏਡੀ ਨਿਸ਼ਕਾਮ ਸੇਵਾ ਬਾਰੇ ਸੋਚ ਕੇ ਮੇਰਾ ਸਿਰ ਮੱਲੋ-ਮੱਲੀ ਭਾਈ ਰਾਏ ਸਿੰਘ ਮੂਹਰੇ ਝੁਕ ਗਿਆ।

'ਭਾਈ ਸਾਹਿਬ ਜੀ ਤੁਸੀਂ ਸੁਭਾਗੇ ਹੋ, ਤੁਹਾਡੇ ਵਡੇਰਿਆਂ ਨੇ ਤਨ-ਮਨ ਨਾਲ ਗੁਰੂ ਘਰ ਦੀ ਅਨਿੰਨ ਸੇਵਾ ਕੀਤੀ। ਬਾਬਾ ਲੱਖੀ ਸ਼ਾਹ ਵਣਜਾਰਾ ਹੋਰਾਂ ਬਾਰੇ ਪੜ੍ਹਿਆ ਸੁਣਿਆ ਹੈ ਕਿ ਆਪਣੇ ਸਮੇਂ ਦੇ ਬਹੁਤ ਕਾਮਯਾਬ ਸੁਦਾਗਰ ਸਨ, ਉਨ੍ਹਾਂ ਸਮਿਆਂ ਵਿਚ ਵਿਉਪਾਰ ਗੱਡਿਆਂ ਰਾਹੀਂ ਹੀ ਕੀਤਾ ਜਾਂਦਾ ਸੀ ਤੇ ਉਹ ਕਈ ਸੌ ਗੱਡਿਆਂ ਦੇ ਮਾਲਕ ਸਨ। ਔਰੰਗਜ਼ੇਬ ਦੇ ਸਮੇਂ ਹਿੰਦੂ ਕੌਮ ਉਤੇ ਹੋ ਰਹੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਜਿਹੜੀ ਕੁਰਬਾਨੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਭੇਟ ਕਰਕੇ ਦਿੱਤੀ ਉਸ ਦਾ ਸਾਰਿਆਂ ਨੂੰ ਪਤਾ ਹੀ ਹੈ। ਗੁਰੂ ਸਾਹਿਬ ਜੀ ਦਾ ਸੀਸ ਤਾਂ ਭਾਈ ਜੈਤਾ ਜੀ ਨੇ ਅਨੰਦਪੁਰ ਸਾਹਿਬ ਗੋਬਿੰਦ ਰਾਏ ਹੋਰਾਂ ਪਾਸ ਪਹੁੰਚਾ ਦਿਤਾ, ਪਰ ਲੱਖੀ ਸ਼ਾਹ ਵਣਜਾਰਾ ਨੇ ਗੁਰੂ ਸਾਹਿਬ ਦੇ ਸਰੀਰ ਨੂੰ ਆਪਣੇ ਸਮਾਨ ਨਾਲ ਭਰੇ ਗੱਡੇ ਵਿਚ ਲਕੋ ਕੇ ਮਹਿਲਨੁਮਾ ਘਰ ਵਿਚ ਰੱਖ ਕੇ ਅੱਗ ਲਗਾ ਦਿੱਤੀ, ਜਿਸ ਜਗ੍ਹਾ ਉਤੇ ਅਜ ਦਿੱਲੀ ਵਿਚ ਗੁਰੂਘਰ ਰਕਾਬ ਗੰਜ ਸੁਸ਼ੋਭਿਤ ਹੈ। ਜ਼ੁਲਮ ਦੀ ਹਨੇਰੀ ਵਿਚ ਐਡਾ ਵੱਡਾ ਖਤਰਾ, ਆਪਣੀ ਸੁਦਾਗਰੀ ਨੂੰ ਦਾਅ ਉਤੇ ਲਾਉਣ ਦੀ ਮਿਸਾਲ ਮਿਲਣੀ ਮੁਸ਼ਕਲ ਹੈ, ਪਰ ਤੁਹਾਡੇ ਵਡੇਰਿਆਂ ਉਤੇ ਗੁਰੂ ਦੀ ਬਖਸ਼ਿਸ਼ ਹੀ ਸੀ। ਹੁਣ ਤੁਸੀਂ ਗੁਰੂ ਸਾਹਿਬ ਦੀ ਕੀਰਤਨੀਏ ਦੇ ਰੂਪ ਵਿਚ ਸੇਵਾ ਕਰ ਰਹੇ ਹੋ।'

'ਸੇਵਾ ਦੀ ਭਾਵਨਾ ਆਪੂ ਨਹੀਂ ਪੈਦਾ ਹੁੰਦੀ, ਇਹ ਗੁਰੂ ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦੀ ਹੈ ਜੀ' ਭਾਈ ਸਾਹਿਬ ਨੇ ਸੰਖੇਪ ਜਵਾਬ ਦਿੱਤਾ।

ਸਕੂਲੀ ਵਿਦਿਆ ਕਿੱਥੋਂ ਤੱਕ ਕੀਤੀ?

'ਸਾਡੇ ਪਿੰਡ ਵਿਚ ਇਕ ਹੀ ਛੋਟਾ ਜਿਹਾ ਸਕੂਲ ਸੀ, ਜਿਸ ਵਿਚ ਸਿਰਫ ਹਿੰਦੀ ਹੀ ਸਿਖਾਈ ਜਾਂਦੀ। ਘਰ ਵਿਚ ਸਾਰੇ ਹਿੰਦੀ ਹੀ ਬੋਲਦੇ ਸਨ, ਚਾਰ ਚੁਫ਼ੇਰੇ ਹਿੰਦੀ ਦਾ ਮਾਹੌਲ ਹੀ ਸੀ। ਪਿੰਡ ਦੇ ਜ਼ਿਆਦਾ ਵਸਨੀਕ ਮੋਨੇ ਹੀ ਸਨ। ਮੇਰੇ ਵੀ ਬਚਪਨ ਵਿਚ ਵਾਲ ਕੱਟੇ ਹੋਏ ਸਨ।' ਥੋੜ੍ਹਾ ਭਾਵੁਕ ਹੋ ਕੇ ਕਹਿਣ ਲੱਗੇ ਕਿ 'ਮਨ ਵਿਚ ਵਾਲ ਰੱਖਣ ਦਾ ਖਿਆਲ ਵਾਰ ਵਾਰ ਆਉਂਦਾ ਪਰ ਬੱਚਿਆ ਦਾ ਕੀ ਜ਼ੋਰ ਹੁੰਦਾ ਵੱਡਿਆਂ ਮੂਹਰੇ' ਰਾਏ ਸਿੰਘ ਹੋਰੀਂ ਇਹ ਗੱਲ ਕਰਦਿਆਂ ਗੰਭੀਰ ਹੋ ਗਏ, 'ਸਾਡਾ ਪਿੰਡ ਏਨਾ ਛੋਟਾ ਸੀ ਕਿ ਪਿੰਡ ਵਿਚ ਹਜ਼ਾਮਤ ਕਰਨ ਲਈ ਨਾਈ ਵੀ ਨਹੀਂ ਸੀ, ਮਹੀਨੇ ਬਾਅਦ ਦੂਸਰੇ ਪਿੰਡੋਂ ਇਕ ਨਾਈ ਆਉਂਦਾ, ਜਿਸ ਨੂੰ ਹਜ਼ਾਮਤ ਦੀ ਲੋੜ ਹੁੰਦੀ ਉਹ ਕਰ ਜਾਂਦਾ। ਮੈਨੂੰ ਤੇ ਚਾਚਾ ਜੀ ਦੇ ਲੜਕੇ ਨੂੰ ਖ਼ਬਰ ਹੋਣੀ ਕਿ ਅਜ ਨਾਈ ਆ ਰਿਹਾ ਤਾਂ ਅਸੀਂ ਚਰੀ ਦੇ ਖੇਤ ਵਿਚ ਦੋ-ਦੋ ਘੰਟੇ ਲੁਕੇ ਰਹਿਣਾ। ਸਿੱਖੀ ਸਰੂਪ ਵਿਚ ਆਉਣ ਦੀ ਪ੍ਰਬਲ ਇਛਾ ਸੀ।'

ਦੇਖ ਲਓ ਫ਼ਿਰ ਗੁਰੂ ਨੇ ਤੁਹਾਡੀ ਅੰਦਰਲੀ ਵੇਦਨਾ ਨੇੜਿਓਂ ਹੋ ਕੇ ਸੁਣੀ ਤੇ ਤੁਹਾਨੂੰ ਕਿਸ ਮੁਕਾਮ ਤੱਕ ਪਹੁੰਚਾਇਆ। ਹਿੰਦੀ ਮਾਹੌਲ ਵਿਚ ਬਚਪਨ ਗੁਜ਼ਾਰਿਆ ਹਿੰਦੀ ਪੜ੍ਹੀ, ਹਿੰਦੀ ਬੋਲੀ, ਫ਼ਿਰ ਪੰਜਾਬੀਅਤ ਦੇ ਰੰਗ ਵਿਚ ਰੰਗੇ ਜਾਣ ਦਾ ਸਬੱਬ ਕਿਵੇਂ ਬਣਿਆ? ਕੀਰਤਨ ਕਰਨ ਦਾ ਚਾਓ ਕਿਵੇਂ ਪੈਦਾ ਹੋਇਆ?

'ਪਿੰਡ ਵਿਚਲੇ ਸਕੂਲੋਂ ਪੰਜਵੀਂ ਕਲਾਸ ਗਿਆਰਾਂ ਸਾਲ ਦੀ ਉਮਰ ਵਿਚ ਪਾਸ ਕੀਤੀ, ਅੱਗੇ ਪੜ੍ਹਨ ਲਈ ਪਿੰਡੋਂ ਬਾਹਰ ਜਾਣਾ ਪੈਣਾ ਸੀ ਤੇ ਦੂਰ ਜਾਣ ਦਾ ਕੋਈ ਜ਼ਰੀਆ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਇਲਾਕੇ ਦੇ ਕੁਝ ਵਿਅਕਤੀ ਦਿੱਲੀ ਰਕਾਬ ਗੰਜ ਗੁਰੂਘਰ ਵਿਚ ਕੀਰਤਨ ਸਿੱਖਦੇ ਸਨ, ਪਰ ਦਿੱਲੀ ਦੂਰ ਹੋਣ ਕਰਕੇ ਕੋਈ ਵਸੀਲਾ ਨਾ ਬਣ ਸਕਿਆ। ਭਾਈ ਸਾਧੂ ਸਿੰਘ ਦੇਹਰਾਦੂਨ ਵਾਲਿਆਂ ਨੇ ਹੇਮਕੁੰਟ ਸਾਹਿਬ ਦੇ ਟਰੱਸਟ ਦੇ ਪ੍ਰਧਾਨ ਗੁਰਬਖਸ਼ ਸਿੰਘ ਬਿੰਦਰਾ ਨਾਲ ਮਿ.ਲ ਕੇ ਬੱਚਿਆਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਲਈ ਰਿਸ਼ੀਕੇਸ਼ ਵਿਚ ਇਕ ਗੁਰਮਤਿ ਵਿਦਿਆਲਿਆ ਖੋਲ੍ਹਿਆ ਹੋਇਆ ਸੀ, ਫਿਰ ਗੁਰਮਤਿ ਵਿਦਿਆਲੇ ਵਿਚ ਦਾਖਲ ਹੋਣ ਦਾ ਸਬੱਬ ਬਣਿਆ'।

'ਪਰਿਵਾਰ ਵਿਚ ਕੀਰਤਨ ਕਰਨ ਦੀ ਸ਼ੁਰੂਆਤ ਮੇਰੇ ਤੋਂ ਹੀ ਹੋਈ। ਪਿੰਡ ਤੇ ਘਰ ਦਾ ਮਾਹੌਲ ਹਿੰਦੀ ਨਾਲ ਹੀ ਰੰਗਿਆ ਹੋਇਆ ਸੀ, ਪਿਤਾ ਜੀ ਖੇਤੀ ਕਰਦੇ ਸਨ। ਰਿਸ਼ੀਕੇਸ਼ ਦਾਖਲ ਹੋਣ ਤੋਂ ਬਾਅਦ ਹੀ ਪੰਜਾਬੀ ਸਿੱਖਣ ਦੀ ਸ਼ੁਰੂਆਤ ਕੀਤੀ। ਇਸ ਵਿਦਿਆਲੇ ਦੀ ਵਿਲੱਖਣਤਾ ਸੀ ਕਿ ਗੁਰਬਾਣੀ ਦੀ ਸੰਥਿਆ ਦੇ ਨਾਲ-ਨਾਲ ਕੀਰਤਨ ਵੀ ਸਿਖਾਇਆ ਜਾਂਦਾ ਸੀ। ਅਨੁਸ਼ਾਸਨ ਸਖ਼ਤੀ ਨਾਲ ਕਾਇਮ ਰੱਖਿਆ ਜਾਂਦਾ। ਪੂਰਾ ਕੋਰਸ ਪੰਜ ਸਾਲ ਦਾ ਸੀ, ਮੈਂ ਪੂਰੀ ਸ਼ਿੱਦਤ ਨਾਲ ਇਹ ਕੋਰਸ ਪੂਰਾ ਕੀਤਾ। ਦੋ-ਢਾਈ ਸਾਲ ਵਿਚ ਗੁਰਮੁਖੀ ਪੜ੍ਹਨ-ਲਿਖਣ ਤੇ ਬੋਲਣ ਵਿਚ ਮੁਹਾਰਤ ਹਾਸਲ ਕਰ ਲਈ। ਪੰਜ ਗ੍ਰੰਥੀ ਤੇ ਗ੍ਰੰਥ ਸਾਹਿਬ ਦੀ ਸੰਥਿਆ ਰਿਸ਼ੀਕੇਸ਼ ਵਿਦਿਆਲੇ ਵਿਚ ਹੀ ਸੰਪੂਰਨ ਕੀਤੀ। ਕੀਰਤਨ ਦਾ ਚਾਓ ਤਾਂ ਮਨ ਵਿਚ ਹੈ ਸੀ। ਇਥੇ ਮਰਹੂਮ ਭਾਈ ਨਿਰਮਲ ਸਿੰਘ ਜੀ ਖਾਲਸਾ, ਕੀਰਤਨ ਸਿਖਾਉਣ ਦੀ ਸੇਵਾ ਨਿਭਾਅ ਰਹੇ ਸਨ। ਮੇਰਾ ਗ.ਲਾ ਚੰਗਾ ਸੀ, ਉਨ੍ਹਾਂ ਕੋਲੋਂ ਪੰਜਾਬੀ ਸਿਖਦਿਆਂ ਕੀਰਤਨ ਦੀ ਸਿਖਲਾਈ ਲੈਣੀ ਵੀ ਸ਼ੁਰੂ ਕਰ ਦਿੱਤੀ। ਸ਼ੌਕ ਵੀ ਸੀ, ਪਰ ਗੁਰੂ ਦੀ ਬਖਸ਼ਿਸ਼ ਕਰਕੇ ਮਿਹਨਤ ਨੂੰ ਬੂਰ ਪਿਆ, ਨਹੀਂ ਤਾਂ ਹੋਰ ਵੀ ਵਿਦਿਆਰਥੀ ਬਹੁਤ ਸਨ ਇਸ ਵਿਦਿਆਲੇ ਵਿਚ। ਅਧਿਆਪਕ ਸਾਹਿਬਾਨ ਨੇ ਮੇਰੀ ਯੋਗਤਾ ਵੇਖ ਕੇ ਇਸੇ ਜਗ੍ਹਾ 'ਤੇ ਮੈਨੂੰ ਅਧਿਆਪਕ ਲਗਾ ਲਿਆ, ਲਗਭਗ ਦੋ-ਢਾਈ ਸਾਲ ਸੇਵਾ ਨਿਭਾਉਣ ਦਾ ਮੌਕਾ ਮਿਲਿਆ।'

ਭਾਈ ਸਾਹਿਬ ਨੇ ਕੀਰਤਨ ਕਰਨ ਦੇ ਸ਼ੁਰੂਆਤੀ ਦੌਰ ਤੋਂ ਲੈ ਕੇ ਸਿੱਖੀ ਸਰੂਪ ਵਿਚ ਪੂਰਨ ਤੌਰ 'ਤੇ ਰੰਗੇ ਜਾਣ ਦੇ ਸਫ਼ਰ ਬਾਰੇ ਦੱਸਿਆ। ਗੁਰੂ ਦੀ ਬਖਸ਼ਿਸ਼ ਦੀਆਂ ਗੱਲਾਂ ਕਰਦੇ ਭਾਵੁਕ ਹੋ ਕੇ ਕਹਿੰਦੇ 'ਉਸ ਵਾਹਿਗੁਰੂ ਜੀਓ ਦਾ ਕੁੱਝ ਪਤਾ ਨਹੀਂ ਕਿਸ ਰੂਪ ਵਿਚ ਆ ਕੇ ਕਿਸ ਨੂੰ ਕਿਸ ਮੁਕਾਮ ਤੱਕ ਪਹੁੰਚ ਦੇਂਦਾ ਹੈ।'

ਗੁਰਮਤਿ ਤੇ ਕੀਰਤਨ ਕਰਨ ਦੀ ਸਿਖਲਾਈ ਲੈਣ ਤੋਂ ਬਾਅਦ ਬਾਹਰ ਵਿਚਰ ਕੇ ਕੀਰਤਨ ਕਰਨ ਦਾ ਮੌਕਾ ਕਿਵੇਂ ਬਣਿਆ?

'ਇਹ ਵੀ ਰੋਚਕ ਸਬੱਬ ਹੀ ਹੈ, ਗੁਰੂ ਨਾਨਕ ਦੇਵ ਜੀ ਦੇ ਅਸਥਾਨ ਨਾਨਕ ਝੀਰਾ ਤੋਂ ਹਰ ਸਾਲ ਸੰਤ ਕਰਤਾਰ ਸਿੰਘ ਪੰਦਰਾਂ ਕੁ ਦਿਨਾਂ ਲਈ ਇਸ ਵਿਦਿਆਲੇ ਵਿਚ ਆਇਆ ਕਰਦੇ ਸਨ। ਉਹ ਆਪ ਵੀ ਵਾਇਲਨ ਨਾਲ ਬਹੁਤ ਰਸਭਿੰਨਾ ਕੀਰਤਨ ਕਰਦੇ ਸਨ। ਇਕ ਸਾਲ ਜਦੋਂ ਰਿਸ਼ੀਕੇਸ਼ ਆਏ ਹੋਏ ਸਨ ਤਾਂ



ਉਨ੍ਹਾਂ ਦੀ ਮੌਜੂਦਗੀ ਵਿਚ ਮੈਨੂੰ ਕੀਰਤਨ ਕਰਨ ਲਈ ਕਿਹਾ ਗਿਆ। ਮੈਂ ਦੋ ਸਾਥੀਆਂ ਨਾਲ ਕੀਰਤਨ ਕੀਤਾ। ਮਾਹੌਲ ਅਨੰਦਮਈ ਸੀ, ਉਨ੍ਹਾਂ ਮੈਨੂੰ ਨਾਨਕ ਝੀਰਾ ਨਾਲ ਲੈ ਜਾਣ ਲਈ ਪ੍ਰਬੰਧਕਾਂ ਨਾਲ ਗੱਲ ਕਰ ਲਈ। ਮੇਰਾ ਕੀਰਤਨ ਕਰਨ ਦਾ ਸਫ਼ਰ ਇਤਿਹਾਸਕ ਗੁਰੂਘਰ ਨਾਨਕ ਝੀਰਾ ਤੋਂ ਸ਼ੁਰੂ ਹੋਇਆ, ਜਿੱਥੇ ਮੈਂ ਪੰਜ ਸਾਲ ਗੁਰੂਘਰ ਦੇ ਕੀਰਤਨੀਏ ਵਜੋਂ ਸੇਵਾ ਕੀਤੀ। ਨਵੇਂ ਵਿਦਿਆਰਥੀ ਨੂੰ ਗੁਰੂ ਸਾਹਿਬ ਦੇ ਇਤਿਹਾਸਕ ਅਸਥਾਨ ਦੀ ਸੇਵਾ ਕਰਨ ਦਾ ਮੌਕਾ ਮਿਲਣਾ ਉਸ ਦੀ ਬਖਸ਼ਿਸ਼ ਹੀ ਤਾਂ ਹੈ। 1983 ਤੋਂ 1988 ਤੱਕ ਦਾ ਇਹ ਸਮਾਂ ਮੇਰੇ ਜੀਵਨ ਵਿਚ ਸੰਗਤ ਵਲੋਂ ਮਿ.ਲ ਰਹੇ ਪਿਆਰ ਤੇ ਸਤਿਕਾਰ ਦਾ ਆਧਾਰ ਬਣ ਗਿਆ।'

ਵਿਦੇਸ਼ਾਂ ਵਿਚ ਕੀਰਤਨ ਕਰਨ ਦੀ ਸ਼ੁਰੂਆਤ ਕਿਵੇਂ ਤੇ ਕਦੋਂ ਹੋਈ?

'ਨਾਨਕ ਝੀਰਾ ਸਾਹਿਬ ਵਿਖੇ ਸੇਵਾ ਨਿਭਾਉਂਦਿਆਂ ਕਈ ਸੱਜਣ ਪ੍ਰੇਮੀ ਵਿਦੇਸ਼ਾਂ ਵਿਚੋਂ ਗੁਰੂਘਰ ਦੇ ਦਰਸ਼ਨ ਕਰਨ ਆਉਂਦੇ, ਉਨ੍ਹਾਂ ਦੇ ਪ੍ਰੇਮ ਦੀ ਖਿੱਚ ਹੀ ਖਿੱਚ ਲਿਆਈ। ਦੋ ਸਾਲ ਕੈਨੇਡਾ ਸੰਗਤਾਂ ਦੇ ਦਰਸ਼ਨ ਕਰਨ ਤੋਂ ਬਾਅਦ 90ਵਿਆਂ ਵਿਚ ਵਾਪਸ ਭਾਰਤ ਆ ਗਏ। 1990 ਤੋਂ 1994 ਤੱਕ ਸਹਾਰਨਪੁਰ ਸਿੰਘ ਸਭਾ ਗੁਰੂਘਰ ਬਤੌਰ ਕੀਰਤਨੀਏ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। 1995 ਵਿਚ ਸਿੰਗਾਪੁਰ ਦੀ ਸੰਗਤ ਵੱਲੋਂ ਸਿੰਗਾਪੁਰ ਆਉਣ ਦਾ ਸੁਨੇਹਾ ਆ ਗਿਆ। ਗੁਰੂ ਦੀ ਐਨੀ ਬਖਸ਼ਿਸ਼ ਹੋਈ ਕਿ ਬਿਆਨ ਕਰਨ ਦੀ ਨਾ ਹਿੰਮਤ ਹੈ ਤੇ ਨਾ ਹੀ ਸ਼ਬਦ ਹਨ। ਦੇਸ਼ ਵਾਪਸ ਆਇਆ ਹੀ ਸੀ ਕਿ ਬੰਬਈ ਦੀ ਸੰਗਤ ਵਲੋਂ ਖ਼ਾਰ ਗੁਰੂਘਰ ਕੀਰਤਨ ਦੀ ਸੇਵਾ ਨਿਭਾਉਣ ਦਾ ਸੱਦਾ ਆ ਗਿਆ। ਸੰਗਤ ਦਾ ਸੁਨੇਹਾ ਗੁਰੂ ਦੀ ਬਖਸ਼ਿਸ਼ ਸਮਝ ਕੇ ਮੰਨਿਆ।'

ਤੁਸੀਂ ਕਈ ਵਾਰ ਸ਼ਬਦ ਦਾ ਗਾਇਨ ਕਰਦਿਆਂ, ਕਈ ਕਈ ਪ੍ਰਮਾਣ ਦੇ ਕੇ ਸ਼ਬਦ ਵਿਚ ਕੋਈ ਅਜੇਹਾ ਇਲਾਹੀ ਰਸ ਘੋ.ਲ ਦੇਂਦੇ ਹੋ, ਜਿਸ ਨੂੰ ਸ਼ਬਦਾਂ ਵਿਚ ਬੰਨ੍ਹਿਆ ਨਹੀਂ ਜਾ ਸਕਦਾ, ਐਨੇ ਪ੍ਰਮਾਣ ਕਿਵੇਂ ਕੰਠ ਕੀਤੇ?

'ਖ਼ਾਰ ਗੁਰੂਘਰ ਦੀਆਂ ਸੰਗਤੀ ਬੀਬੀਆਂ ਦੀ ਪ੍ਰੇਰਨਾ ਨਾਲ ਪ੍ਰਮਾਣ ਦੇ ਕੇ ਕੀਰਤਨ ਦੀ ਸ਼ੁਰੂਆਤ ਹੋਈ। ਮੈਂ ਹਮੇਸ਼ਾ ਇਕ ਸ਼ਬਦ ਦੀ ਸਮਾਪਤੀ ਕਰਕੇ ਦੂਸਰਾ ਅਰੰਭ ਕਰ ਲੈਂਦਾ ਸੀ। ਇਕ ਦਿਨ ਕੀਰਤਨ ਕਰਨ ਤੋਂ ਉਠਿਆ ਹੀ ਸੀ ਕਿ ਕੁੱਝ ਬੀਬੀਆਂ ਆ ਕੇ ਕਹਿਣ ਲੱਗੀਆਂ, ਭਾਈ ਸਾਹਿਬ ਤੁਹਾਡੇ ਕੀਰਤਨ ਵਿਚ ਅੰਤਾਂ ਦਾ ਰਸ ਤਾਂ ਹੈ ਹੀ, ਸ਼ਬਦ ਵਿਚ ਇਕ ਦੋ ਪ੍ਰਮਾਣ ਦੇ ਦਿਆ ਕਰੋ ਤਾਂ ਸਰੋਤਿਆਂ ਨੂੰ ਆਨੰਦ ਤਾਂ ਆਉਣਾ ਹੀ ਹੈ, ਤੁਹਾਨੂੰ ਵੀ ਆਵੇਗਾ। ਗੱਲ ਮਨ ਨੂੰ ਚੰਗੀ ਲੱਗੀ ਕਿ ਬੀਬੀਆਂ ਨੂੰ ਕੀਰਤਨ ਨਾਲ ਪ੍ਰੇਮ ਹੈ। ਮੈਨੂੰ ਇਸ ਬਾਰੇ ਕੁੱਝ ਕੁ ਗਿਆਨ ਤਾਂ ਸੀ ਪਰ ਪ੍ਰਮਾਣ ਸਹਿਤ ਕੀਰਤਨ ਕਰਨ ਦਾ ਅਭਿਆਸ ਨਹੀਂ ਸੀ। ਗੁਰਬਾਣੀ ਨੂੰ ਪੜ੍ਹਨਾ ਤੇ ਕੰਠ ਕਰਨਾ ਬਹੁਤ ਜ਼ਰੂਰੀ ਸੀ। ਪਹਿਲੀ ਵਾਰ ਮੈਂ ਸੰਗਤ ਦੀ ਕਹੀ ਗੱਲ ਨੂੰ ਜ਼ਿਹਨ ਵਿਚ ਰੱਖ ਕੇ ਦੋ-ਤਿੰਨ ਪ੍ਰਮਾਣ ਦੇ ਕੇ ਇਕ ਸ਼ਬਦ ਦਾ ਕੀਰਤਨ ਕੀਤਾ। ਬੜਾ ਆਨੰਦ ਆਇਆ। ਉਸ ਤੋਂ ਬਾਅਦ ਗੁਰਬਾਣੀ ਕੰਠ ਕਰਨੀ ਸ਼ੁਰੂ ਕੀਤੀ। ਪ੍ਰਮਾਣ ਸਾਹਿਤ ਕੀਰਤਨ ਕਰਨਾ ਖ਼ਾਰ ਦੀ ਸੰਗਤ ਦੀ ਪ੍ਰੇਰਨਾ ਹੀ ਸੀ।'

ਅੱਜ ਹਰ ਪੰਜਾਬੀ ਦੇ ਘਰ ਤੇ ਕਾਰਾਂ ਵਿਚ ਤੁਹਾਡਾ ਰਿਕਾਰਡ ਕੀਤਾ 'ਵਾਹਿ ਗੁਰੂ ਵਾਹਿ ਗੁਰੂ' ਦਾ ਜਾਪ ਸੁਣਨ ਨੂੰ ਮਿਲਦਾ ਹੈ, ਇਸ ਦਾ ਸਬੱਬ ਕਿਵੇਂ ਬਣਿਆ?

'1998 ਵਿਚ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਇਕ ਫਿਲਮ ਬਣ ਰਹੀ ਸੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਸਸਕਾਰ ਕਰਨ ਵੇਲੇ ਜਗਜੀਤ ਸਿੰਘ 'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥' ਸ਼ਬਦ ਨੂੰ ਰਿਕਾਰਡ ਕਰਨ ਲਈ ਰਿਹਰਸਲ ਕਰ ਰਹੇ ਸਨ। ਸ਼ਬਦ ਨੂੰ ਸੰਗੀਤਕ ਤੌਰ 'ਤੇ ਉਚਾਰਨ ਕਰਨ ਵਿਚ ਮੁਸ਼ਕਿਲ ਆ ਰਹੀ ਸੀ। ਫਿਲਮ ਦਾ ਡਾਇਰੈਕਟਰ ਖ਼ਾਰ ਗੁਰੂਘਰ ਦੇ ਪ੍ਰਧਾਨ ਬਲਵੰਤ ਸਿੰਘ ਹੋਰਾਂ ਨੂੰ ਜਾਣਦਾ ਸੀ। ਉਨ੍ਹਾਂ ਉਚਾਰਨ ਤੇ ਸੰਗੀਤਕ ਮੁਸ਼ਕਿਲ ਦੀ ਗੱਲ ਪ੍ਰਧਾਨ ਨਾਲ ਕੀਤੀ, ਪ੍ਰਧਾਨ ਹੋਰਾਂ ਮੇਰੇ ਨਾਲ। ਮੈਂ ਕਿਹਾ, ਗੁਰੂ ਦਾ ਕੰਮ ਹੈ ਕੋਸ਼ਿਸ਼ ਕਰਾਂਗੇ ਉਸ ਦੀ ਬਖਸ਼ਿਸ਼ ਹੋਈ ਤਾਂ ਸਭ ਕੁੱਝ ਸਹੀ ਹੋਵੇਗਾ। ਮਿੱਥੇ ਦਿਨ ਅਸੀਂ ਦੋਵੇਂ ਰਿਕਾਰਡਿੰਗ ਸਟੂਡੀਓ ਪਹੁੰਚ ਗਏ। ਸ਼ਬਦ ਦੇ ਉਚਾਰਨ ਦੀ ਸੁਧਾਈ ਸੰਗੀਤਕ ਜ਼ਰੂਰਤ ਅਨੁਸਾਰ ਹੋ ਗਈ। ਸਸਕਾਰ ਕਰਨ ਵੇਲੇ ਹੌਲੀ-ਹੌਲੀ ਮਧੁਰ ਆਵਾਜ਼ ਵਿਚ ਕਿਸੇ ਪਿੱਛੇ ਚਲਦੇ ਸੰਗੀਤ ਦੀ ਲੋੜ ਸੀ। ਮੈਂ ਜਗਜੀਤ ਸਿੰਘ ਹੋਰਾਂ ਦੇ ਨੇੜੇ ਹੀ ਬੈਠਾ ਸੀ, ਜਿਥੇ ਉਹ ਸ਼ਬਦ ਦੀ ਰਿਹਰਸਲ ਕਰ ਰਹੇ ਸਨ। ਮੈਂ ਬਹੁਤ ਹੌਲੀ ਆਵਾਜ਼ ਵਿਚ 'ਵਾਹਿ ਗੁਰੂ' 'ਵਾਹਿ ਗੁਰੂ' ਬੋਲ ਰਿਹਾ ਸੀ, ਸ਼ਾਇਦ ਇਹ ਸੁਰ ਉਨ੍ਹਾਂ ਨੂੰ ਚੰਗੀ ਲੱਗੀ। ਸ਼ਬਦ ਦੀ ਸੁਧਾਈ ਤੋਂ ਬਾਅਦ ਬਲਵੰਤ ਸਿੰਘ ਹੋਰੀਂ ਮੈਨੂੰ ਕਹਿਣ ਲੱਗੇ, 'ਆਓ ਰਾਏ ਸਿੰਘ ਜੀ ਚੱਲੀਏ ਆਪਣਾ ਕੰਮ ਹੋ ਗਿਆ' ਪਰ ਜਗਜੀਤ ਸਿੰਘ ਨੇ ਕਿਹਾ, 'ਕੁੱਝ ਸਮੇਂ ਸਾਡੇ ਪਾਸ ਰਹਿਣ ਦਿਉ, ਸਾਨੂੰ ਇਨ੍ਹਾਂ ਦੀ ਲੋੜ ਹੈ।' ਇਸ ਤਰ੍ਹਾਂ ਜਾਪ ਦੀ ਰਿਕਾਰਡਿੰਗ ਦਾ ਸਬੱਬ ਬਣਿਆ।'

ਭਾਈ ਰਾਏ ਸਿੰਘ ਜੀ ਕੁੱਝ ਪਲ ਨੈਣ ਮੂੰਧ ਕੇ ਚੁੱਪ ਕਰ ਗਏ, ਤੇ ਕਹਿਣ ਲੱਗੇ 'ਵੱਡੇ ਦੀਆਂ ਵੱਡੀਆਂ ਵਡਿਆਈਆਂ, ਉਸ ਦੀ ਬਖਸ਼ਿਸ਼ ਹੀ ਹੈ ਜੀ।'

ਬਦੇਸ਼ਾਂ ਵਿਚ ਸੰਗਤਾਂ ਦਾ ਪਿਆਰ ਮਿਲਿਆ?

'ਬੇਅੰਤ, ਬਦੇਸ਼ ਵਿਚ ਸੰਗਤ ਦਾ ਕੀਰਤਨ ਨਾਲ ਪਿਆਰ ਵੇਖ ਕੇ ਮਨ ਆਪ ਮੁਹਾਰੇ ਵਜਦ ਵਿਚ ਆ ਜਾਂਦਾ ਕੀਰਤਨ ਆਪਣੇ-ਆਪ ਚਲਦਾ। 1995 ਤੋਂ 2000 ਤੱਕ ਦੁਬਈ, ਬੈਂਕਾਕ, ਸਿੰਗਾਪੁਰ ਤੇ ਕੈਨੇਡਾ ਵਲ ਕੀਰਤਨ ਕਰਦੇ ਰਹੇ।'

ਅਮਰੀਕਾ ਪਹਿਲਾ ਚੱਕਰ ਕਦੋਂ ਲੱਗਾ?

2001 ਕੈਲੀਫੋਰਨੀਆ ਵੱਲ ਹੀ ਰਹੇ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਕਰਨ ਦਾ ਸਬੱਬ ਕਿਵੇਂ, ਬਣਿਆ। ਸੁਣਿਆ ਹੈ ਕਿ ਦਰਬਾਰ ਸਾਹਿਬ ਕੀਰਤਨ ਕਰਨ ਲਈ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ?

'ਇਹ ਵੀ ਗੁਰੂ ਸਾਹਿਬ ਦੀ ਬਖਸ਼ਿਸ਼ ਹੀ ਸੀ। 2009 ਵਿਚ ਭਾਈ ਪਿੰਦਰਪਾਲ ਸਿੰਘ ਨਾਲ ਕੈਲੇਫੋਰਨੀਆ ਦੇ ਗੁਰੂਘਰ ਫਰੀਮਾਂਟ ਵਿਚ ਮਿਲਾਪ ਹੋਇਆ। ਭਾਈ ਸਾਹਿਬ ਕਥਾ ਅਤੇ ਅਸੀਂ ਕੀਰਤਨ ਦੀ ਸੇਵਾ ਨਿਭਾਅ ਰਹੇ ਸਾਂ। ਭਾਈ ਸਾਹਿਬ ਕਹਿਣ ਲੱਗੇ ਬਹੁਤ ਰਸ ਹੈ ਤੁਹਾਡੇ ਕੀਰਤਨ ਵਿਚ, ਕਦੇ ਦਰਬਾਰ ਸਾਹਿਬ ਮੌਕਾ ਮਿਲਿਆ ਕੀਰਤਨ ਕਰਨ ਦਾ? 'ਜਦੋਂ ਗੁਰੂ ਦੀ ਬਖਸ਼ਿਸ਼ ਹੋਈ ਤਾਂ ਜ਼ਰੂਰ ਕਰਾਂਗੇ, ਮਨ ਵਿਚ ਚਾਓ ਤਾਂ ਹੈ।' ਮੇਰਾ ਸੰਖੇਪ ਜਿਹਾ ਜਵਾਬ ਸੁਣ ਕੇ ਪਿੰਦਰਪਾਲ ਹੋਰੀਂ ਚੁੱਪ ਹੋ ਗਏ। ਗੱਲ ਆਈ-ਗਈ ਹੋ ਗਈ। ਇਸ ਤੋਂ ਛੇਤੀਂ ਬਾਅਦ ਅਸੀਂ ਦੇਹਰਾਦੂਨ ਵਾਪਸ ਆ ਗਏ। ਭਾਈ ਨਿਰਮਲ ਸਿੰਘ ਖਾਲਸਾ, ਜੋ ਕੀਰਤਨੀਏ ਸਿੰਘਾਂ ਦੀ ਸਿਲੈਕਸ਼ਨ ਟੀਮ ਦੇ ਮੈਂਬਰ ਸਨ ਤੇ ਇਨ੍ਹਾਂ ਨੇ ਰਿਸ਼ੀਕੇਸ਼ ਵਿਦਿਆਲੇ ਵਿਚ ਮੈਨੂੰ ਕੀਰਤਨ ਕਰਨ ਦੀ ਸਿਖਲਾਈ ਵੀ ਦਿੱਤੀ ਸੀ, ਦਾ ਇਕ ਦਿਨ ਫੋਨ ਆਇਆ ਕਿ ਰਾਏ ਸਿੰਘ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਉਤੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ 10 ਤੋਂ 11 ਵਜੇ ਤੱਕ ਇਕ ਘੰਟਾ ਕੀਰਤਨ ਦੀ ਸੇਵਾ ਨਿਭਾਉਣ ਲਈ ਤਿਆਰ ਰਹੋਂ। 'ਜੀ ਮੇਰੇ ਕੋਲ ਤਾਂ ਪੂਰਾ ਕੀਰਤਨੀ ਜਥਾ ਵੀ ਨਹੀਂ' ਕੋਈ ਗੱਲ ਨਈਂ ਇਥੋਂ ਪ੍ਰਬੰਧ ਕਰ ਲਵਾਂਗੇ ਉਹ ਕਹਿਣ ਲੱਗੇ। ਮੈਂ ਖਾਲਸਾ ਜੀ ਨੂੰ ਨਾਂਹ ਨਾ ਕਰ ਸਕਿਆ। ਮਿ.ਲੇ ਹੋਏ ਸਮੇਂ ਅਨੁਸਾਰ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਪਹਿਲੀ ਵਾਰ ਗੁਰੂ ਰਾਮਦਾਸ ਜੀ ਦੇ ਪਵਿੱਤਰ ਅਸਥਾਨ ਉੱਤੇ ਇਕ ਘੰਟਾ ਕੀਰਤਨ ਕਰਨ ਦਾ ਸੁਭਾਗਾ ਮੌਕਾ ਮਿਲਿਆ। ਗੁਰੂ ਸਾਹਿਬ ਦੀ ਐਨੀ ਬਖਸ਼ਿਸ਼ ਹੋਈ, ਕੀਰਤਨ ਕਰਕੇ ਅਜੇਹਾ ਅਨੰਦ ਆਇਆ ਕਿ ਸ਼ਬਦਾਂ ਦੇ ਘੇਰੇ ਤੋਂ ਬਾਹਰ ਦੀ ਗੱਲ ਹੋ ਗਈ। ਕੀਰਤਨ ਕਰਕੇ ਮਨ ਹੀ ਮਨ ਗੁਰੂ ਦਾ ਸ਼ੁਕਰਾਨਾ ਕਰਕੇ ਬਾਹਰ ਆਇਆ ਹੀ ਸੀ, ਇਕ ਸਰਦਾਰ ਸਾਹਿਬ ਕਹਿਣ ਲੱਗੇ, ਤੁਹਾਨੂੰ ਇਕ ਬੀਬੀ ਜੀ ਮਿਲਣਾ ਚਾਹੁੰਦੇ ਹਨ। ਦਰਬਾਰ ਸਾਹਿਬ ਦੇ ਬਾਹਰ ਆਉਂਦਿਆਂ ਹੀ ਇਕ ਕੋਨੇ ਵਿਚ ਛੇ-ਸਤ ਗੰਨਮੈਨਾਂ ਦੇ ਵਿਚਕਾਰ ਇਕ ਬੀਬੀ ਖੜ੍ਹੀ ਸੀ, ਜਿਸ ਨੂੰ ਮੈਂ ਨਾ ਕਦੇ ਵੇਖਿਆ, ਨਾ ਹੀ ਪਤਾ ਸੀ ਕਿ ਉਹ ਕੌਣ ਹੈ। ਜਦ ਮੈਂ ਬੀਬੀ ਦੇ ਨੇੜੇ ਗਿਆ ਤਾਂ ਉਸ ਨੇ ਦੋਵੇਂ ਹੱਥ ਜੋੜ ਕੇ ਮੇਰੇ ਪੈਰਾਂ ਉੱਤੇ ਝੁਕ ਕੇ ਬਹੁਤ ਹਲੀਮੀ ਨਾਲ ਹੱਥ ਲਾਇਆ। ਮੈਂ ਹੈਰਾਨ ਹੋਇਆ ਕਿ ਇਹ ਬੀਬੀ ਕੌਣ ਹੈ। ਇਕ ਗੰਨਮੈਨ ਨੇ ਦੱਸਿਆ ਕਿ ਇਹ ਸ. ਪ੍ਰਕਾਸ਼ ਸਿੰਘ ਬਾਦਲ ਦੇ ਘਰੋਂ ਬੀਬੀ ਸੁਰਿੰਦਰ ਕੌਰ ਬਾਦਲ ਹਨ। ਮੈਂ ਗੁਰ ਫਤੀਹ ਸਾਂਝੀ ਕੀਤੀ। ਬੀਬੀ ਜੀ ਨੇ ਮੇਰਾ ਨਾਂ ਪੁਛਿਆ ਤੇ ਕਹਿਣ ਲੱਗੇ, ਦਰਬਾਰ ਸਾਹਿਬ ਆ ਕੇ ਮੈਂ ਕੀਰਤਨ ਬਹੁਤ ਵਾਰ ਸੁਣਿਆ ਹੈ ਪਰ ਜਿਸ ਤਰ੍ਹਾਂ ਦਾ ਰਸ ਤੁਹਾਡਾ ਕੀਰਤਨ ਸੁਣ ਕੇ ਆਇਆ ਕੋਈ ਗੱਲ ਕਹਿਣ ਦੀ ਨਹੀਂ।

ਉਨ੍ਹਾਂ ਪੁਛਿਆ, ਕਿੱਥੋਂ ਆਏ ਹੋ? 'ਜੀ ਦੇਹਰਾਦੂਨ ਤੋਂ।'

ਬੀਬੀ ਜੀ ਨੇ ਉਸੇ ਵੇਲੇ ਆਪਣੇ ਇਕ ਕਰਮਚਾਰੀ ਨੂੰ ਆਦੇਸ਼ ਦਿੱਤਾ ਕਿ ਰਾਏ ਸਿੰਘ ਹੋਰਾਂ ਦੇ ਅੱਜ ਹੀ ਪੇਪਰ ਭਰ ਕੇ

*(ਬਾਕੀ ਅਗਲੇ ਸਫੇ 'ਤੇ)*

# ਦੇਸ ਰਾਜ ਕਾਲੀ ਦੇ ਨੇੜਿਓਂ ਲੰਘੀ ਮੌਤ

***ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ ‘ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ ‘ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਅਚਾਨਕ ਕਿਸੇ ਨੇ ਜ਼ੋਰ-ਜ਼ੋਰ ਨਾਲ ਘਰਦਾ ਬੂਹਾ ਖੜਕਾਇਆ ਸੀ। ਘਰਦੇ ਜੀਆਂ ਦੇ ਸਾਹ ਤੇਜ਼ੀ ਨਾਲ ਚੱਲਣ ਲੱਗੇ। ਐਨੇ ਹਨੇਰੇ ਕੌਣ? ਸੁੱਖ ਤਾਂ ਹੋ ਨ੍ਹੀਂ ਸੀ ਸਕਦੀ। ਘਰਦਿਆਂ ਨੂੰ ਲੱਗਾ ਜਿਵੇਂ ਕਈ ਦਿਨਾਂ ਦੀ ਟਲਦੀ-ਫਿਰਦੀ ਮੌਤ ਅੱਜ ਸਿਰ ‘ਤੇ ਆ ਖੜ੍ਹੀ ਹੋਵੇ।

‘ਠੱਕ! ਠੱਕ! ਠੱਕ!’ ਦਰਵਾਜ਼ਾ ਫੇਰ ਲਗਾਤਾਰ ਖੜਕਿਆ ਸੀ। ਘਰਦੇ ਸਾਰੇ ਜੀਅ ਸਹਿਮ ਗਏ। ਦਹਿਸ਼ਤ ਉਨ੍ਹਾਂ ਦੇ ਸਿਰਾਂ ਉੱਪਰ ਆ ਚੜ੍ਹੀ ਸੀ। ਕਿਸੇ ਨੂੰ ਸਮਝ ਨ੍ਹੀਂ ਸੀ ਲੱਗ ਰਿਹਾ ਕਿ ਕੀ ਕੀਤਾ ਜਾਵੇ। ਸਾਰੇ ਇੱਕ ਦੂਜੇ ਵੱਲ ਡਰੀਆਂ-ਡਰੀਆਂ ਅੱਖਾਂ ਨਾਲ ਝਾਕੀ ਜਾਂਦੇ ਸਨ।

‘ਅੱਜ ਨ੍ਹੀਂ ਬਚਦੇ’ ਜਿਵੇਂ ਸਾਰੇ ਇੱਕ ਦੂਜੇ ਨੂੰ ਆਖ ਰਹੇ ਸਨ ਪਰ ਬੋਲ ਨ੍ਹੀਂ ਸੀ ਰਹੇ।

‘ਤੁਸੀਂ ਇੱਧਰ-ਉਧਰ ਹੋਜੋ। ਪੌੜੀ ਰਾਹੀਂ ਨਿਕਲਜੋ ਪਿਛਲੇ ਪਾਸੇ।’ ਬਾਪੂ ਨੇ ਮੇਰੇ ਭਰਾਵਾਂ ਨੂੰ ਆਖਿਆ।



**ਗੁਰਮੀਤ ਕੜਿਆਲਵੀ**
**ਫੋਨ: 98726-40994**

‘ਮੈਂ ਵੇਖਦਾਂ।’ ਬਾਪੂ ਨੇ ਕਿਰਪਾਨ ਦੇ ਮੁੱਠੇ ਨੂੰ ਘੁੱਟਦਿਆਂ ਮੇਰੇ ਤੋਂ ਛੋਟੇ ਦੋਵਾਂ ਨੂੰ ਜਿਵੇਂ ਆਦੇਸ਼ ਦਿੱਤਾ।

‘ਜੇ ਪਿਛਲੇ ਪਾਸੇ ਕੋਈ ਖੜਾ ਹੋਇਆ?’ ਨਿੱਕਾ ਬੋਲਿਆ ਸੀ।

‘ਕੋਈ ਫਾਇਦਾ ਨ੍ਹੀਂ’ ਦੂਸਰਾ ਸੀ। ਸਿੱਧੇ ਤੌਰ ਤੇ ਕੋਈ ਕਿਸੇ ਨੂੰ ਨ੍ਹੀਂ ਸੀ ਆਖ ਰਿਹਾ ਕਿ ਹੁਣ ਕਿਸੇ ਪਾਸੇ ਭੱਜਣ ਦਾ ਕੋਈ ਲਾਭ ਨ੍ਹੀਂ ਹੋਣਾ।

ਦਰਵਾਜ਼ੇ ਦਾ ਬਾਹਰਲਾ ਕੁੰਡਾ ਲਗਾਤਾਰ ਖੜਕੀ ਜਾਂਦਾ ਸੀ। ਘਰਦਿਆਂ ਨੂੰ ਲੱਗਦਾ ਸੀ ਜਿਵੇਂ ਯਮਰਾਜ ਮੌਤ ਦਾ ਪ੍ਰਵਾਨਾ ਹੱਥ ਵਿਚ ਫੜੀ ਘੰਟੀਆਂ ਖੜਕਾ ਰਿਹਾ ਹੋਵੇ।

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਪੰਜਾਬ ਦੇ ਪਿੰਡਾਂ ਵਿਚ ਸ਼ਾਮੀ ਚਾਰ ਵਜੇ ਹੀ ਰਾਤ ਪੈ ਜਾਂਦੀ ਸੀ। ਇਨ੍ਹਾਂ ਦਹਿਸ਼ਤ ਭਰੇ ਦਿਨਾਂ ਵਿਚ ਪੰਜਾਬ ਵਿਚ ਏ ਕੇ ਸੰਤਾਲੀਆਂ ਦਾ ਰਾਜ ਸੀ। ਰਾਜ ਭਾਗ ਨੂੰ ਪਲਟ ਕੇ ਦਲਿਤਾਂ ਦਾ ਆਪਣਾ ਰਾਜ ਲਿਆਉਣ ਦਾ ਭੂਤ ਉਨ੍ਹੀਂ ਦਿਨੀਂ ਮੇਰੇ ਉੱਤੇ ਵੀ ਸਵਾਰ ਹੋਇਆ ਰਹਿੰਦਾ ਸੀ। ਮੇਰੇ ਵਰਗੇ ਹਜ਼ਾਰਾਂ-ਲੱਖਾਂ ਲੋਕ ਉਦੋਂ ਪੰਜਾਬ ਵਿਚਲੀ ਵਿਧਾਨ ਸਭਾ ਉੱਤੇ ਕਬਜ਼ਾ ਕਰਨ ਦੇ ਸੁਪਨੇ ਲੈਂਦੇ ਫਿਰਦੇ ਸਨ। ਪੰਜਾਬ ਦੇ ਨਾਲ-ਨਾਲ ਅਸੀਂ ਮਸਤ ਹੋਇਆ ਹਾਥੀ ਦਿੱਲੀ ਦੇ ਲਾਲ ਕਿਲ੍ਹੇ ਵਿਚ ਵਾੜ ਦੇਣ ਦੀਆਂ ਬੜਕਾਂ ਵੀ ਮਾਰਦੇ ਸਾਂ। ਸੁਪਨਿਆਂ ਦੇ ਇਨ੍ਹੀਂ ਦਿਨੀਂ ਮੈਂ ਜਿਲ੍ਹਾ ਫਿਰੋਜ਼ਪੁਰ ਦੀ ਪਾਰਟੀ ਦਾ ਸਕੱਤਰ ਸਾਂ। ਬੰਦੂਕਾਂ ਦੀ ਛਾਂ ਹੇਠ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਪੂਰੀ ਸਰਗਰਮ ਭੂਮਿਕਾ ਨਿਭਾਈ ਸੀ।

ਪੰਜਾਬ ਵਿਚ ਹੋ ਰਹੀਆਂ ਇਨ੍ਹਾਂ ਚੋਣਾਂ ਦਾ ਬਾਈਕਾਟ ਕਰਨ ਲਈ ਏ.ਕੇ. ਸੰਤਾਲੀਆਂ ਵੱਲੋਂ ਫਤਵਾ ਜਾਰੀ ਕੀਤਾ ਗਿਆ ਸੀ। ਇਸ ਹੁਕਮਨਾਮੇ ਦਾ ਅਸਰ ਵੀ ਪੂਰਾ ਸੀ। ਉਦੋਂ ਹੁਣ ਦੀਆਂ ਚੋਣਾਂ ਵਾਂਗੂੰ ਪਿੰਡਾਂ/ਸ਼ਹਿਰਾਂ ਦੀਆਂ ਸੱਥਾਂ ਵਿਚ ਮੇਲੇ ਨ੍ਹੀਂ ਸੀ ਲੱਗਦੇ। ਅਸੀਂ ਚੋਰਾਂ ਵਾਂਗੂੰ ਚੋਣ ਪ੍ਰਚਾਰ ਕਰਦੇ ਸਾਂ। ਸੀ.ਆਰ.ਪੀ ਦੇ ਜੁਆਨਾਂ ਦੀ ਧਾੜ ਹਰ ਪਾਰਟੀ ਦੇ ਉਮੀਦਵਾਰ ਦੇ ਨਾਲ ਚੱਲਦੀ ਸੀ। ਸੁਪਰਕਾਪ ਕੇ.ਪੀ.ਐੱਸ. ਗਿੱਲ ਦੀ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਖੁੱਲ੍ਹ ਕੇ ਵੋਟਾਂ ਪਾਉਣ ਲਈ ਪ੍ਰੇਰਿਆ ਜਾ ਰਿਹਾ ਸੀ। ਇਸਦੇ ਬਾਵਜੂਦ ਵੋਟਾਂ ਵਾਲੇ ਦਿਨ ਚੋਣ ਬੂਥਾਂ ‘ਤੇ ਬੇਰੌਣਕੀ ਬਣੀ ਰਹੀ। ਕੋਈ ਵਿਰਲਾ-ਟਾਵਾਂ ਬੰਦਾ ਵੋਟਾਂ ਵਾਲੇ ਦਿਨ ਘਰੋਂ ਨਿਕਲ ਕੇ ਪੋਲਿੰਗ ਸਟੇਸ਼ਨ ‘ਤੇ ਆਇਆ ਸੀ। ਏ.ਕੇ. ਸੰਤਾਲੀਆਂ ਦੀ ਦਹਿਸ਼ਤ ਸਿਰ ਚੜ੍ਹ ਕੇ ਬੋਲੀ ਹੀ ਨ੍ਹੀਂ ਸਗੋਂ ਗੜਗੱਜਾਂ ਪਾਉਂਦੀ ਨਜ਼ਰ ਆਈ ਸੀ। ਸਾਡੇ ਵਰਗੇ, ਦਲਿਤਾਂ ਦਾ ਰਾਜ ਭਾਗ ਲਿਆਉਣ ਦੇ ਸੁਪਨੇ ਵੇਖਣ ਵਾਲੇ, ਦਹਿਸ਼ਤ ਦੇ ਇਸ ਦਿਨ ਵੀ ਪੂਰੇ ਟਹਿਕਰੇ ਵਿਚ ਸਨ ਅਤੇ ਪਾਰਟੀ ਦੇ ਹਮਾਇਤੀ ਵੋਟਰਾਂ ਨੂੰ ਘਰਾਂ ਵਿਚੋਂ ਖੱਡ ਕੇ ਲਿਆਉਣ ਲਈ ਪੱਬਾਂ ਭਾਰ ਹੋਏ ਫਿਰਦੇ ਸਨ। ਦਹਿਸ਼ਤ ਦਾ ਆਲਮ ਏਨਾ ਤਾਰੀ ਸੀ ਕਿ ਸਾਡੇ ਵਾਲੇ ਉਮੀਦਵਾਰ ਤੋਂ ਬਿਨਾਂ ਹੋਰ ਕਿਸੇ ਪਾਰਟੀ ਦਾ ਵੀ ਪੋਲਿੰਗ ਏਜੰਟ, ਪੋਲਿੰਗ ਸਟੇਸ਼ਨ ਅੰਦਰ ਹਾਜ਼ਰ ਨ੍ਹੀਂ ਸੀ ਹੋਇਆ। ਚੋਣਾਂ ਕਰਵਾਉਣ ਵਾਲੇ ਅਮਲੇ ਨੂੰ ਚਾਹ-ਪਾਣੀ ਦੇਣ ਲਈ ਵੀ ਕੋਈ ਨੰਬਰਦਾਰ, ਸਰਪੰਚ ਨਾ ਬਹੁੜਿਆ। ਅਸੀਂ ਹੀ ਉਨ੍ਹਾਂ ਨੂੰ ਚਾਹ-ਪਾਣੀ ਪਿਆਇਆ ਸੀ ਤੇ ਇਸਦੇ ਇਵਜ਼ਾਨੇ ਵਿਚ ਅਮਲੇ ਨੇ ਸਾਨੂੰ ਖੁੱਲ੍ਹ ਕੇ ਖੇਡਣ ਦੀ ਛੁੱਟੀ ਦਿੱਤੀ ਰੱਖੀ ਸੀ। ਹੋਰ ਕੋਈ ਰੋਕਣ-ਟੋਕਣ ਵਾਲਾ ਤਾਂ ਹੈ ਨ੍ਹੀਂ ਸੀ।

ਅਸੀਂ ਸਾਰਾ ਜ਼ੋਰ ਲਾ ਕੇ ਪਿੰਡ ਵਿਚੋਂ 250 ਤੋਂ ਵੱਧ ਵੋਟ ਭੁਗਤਾ ਦਿੱਤੀ। ਇਹ ਗਿਣਤੀ ਕੋਈ ਛੋਟੀ ਨ੍ਹੀਂ ਸੀ, ਜਦੋਂ ਕਿ ਵਿਧਾਨ ਸਭਾ ਦੀਆਂ ਉਨ੍ਹਾਂ ਚੋਣਾਂ ਵਿਚ ਮਾਨਸੇ ਜਿਲ੍ਹੇ ਦੇ ਜੋਗਾ ਹਲਕੇ ‘ਚੋਂ ਇੱਕ ਉਮੀਦਵਾਰ ਸਾਢੇ ਤਿੰਨ ਕੁ ਸੈਂਕੜੇ ਵੋਟਾਂ ਲੈ ਕੇ ਵਿਧਾਨ ਸਭਾ ਅੰਦਰ ਜਾ ਪਹੁੰਚਿਆ ਸੀ। ਸਾਡੇ ਵਾਲੀ ਵਿਧਾਨ ਸਭਾ ਅਤੇ ਸੰਸਦੀ ਸੀਟ ਪਾਰਟੀ ਨੇ ਜਿੱਤ ਲਈ ਸੀ। ਪਾਰਟੀ ਦੇ ਛੇ ਐਮ.ਐਲ.ਏ. ਦੁਆਬੇ ਵਿਚੋਂ ਅਤੇ ਸਾਡੇ ਵਾਲੀ ਵਿਧਾਨ ਸਭਾਈ ਸੀਟ ਸਮੇਤ ਤਿੰਨ ਮਾਲਵੇ ਵਿਚੋਂ ਜਿੱਤ ਗਏ ਸਨ। ਸ੍ਰ. ਬੇਅੰਤ ਸਿੰਘ ਦੀ ਅਗਵਾਈ ਵਿਚ ਸਰਕਾਰ ਕਾਂਗਰਸ ਪਾਰਟੀ ਨੇ ਬਣਾ ਲਈ ਸੀ।

ਗੱਲ ਵੋਟਾਂ ਪੈਣ ਨਾਲ ਹੀ ਠੱਪ ਨ੍ਹੀਂ ਸੀ ਹੋ ਗਈ ਬਲਕਿ ਸ਼ੁਰੂ ਹੋਈ ਸੀ। ਏ.ਕੇ. ਸੰਤਾਲੀਆਂ ਨੇ ਪੰਜਾਬ ਵਿਚ ਵੱਖ-ਵੱਖ ਥਾਈਂ ਵੋਟਾਂ ਪਾਉਣ ਵਾਲੇ ਲੋਕਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਸੀ। ਪੂਹਲੇ ਨਥਾਣੇ ਵੱਲ ਕਾਂਗਰਸ ਪਾਰਟੀ ਦੇ ਮੈਂਬਰ ਪਾਰਲੀਮੈਂਟ ਕੇਵਲ ਸਿੰਘ ਲੰਢੇਕੇ, ਨੂਰਮਹਿਲ ਵਿਚ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਓਮ ਪ੍ਰਕਾਸ਼ ਸਿੱਧਮ ਦੇ ਹਿਮਾਇਤੀ ਅਤੇ ਰੋਪੜ ਵਾਲੇ ਪਾਸੇ ਪਾਰਟੀ ਹਿਮਾਇਤੀਆਂ ਦੇ ਮਾਰੇ ਜਾਣ ਕਾਰਨ ਪੂਰੇ ਪੰਜਾਬ ਵਿਚ ਵੋਟਾਂ ਪਾਉਣ ਵਾਲੇ ਲੋਕ ਦਹਿਸ਼ਤ ਦਾ ਸ਼ਿਕਾਰ ਹੋਏ ਪਏ ਸਨ। ਪਿੰਡ ਵਿਚੋਂ ਕਾਫ਼ੀ ਗਿਣਤੀ ਵਿਚ ਵੋਟਾਂ ਪੁਆਉਣ ਅਤੇ ਚੋਣਾਂ ਵਿਚ ਸਰਗਰਮੀ ਨਾਲ ਭਾਗ ਲੈਣ ਕਰਕੇ ਮੈਂ ਵੀ ਆਪਣੇ-ਆਪ ਨੂੰ ਸੁਰੱਖਿਅਤ ਨ੍ਹੀਂ ਸੀ ਸਮਝਦਾ। ਕਿਸੇ ਵਕਤ ਕੁਝ ਵੀ ਹੋ ਸਕਦਾ ਸੀ। ਫੇਰ ਪੁਲਿਸ ਅਤੇ ਸੀ ਆਰ ਪੀ ਦੀ ਸੁਰੱਖਿਆ ਤਾਂ ਕੇਵਲ ਲੀਡਰਾਂ ਨੂੰ ਹੀ ਮਿਲੀ ਹੋਈ ਸੀ, ਮੇਰੇ ਵਰਗੇ ਆਮ ਬੰਦੇ ਦਾ ਤਾਂ ਨੀਲੀ ਛੱਤਰੀ ਆਲੇ ‘ਤੇ ਹੀ ਭਰੋਸਾ ਸੀ।



ਕਿਸੇ ਤਰ੍ਹਾਂ ਦੀ ਅਨਹੋਣੀ ਤੋਂ ਬਚਣ ਲਈ ਚੌਕਸੀ ਵਰਤਣੀ ਬੇਹੱਦ ਜ਼ਰੂਰੀ ਹੋ ਗਈ ਸੀ। ਇੱਧਰੋਂ-ਉਧਰੋਂ ਉੱਡ-ਉੱਡ ਕੇ ਘਰਾਂ ਦੇ ਬੂਹਿਆਂ ਅੰਦਰ ਆਉਂਦੀਆਂ ਅਫ਼ਵਾਹਾਂ ਨੇ ਘਰਦਿਆਂ ਦੇ ਮਨਾਂ ਵਿਚ ਹੋਰ ਵਧੇਰੇ ਖ਼ੌਫ਼ ਪੈਦਾ ਕੀਤਾ ਹੋਇਆ ਸੀ। ਜਿੰਨਾ ਲੋਕਾਂ ਨੂੰ ਅਸੀਂ ਉਤਸ਼ਾਹਿਤ ਕਰਕੇ ਵੋਟਾਂ ਪੁਆਈਆਂ ਸਨ, ਖ਼ਾਸ ਕਰਕੇ ਜਿਨ੍ਹਾਂ ਘਰਾਂ ਦੇ ਨੌਜੁਆਨ ਮੁੰਡੇ ਮੇਰੇ ਨਾਲ ਝੰਡਾ ਚੁੱਕੀ ਤੁਰੇ ਫਿਰਦੇ ਸਨ, ਉਨ੍ਹਾਂ ਦੇ ਘਰਾਂ ਵਾਲੇ ਮੈਨੂੰ ਬੁਰਾ-ਭਲਾ ਆਖ ਰਹੇ ਸਨ। ਕਈ ਬੁੜੀਆਂ ਤਾਂ ਸਾਡੇ ਘਰੇ ਆ ਕੇ ਗਾਲ੍ਹਾਂ ਵੀ ਖੱਡ ਗਈਆਂ। ਦਰਅਸਲ ਉਨ੍ਹਾਂ ਦਾ ਵੀ ਕੋਈ ਕਸੂਰ ਨ੍ਹੀਂ ਸੀ। ਏ.ਕੇ. ਸੰਤਾਲੀ ਵੱਲੋਂ ਭੰਗ ਦੇ ਭਾੜੇ ਵਰਤਾਈ ਜਾਂਦੀ ਮੌਤ ਨੇ ਦਹਿਸ਼ਤ ਹੀ ਏਨੀ ਪੈਦਾ ਕੀਤੀ ਹੋਈ ਸੀ। ਬਿਲਕੁਲ ਆਮ ਲੋਕਾਂ ਨੂੰ ਤਾਂ ਕੀ, ਸਾਨੂੰ ਵੀ ਹਰ ਵੇਲੇ ਮੌਤ ਅੱਖਾਂ ਅੱਗੇ ਤਾਂਡਵ ਨਾਚ ਕਰਦੀ ਪ੍ਰਤੀਤ ਹੁੰਦੀ ਸੀ।

ਉਨ੍ਹੀਂ ਦਿਨੀਂ ਸੂਰਜ ਦੇ ਕੋਠਿਓ ਲਹਿੰਦਿਆਂ ਹੀ ਘਰਾਂ ਅੰਦਰ ਤੜ ਜਾਈਦਾ ਸੀ। ਛੇ ਸਾਢੇ ਛੇ ਵਜੇ ਤੋਂ ਬਾਅਦ, ਰੇਡੀਓ-ਟੈਲੀਵਿਜ਼ਨ ਕੋਈ ਨ੍ਹੀਂ ਸੀ ਲਾਉਂਦਾ। ਘਰਾਂ-ਮੁਹੱਲਿਆਂ ਵਿਚ ਮੜੀਆਂ ਵਰਗੀ ਸੁੰਨ-ਮਸਾਨ ਪੱਸਰੀ ਰਹਿੰਦੀ ਸੀ। ਕਿੱਧਰੇ ਮਾੜਾ ਜਿਹਾ ਵੀ ਖੜਕਾ ਹੁੰਦਾ ਸਾਡਾ ਤ੍ਰਾਹ ਨਿਕਲ ਜਾਂਦਾ। ਆਪ ਮੁਹਾਰੇ ਹੱਥ ਸੁਰੱਖਿਆ ਵਾਲੇ ਸਾਧਨਾਂ ਵੱਲ ਉੱਲਰ ਪੈਂਦੇ। ਏ.ਕੇ. ਸੰਤਾਲੀਆਂ ਅਤੇ ਹੋਰ ਖ਼ਤਰਨਾਕ ਹਥਿਆਰਾਂ ਦਾ ਕੋਈ ਮੁਕਾਬਲਾ ਤਾਂ ਨ੍ਹੀਂ ਸੀ ਪਰੰਤੂ ਬਚਾਅ ਲਈ ਚੁੱਕਿਆ ਛੋਟਾ ਜਿਹਾ ਕਦਮ ਵੀ ਕਈ ਵਾਰ ਵੱਡੇ-ਵੱਡੇ ਹਮਲਿਆਂ ਨੂੰ ਪਛਾੜ ਸੁੱਟਦਾ ਹੈ। ਅਣੀ-ਪਟੱਕੇ ਤੇਜ਼ ਆ ਕੇ ਵੱਜਿਆ ਇੱਟ-ਰੋੜਾ ਵੀ ਬੰਦੂਕ ਦੀ ਗੋਲੀ ਨਾਲੋਂ ਵਧੇਰੇ ਮਾਰ ਕਰਦਾ ਹੈ। ਕਈ ਕਾਮਰੇਡਾਂ ਵੱਲੋਂ ਹੌਂਸਲੇ ਨਾਲ ਹਮਲਾ ਕਰਨ ਆਇਆਂ ਨੂੰ ਇੱਟਾਂ ਰੋੜਿਆਂ ਨਾਲ ਹੀ ਭਜਾ ਦੇਣ ਦੀਆਂ ਖ਼ਬਰਾਂ ਵੀ ਸੁਣੀਆਂ ਹੋਈਆਂ ਸਨ। ਏ.ਕੇ. ਸੰਤਾਲੀਆਂ ਦੇ ਜੁਆਬ ਵਿਚ ਏ.ਕੇ. ਸੰਤਾਲੀਆਂ ਨਾ ਸਹੀ, ਦੇਸੀ ਹਥਿਆਰ ਤਾਂ ਵਰਤੇ ਹੀ ਜਾ ਸਕਦੇ ਸਨ। ਸੋ ਜਿੰਨੀ ਵੀ ਚੌਕਸੀ ਅਤੇ ਤਿਆਰੀ ਰੱਖੀ ਜਾ ਸਕਦੀ ਸੀ, ਆਵਦੇ ਵਲੋਂ ਰੱਖ ਰਹੇ ਸਾਂ।

ਵਹਿਸ਼ਤ ਅਤੇ ਦਹਿਸ਼ਤ ਨਾਲ ਭਰੇ ਇਨ੍ਹਾਂ ਦਿਨਾਂ ਵਿਚ ਹੀ ਇੱਕ ਦਿਨ ਮੈਨੂੰ ਕਿਸੇ ਰਿਸ਼ਤੇਦਾਰੀ ਵਿਚ ਜਾਣਾ ਪੈ ਗਿਆ। ਕੁਵੇਲਾ ਹੋ ਜਾਣ ਕਰਕੇ ਮੈਂ ਰਾਤ ਵੀ ਉੱਥੇ ਹੀ ਰਹਿ ਗਿਆ। ਇਸ ਸਬੰਧੀ ਘਰਦਿਆਂ ਵੱਲੋਂ ਉਚੇਚੀਆਂ ਹਦਾਇਤਾਂ ਸਨ ਕਿ ਕੁਵੇਲੇ ਨ੍ਹੀਂ ਆਉਣਾ। ਜਿੱਥੇ ਰਾਤ ਪੈਂਦੀ ਹੈ, ਟਿਕਾਣਾ ਉੱਥੇ ਹੀ ਕਰ ਲੈਣਾ ਹੈ। ਏਸੇ ਕਰਕੇ ਮੈਂ ਉਨ੍ਹਾਂ ਦਿਨਾਂ ਵਿਚ ਜਾਂ ਤਾਂ ਦਿਨ ਖੜ੍ਹੇ-ਖੜ੍ਹੇ ਘਰੇ ਆ ਜਾਂਦਾ ਸਾਂ ਤੇ ਜਾਂ ਫਿਰ ਜਿੱਥੇ ਕਿਸੇ ਮਿੱਤਰ-ਦੋਸਤ ਕੋਲ ਹਨੇਰਾ ਹੋ ਜਾਂਦਾ, ਮੰਜਾ ਮੱਲ ਲੈਂਦਾ। ਉਸ ਦਿਨ ਘਰਦਿਆਂ ਨੇ ਵੀ ਵਕਤ ਸਿਰ ਹੀ ਬੂਹੇ ਭੇੜ ਲਏ ਸਨ। ਆਮ ਦਿਨਾਂ ਵਾਂਗ ਵੇਲੇ ਸਿਰ ਹੀ ਬੱਤੀਆਂ ਬੰਦ ਹੋ ਗਈਆਂ ਸਨ। ਆਂਢ-ਗੁਆਂਢ ਦੇ ਘਰਾਂ ਵਿਚੋਂ ਵੀ ਬੋਲ-ਚਾਲ ਦੀਆਂ ਆਵਾਜ਼ਾਂ ਸੁਣਾਈ ਦੇਣੋ ਹਟ ਗਈਆਂ ਸਨ। ਸਾਰਾ ਪਿੰਡ ਸੁਸਰੀ ਵਾਂਗ ਸੁੱਤਾ ਪਿਆ ਸੀ। ਕਿਸੇ ਕਿਸੇ ਕੁੱਤੇ ਦੇ ਭੌਂਕਣ ਦੀ ਟਾਵੀਂ-ਟਾਵੀਂ ਆਵਾਜ਼ ਰਾਤ ਦੀ ਸੰਨਾਟੇ ਭਰੀ ਚੁੱਪ ਨੂੰ ਤੋੜਦੀ।

ਦਹਿਸ਼ਤ ਦੇ ਇਨ੍ਹੀਂ ਦਿਨੀਂ ਤਾਂ ਕੋਈ ਰਿਸ਼ਤੇਦਾਰ ਵੀ ਮਿਲਣ ਨ੍ਹੀਂ ਸੀ ਆਉਂਦਾ। ਸਭ ਰਿਸ਼ਤੇਦਾਰਾਂ ਨੂੰ ਹੀ ਸਾਡੀ ਕੁੜਿਕੀ ਵਿਚ ਫਸੀ ਜ਼ਿੰਦਗੀ ਦਾ ਪਤਾ ਸੀ ਫਿਰ ਅਜਿਹੇ ਵੇਲੇ ਕੌਣ ਹੋ ਸਕਦਾ ਸੀ? ਕੋਈ ਰਿਸ਼ਤੇਦਾਰ ਹੁੰਦਾ ਤਾਂ ਆਵਾਜ਼ ਹੀ ਮਾਰ ਦਿੰਦਾ। ਇਧਰ ਘਰਦੇ ਜੀਅ ਕੀ ਕਰੀਏ... ਕੀ ਕਰੀਏ, ਦੀਆਂ ਸੋਚਾਂ ਦੀ ਉਧੇੜ ਬੁਣ ਕਰ ਰਹੇ ਸਨ ਅਤੇ ਉਧਰ ਦਰਵਾਜ਼ੇ ਉੱਪਰ ਠੱਕ-ਠੱਕ ਲਗਾਤਾਰ ਜਾਰੀ ਸੀ। ‘ਮੈਂ ਆਵਾਜ਼ ਮਾਰ ਕੇ ਦਰਵਾਜ਼ਾ ਖੋਲ੍ਹੂੰ ਤੇ ਫਿਰ ਇੱਕ ਦਮ ਪਾਸੇ ਹੋ ਜਾਊਂ, ਦਰਵਾਜ਼ੇ ਦੇ ਨਾਲ ਹੀ। ਤੁਸੀਂ ਦੂਜੇ ਪਾਸੇ ਤਖ਼ਤੇ ਉਹਲੇ ਹੋ ਜਾਣਾ। ਜੇ ਗੜਬੜ ਲੱਗੀ...ਗੱਡ ਦੇਵੀਂ ਸਿੱਧਾ ਛਾਤੀ ਵਿਚ, ਫੇਰ ਵੇਖੀ ਜਾਊ। ਇੱਕ ਦੋ ਨੂੰ ਨ੍ਹੀਂ ਲਈਦੇ।’ ਫ਼ੌਜੀ ਰਹੇ ਬਾਪੂ ਨੇ ਸਾਰੀ ਪਲਾਨਿੰਗ ਦੋਵਾਂ ਛੋਟਿਆਂ ਨੂੰ ਚੰਗੀ ਤਰ੍ਹਾਂ ਸਮਝਾ ਦਿੱਤੀ ਸੀ। ਸਭ ਤੋਂ ਛੋਟਾ ਜੋ ਹੱਡਾਂ-ਪੈਰਾਂ ਦਾ ਮੋਕਲਾ ਤੇ ਕਾਫ਼ੀ ਫੁਰਤੀਲਾ ਸੀ, ਨੇ ਲੰਮੀ ਬਰਛੀ ਹੱਥਾਂ ਵਿਚ ਸੰਭਾਲ ਲਈ। ਵਿਚਕਾਰਲੇ ਨੇ ਵੀ ਖੁੰਢੀ ਜਿਹੀ ਗੰਡਾਸੀ ਚੱਕ ਲਈ ਸੀ।

ਪੂਰੀ ਤਿਆਰੀ ਕਰਕੇ ਬਾਪੂ ਨੇ ਮਿੱਥੇ ਅਨੁਸਾਰ ਦਰਵਾਜ਼ੇ ਨੂੰ ਖੋਲ੍ਹਣ ਤੋਂ ਪਹਿਲਾਂ ਪੁੱਛਿਆ, ‘ਕੌਣ?’

‘ਤੂੰ ਬਾਰ ਤਾਂ ਖੋਲ੍ਹ, ਦੱਸਦੇਂ ਤੈਨੂੰ ਕੌਣ ਆਂ’ ਬਾਹਰੋਂ ਆਈ ਰੋਹਬੀਲੀ ਆਵਾਜ਼ ਨੇ ਦਹਿਸ਼ਤ ਨੂੰ ਹੋਰ ਤਿੱਖਾ ਕਰ ਦਿੱਤਾ।

‘ਕੱਲਾ ਕਹਿਰਾ ਨ੍ਹੀਂ...ਦੋ-ਤਿੰਨ ਬੰਦੇ ਲੱਗਦੇ ਆ।’ ਬਾਹਰੋਂ ਆਪਸ ਵਿਚ ਹੋ ਰਹੀ ਗੱਲਬਾਤ ਵੀ ਥੋੜ੍ਹੀ-ਥੋੜ੍ਹੀ ਸੁਣਾਈ ਦਿੰਦੀ ਸੀ।

ਦਰਵਾਜ਼ਾ ਖੋਲਣ ਤੋਂ ਇਲਾਵਾ ਹੋਰ ਕੋਈ ਚਾਰਾ ਘਰਦਿਆਂ ਨੂੰ ਨਜ਼ਰ ਨ੍ਹੀਂ ਸੀ ਆਉਂਦਾ। ਕੰਧਾਂ ਇੰਨੀਆਂ ਉੱਚੀਆਂ ਨ੍ਹੀਂ ਸਨ ਕਿ ਟੱਪ ਕੇ ਅੰਦਰ ਆਉਣ ਵਾਲਿਆਂ ਨੂੰ ਰੋਕ ਸਕਣ। ਸੋ ਦਰਵਾਜ਼ਾ ਤਾਂ ਖੋਲ੍ਹਣਾ ਹੀ ਪੈਣਾ ਸੀ। ਹੁਣ ਅਗਲੀ ਗੱਲ ਬਾਪੂ ਦੇ ਫ਼ੌਜ਼ੀ ਪੈਂਤੜੇ ਨਾਲ ਮੋਰਚਾ ਲਾਉਣ ਅਤੇ ਦਰਵਾਜ਼ਾ ਖੋਲ੍ਹਣ ਦੀ ਸੀ। ਸਕੀਮ ਅਨੁਸਾਰ ਦਰਵਾਜ਼ਾ ਬਾਪੂ ਨੇ ਖੋਲਣਾ ਸੀ ਤੇ ਸਭ ਤੋਂ ਨਿੱਕੇ ਅਤੇ ਵਿਚਕਾਰਲੇ ਭਰਾ ਨੇ ਤਖ਼ਤਾ ਖੋਲ੍ਹਦਿਆਂ ਸਾਰ ਉਹਲੇ ਹੋ ਜਾਣਾ ਸੀ।

ਲੱਕੜ ਦੀਆਂ ਭਾਰੀਆਂ-ਭਾਰੀਆਂ ਫੱਟੀਆਂ ਵਾਲਾ ਚੀਕੂੰ-ਚੀਕੂੰ ਕਰਦਾ ਦਰਵਾਜ਼ਾ ਜਿਉਂ ਹੀ ਬਾਪੂ ਨੇ ਖੋਲ੍ਹਿਆ, ਦੋਵੇਂ ਭਰਾ ਫੁਰਤੀ ਨਾਲ ਤਖ਼ਤਿਆਂ ਦੇ ਉਹਲੇ ਕੌਲਿਆਂ ਨਾਲ ਜਾ ਲੱਗੇ। ਬਾਪੂ ਦੇ ਹੱਥ ‘ਚ ਫੜੀ ਖੁੰਢੀ ਕਿਰਪਾਨ ਭੁੱਖੇ ਸ਼ੇਰ ਵਾਂਗ ਮੂੰਹ ਅੱਡੀ ਖੜ੍ਹੀ ਸੀ। ਦਰਵਾਜ਼ੇ ਦੇ ਸਾਹਮਣੇ ਕਲੀਨ ਸੇਵਨ ਘੋਨੇ-ਮੋਨੇ ਤੇ ਖ਼ਾਲੀ ਹੱਥ ਖੜ੍ਹੇ ਮੁੰਡਿਆਂ ਨੂੰ ਵੇਖ ਕੇ ਬਾਪੂ ਦਾ ਹੱਥ ਢਿੱਲਾ ਪੈ ਗਿਆ। ਦੋਵੇਂ ਮੁੰਡੇ ਸਾਰਾ ਕੌਤਕ ਜਿਆ ਵੇਖ ਕੇ ਘਬਰ੍ਹਾ ਗਏ ਸਨ।

‘ਗੁਰਮੀਤ ਦਾ ਘਰ ਇਹੀ ਆ?’

‘ਹਾਂ ਇਹੀ ਆ।’ ਬਾਪੂ ਦੀ ਸੁਰ ਇੱਕ ਦਮ ਨਰਮ ਹੋ ਗਈ ਸੀ।

‘ਮੈਂ ਜਲੰਧਰੋਂ ਆ, ਦੇਸ ਰਾਜ ਕਾਲੀ! ਇਹ ਭਗਵੰਤ ਆ, ਭਗਵੰਤ ਰਸੂਲਪੁਰੀ। ਅਸੀਂ ਕੜਿਆਲਵੀ ਨੂੰ ਮਿਲਣ ਆਏ ਆਂ।’ ਕਾਲੀ ਕਾਹਲੀ-ਕਾਹਲੀ ਬੋਲਿਆ ਸੀ। ਤਖ਼ਤੇ ਉਹਲਿਓਂ ਦੋਵੇਂ ਛੋਟੇ ਭਰਾ ਵੀ ਨਿਕਲ ਆਏ ਸਨ। ਉਨ੍ਹਾਂ ਦੋਵਾਂ ਨੇ ਕਾਲੀ ਹੋਰਾਂ ਬਾਰੇ ਪੜ੍ਹਿਆ ਤੇ ਸੁਣਿਆ ਹੋਇਆ ਸੀ। ਭਾਵੇਂ ਉਹ ਪਹਿਲਾਂ ਕਦੇ ਮਿਲੇ ਨ੍ਹੀਂ ਸਨ ਪਰ ਇਨ੍ਹਾਂ ਦੋਵਾਂ ਬਾਰੇ ਚੰਗੀ ਤਰ੍ਹਾਂ ਜਾਣਦੇ ਸਨ।

‘ਬਾਈ ਅਸੀਂ ਤਾਂ ਡਰ ਈ ਗਏ ਸੀ’ ਸਭ ਤੋਂ ਨਿੱਕਾ ਕੱਚਾ ਜਿਆ ਹੋ ਕੇ ਬੋਲਿਆ ਸੀ।

‘ਡਰੀ ਤਾਂ ਹੁਣ ਤੱਕ ਅਸੀਂ ਵੀ ਜਾਨੇ ਆਂ।’ ਭਗਵੰਤ ਬਾਪੂ ਦੇ ਗੋਡਿਆਂ ਨੂੰ ਹੱਥ ਲਾਉਂਦਾ ਬੋਲਿਆ ਸੀ।

‘ਕਾਕਾ ਐਨੀ ਹਨੇਰੇ ਤੁਰਨ ਦੀ ਕੀ ਲੋੜ ਹੁੰਦੀ ਐ...ਵੇਲਾ ਤਾਂ ਵੇਖੋ ਉੱਤੋਂ। ਜੇ ਕੋਈ ਹਬੀ-ਨਬੀ ਹੋਜੇ...?’

‘ਬਾਈ ਤੁਹਾਨੂੰ ਕਿੰਨੀ ਵਾਰ ਪੁੱਛਿਆ ਕੌਣ? ਤੁਸੀਂ ਜੁਆਬ ਈ ਨ੍ਹੀਂ ਦਿੱਤਾ। ਸੱਚੀਂ ਅਸੀਂ ਤਾਂ ਘਬਰਾ ਗਏ ਸੀ। ਅਸੀਂ ਤਾਂ ਮੋਰਚਾ ਲਾਈ ਬੈਠੇ ਸੀ। ਐਵੇਂ ਜਾਹ ਜਾਂਦੀ ਹੋ ਜਾਣੀ ਸੀ। ਬਾਈ...ਮਾੜੀ ਜਿਹੀ ਹਿਲਜੁਲ ਹੁੰਦੀ, ਅਸੀਂ ਇੱਕ ਦੇ ਦੋ ਕਰ ਦੇਣੇ ਸੀ।’ ਨਿੱਕਾ ਨਮੋਸ਼ੀ ਨਾਲ ਭਰਿਆ ਹੋਇਆ, ਸਿਰ ਮਾਰੀ ਜਾਂਦਾ ਸੀ।

ਕੁਝ ਨ੍ਹੀਂ ਸੀ ਬੋਲ ਰਹੇ ਕਾਲੀ ਅਤੇ ਭਗਵੰਤ। ਕਾਲੀ ਤਾਂ ਵਾਰ-ਵਾਰ ਡੂਢ ਹੱਥ ਲੰਮੀ ਫ਼ਾਲ ਵਾਲੀ ਬਰਛੀ ਵੱਲ ਹੀ ਵੇਖੀ ਜਾਂਦਾ ਸੀ। ਸ਼ਾਇਦ ਸੋਚ ਰਿਹਾ ਸੀ, ‘ਜੇ ਕਿਧਰੇ ਵੱਜ ਜਾਂਦੀ, ਪਾਣੀ ਮੰਗਣ ਦੀ ਵੀ ਲੋੜ ਨਾ ਸੀ ਪੈਣੀ। ਨਾਲ ਦੀ ਨਾਲ ਈ ਚੁਰਾਸੀ ਕੱਟੀ ਜਾਣੀ ਸੀ।’

ਉਹ ਸਹੀ ਸੋਚਦੇ ਸਨ, ਬਾਪੂ ਦੇ ਹੱਥ ਵਾਲੀ ਕਿਰਪਾਨ ਨੇ ਤਾਂ ਇੱਕੋ ਵਾਰ ਨਾਲ ਹੀ ਖਲਪਾੜ ਲਾਹ ਦੇਣੀ ਸੀ।

‘ਆਜੋ...ਅੰਦਰ ਆਜੋ।’ ਬਾਪੂ ਦੇ ਢਿੱਲੇ ਜਿਹੇ ਬੋਲ ਨਿਕਲੇ ਸਨ।

‘ਠੰਡ ਬਹੁਤ ਐ...ਰਜ਼ਾਈਆਂ ‘ਚ ਵੜ’ਜੋ ਛੇਤੀ।’ ਕਾਲੀ ਤੇ ਭਗਵੰਤ ਨੂੰ ਆਖਦਿਆਂ ਬਾਪੂ ਛੋਟੇ ਵੱਲ ਹੋਇਆ ਸੀ, ‘ਅੰਦਰੋਂ ਸੰਦੂਕ ‘ਚੋਂ ਰੰਮ ਦੀ ਬੋਤਲ ਕੱਢ ਲੈ ਇਨ੍ਹਾਂ ਵਾਸਤੇ।’

‘ਹੁਣ ਨ੍ਹੀਂ ਮਰਦੇ ਕਈ ਸਾਲ...।’ ਕਾਲੀ ਨੇ ਤੁਰੇ ਜਾਂਦਿਆਂ ਛੋਟੇ ਭਰਾ ਦੇ ਕੰਨ ਕੋਲ ਕਰਕੇ ਕਿਹਾ ਤਾਂ ਬੜੀ ਹੌਲੀ ਜਿਹੇ ਸੀ ਪਰ ਬਾਪੂ ਨੂੰ ਸੁਣ ਗਿਆ। ਉਸਦੇ ਚਿਹਰੇ ‘ਤੇ ਵੀ ਹਲਕੀ ਜਿਹੀ ਮੁਸਕਰਾਹਟ ਫੈਲ ਗਈ ਸੀ।

---

***(ਪਿਛਲੇ ਸਫੇ ਦਾ ਬਾਕੀ)***

ਦਫਤਰੀ ਕਾਰਵਾਈ ਕਰ ਲਵੋ, ਇਨ੍ਹਾਂ ਨੂੰ ਇੱਥੇ ਕੀਰਤਨ ਕਰਨ ਦੀ ਸੇਵਾ ਸ਼ੁਰੂ ਕਰ ਲਵੋ।’ ਪਰ ਮੈਂ ਕਾਹਲੀ ਨਾ ਕੀਤੀ, ਤੇ ਦੁਬਾਰਾ ਦੇਹਰਾਦੂਨ ਚਲਾ ਗਿਆ। ਸਾਲ 2012 ਤੋਂ ਲੈ ਕੇ ਸਾਲ 2020 ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਗੁਰੂ ਰਾਮਦਾਸ ਜੀ ਦੇ ਪਵਿੱਤਰ ਅਸਥਾਨ ਦੇ ਬਤੌਰ ਕੀਰਤਨੀਏ ਸੇਵਾ ਕੀਤੀ। ਉਸ ਦੀ ਬਖਸ਼ਿਸ਼ ਦੀ ਗੱਲ ਕਿੱਥੋਂ ਸ਼ੁਰੂ ਕਰਾਂ ਤੇ ਕਿਥੇ ਮੁਕਾਵਾਂ। ਬਸ ਇਹੀ ਅਰਦਾਸ ਹੈ ਕਿ ਆਪਣੀ ਬਖਸ਼ਿਸ਼ ਦਾ ਪਾਤਰ ਬਣਾਈ ਰੱਖੇ’।

ਗੁਰੂਘਰ ਸੰਤ ਸਾਗਰ ਕੀਰਤਨ ਦੀ ਸੇਵਾ ਕਰਨ ਦਾ ਸਬੱਬ ਕਿਵੇਂ ਬਣਿਆ?

ਸਾਲ 2020 ਦੇ ਪਹਿਲੇ ਮਹੀਨਿਆਂ ਵਿਚ ਨਿਊ ਜਰਸੀ ਦੇ ਗੁਰੂਘਰ ਬਰਿਜ ਵਾਟਰ ਕੀਰਤਨ ਦੀ ਸੇਵਾ ਨਿਭਾਉਣ ਤੋਂ ਬਾਅਦ ਬਾਬਾ ਸੱਜਣ ਸਿੰਘ ਹੋਰਾਂ ਦੇ ਸਹਿਯੋਗ ਨਾਲ ਅਕਤੂਬਰ 2020 ਤੋਂ ਲੈ ਕੇ ਹੁਣ ਤੱਕ-ਭਾਵ ਪੰਜ ਸਾਲ ਗੁਰੂਘਰ ਸੰਤ ਸਾਗਰ ਵਿਚ ਕੀਰਤਨ ਕਰਨ ਦੀ ਸੇਵਾ ਨਿਭਾਈ ਹੈ।

ਕੀਰਤਨ ਕਰਦਿਆਂ ਤੁਹਾਡੇ ਹੱਥਾਂ ਦੇ ਕੀਤੇ ਇਸ਼ਾਰੇ ਬਹੁਤ ਭਾਵ ਪੂਰਕ ਹੁੰਦੇ ਹਨ, ਆਸਾ ਦੀ ਵਾਰ ਗਾਇਨ ਕਰਦਿਆਂ ਜਦੋ ਸਰਮ-ਧਰਮ ਦਾ ਡੇਰਾ ਦੂਰ ਦਾ ਅਲਾਪ ਕਰਦੇ ਹੋ ਤਾਂ ਆਪਣੀ ਖੱਬੀ ਬਾਂਹ ਉਪਰ ਉਠਾ ਕੇ ——ਰ ਸ਼ਬਦ ਨੂੰ ਕਈ ਪਲਾਂ ਤੱਕ ਉਚਾਈ ਤੱਕ ਲੈ ਜਾਂਦੇ ਹੋ, ਕੀ ਮਹਿਸੂਸ ਹੁੰਦਾ ਉਸ ਵਕਤ?

ਗੁਰਬਾਣੀ ਪੜ੍ਹਨ ਤੇ ਸਮਝਣ ਨਾਲ ਹਰ ਗੱਲ ਦਾ ਭੇਤ ਖੁੱਲ੍ਹ ਜਾਂਦਾ ਹੈ; ਅਜ ਚਾਰ-ਚੁਫੇਰੇ ਜੋ ਵਾਪਰ ਰਿਹਾ ਆਪਾਂ ਸਾਰੇ ਵੇਖ ਰਹੇ ਹਾਂ।

ਕਈ ਵਾਰ ਮਹਿਸੂਸ ਹੁੰਦਾ ਹੈ ਤੁਸੀਂ ਬਹੁਤ ਵਿਸਮਾਦ ਵਿਚ ਭਿੱਜ ਕੇ ਕੀਰਤਨ ਕਰਦੇ ਹੋ, ਕਿਵੇਂ ਮੌਕਾ ਬਣਦਾ?

‘ਕੀਰਤਨ ਕਰਦਿਆਂ ਇਹ ਕਦੇ ਵੇਖਿਆ ਜਾਂ ਸੋਚਿਆ ਨਹੀਂ ਕਿ ਦਰਬਾਰ ਹਾਲ ਵਿਚ ਸੰਗਤ ਦੀ ਕਿੰਨੀ ਕੁ ਗਿਣਤੀ ਹੈ। ਮਹਿਸੂਸ ਹੋਣ ਲੱਗ ਜਾਂਦਾ ਕਿ ਗੁਰੂ ਸਾਹਿਬਾਨ, ਸਾਰੇ ਭਗਤ ਸਹਿਬਾਨ ਤੇ ਸਾਰੇ ਗੁਰਮੁਖ ਪਿਆਰੇ ਦਰਬਾਰ ਹਾਲ ਵਿਚ ਮੌਜੂਦ ਹਨ, ਸਾਰੀਆਂ ਸਤਿਕਾਰਤ ਤੇ ਰੂਹਾਨੀਅਤ ਰੂਹਾਂ ਕੀਰਤਨ ਸੁਣ ਰਹੀਆਂ ਹਨ। ਗੁਰਬਾਣੀ ਦਾ ਕੀਰਤਨ ਕਰਨਾ ਹੀ ਭਾਉਂਦਾ ਹੈ।

ਵਾਪਿਸ ਦੇਸ਼ ਜਾ ਰਹੇ ਹੋ, ਕਦੋਂ ਵਾਪਿਸ ਆਉਣ ਦਾ ਵਿਚਾਰ ਹੈ?


ਜ਼ਿੰਦਗੀ ਵਿਚ ਵਿਚਰਦਿਆਂ ਕੁੱਝ ਮਜਬੂਰ ਪਲ ਆਉਂਦੇ ਹਨ, ਉਨ੍ਹਾਂ ਅਨੁਸਾਰ ਚੱਲਣਾ ਪੈਂਦਾ ਹੈ, ਬਾਕੀ ਗੁਰੂ ਨੂੰ ਭਾਵੇ।

ਸੰਤ ਸਾਗਰ ਸੇਵਾ ਨਿਭਾਉਂਦਿਆਂ ਕੁੱਝ ਮਨ ਮਲਾਲ?

ਬਾਬਾ ਸੱਜਣ ਸਿੰਘ ਹੋਰਾਂ ਵਲੋਂ ਤੇ ਸੰਗਤ ਵਲੋਂ ਮਿਲੇ ਪਿਆਰ ਤੇ ਸਤਿਕਾਰ ਦੀ ਕੋਈ ਗਿਣਤੀ-ਮਿਣਤੀ ਨਹੀਂ ਹੋ ਸਕਦੀ। ਭਾਈ ਸ਼ਵਿੰਦਰ ਸਿੰਘ ਤੇ ਗੁਰੂ ਘਰ ਦੇ ਪ੍ਰਬੰਧਕ ਸੱਜਣਾਂ ਦੇ ਸਹਿਯੋਗ ਨਾਲ ਬੱਚਿਆਂ ਨੂੰ ਕੀਰਤਨ ਸਿਖਾਉਣ ਦੇ ਉਪਰਾਲੇ ਦੀ ਸ਼ੁਰੂਆਤ ਕੀਤੀ ਗਈ ਹੈ, ਬੱਚਿਆਂ ਨੂੰ ਸ਼ੌਕ ਹੈ ਕੀਰਤਨ ਸਿਖਣ ਦਾ, ਇਹ ਕੰਮ ਬਹੁਤ ਜ਼ਰੂਰੀ ਹੈ, ਚੱਲਦਾ ਰਹੇ ਤਾਂ ਵਧੀਆ ਹੈ। ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਸਾਨੂੰ ਸਭਨਾਂ ਨੂੰ ਉੱਦਮ ਤੇ ਉਪਰਾਲੇ ਕਰਨੇ ਚਾਹੀਦੇ ਹਨ। ਗੁਰੂ ਸਾਹਿਬ ਆਪ ਮੇਹਰਬਾਨ ਹੋਣਗੇ’।

ਭਾਈ ਰਾਏ ਸਿੰਘ ਹੋਰਾਂ ਨਾਲ ਗੱਲਬਾਤ ਕਰ ਕੇ ਬਹੁਤ ਚੰਗਾ ਮਹਿਸੂਸ ਹੋਇਆ। ਭਾਈ ਸਾਹਿਬ ਚੜ੍ਹਦੀ ਕਲਾ ਵਿਚ ਰਹਿਣ ਤੇ ਪੰਥ ਦੀ ਸੇਵਾ ਵਿਚ ਤਤਪਰ ਰਹਿਣ ਦੀ ਸਮਰੱਥਾ ਬਖਸ਼ਿਸ਼ ਕਰਨ।

# ਮਹਿਕ ਰੋਟੀਆਂ ਦੀ, ਬੋ ਲਾਸ਼ਾਂ ਦੀ!



ਸਮਾਂ-1947

ਰਾਵੀ ਦਾ ਪੁਲ ਪਾਰ ਕਰਕੇ ਸੜਕ ਦੀ ਢਲਾਣ ਸ਼ੁਰੂ ਹੋਈ। ਏਸ ਤੋਂ ਬਾਅਦ ਸੜਕ ਦੇ ਦੋਹੀਂ ਪਾਸੀਂ ਦਰੱਖ਼ਤਾਂ ਦੀ ਸੰਘਣੀ ਛਾਂ ਤੇ ਲੱਕ ਲੱਕ ਉਚਾ ਘਾਹ ਸੀ। ਭਾਵੇਂ ਚੁਮਾਸੇ ਦੀ ਗਰਮੀ ਵੀ ਸੀ, ਤਦ ਵੀ ਪੁਲ ਪਾਰ ਕਰਨ ਨਾਲ ਇਕ ਸੰਤੁਸ਼ਟੀ ਦਾ ਅਹਿਸਾਸ ਸੀ ਕਿ ਕਈ ਦਿਨਾਂ ਤੋਂ ਸਿਰ 'ਤੇ ਲਟਕਦੀ ਤਲਵਾਰ ਹਟ ਗਈ ਹੈ। ਲੱਗਦਾ ਸੀ ਜਿਵੇਂ ਜੁਗਾਂ ਦਾ ਸੰਤਾਪ ਮੁੱਕ ਗਿਆ ਹੈ। ਮਹਾਂਪੁਰਖ ਕਥਾ ਕਰਦਿਆਂ ਦੱਸਦੇ ਹੁੰਦੇ ਸਨ ਕਿ ਜਦੋਂ ਚੱਕੀ ਚੱਲਦੀ ਹੈ ਤਾਂ ਸਾਰੇ ਦਾਣੇ ਪਿਸ ਜਾਂਦੇ ਹਨ ਪਰ ਕਿੱਲੀ ਦੇ ਨਾਲ ਦੇ ਦਾਣੇ ਬਚ ਜਾਂਦੇ ਹਨ। ਸਾਨੂੰ ਲੱਗ ਰਿਹਾ ਸੀ ਕਿ ਅਸੀ ਓਹੀ ਕਿੱਲੀ ਦੇ ਦਾਣੇ ਹਾਂ ਜੋ ਚੱਕੀ ਚੱਲਣ ਦੇ ਬਾਵਜੂਦ ਬਚ ਕੇ ਆ ਗਏ ਹਾਂ। ਨਵੇਂ ਬਣੇ ਮੁਲਕ ਪਾਕਿਸਤਾਨ ਤੋਂ ਹਿਜਰਤ ਕਰਕੇ ਨਵੇਂ ਆਜ਼ਾਦ ਹੋਏ ਭਾਰਤ ਦੇਸ਼ ਵਿਚ ਪਹੁੰਚਣ ਵਾਲਾ ਸਭ ਤੋਂ ਪਹਿਲਾ ਤੇ ਸਭ ਤੋਂ ਵੱਡਾ ਕਾਫ਼ਲਾ ਸ਼ਾਇਦ ਸਾਡਾ ਹੀ ਸੀ। ਪਤਾ ਨਹੀਂ ਸਾਡੀ ਖ਼ੁਸ਼ੀ ਵੱਧ ਸੀ ਕਿ ਹੈਰਾਨੀ ਵੱਧ, ਅਸੀਂ ਸਾਰੇ ਸਹੀ ਸਲਾਮਤ ਪੁੱਜ ਗਏ ਸਾਂ।

ਰਾਵੀ ਦੇ ਬੇਲੇ ਵਿਚ ਪਹੁੰਚਦਿਆਂ ਇਹ ਨਹੀਂ ਸੀ ਪਤਾ

ਜਗਦੀਸ਼ ਸਿੰਘ ਵਰਿਆਮ

ਕਿ ਅਸੀਂ ਬਹੁਤ ਅਹਿਮ ਇਤਿਹਾਸਕ ਜੁਗ-ਗਰਦੀ ਦੇ ਨਾਟਕ ਦੇ ਪਾਤਰ ਹਾਂ, ਜਾਂ ਭਾਰਤੀ ਇਤਿਹਾਸ ਦੇ ਇਕ ਬਹੁਤ ਹੀ ਕੀਮਤੀ ਪੱਤਰੇ ਦੇ ਅੱਖਰ ਹਾਂ ਜਾਂ ਜੁਗਾਂ ਤੱਕ ਯਾਦ ਰਹਿਣ ਵਾਲੀ ਘਟਨਾ ਦੇ ਚਸ਼ਮਦੀਦ ਗਵਾਹ ਹਾਂ। ਸਾਨੂੰ ਤਾਂ ਕੁਝ ਦਿਨ ਤੱਕ ਪਹਿਲਾਂ ਏਹ ਪਤਾ ਹੀ ਨਹੀਂ ਸੀ ਕਿ ਕੋਈ ਐਸੀ ਸੰਭਾਵਨਾ ਵੀ ਹੋ ਸਕਦੀ ਹੈ। ਸਿਵਾਇ ਗੁਰੂ ਮਹਾਰਾਜ ਪ੍ਰਤਾਪ ਸਿੰਘ ਜੀ ਦੇ (ਨਾਮਧਾਰੀ ਗੁਰੂ) ਕਿਸੇ ਨੇ ਇਸ਼ਾਰਾ ਤੱਕ ਨਹੀਂ ਸੀ ਸੁੱਟਿਆ। ਵੱਡੇ ਲੀਡਰਾਂ ਨੂੰ ਵੀ ਅਜਿਹੀ ਸੰਭਾਵਨਾ ਦੀ ਆਸ ਤੱਕ ਨਹੀਂ ਸੀ ਕਿ ਇਕ ਫ਼ਿਰਕੇ ਦੇ ਸਾਰੇ ਦੇ ਸਾਰੇ ਲੋਕ ਦੂਸਰੇ ਪਾਸੇ ਚਲੇ ਜਾਣਗੇ। ਅਸੀਂ ਘਰੋਂ ਇਕ ਰਾਤ ਕੱਟਣ ਵਾਸਤੇ ਪੱਖੋਕੇ ਪਿੰਡ ਨੂੰ ਤੁਰੇ ਸਾਂ ਤੇ ਤਕਦੀਰ ਦੇ ਚੱਕਰ ਨੇ ਲਿਆ ਸੁੱਟਿਆ ਰਾਵੀ ਦੇ ਬੇਲੇ ਵਿਚ।

ਪੁਲ ਪਾਰ ਕਰਦਿਆਂ ਹੀ ਫ਼ੌਜੀ ਅਫ਼ਸਰ ਅਤੇ ਜਵਾਨ ਮਿਲੇ। ਹੋਰ ਵੀ ਅਫ਼ਸਰ ਜਾਂ ਲੀਡਰ ਹੋਣਗੇ ਜਾਂ ਆਮ ਲੋਕ ਵੀ, ਉਹ ਕਹਿ ਰਹੇ ਸਨ, 'ਰੱਬ ਦਾ ਲੱਖ-ਲੱਖ ਸ਼ੁਕਰ ਹੈ, ਤੁਸੀਂ ਸਹੀ ਸਲਾਮਤ ਆ ਗਏ। ਸਾਨੂੰ ਤੁਹਾਡਾ ਬਹੁਤ ਹੀ ਫ਼ਿਕਰ ਸੀ।' ਉਨ੍ਹਾਂ ਦੀਆਂ ਗੱਲਾਂ ਤੋਂ ਜ਼ਾਹਰ ਹੁੰਦਾ ਸੀ ਕਿ ਉਨ੍ਹਾਂ ਨੂੰ ਕਿਵੇਂ ਨਾ ਕਿਵੇਂ ਪਤਾ ਸੀ ਕਿ 'ਦੜਪ' ਦੇ ਇਲਾਕੇ ਵਿਚੋਂ ਭਾਰੀ ਕਾਫ਼ਲਾ ਸਿੱਧਾ ਹੀ ਰਾਵੀ ਸਰਹੱਦ ਵੱਲ ਚੱਲ ਪਿਆ ਹੈ ਤੇ ਉਸ ਕਾਫ਼ਲੇ ਦੀ ਭਾਰਤ ਪੁੱਜਣ ਦੀ ਕੋਈ ਉਮੀਦ ਨਹੀਂ। ਏਸ ਕਾਫ਼ਲੇ ਦਾ ਸੱਚਮੁਚ ਪੁੱਜ ਜਾਣਾ ਕੋਈ ਮੋਅਜਜ਼ੇ ਤੋਂ ਘੱਟ ਗੱਲ ਨਹੀਂ ਸੀ। ਅਧਿਕਾਰੀ ਕਿਸਮ ਦੇ ਲੋਕ ਅਤੇ ਫ਼ੌਜੀ ਸਾਨੂੰ ਜ਼ੋਰ ਦੇ ਰਹੇ ਸਨ ਕਿ ਜਲਦੀ ਨਿਕਲ ਚੱਲੋ। ਅੱਗੇ ਚੱਲਦੇ ਜਾਓ, ਛੇਤੀ ਕਰੋ, ਏਥੇ ਬਿਲਕੁਲ ਰੁਕਣਾ ਨਹੀਂ। ਚੱਲਦੇ ਰਹਿਣਾ ਏਸ ਕਰਕੇ ਵੀ ਜ਼ਰੂਰੀ ਹੋ ਸਕਦਾ ਸੀ ਕਿ ਪਿੱਛੋਂ ਹੋਰ ਆ ਰਹੇ ਲੋਕਾਂ ਲਈ ਰੁਕਾਵਟ ਨਾ ਪੈਦਾ ਹੋ ਜਾਵੇ। ਜਿਹੜੇ ਆ ਗਏ ਉਹ ਤਾਂ ਭਲੀ ਗੱਲ ਸੀ ਪਰ ਅਜੇ ਕਾਫ਼ਲੇ ਦਾ ਬਹੁਤਾ ਭਾਗ ਪਾਕਿਸਤਾਨ ਵਿਚ ਹੀ ਸੀ। ਉਨ੍ਹਾਂ ਲੋਕਾਂ ਦੀ ਜਾਨ ਅਜੇ ਵੀ ਦਾਓ 'ਤੇ ਸੀ। ਜਿੰਨੀਂ ਛੇਤੀ ਰਾਹ ਬਣਾਇਆ ਜਾਵੇ, ਠੀਕ ਹੀ ਹੋ ਸਕਦਾ ਸੀ ਜਾਂ ਕੋਈ ਹੋਰ ਗੱਲ ਹੋ ਸਕਦੀ ਸੀ ਜਿਸ ਦਾ ਸਾਨੂੰ ਤਾਂ ਕੁਝ ਪਤਾ ਨਹੀਂ ਸੀ।

ਲੰਮੀ ਮੈਰਾਥਨ ਦੌੜ ਦੌੜਨ ਵਾਲਾ ਅਥਲੀਟ ਵੀਹਾਂ ਮੀਲਾਂ ਦੀ ਦੌੜ ਭਾਰੀ ਗਰਮੀ-ਸਰਦੀ ਵਿਚ ਦੌੜਦਾ ਰਹਿੰਦਾ ਹੈ ਪਰ ਆਖ਼ਰੀ ਕਤਾਰ ਟੱਪਦਿਆਂ ਹੀ ਉਸ ਦੀ ਬੱਸ ਹੋ ਜਾਂਦੀ ਹੈ। ਇਵੇਂ ਹੀ ਕਈ ਦਿਨਾਂ ਦੇ ਤੁਰੇ ਲੋਕ ਫ਼ੌਜੀਆਂ ਵੱਲੋਂ ਲੱਖ ਵਰਜਣ ਦੇ ਬਾਵਜੂਦ ਸੜਕ ਦੇ ਆਲੇ-ਦੁਆਲੇ ਬੈਠ ਗਏ ਜਾਂ ਲੇਟ ਗਏ। ਪਿੱਛੋਂ ਆਉਣ ਵਾਲੇ ਹੋਰ ਅੱਗੇ ਤੋਂ ਅੱਗੇ ਥਾਵਾਂ ਮੱਲਦੇ ਗਏ। ਗਿੱਲੇ ਘਾਹ ਤੇ ਛਪੜੀਆਂ ਦੇ ਕੰਢਿਆਂ 'ਤੇ ਬਹੁਤ ਦੇਰ ਨਾ ਲੱਗੀ; ਜਦੋਂ ਸਭ ਪਾਸੇ ਧੂੰਆਂ ਹੀ ਧੂੰਆਂ ਉਠ ਪਿਆ। ਇਸ ਧੂੰਏਂ ਨੇ ਬਹੁਤ ਦਿਨਾਂ ਦਾ ਡਰਾਇਆ ਹੋਇਆ ਸੀ। ਕਿਸੇ ਪਿੰਡ ਵਿਚੋਂ ਉਠਦਾ ਧੂੰਆਂ ਸੰਕੇਤ ਸੀ ਇਸ ਗੱਲ ਦਾ, ਕਿ ਪਿੰਡ ਸੜ ਰਿਹਾ ਹੈ ਪਰ ਇਹ ਧੂੰਆਂ ਉਹ ਨਹੀਂ ਸੀ। ਇਸ ਧੂੰਏਂ ਦੀ ਕੁੜੱਤਣ ਵਿਚ ਕਣਕ ਦੀਆਂ ਰੋਟੀਆਂ ਦੀ ਮਹਿਕ ਰਲੀ ਹੋਈ ਸੀ। ਪਤਾ ਨਹੀਂ ਲੋਕਾਂ ਨੇ ਕਿਥੋਂ ਇੱਟਾਂ ਵੱਟੇ ਤੇ ਢੀਮਾਂ ਦੇ ਕੰਮ-ਚਲਾਊ ਚੁੱਲ੍ਹੇ ਬਣਾਏ। ਇਧਰੋਂ-ਉਧਰੋਂ ਪੁਰਾਣੇ ਟੀਨ ਫੜ੍ਹੇ ਜਾਂ ਚਾਟੀਆਂ ਘੜਿਆਂ ਦੀਆਂ ਬੱਬਰੀਆਂ ਫੜੀਆਂ, ਉਨ੍ਹਾਂ ਤੋਂ ਤਵਿਆਂ ਦਾ ਕੰਮ ਲਿਆ। ਇਹ ਉਹ ਲੋਕ ਸਨ, ਜਿੰਨ੍ਹਾਂ ਨੂੰ ਨਿਸਚਿਤ ਤੌਰ 'ਤੇ ਪਤਾ ਸੀ ਕਿ ਅਸੀਂ ਕਾਫ਼ਲੇ ਦੇ ਨਾਲ ਜਾ ਰਹੇ ਹਾਂ, ਆਪਣਾ ਘਰ ਘਾਟ ਛੱਡ ਕੇ। ਕੋਲ ਆਟਾ ਵੀ ਹੋਵੇ, ਸਮਾਂ ਵੀ ਹੋਵੇ, ਸਾਧਨ ਵੀ ਹੋਵੇ ਤਾਂ ਫ਼ੇਰ ਕਿਸ ਨੇ ਪਾਂਧਾ ਪੁੱਛਣਾ ਸੀ! ਦੂਰ-ਦੂਰ ਤੱਕ ਚੁੱਲ੍ਹੇ ਤਪ ਰਹੇ ਸਨ। ਇਨ੍ਹਾਂ ਚੁੱਲ੍ਹਿਆਂ 'ਤੇ ਰੋਟੀਆਂ ਦੀ ਮਹਿਕ ਨੇ ਸਾਡੇ ਲਈ ਇਕ ਸਮੱਸਿਆ ਖੜੀ ਕਰ ਦਿੱਤੀ। ਇਸ ਨੇ ਸਾਡਾ ਇਕ ਸੁੱਤਾ ਪਾਤਰ ਜਗਾ ਦਿੱਤਾ ਇਕ ਸ਼ਕਤੀਸ਼ਾਲੀ ਕਿਰਦਾਰ ਦੇ ਰੂਪ ਵਿਚ।

ਮੇਰਾ ਛੋਟਾ ਭਰਾ ਪੰਜ ਸਾਲ ਦੀ ਉਮਰ ਦਾ ਸੀ, ਕੁਲਦੀਪ। ਸਾਡੀ ਸਾਰੀ ਯਾਤਰਾ ਵਿਚ ਉਸ ਦੀ ਖ਼ਾਸ ਭੂਮਿਕਾ ਨਹੀਂ ਸੀ। ਉਸਦਾ ਜ਼ਿਕਰ ਵੀ ਇਸੇ ਲਈ ਨਹੀਂ ਸੀ ਆਇਆ। ਉਹ ਅਕਸਰ ਸਾਈਕਲ ਦੇ ਡੰਡੇ 'ਤੇ ਬੈਠਾ ਰਿਹਾ ਤੇ ਹੈਂਡਲ ਉਤੇ ਸਿਰ ਰੱਖ ਕੇ ਸੁੱਤਾ ਰਿਹਾ। ਕਦੇ ਤਾਇਆਂ ਦੇ ਮੋਢਿਆਂ 'ਤੇ ਚਿਪਕਿਆ ਰਿਹਾ ਅਤੇ ਕਦੇ ਬਾਪ ਨੇ ਚੁੱਕੀ ਰੱਖਿਆ। ਉਸ ਦੀ ਕੋਈ ਮੰਗ ਨਹੀਂ ਸੀ, ਕੋਈ ਜ਼ਿਦ ਨਹੀਂ ਸੀ। ਬੱਸ ਬਹੁਤ ਬੀਬਾ ਰਾਣਾ ਜਾਂ ਸਹਿਮਿਆਂ ਜਿਹਾ ਬਣ ਕੇ ਹੀ ਰਿਹਾ। ਉਸ ਸਮੇਂ ਬਦਲੀ ਫ਼ਿਜ਼ਾ ਦੇ ਪ੍ਰਭਾਵ ਨੂੰ ਬੱਚੇ ਵੀ ਅਨੁਭਵ ਕਰਦੇ ਸਨ। ਉਹ ਤਾਂ ਇਨਸਾਨ ਦਾ ਬੱਚਾ ਸੀ, ਏਸ ਵੇਲੇ ਤਾਂ ਕੁੱਤਿਆਂ, ਬਿੱਲੀਆਂ, ਡੰਗਰਾਂ ਨੇ ਵੀ ਮਹਿਸੂਸ ਕਰ ਲਿਆ ਸੀ (ਸ਼ਾਇਦ ਇਨਸਾਨ ਤੋਂ ਵੀ ਪਹਿਲਾਂ!) ਕਿ ਹਵਾ ਵਿਚ ਜ਼ਹਿਰ ਘੁਲ ਗਿਆ ਹੈ।

ਪਰ ਰਾਵੀ ਲੰਘਦਿਆਂ ਹੀ ਫ਼ਿਜ਼ਾ ਬਦਲ ਗਈ ਸੀ। ਬੱਚੇ ਨੂੰ ਵੀ ਤਾਜ਼ੀਆਂ ਰੋਟੀਆਂ ਦੀ ਮਹਿਕ ਆ ਗਈ ਅਤੇ ਉਸ ਨੇ ਆਪਣੀ ਤਬੀਅਤ ਦੇ ਐਨ ਉਲਟ ਰੋਟੀ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਭੁੱਖ ਤਾਂ ਸਾਰਿਆਂ ਨੂੰ ਲੱਗੀ ਸੀ ਅਤੇ ਹੁਣ ਪ੍ਰਗਟ ਵੀ ਸ਼ਿੱਦਤ ਨਾਲ ਹੋਈ ਸੀ। ਜਦੋਂ ਬੰਦਾ ਬੁਖ਼ਾਰ ਆਦਿ ਨਾਲ ਬਿਮਾਰ ਹੁੰਦਾ ਹੈ ਤਾਂ ਉਸਨੂੰ ਵਧੀਆ ਤੋਂ ਵਧੀਆ ਚੀਜ਼ ਵੀ ਖਾਣ ਨੂੰ ਦਿਓ ਤਾਂ ਉਸਦਾ ਖਾਣ ਨੂੰ ਜੀਅ ਨਹੀਂ ਕਰਦਾ ਅਤੇ ਕਿੰਨੇ-ਕਿੰਨੇ ਦਿਨ ਹੀ ਉਹ ਇਸ ਤਰ੍ਹਾਂ ਕੱਢ ਜਾਂਦਾ ਹੈ ਪਰ ਬੁਖ਼ਾਰ ਉਤਰਨ 'ਤੇ ਉਹ ਸਭ ਤੋਂ ਪਹਿਲਾਂ ਰੋਟੀ ਹੀ ਮੰਗਦਾ ਹੈ। ਬੱਸ ਇਹੀ ਹਾਲਤ ਸਾਡੀ ਸੀ। ਇੰਨੇ ਦਿਨਾਂ ਦੀ ਫ਼ਿਕਰਮੰਦੀ ਦਾ ਬੁਖ਼ਾਰ ਰਾਵੀ ਪਾਰ ਕਰਦਿਆਂ ਹੀ ਉਤਰ ਗਿਆ ਸੀ। ਜਿਸਮ ਨੇ ਤੁਰਨ ਦੀ ਹਿੰਮਤ ਵੀ ਖੋਹ ਲਈ ਅਤੇ ਭੁੱਖ ਨੇ ਵੀ ਕੜਵੱਲ ਕੱਢ ਛੱਡੇ ਸਨ। ਅੱਜ ਸਫ਼ਰ ਵੀ ਕਈ ਮੀਲਾਂ ਦਾ ਕਰ ਕੇ ਆਏ ਸਾਂ।

ਇਸ ਸਮੇਂ ਜੇ ਕੁਲਦੀਪ ਨੇ ਭੁੱਖ ਦਾ ਰੌਲਾ ਪਾ ਧਰਿਆ ਤਾਂ ਇਹ ਕੋਈ ਅਲੋਕਾਰ ਗੱਲ ਨਹੀਂ ਸੀ ਅਤੇ ਏਸ ਮੰਗ ਦਾ ਪੂਰਾ ਕਰਨਾ ਕੋਈ ਔਖੀ ਗੱਲ ਨਹੀਂ ਸੀ। ਸਾਡੇ ਕੋਲ ਤਾਂ ਨਾ ਤਵਾ-ਪਰਾਤ ਸੀ, ਨਾ ਆਟਾ-ਦਾਣਾ ਪਰ ਹੋਰ ਤਵਿਆਂ 'ਤੇ ਤਾਂ ਰੋਟੀਆਂ ਪੱਕ ਹੀ ਰਹੀਆਂ ਸਨ। ਕੁਲਦੀਪ ਦੀ ਜ਼ਿਦ ਸਾਡੇ ਅੰਦਰ ਖੋਹ ਪਾ ਰਹੀ ਸੀ। ਉਸ ਨੂੰ ਕਿਹਾ ਕਿ ਥੋੜ੍ਹੇ ਚਿਰ ਨੂੰ ਅਸੀਂ ਡੇਰਾ ਬਾਬਾ ਨਾਨਕ ਪੁੱਜ ਜਾਣਾ ਹੈ। ਉਥੇ ਗੁਰੂ ਕਾ ਲੰਗਰ ਵੀ ਹੋਵੇਗਾ ਅਤੇ ਬਾਜ਼ਾਰ ਵੀ। ਤੈਨੂੰ ਰੱਜ ਕੇ ਖੁਆ ਦਿਆਂਗੇ। ਪਰ ਬੱਚਾ ਆਕੀ ਹੋ ਗਿਆ। ਉਸ ਦੀਆਂ ਲੇਰਾਂ ਦਿਲਾਂ ਨੂੰ ਧੂਹ ਪਾ ਰਹੀਆਂ ਸਨ। 'ਮੈਂ ਰੋਟੀ ਖਾਣੀ ਹੈ। ਮੈਂ ਰੋਟੀ ਖਾਣੀ ਹੈ' ਇਸ ਤੋਂ ਵੱਧ ਸ਼ਬਦ ਮੂੰਹੋਂ ਕੱਢਦਾ ਨਹੀਂ ਸੀ। ਪਿਤਾ ਜੀ ਨੇ ਕਿਹਾ, "ਚੱਲ ਤੈਨੂੰ ਰੋਟੀ ਲੈ ਦਿੰਦੇ ਹਾਂ।' ਉਨ੍ਹਾਂ ਗੋਗਲੇ ਪੁੱਤ ਨੂੰ ਚੁੱਕਿਆ ਤੇ ਤੁਰ ਪਏ। ਪਹਿਲੀ ਧੂਣੀ ਨਾਲ ਹੀ ਸੀ। ਪਿਤਾ ਜੀ ਨੇ ਕਿਹਾ, 'ਬੱਚਾ ਬਹੁਤ ਜ਼ਿਦ ਕਰ ਰਿਹਾ ਹੈ, ਅੱਧੀ ਰੋਟੀ ਦਿਓ।' ਅੱਗੋਂ ਜਵਾਬ ਆਇਆ, 'ਸਾਡੇ ਕੋਲ ਫਾਲਤੂ ਨਹੀਂ।'

ਏਸ ਜਵਾਬ ਨੇ ਸਾਨੂੰ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਸਾਡੇ ਪਿੰਡ ਤਾਂ ਇਹ ਰਿਵਾਜ਼ ਸੀ ਕਿ ਕੋਈ ਮੁਸਾਫ਼ਰ ਬਾਹਰੋਂ ਲੰਘਦਾ ਜਾ ਰਿਹਾ ਹੋਵੇ ਤਾਂ ਉਸ ਨੂੰ 'ਵਾਜ ਮਾਰ ਕੇ ਰੋਟੀ, ਦੁੱਧ, ਲੱਸੀ ਪਾਣੀ ਪਿਆ ਕੇ ਜਾਣ ਦੇਣਾ। ਪਰ ਸ਼ਾਇਦ ਜਵਾਬ ਦੇਣ ਵਾਲੇ ਆਪਣੀ ਥਾਂ ਠੀਕ ਹੀ ਸਨ। ਅਗਲੇ ਚੁੱਲ੍ਹੇ 'ਤੇ ਗਏ। ਜਵਾਬ ਸੀ, 'ਰੋਟੀ ਕੋਈ ਨਹੀਂ।' ਪਿਤਾ ਜੀ ਅੱਗੇ ਤੋਂ ਅੱਗੇ ਤੁਰੇ ਗਏ। ਭਾਂਤ-ਭਾਂਤ ਦੇ ਜਵਾਬ ਸਨ। ਕਿਸੇ ਨੇ ਸਿਰ ਹੀ ਹਿਲਾ ਦਿੱਤਾ ਅਤੇ ਅੰਤ 'ਤੇ ਇਵੇਂ ਹੀ ਹੋਣ ਲੱਗਾ ਜਿਵੇਂ ਮੰਗਤਿਆਂ ਨੂੰ ਜਵਾਬ ਦਿੱਤਾ ਜਾਂਦਾ ਹੈ, 'ਭਾਈ ਮਾਫ਼ ਕਰ'।

ਜ਼ਮਾਨੇ ਨੂੰ ਕੀ ਹੋ ਗਿਆ ਸੀ! ਵਾਪਸ ਮੁੜਦੇ ਤਾਂ ਮੁੰਡਾ ਫ਼ੇਰ ਰੋਣ ਲੱਗ ਪੈਂਦਾ। ਉਸਨੂੰ ਰੋਟੀ ਦੀ ਝਾਕ ਸੀ, ਅੱਗੋਂ ਕੋਈ ਰੋਟੀ ਦੇਣ ਨੂੰ ਤਿਆਰ ਨਹੀਂ ਸੀ। ਇਕ ਪਾਸੇ ਮੰਗਣ ਦੀ ਨਮੋਸ਼ੀ ਸੀ ਦੂਜੇ ਪਾਸੇ ਸਭ ਤੋਂ ਲਾਡਲੇ ਪੁੱਤਰ ਦੀਆਂ ਲੇਰਾਂ ਸਨ। ਇਕ ਪਾਸੇ ਸਵੈ-ਅਭਿਮਾਨ ਸੀ ਦੂਜੇ ਪਾਸੇ ਪੁੱਤਰ ਦਾ ਮੋਹ। ਬੰਦਾ ਕਿਹੋ ਜਿਹੀ ਕਸੂਤੀ ਸਥਿਤੀ ਵਿਚ ਫਸ ਜਾਂਦਾ ਹੈ, ਜਿਸ ਦਾ ਚਿੱਤ ਚੇਤਾ ਵੀ ਨਹੀਂ ਹੁੰਦਾ। ਮੇਰਾ ਪਿਤਾ ਇਲਾਕੇ ਵਿਚ ਪ੍ਰਸਿੱਧ ਜਥੇਦਾਰ ਵਜੋਂ ਜਾਣਿਆਂ ਜਾਂਦਾ ਸੀ। 'ਢੇ' ਦਾ ਨਾਂ ਲਵੋ ਤਾਂ ਜਥੇਦਾਰ ਨੱਥਾ ਸਿੰਘ ਯਾਦ ਆਉਂਦਾ ਤੇ ਜਥੇਦਾਰ ਨੱਥਾ ਸਿੰਘ ਦਾ ਨਾਂ ਲਵੋ ਤਾਂ 'ਢੇ' ਯਾਦ ਆਉਂਦਾ। ਜਿਹਨੇ ਆਪਣੇ ਘਰ ਆਏ ਕਿਸੇ ਵੀ ਸਵਾਲੀ ਨੂੰ, 'ਜਾਹ ਬਾਬਾ ਮਾਫ਼ ਕਰ' ਨਹੀਂ ਸੀ ਕਿਹਾ। ਜਿਸ ਦੇ ਘਰ ਦੀਵਾਨ ਲੱਗਦੇ, ਲੰਗਰ ਚੱਲਦੇ ਰਹਿੰਦੇ। ਜੇ ਕਿਤੇ ਬਾਹਰ ਜਾਂਦੇ ਤਾਂ ਲੋਕੀਂ ਆਦਰ-ਮਾਣ ਨਾਲ ਸਾਰੇ ਜਥੇ ਨੂੰ ਰਜਾ ਦਿੰਦੇ। ਉਹ ਅੱਜ ਰੋਟੀ ਦਾ ਇਕ ਟੁੱਕ ਮੰਗ ਰਿਹਾ ਸੀ, ਤੇ ਕੋਈ ਉਸਨੂੰ ਦੇਣ ਲਈ ਤਿਆਰ ਨਹੀਂ ਸੀ। ਜਥੇਦਾਰ ਨੱਥਾ ਸਿੰਘ ਆਪ ਪੜ੍ਹਦਾ ਹੁੰਦਾ ਸੀ, 'ਸ਼ੇਰਾਂ ਨੂੰ ਘਾਹ ਖਵਾ ਦੇਵੇਂ ਜੇ ਨਿਗਾਹ ਬਦਲ ਜਾਏ ਤੇਰੀ।' ਅੱਜ 'ਉਸ ਦੀ' 'ਬਦਲੀ ਨਿਗਾਹ' ਨੂੰ ਅਮਲੀ ਰੂਪ ਵਿਚ ਵੇਖਿਆ ਸੀ। ਏਸ ਵੇਲੇ ਅਭਿਮਾਨ ਤਾਂ ਵੱਡਿਆਂ-ਵੱਡਿਆਂ ਦੇ ਚੂਰ ਹੋ ਗਏ।

ਆਖ਼ਰ ਜਿਵੇਂ ਪ੍ਰਹਿਲਾਦ ਨੂੰ ਤਪਦੇ ਥੰਮ 'ਤੇ ਕੀੜੀ ਤੁਰਦੀ ਦਿਸੀ, ਇਵੇਂ ਹੀ ਇਕ ਆਵਾਜ਼ ਆਈ, 'ਮੁੰਡਾ ਬਹੁਤ ਰੋਂਦਾ ਪਿਆ ਹੈ। ਦੇਵੋ ਏਸ ਨੂੰ ਇਕ ਰੋਟੀ।' ਘੋਰ ਕਲਜੁਗ ਵਿਚ ਸਤਿਜੁਗੀ ਬੋਲ। ਸ਼ਾਇਦ ਪੰਜਾਬ ਦੀ ਆਤਮਾ ਅਜੇ ਮਰੀ ਨਹੀਂ ਸੀ। ਇਹ ਬੋਲ ਬੋਲਣ ਵਾਲੀ ਬੀਬੀ ਪਤਾ ਨਹੀਂ ਹੁਣ ਕਿੱਥੇ ਹੈ! ਏਸ ਜਹਾਨ ਵਿਚ ਹੋਵੇਗੀ ਵੀ ਜਾਂ ਨਹੀਂ, ਪਰ ਮਾਨਵਤਾ ਦੀ ਲਾਜ ਰੱਖਣ ਵਾਲੀ ਮੂਰਤੀ ਦੇ ਰੂਪ ਵਿਚ ਉਹ ਸਾਡੇ ਮਨਾਂ ਵਿਚ ਸਥਾਪਤ ਹੈ। ਮੁੰਡਾ ਰੋਟੀ ਦਾ ਟੁੱਕ ਲੈ ਕੇ ਚੁੱਪ ਹੋ ਗਿਆ।

ਹੌਲੀ-ਹੌਲੀ ਅਸੀਂ ਡੇਰਾ ਬਾਬਾ ਨਾਨਕ ਪੁੱਜ ਗਏ।

ਡੇਰਾ ਬਾਬਾ ਨਾਨਕ ਸ਼ਹਿਰ ਲੋਕਾਂ ਦੀ ਭੀੜ ਨਾਲ ਲਬਾਲਬ ਸੀ। ਜਦੋਂ ਕੋਈ ਵਾਕਫ਼ ਮਿਲਦਾ ਤਾਂ ਸਾਕਾਂ ਸੰਬੰਧੀਆਂ ਅਤੇ ਦੋਸਤਾਂ ਬਾਰੇ ਪੁੱਛਦਾ, ਕਿਤੇ ਤੁਸੀਂ ਫਲਾਣੇ ਵੇਖੇ ਹੋਣ। ਸਾਡੇ ਸਕਿਆਂ ਦਾ ਕੋਈ ਥਹੁ ਪਤਾ ਹੋਵੇ!- ਆਹੋ ਫਲਾਣਾ ਵੇਖਿਆ ਸੀ। ਅਮਕਾ ਨਹੀਂ ਲੱਭਾ। ਫਲਾਣਾ ਮਾਰਿਆ ਗਿਆ। ਭਈ ਉਨ੍ਹਾਂ ਨਾਲ ਤਾਂ ਬੁਰੀ ਹੋਈ!-ਚੱਲੋ ਇੱਜ਼ਤ ਬਚ ਗਈ, ਸਭ ਕੁਝ ਬਚ ਗਿਆ! ਇਹੋ ਜਿਹੀਆਂ ਹੀ ਗੱਲਾਂ ਹੋ ਰਹੀਆਂ ਸਨ। ਪਿਛਲੇ ਦਿਨਾਂ ਵਿਚ ਸਭ ਤੋਂ ਘਿਨਾਉਣੀਆਂ ਖ਼ਬਰਾਂ ਸਨ-ਔਰਤਾਂ ਦੀ ਬੇਪਤੀ ਦੀਆਂ, ਨੰਗੀਆਂ ਕੁੜੀਆਂ ਦੇ ਜਲੂਸਾਂ ਦੀਆਂ ਜੋ ਕੰਨ ਸੁਣ ਨਹੀਂ ਸਕਦੇ, ਜੋ ਕਲਮਾਂ ਲਿਖ ਨਹੀਂ ਸਕਦੀਆਂ, ਉਨ੍ਹਾਂ ਗੱਲਾਂ ਦੀਆਂ ਖ਼ਬਰਾਂ ਸਨ। ਇਹੋ ਜਿਹੀ ਹਾਲਤ ਵਿਚ ਸਾਡਾ ਕਾਫ਼ਲਾ ਬਚ ਕੇ ਆ ਗਿਆ ਜਦੋਂ ਕਾਫ਼ਲਿਆਂ ਦੇ ਕਾਫ਼ਲੇ ਕਤਲ ਹੋ ਰਹੇ ਸਨ। ਅਸੀਂ ਕਿਵੇਂ ਬਚ ਕੇ ਆ ਗਏ ਬਾਬੇ ਨਾਨਕ ਦੇ ਦਰ 'ਤੇ! ਜਦੋਂ ਕਿਹਾ ਜਾਂਦਾ ਕਿ ਇੱਜ਼ਤ ਤਾਂ ਬਚ ਗਈ ਤਾਂ ਇਹਦੇ ਅਰਥ ਬਹੁਤ ਡੂੰਘੇ ਹੁੰਦੇ। ਕਿਸੇ ਸਮੇਂ ਬਾਬੇ ਨਾਨਕ ਨੇ ਅਜਿਹੀ ਸਥਿਤੀ ਦਾ ਨਕਸ਼ਾ ਆਪਣੀ ਬਾਣੀ ਵਿਚ ਖਿੱਚਿਆ ਸੀ:

ਇਕਿ ਘਰ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥

ਇਕਨ੍ਹਾਂ ਏਹੋ ਲਿਖਿਆ, ਬਹਿ ਬਹਿ ਰੋਵਹਿ ਦੁਖ॥

ਇਕ ਬਹਿ ਬਹਿ ਰੋਵੇ ਦੁਖ ਦਾ ਸਿਲਸਿਲਾ ਤਾਂ ਕਈ ਸਾਲ ਬਾਅਦ ਵੀ ਚੱਲਦਾ ਰਿਹਾ।

ਅਸੀਂ ਬਾਬਾ ਨਾਨਕ ਦੇ ਇਤਿਹਾਸਕ ਗੁਰਦੁਆਰੇ ਮੱਥਾ ਟੇਕਿਆ। ਏਥੇ ਸਾਡੇ ਬਜ਼ੁਰਗਾਂ ਦਾ ਇਕ ਵਾਕਫ਼ ਮਿਲ ਗਿਆ ਜੋ ਸਾਡੇ ਸਾਰੇ ਟੱਬਰ, ਪੰਜ ਭਰਾਵਾਂ ਦੇ ਸਾਰੇ ਕਬੀਲੇ ਨੂੰ ਆਪਣੇ ਨਾਲ ਘਰ ਲੈ ਗਿਆ। ਮੇਰੀਆਂ ਤਾਈਆਂ ਨੇ ਇਕ ਵੱਡੇ ਦੇਗੇ ਵਿਚ ਮੂੰਗੀ-ਮਸਰਾਂ ਦੀ ਧੋਤੀ ਦਾਲ ਚਾੜ੍ਹ ਦਿੱਤੀ ਤੇ ਇਕ ਵੱਡੀ ਤੌਣ ਆਟੇ ਦੀ ਗੁੰਨ੍ਹ ਲਈ। ਗ਼ਰਮ-ਗ਼ਰਮ, ਨਰਮ-ਨਰਮ ਫੁਲਕੇ ਪਤਾ ਨਹੀਂ ਅਸੀਂ ਕਿੰਨੇ-ਕਿੰਨੇ ਛਕੇ! ਜਿਵੇਂ ਗਰਮੀ ਦੇ ਦਿਨਾਂ ਵਿਚ ਲੱਸੀ ਅੰਦਰ ਨੂੰ ਤ੍ਰਿਪਤ ਕਰਦੀ ਹੈ, ਇਵੇਂ ਹੀ ਇਹ ਦਾਲ ਰੋਟੀ ਕਈਆਂ ਦਿਨਾਂ ਦੀ ਭੁੱਖ ਨੂੰ ਤ੍ਰਿਪਤ ਕਰ ਰਹੀ ਸੀ। ਪਰਸ਼ਾਦੇ ਛਕ ਕੇ ਸਾਡੀਆਂ ਅੱਖਾਂ ਵਿਚ ਚਮਕ ਆਈ। ਇਥੇ ਮੰਜਿਆਂ 'ਤੇ ਬੈਠਿਆਂ ਵੇਖਿਆ ਕਿ ਤਾਏ ਮੇਹਰ ਸਿੰਘ ਹੋਰਾਂ ਅੰਦਰਲੀ ਫਤੂਹੀ ਦੀ ਜੇਬ ਵਿਚੋਂ ਸੌ-ਸੌ ਦੇ ਕਿੰਨੇ ਹੀ ਗਿੱਲੇ ਨੋਟ ਕੱਢੇ ਤੇ ਸੁਕਾਉਣ ਵਾਸਤੇ ਮੰਜੀ ਤੇ ਵਿਛਾ ਦਿੱਤੇ। ਇਸ ਘਰ ਵਿਚ ਅਸੀਂ ਰਾਤ ਕੱਟੀ। ਬੜੇ ਦਿਨਾਂ ਬਾਅਦ ਗੂਹੜੀ ਨੀਂਦ ਆਈ।

ਅਸੀਂ ਰਾਵੀ ਪਾਰ ਕਰ ਕੇ ਆਜ਼ਾਦ ਭਾਰਤ ਵਿਚ ਤਾਂ ਆ ਗਏ ਸਾਂ, ਅੱਗੋਂ ਜਾਣਾ ਕਿੱਥੇ ਹੈ, ਇਹ ਹਰ ਇਕ ਦੀ ਆਪਣੀ ਮਰਜ਼ੀ 'ਤੇ ਸੀ। ਉਂਜ ਮੇਰੇ ਮਾਮਾ ਜੀ ਦਾ ਜਲੰਧਰ ਵਿਚ ਨਿਵਾਸ ਸੀ। ਉਹ ਸਾਡੇ ਭਾਈਚਾਰੇ ਦੇ ਪਹਿਲੇ ਵਿਅਕਤੀ ਸਨ ਜੋ ਹਵਾ ਦੇ ਉਲਟ ਜਲੰਧਰ ਆ ਕੇ ਮੋਟਰ ਬੈਟਰੀਆਂ ਦੇ ਕੰਮ ਵਿਚ ਸਥਾਪਤ ਹੋ ਗਏ ਸਨ। ਨਹੀਂ ਤਾਂ ਸਾਡੇ ਭਾਈਚਾਰੇ ਦਾ ਮੁਹਾਣ ਤਾਂ ਰਾਵਲਪਿੰਡੀ ਵੱਲ ਨੂੰ ਹੀ ਸੀ। ਅਸੀਂ ਇਕ ਵਾਰ ਤਾਂ ਜਲੰਧਰ ਜ਼ਰੂਰ ਪੁੱਜਣਾ ਸੀ। ਉਸ ਤੋਂ ਬਾਅਦ ਦੀਆਂ ਰਾਮ ਜਾਣੇ!

ਅਗਲੀ ਸਵੇਰ ਖ਼ਬਰ ਮਿਲੀ ਕਿ ਮਿਲਟਰੀ ਵਾਲਿਆਂ ਦੇ ਟਰੱਕ ਆ ਗਏ ਹਨ ਤੇ ਉਹ ਸਾਰਿਆਂ ਨੂੰ ਬਿਨਾਂ ਖਰਚ ਤੋਂ ਅੰਮ੍ਰਿਤਸਰ ਲੈ ਕੇ ਜਾ ਰਹੇ ਹਨ। ਜਿਹੜਾ ਵੀ ਟਰੱਕ 'ਤੇ ਚੜ੍ਹ ਜਾਵੇ ਉਹੋ ਹੀ ਸਵਾਰੀ ਸੀ। ਅਸੀਂ ਸਾਰਿਆਂ ਆ ਕੇ ਇਕ ਟਰੱਕ ਮੱਲ ਲਿਆ। ਅਸੀਂ ਟਰੱਕ ਵਿਚ ਆਰਾਮ ਨਾਲ ਬੈਠੇ ਸੀ, ਥੋੜ੍ਹੀ ਦੇਰ ਬਾਅਦ ਸਾਨੂੰ ਬੋ ਆਉਣ ਲੱਗੀ, ਫੇਰ ਇਹ ਸੜ੍ਹਾਂਦ ਜਿਹੀ ਲੱਗੀ। ਨੱਕ 'ਤੇ ਕੱਪੜੇ ਰੱਖਣ ਲਈ ਮਜਬੂਰ ਹੋ ਗਏ। ਬਾਹਰ ਵੇਖਿਆ ਤਾਂ ਸਾਹ ਹੀ ਸੂਤੇ ਗਏ। ਸੜਕ ਦੇ ਆਲੇ ਦੁਆਲੇ ਦੂਰ ਦੂਰ ਤੱਕ ਲਾਸ਼ਾਂ ਖਿੱਲਰੀਆਂ ਪਈਆਂ ਸਨ। ਔਰਤਾਂ ਸਨ, ਮਰਦ ਸਨ, ਬੱਚੇ ਵੀ ਸਨ, ਬੁੱਢੇ ਵੀ ਸਨ। ਸਾਫ਼ ਦਿਸਦਾ ਸੀ ਕਿ ਇਹ ਸਭ ਮੁਸਲਮਾਨ ਹਨ। ਪਤਾ ਨਹੀਂ ਕਿੰਨੇ ਕੁ ਦਿਨਾਂ ਦੇ ਇਵੇਂ ਲਾਵਾਰਸ ਪਏ ਸਨ, ਕਿਉਂਕਿ ਮੀਂਹ ਤੇ ਪਾਣੀ ਨਾਲ ਇਹ ਲੋਥਾਂ ਫੁੱਲ ਫੁੱਲ ਕੇ ਬਹੁਤ ਮੋਟੀਆਂ ਹੋ ਗਈਆਂ ਸਨ। ਜਬਰਦਸਤ ਬੋ ਦੇ ਵਿਚੋਂ ਦੀ ਟਰੱਕ ਚੱਲਦਾ ਜਾ ਰਿਹਾ ਸੀ ਅਤੇ ਲਾਸ਼ਾਂ ਮੁੱਕਣ ਵਿਚ ਨਹੀਂ ਸਨ ਆ ਰਹੀਆਂ। ਹਜ਼ਾਰਾਂ ਦੀ ਗਿਣਤੀ ਵਿਚ! ਇਹ ਜੀਅ-ਭਿਆਣੇ ਲੋਕ ਸ਼ਾਇਦ ਆਪਣੇ 'ਨਵੇਂ ਵਤਨ' ਪਾਕਿਸਤਾਨ ਨੂੰ ਚੱਲੇ ਸਨ! ਸਾਰੇ ਦਾ ਸਾਰਾ ਕਾਫ਼ਲਾ ਵੱਢ ਧਰਿਆ ਗਿਆ। ਇਹ ਕਿਸੇ ਕੱਲ੍ਹੇ-ਕਾਰੇ ਦਾ ਕੰਮ ਤਾਂ ਨਹੀਂ ਸੀ। ਬੜੀ ਵਿਉਂਤ ਨਾਲ ਜਥੇਬੰਦ ਹੋ ਕੇ ਇਹ ਕਾਰਾ ਕੀਤਾ ਗਿਆ ਸੀ। ਇਹ ਕਿਹੜੇ ਸੂਰਮਿਆਂ ਦਾ ਕੰਮ ਸੀ, ਨਿਹੱਥੇ ਲੋਕਾਂ ਨੂੰ ਮਾਰ ਮੁਕਾਉਣਾ! ਕਿਸੇ ਸਵਰਗ ਦੀ ਦਰਗਾਹ ਵਿਚ ਥਾਂ ਪਾਉਣ ਲਈ ਜਾਂ ਕਿਸੇ ਜੁਗ ਦਾ ਬਦਲਾ ਲੈਣ ਲਈ?

ਡੇਰਾ ਬਾਬਾ ਨਾਨਕ ਤਾਂ ਸੰਸਾਰ 'ਤੇ ਫੁੱਲ ਵਾਂਗ ਰਹਿਣ ਅਤੇ ਮਹਿਕਣ ਦਾ ਆਦਰਸ਼ਕ ਨਮੂਨਾ ਸੀ। ਉਸ ਦੇ ਸਥਾਨ ਦੇ ਲਾਗੇ ਇਹ ਕਾਰਾ! ਡੇਰੇ ਤੋਂ ਜਿੰਨੀ ਦੂਰ ਕੱਲ੍ਹ ਰਾਵੀ ਦੇ ਬੇਲੇ ਵਿਚ ਤਾਜ਼ਾ ਰੋਟੀਆਂ ਦੀ ਮਹਿਕ ਆ ਰਹੀ ਸੀ, ਦੂਸਰੇ ਪਾਸੇ ਓਨੀ ਹੀ ਦੂਰ ਵਿਛੀਆਂ ਲਾਸ਼ਾਂ ਦੀ ਬਦਬੋ ਆ ਰਹੀ ਸੀ।

ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਦੇ ਸਮੇਂ ਜ਼ਿਕਰ ਕਰਦਿਆਂ ਭਾਈ ਲਾਲੋ ਨੂੰ ਮੁਖ਼ਾਤਬ ਹੋ ਕੇ ਇਕ ਸ਼ਬਦ ਵਰਤਿਆ ਸੀ, 'ਮਾਸਪੁਰੀ' ਅਰਥਾਤ 'ਲੋਥਾਂ ਦੀ ਨਗਰੀ'।

ਸਾਹਿਬ ਕੇ ਗੁਣ ਨਾਨਕ ਗਾਵੈ, ਮਾਸਪੁਰੀ ਵਿਚ ਆਖ ਮਸੋਲਾ॥

ਗੁਰੂ ਜੀ ਨੇ ਤਾਂ ਉਸ ਵਕਤ ਰੱਬ ਨੂੰ ਜਬਰਦਸਤ ਤਾਅਨਾ ਵੀ ਮਾਰਿਆ ਸੀ:

ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨਾ ਆਇਆ॥

ਇਤਿਹਾਸ ਦਾ ਮਜ਼ਾਕ ਦੇਖੋ, ਰੱਬ ਨੂੰ ਤਾਅਨਾ ਮਾਰਨ ਵਾਲੇ ਸਾਂਝੇ ਗੁਰੂ-ਪੀਰ ਦੀ ਨਗਰੀ ਦੇ ਕੋਲ ਹੀ ਮਾਸਪੁਰੀ ਬਣੀ ਹੋਈ ਸੀ ਅਤੇ ਮਾਸਪੁਰੀ ਬਾਬੇ ਦੀ ਆਪਣੀ ਉਮਤ ਨੇ ਬਣਾਈ ਸੀ। ਜਿਵੇਂ ਬਾਲਿਆਂ ਨੇ ਮਰਦਾਨਿਆਂ ਨੂੰ ਮਾਰ ਦਿੱਤਾ ਹੋਵੇ!

ਤਾਈ ਹਰਨਾਮ ਕੌਰ ਬਾਰ-ਬਾਰ ਇਹ ਹੀ ਕਹਿ ਰਹੀ ਸੀ, 'ਨੀ ਭੈਣੇ ਮਾਰੇ ਗਏ ਓਧਰਲੇ ਸਿੱਖ ਤੇ ਏਧਰਲੇ ਮੁਸਲਮਾਨ! ਚੰਗੀ ਆਜ਼ਾਦੀ ਆਈ ਏ! ਭਰੇ ਭਰਾਏ ਘਰ ਛੱਡ ਕੇ ਆ ਗਏ ਹਾਂ। ਓਧਰ ਰਾਜ ਕਰਦੇ ਸਾਂ, ਏਧਰ ਭਿਖ਼ਾਰੀ ਹੋ ਗਏ ਹਾਂ।'

ਲਾਸ਼ਾਂ ਦੀ ਬਦਬੋ ਕਾਰਨ ਉਲਟੀ ਨਹੀਂ ਆਈ। ਪਤਾ ਨਹੀਂ ਕਿਉਂ, ਏਨੇ ਦਿਨਾਂ ਵਿਚ ਕੋਈ ਅਜਿਹੀ ਬਿਮਾਰੀ ਨਹੀਂ ਸੀ ਲੱਗੀ? ਵਿਛੀਆਂ ਲਾਸ਼ਾਂ ਦਾ ਲੰਮਾ ਸਿਲਸਿਲਾ ਜਾਰੀ ਰਿਹਾ। ਟਰੱਕ ਇਨ੍ਹਾਂ ਲਾਸ਼ਾਂ ਦੇ ਵਿਚੋਂ ਰਾਹ ਬਣਾ ਕੇ ਚੱਲਦੇ ਰਹੇ। ਜਦ ਵੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਤਵਾਰੀਖ਼' ਪੜ੍ਹੀ ਹੈ ਉਸ ਵਿਚ ਇਹ ਤੁਕ ਜਦੋਂ ਆਉਂਦੀ ਹੈ ਕਿ:

ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ

ਤਾਂ ਅੱਖਾਂ ਅੱਗੇ ਰਾਵੀ ਦੇ ਬੇਲੇ ਵਿਚ ਵਿਛੀਆਂ ਉਨ੍ਹਾਂ ਲਾਸ਼ਾਂ ਦਾ ਭਿਆਨਕ ਦ੍ਰਿਸ਼ ਸਾਹਮਣੇ ਆ ਜਾਂਦਾ ਹੈ।

*ਅਸੀਂ ਟਰੱਕ ਵਿਚ ਆਰਾਮ ਨਾਲ ਬੈਠੇ ਸੀ, ਥੋੜ੍ਹੀ ਦੇਰ ਬਾਅਦ ਸਾਨੂੰ ਬੋ ਆਉਣ ਲੱਗੀ, ਫੇਰ ਇਹ ਸੜ੍ਹਾਂਦ ਜਿਹੀ ਲੱਗੀ। ਨੱਕ 'ਤੇ ਕੱਪੜੇ ਰੱਖਣ ਲਈ ਮਜਬੂਰ ਹੋ ਗਏ। ਬਾਹਰ ਵੇਖਿਆ ਤਾਂ ਸਾਹ ਹੀ ਸੂਤੇ ਗਏ। ਸੜਕ ਦੇ ਆਲੇ ਦੁਆਲੇ ਦੂਰ ਦੂਰ ਤੱਕ ਲਾਸ਼ਾਂ ਖਿੱਲਰੀਆਂ ਪਈਆਂ ਸਨ। ਔਰਤਾਂ ਸਨ, ਮਰਦ ਸਨ, ਬੱਚੇ ਵੀ ਸਨ, ਬੁੱਢੇ ਵੀ ਸਨ। ਸਾਫ਼ ਦਿਸਦਾ ਸੀ ਕਿ ਇਹ ਸਭ ਮੁਸਲਮਾਨ ਹਨ। ਪਤਾ ਨਹੀਂ ਕਿੰਨੇ ਕੁ ਦਿਨਾਂ ਦੇ ਇਵੇਂ ਲਾਵਾਰਸ ਪਏ ਸਨ, ਕਿਉਂਕਿ ਮੀਂਹ ਤੇ ਪਾਣੀ ਨਾਲ ਇਹ ਲੋਥਾਂ ਫੁੱਲ ਫੁੱਲ ਕੇ ਬਹੁਤ ਮੋਟੀਆਂ ਹੋ ਗਈਆਂ ਸਨ। ਜਬਰਦਸਤ ਬੋ ਦੇ ਵਿਚੋਂ ਦੀ ਟਰੱਕ ਚੱਲਦਾ ਜਾ ਰਿਹਾ ਸੀ ਅਤੇ ਲਾਸ਼ਾਂ ਮੁੱਕਣ ਵਿਚ ਨਹੀਂ ਸਨ ਆ ਰਹੀਆਂ। ਹਜ਼ਾਰਾਂ ਦੀ ਗਿਣਤੀ ਵਿਚ! ਇਹ ਜੀਅ-ਭਿਆਣੇ ਲੋਕ ਸ਼ਾਇਦ ਆਪਣੇ 'ਨਵੇਂ ਵਤਨ' ਪਾਕਿਸਤਾਨ ਨੂੰ ਚੱਲੇ ਸਨ! ਸਾਰੇ ਦਾ ਸਾਰਾ ਕਾਫ਼ਲਾ ਵੱਢ ਧਰਿਆ ਗਿਆ। ਇਹ ਕਿਸੇ ਕੱਲ੍ਹੇ-ਕਾਰੇ ਦਾ ਕੰਮ ਤਾਂ ਨਹੀਂ ਸੀ। ਬੜੀ ਵਿਉਂਤ ਨਾਲ ਜਥੇਬੰਦ ਹੋ ਕੇ ਇਹ ਕਾਰਾ ਕੀਤਾ ਗਿਆ ਸੀ। ਇਹ ਕਿਹੜੇ ਸੂਰਮਿਆਂ ਦਾ ਕੰਮ ਸੀ, ਨਿਹੱਥੇ ਲੋਕਾਂ ਨੂੰ ਮਾਰ ਮੁਕਾਉਣਾ! ਕਿਸੇ ਸਵਰਗ ਦੀ ਦਰਗਾਹ ਵਿਚ ਥਾਂ ਪਾਉਣ ਲਈ ਜਾਂ ਕਿਸੇ ਜੁਗ ਦਾ ਬਦਲਾ ਲੈਣ ਲਈ?*

# ਕਿਸਾਨਾਂ ਦਾ ਸੱਚਾ ਦੋਸਤ ਤੇ ਆਮ ਲੋਕਾਂ ਦਾ ਹਮਦਰਦ ਜੋਗਿੰਦਰ ਸਿੰਘ ਤੂਰ ਕਹਿ ਗਿਆ ਅਲਵਿਦਾ



**ਸਰਬਜੀਤ ਧਾਲੀਵਾਲ**
**ਫੋਨ: 98141-23338**

ਕਈ ਸਾਲ ਪਹਿਲਾਂ ਮੈਂ ਪੰਜਾਬੀ ਮੀਡੀਆ ਐਸੋਸੀਏਸ਼ਨ, ਅਲਬਰਟਾ ਦੇ ਸੱਦੇ 'ਤੇ ਕੈਨੇਡਾ ਜਾਣਾ ਸੀ। ਇੱਛਾ ਰੱਜ ਕੇ ਕੈਨੇਡਾ ਦੇਖਣ ਦੀ ਸੀ। ਮੁਸ਼ਕਲ ਇਹ ਸੀ ਕਿ ਮੇਰੀ ਉਥੇ ਜ਼ਿਆਦਾ ਵਾਕਫੀਅਤ ਨਹੀਂ ਸੀ। ਕੁਝ ਦੂਰ-ਨੇੜੇ ਦੇ ਰਿਸ਼ਤੇਦਾਰ ਉੱਥੇ ਜ਼ਰੂਰ ਰਹਿੰਦੇ ਸਨ, ਪਰ ਗੱਲ ਬਣ ਨਹੀਂ ਸੀ ਰਹੀ। ਉਸ ਸਮੇਂ ਕੈਨੇਡਾ ਲਈ ਮੈਨੂੰ The Tribune ਅਖਬਾਰ ਵਿਚ ਮੇਰੇ ਸੀਨੀਅਰ ਤੇ ਬਿਊਰੋ ਚੀਫ ਗੋਬਿੰਦ ਠੁਕਰਾਲ ਜੀ ਦੇ ਕਹਿਣ 'ਤੇ ਇਸ ਐਸੋਸੀਏਸ਼ਨ ਦੇ ਕਰਤਾ-ਧਰਤਾ ਡਾ. ਪ੍ਰਿਥਵੀ ਕਾਲੀਆ ਤੇ ਗੁਰਚਰਨ ਬੁੱਟਰ ਨੇ ਸੱਦਾ ਭੇਜਿਆ ਸੀ। ਉਥੇ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਗੱਲ ਕਰਨੀ ਸੀ। ਮੈਂ ਹਾਂ ਕਰ ਦਿਤੀ। ਪਰ ਮੈਂ ਅੰਦਰੋਂ-ਅੰਦਰੀ ਅਸਹਿਜ ਮਹਿਸੂਸ ਕਰ ਰਿਹਾ ਸਾਂ, ਕਿਉਂਕਿ ਉਥੇ ਮੇਰਾ ਐਡਮੰਟਨ ਤੋਂ ਇਲਾਵਾ ਹੋਰ ਕਿਤੇ ਠਹਿਰਣ ਦਾ ਕੋਈ ਢੁਕਵਾਂ ਪ੍ਰਬੰਧ ਨਹੀਂ ਸੀ। ਮੈਂ ਆਪਣੀ ਬੇਚੈਨੀ ਠੁਕਰਾਲ ਸਾਹਿਬ ਨਾਲ ਸਾਂਝੀ ਕੀਤੀ। ਉਨ੍ਹਾਂ ਕਿਹਾ ਕੋਈ ਫਿਕਰ ਨਾ ਕਰ। ਆਪਣਾ ਘਰ ਹੈ ਟੋਰਾਂਟੋ ਵਿਚ। ਆਪਣੇ ਪਰਿਵਾਰ ਨੂੰ ਵੀ ਨਾਲ ਲੈ ਕੇ ਜਾਓ। ਜਿਸ ਲਹਿਜ਼ੇ ਤੇ ਦ੍ਰਿੜਤਾ ਨਾਲ ਠੁਕਰਾਲ ਸਾਹਿਬ ਨੇ ਕਿਹਾ ਮੈਂ ਚਿੰਤਾ ਮੁਕਤ ਹੋ ਗਿਆ ਤੇ ਆਪਣੀ ਜੀਵਨ ਸਾਥਣ ਤੇ ਬੇਟੀ ਦੀ ਵੀ ਵੀਜ਼ੇ ਲਈ ਅਰਜ਼ੀ ਪਾ ਦਿੱਤੀ।

ਅਸੀਂ ਕੈਨੇਡਾ ਦੀ ਤਿਆਰੀ ਸ਼ੁਰੂ ਕਰ ਦਿਤੀ। ਸਿਰਫ ਵੈਨਕੂਵਰ ਠਹਿਰਣ ਦਾ ਇੰਤਜ਼ਾਮ ਕਰਨਾ ਸੀ। ਉਹ ਵੀ ਹੋ ਗਿਆ। ਮੇਰੇ ਬਹੁਤ ਹੀ ਕਰੀਬੀ ਦੋਸਤ ਜਸਜੀਤ ਸਿੰਘ ਸਮੁੰਦਰੀ ਦੇ ਪਰਿਵਾਰ ਨੇ ਉਥੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਇਸ ਲਈ ਠਹਿਰਣ ਦਾ ਮਸਲਾ ਹੱਲ ਹੋ ਗਿਆ ਸੀ। ਕੈਨੇਡਾ ਜਾਣ ਤੋਂ ਕੁਝ ਦਿਨ ਪਹਿਲਾਂ ਠੁਕਰਾਲ ਸਾਹਿਬ ਮੈਨੂੰ ਸੀਨੀਅਰ ਵਕੀਲ ਸਰਦਾਰ ਜੋਗਿੰਦਰ ਸਿੰਘ ਤੂਰ ਦੇ ਘਰ 33 ਸੈਕਟਰ, ਚੰਡੀਗੜ੍ਹ ਲੈ ਗਏ। ਚਾਹ ਪੀਣ ਤੋਂ ਬਾਅਦ ਠੁਕਰਾਲ ਸਾਹਿਬ ਕਹਿਣ ਲਗੇ, 'ਤੂਰ ਸਾਹਿਬ ਦੇ ਬੇਟੇ, ਨੂੰਹਾਂ ਤੇ ਦੂਸਰਾ ਪਰਿਵਾਰ ਟੋਰਾਂਟੋ ਰਹਿੰਦੇ ਨੇ। ਉਹ ਆਪਣਾ ਹੀ ਘਰ ਹੈ। ਕੋਈ ਤਕਲੀਫ ਨਹੀਂ ਹੋਵੇਗੀ'। ਤੂਰ ਸਾਹਿਬ ਨੇ ਸਾਡੇ ਬੈਠੇ-ਬੈਠੇ ਹੀ ਆਪਣੇ ਵੱਡੇ ਬੇਟੇ ਯਾਦਵਿੰਦਰ (ਵਿੰਦਰ) ਤੇ ਵਿੱਕੀ ਨੂੰ ਫੋਨ 'ਤੇ ਸਮਝਾ ਦਿੱਤਾ ਕਿ ਠੁਕਰਾਲ ਸਾਹਿਬ ਦੇ ਕੁਲੀਗ ਆ ਰਹੇ ਨੇ, ਇਨ੍ਹਾਂ ਦਾ ਖਿਆਲ ਰੱਖਣਾ। ਮੇਰੇ ਨਾਲ ਮੇਰੀ ਪਤਨੀ ਤੇ ਬੇਟੀ ਸੀ। ਸਭ ਤੋਂ ਪਹਿਲਾਂ ਅਸੀਂ ਟੋਰਾਂਟੋ ਗਏ। ਸਾਨੂੰ ਤੂਰ ਸਾਹਿਬ ਦੇ ਦੋਨਾਂ ਬੇਟਿਆਂ ਤੇ ਨੂੰਹਾਂ ਨੇ ਇਕ ਪਲ ਵੀ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਅਸੀਂ ਕੋਈ ਬੇਗਾਨੇ ਹਾਂ। ਉਨ੍ਹਾਂ ਨੇ ਸਾਨੂੰ ਖੂਬ ਘੁਮਾਇਆ। ਨਿਆਗਰਾ ਫਾਲ ਦੇ ਰੱਜ ਕੇ ਦਰਸ਼ਨ ਕੀਤੇ। ਹੋਰ ਆਸ-ਪਾਸ ਦੇਖਣ ਵਾਲੀਆਂ ਥਾਵਾਂ ਵੀ ਦਿਖਾਈਆਂ। ਤੂਰ ਸਾਹਿਬ ਦੀ ਪਿਆਰੀ ਸ਼ਖ਼ਸੀਅਤ ਦੇ ਦਰਸ਼ਨ ਮੈਨੂੰ ਪਹਿਲੀ ਵਾਰ ਉਨ੍ਹਾਂ ਵਲੋਂ ਆਪਣੇ ਪੁੱਤਰਾਂ ਤੇ ਪਰਿਵਾਰ ਨੂੰ ਦਿਤੇ ਮਾਨਵੀ ਤੇ ਮੋਹ ਭਰੇ ਸੰਸਕਾਰਾਂ ਰਾਹੀਂ ਹੋਏ।

ਕੈਨੇਡਾ ਤੋਂ ਆਉਣ ਤੋਂ ਬਾਅਦ ਤੂਰ ਸਾਹਿਬ ਨਾਲ ਨੇੜਤਾ ਵਧ ਗਈ। ਫਿਰ ਅਕਸਰ ਮਿਲਦੇ ਰਹਿੰਦੇ। ਅਜਿਹੇ ਨੇਕ ਤੇ ਲੋਕ ਪੱਖੀ ਇਨਸਾਨ ਬਹੁਤ ਘੱਟ ਵੇਖਣ ਨੂੰ ਮਿਲਦੇ ਨੇ। ਉਹ ਸਾਰੀ ਉਮਰ ਲੋਕ ਹਿਤਾਂ ਨੂੰ ਪਹਿਲ ਦਿੰਦੇ ਰਹੇ ਤੇ ਲੋਕਾਂ ਲਈ ਕਾਨੂੰਨੀ ਤੇ ਸਮਾਜਿਕ ਪੱਧਰ 'ਤੇ ਲੜਾਈਆਂ ਲੜਦੇ ਰਹੇ। ਦਿੱਲੀ ਦੇ ਬਾਰਡਰ 'ਤੇ ਲਗੇ ਕਿਸਾਨ ਮੋਰਚੇ ਵੇਲੇ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ। ਮੋਦੀ ਸਰਕਾਰ ਵਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ 'ਤੇ ਉਨ੍ਹਾਂ ਨੇ ਵਿਸਥਾਰ ਵਿਚ ਟਿੱਪਣੀਆਂ ਕੀਤੀਆਂ ਤੇ ਕਿਸਾਨਾਂ ਨੂੰ ਦਸਿਆ ਕਿ ਇਹ ਕਾਨੂੰਨ ਉਨ੍ਹਾਂ ਦੇ ਹਿੱਤ ਵਿਚ ਨਹੀਂ ਹਨ। ਉਨ੍ਹਾਂ ਨੇ ਇਸ ਬਾਰੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਕਿਤਾਬਚੇ 'ਖੇਤੀ ਕਾਨੂੰਨਾਂ ਵਿਚ ਕਾਲਾ ਕੀ ਹੈ', ਲਿਖੇ ਤੇ ਲੋਕਾਂ, ਕਿਸਾਨਾਂ ਤੇ ਨੀਤੀ ਘਾੜਿਆਂ ਵਿਚ ਵੰਡੇ। ਪੰਜ ਜੂਨ 2020 ਨੂੰ ਕੇਂਦਰ ਸਰਕਾਰ ਨੇ ਤਿੰਨ ਆਰਡੀਨੈਂਸ ਜਾਰੀ ਕਰਕੇ ਖੇਤੀ ਕਾਨੂੰਨ-ਜਿਨ੍ਹਾਂ ਨੂੰ ਕਿਸਾਨਾਂ ਨੇ ਕਾਲੇ ਕਾਨੂੰਨਾਂ ਦਾ ਲਕਬ ਦਿਤਾ ਸੀ- ਲਾਗੂ ਕੀਤੇ ਸਨ। ਤੂਰ ਸਾਹਿਬ ਨੇ ਲਿਖਿਆ ਸੀ ਇਹ ਕਾਨੂੰਨ ਕਿਸਾਨਾਂ ਦੇ ਮੱਥੇ ਵਿਚ ਗੋਲੀ ਵਾਂਗ ਵੱਜੇ ਪਰ ਕਿਸਾਨਾਂ ਨੇ ਇਨ੍ਹਾਂ ਖ਼ਿਲਾਫ ਸ਼ਾਂਤੀਪੂਰਵਕ ਅੰਦੋਲਨ ਕੀਤਾ ਤੇ ਏਨਾਂ ਨੂੰ ਵਾਪਿਸ ਕਰਵਾਇਆ। ਇਹ ਕਈ ਦਹਾਕਿਆਂ ਬਾਅਦ ਦੇਸ਼ ਵਿਚ ਲੋਕ ਤਾਂਤਰਿਕ ਵਿਧੀ ਨਾਲ ਲੜੇ ਲੰਬੇ ਘੋਲ ਦੀ ਜਿੱਤ ਸੀ। ਇਹ ਉਹ ਸਮਾਂ ਸੀ ਜਦੋਂ ਦੇਸ਼ ਕਰੋਨਾ ਦੇ ਖ਼ਿਲਾਫ ਵੀ ਜੰਗ ਵਿਚ ਉਲਝਿਆ ਹੋਇਆ ਸੀ।

ਬਾਅਦ 'ਚ ਇਹ ਕਿਤਾਬਚੇ ਕਿਰਤੀ ਕਿਸਾਨ ਫੋਰਮ, ਜੋ ਕਿ ਸੇਵਾ ਮੁਕਤ ਆਈ.ਏ.ਐਸ., ਆਈ.ਪੀ.ਐਸ., ਆਰਮੀ ਅਫਸਰਾਂ ਤੇ ਹੋਰ ਸਮਾਜ ਸੇਵੀਆਂ ਦੀ ਜਥੇਬੰਦੀ ਹੈ, ਨੇ ਸੈਂਕੜਿਆਂ ਦੀ ਗਿਣਤੀ 'ਚ ਛਪਵਾ ਕੇ ਪੰਜਾਬ ਤੇ ਦੂਸਰੇ ਰਾਜਾਂ ਦੀਆਂ ਵਿਧਾਨ ਸਭਾਵਾਂ, ਵਿਧਾਇਕਾਂ, ਸੰਸਦ ਮੈਂਬਰਾਂ ਤੇ ਹੋਰ ਰਾਜਨੀਤਕ ਤੇ ਪ੍ਰਸ਼ਾਸਕੀ ਅਮਲੇ ਨੂੰ ਭੇਜੇ। ਇਸ ਲਈ ਵਿੱਤੀ ਮਦਦ ਸਾਬਕਾ



ਆਈ.ਏ.ਐਸ. ਅਫਸਰ ਸਵਰਨ ਸਿੰਘ ਬੋਪਾਰਾਏ ਨੇ ਕੀਤੀ। ਤੂਰ ਸਾਹਿਬ ਦੀ ਸ਼ਖ਼ਸੀਅਤ ਦੀ ਪ੍ਰਮੁੱਖ ਖੂਬਸੂਰਤੀ ਇਹ ਸੀ ਕਿ ਉਹ ਲੋਕ ਪੱਖੀ ਕੰਮ ਚੁੱਪ-ਚਾਪ ਕਰਦੇ ਤੇ ਇਸਦਾ ਢੰਡੋਰਾ ਨਹੀਂ ਸੀ ਪਿਟਦੇ।

ਇਸਤੋਂ ਇਲਾਵਾ ਉਨ੍ਹਾਂ ਅਦਾਲਤਾਂ ਵਿਚ MINIMUM SUPPORT PRICE (MSP) ਦਾ ਕਿਸਾਨਾਂ ਨੂੰ ਕਾਨੂੰਨੀ ਅਧਿਕਾਰ ਦਿਵਾਉਣ ਦੇ ਮਸਲੇ 'ਤੇ ਵੀ ਤਕਰੀਬਨ ਇਕ ਦਹਾਕਾ ਲੜਾਈ ਲੜੀ। MSP ਦਾ ਐਲਾਨ ਤਾਂ ਤਕਰੀਬਨ ਦੋ ਦਰਜਨ ਫਸਲਾਂ ਲਈ ਕੇਂਦਰ ਸਰਕਾਰ ਵਲੋਂ ਕੀਤਾ ਜਾਂਦਾ ਹੈ ਪਰ ਇਸ 'ਤੇ ਖਰੀਦ ਕੁਝ ਫਸਲਾਂ ਜਿਵੇਂ ਕਣਕ ਤੇ ਪੈਡੀ ਦੀ ਹੀ ਹੁੰਦੀ ਹੈ। ਤੇ ਉਹ ਵੀ ਕੁਝ ਰਾਜਾਂ ਵਿਚ ਹੀ। ਉਨ੍ਹਾਂ ਦੇ ਕਰੀਬੀ ਸਾਥੀ, ਨਾਮੀ ਵਕੀਲ ਤੇ ਸਮਾਜਿਕ ਕਾਰਕੁਨ, ਰਾਜੀਵ ਗੋਦਾਰਾ ਦੱਸਦੇ ਨੇ ਕਿ ਉਹ MSP ਦੇ ਕੇਸਾਂ ਨੂੰ ਲੈ ਕੇ ਇੰਨੇ ਗੰਭੀਰ ਸਨ ਕਿ ਆਪਣੀ ਕੈਨੇਡਾ ਜਾਣ ਤਕ ਦੀ ਟਿਕਟ ਨੂੰ ਕੈਂਸਲ ਕਰਵਾ ਦਿੰਦੇ ਸਨ। ਮਈ ਵਿਚ ਅਕਸਰ ਉਹ ਕੈਨੇਡਾ ਆਪਣੇ ਪਰਿਵਾਰ ਕੋਲ ਜਾਂਦੇ ਸਨ ਤੇ ਇਸ ਲਈ ਏਅਰ ਟਿਕਟ ਕਾਫੀ ਦੇਰ ਪਹਿਲਾਂ ਬੁਕ ਕਰਵਾ ਦਿੰਦੇ ਸਨ। ਜੇਕਰ ਕੋਰਟ ਵਿਚ ਇਸ ਕੇਸ ਦੀ ਤਾਰੀਖ ਮਈ ਦੇ ਆਖਰੀ ਦਿਨਾਂ ਦੀ ਪੈ ਜਾਂਦੀ ਤਾਂ ਫੇਰ ਉਨ੍ਹਾਂ ਨੂੰ ਕਈ ਵਾਰ ਟਿਕਟ ਕੈਂਸਲ ਕਰਵਾ ਕੇ ਦੁਬਾਰਾ ਬੁਕ ਕਰਵਾਉਣੀ ਪੈਂਦੀ ਸੀ। ਭਾਵੇਂ ਉਨ੍ਹਾਂ ਨੇ ਵਕਾਲਤ ਦਾ ਕੰਮ ਕਈ ਸਾਲ ਪਹਿਲਾਂ ਘਟਾ ਦਿੱਤਾ ਸੀ ਪਰ MSP ਦੇ ਕੇਸ ਉਹ ਖੁਦ ਲੰਬਾ ਸਮਾਂ ਲੜਦੇ ਰਹੇ। 30 ਅਗਸਤ ਨੂੰ ਉਨ੍ਹਾਂ ਦੀ ਯਾਦ ਵਿਚ ਚੰਡੀਗੜ੍ਹ ਦੇ ਸੈਕਟਰ 36 ਦੇ ਪੀਪਲਜ਼ ਕਨਵੈਂਸ਼ਨ ਹਾਲ 'ਚ ਸਮਾਗਮ ਰੱਖਿਆ ਗਿਆ ਹੈ। ਇਸ ਸਮਾਗਮ ਵਿਚ ਉੱਘੇ ਵਕੀਲ ਤੇ ਦਾਨਿਸ਼ਵਰ ਰਾਜਿੰਦਰ ਸਿੰਘ ਚੀਮਾ ਤੇ ਹੋਰ ਵਕੀਲ ਸਾਹਿਬਾਨ, ਤੂਰ ਸਾਹਿਬ ਬਾਰੇ ਆਪਣੀਆਂ ਯਾਦਾਂ ਸਾਂਝੀਆਂ ਕਰਨਗੇ।

ਸਰਦਾਰ ਰਾਜਿੰਦਰ ਸਿੰਘ ਚੀਮਾ ਨੇ ਹੀ ਉਨ੍ਹਾਂ ਨੂੰ 'ਵੰਡ ਦੀ ਅਕੱਥ ਕਥਾ' ਕਿਤਾਬ ਲਿਖਣ ਲਈ ਉਤਸ਼ਾਹਿਤ ਕੀਤਾ। ਜਦੋਂ ਵੰਡ ਦੇ ਕਾਲੇ ਬੱਦਲ ਪੰਜਾਬ ਤੇ ਬੰਗਾਲ 'ਤੇ ਛਾਉਣੇ ਸ਼ੁਰੂ ਹੋ ਗਏ ਸੀ, ਤੂਰ ਉਸ ਸਮੇਂ 10 ਸਾਲ ਦਾ ਸੀ ਤੇ ਪੰਜਵੀਂ ਜਮਾਤ ਵਿਚ ਪੜ੍ਹਦਾ ਸੀ। ਉਨ੍ਹਾਂ ਦਾ ਪਿੰਡ ਢੋਲਣ ਲਾਹੌਰ ਜ਼ਿਲ੍ਹੇ ਵਿਚ ਸੀ। ਤੂਰ ਨੇ ਕਤਲੇਆਮ ਹੁੰਦਾ ਬਹੁਤ ਨਜ਼ਦੀਕ ਤੋਂ ਦੇਖਿਆ ਤੇ ਇਸਦਾ ਪ੍ਰਭਾਵ ਉਸ ਉਤੇ ਅਖੀਰ ਤੱਕ ਰਿਹਾ। ਕਿਵੇਂ ਉਨ੍ਹਾਂ ਦੇ ਪਰਿਵਾਰ ਤੇ ਪਿੰਡ ਦੇ ਹੋਰ ਲੋਕ ਫੌਜ ਦੀ ਸਹਾਇਤਾ ਨਾਲ ਫਿਰੋਜ਼ਪੁਰ ਪਹੁੰਚੇ, ਇਸ ਦੇ ਪਿੱਛੇ ਦਿਲ ਹਲੂਣ ਵਾਲੀ ਕਹਾਣੀ ਹੈ।

ਜਿੱਥੇ ਵੰਡ ਦੌਰਾਨ ਲੋਕਾਂ ਨੇ ਮਨੁੱਖ ਅੰਦਰ ਬੈਠੇ ਸ਼ੈਤਾਨ ਦੇ ਜ਼ੁਲਮ ਦੀ ਸਿਖਰ ਵੇਖੀ ਉਥੇ ਉਨ੍ਹਾਂ ਨੇ ਮਨੁੱਖ ਅੰਦਰ ਬੈਠੇ ਫਰਿਸ਼ਤੇ ਦਾ ਰਹਿਮੋ-ਕਰਮ ਵੀ ਵੇਖਿਆ। ਇਕ ਪਾਸੇ ਮਨੁੱਖੀ ਦਰਿੰਦੇ ਲੋਕਾਂ ਦਾ ਕਤਲ ਕਰ ਰਹੇ ਸਨ, ਔਰਤਾਂ ਦੀ ਬੇਪਤੀ ਕਰ ਰਹੇ ਸੀ, ਬੱਚਿਆਂ ਨੂੰ ਕੋਹ-ਕੋਹ ਮਾਰ ਰਹੇ ਸਨ ਤੇ ਦੂਸਰੇ ਪਾਸੇ ਉਹ ਲੋਕ ਵੀ ਸਨ ਜੋ ਆਪਣੀ ਜਾਨ ਦੀ ਪ੍ਰਵਾਹ ਕਰੇ ਬਗੈਰ ਲੋਕਾਂ ਨੂੰ ਕਤਲੋ-ਗਾਰਤ ਤੋਂ ਬਚਾਉਣ ਦਾ ਕੰਮ ਕਰ ਰਹੇ ਸੀ। ਹਿੰਦੂ-ਸਿੱਖਾਂ ਨੇ ਬਹੁਤ ਮੁਸਲਮਾਨਾਂ ਨੂੰ ਬਚਾਇਆ ਤੇ ਮੁਸਲਮਾਨਾਂ ਨੇ ਸਿੱਖਾਂ ਤੇ ਹਿੰਦੂਆਂ ਨੂੰ। ਤੂਰ ਸਾਹਿਬ ਦਾ ਪਰਿਵਾਰ ਵੀ ਅਜਿਹੇ ਪਰਿਵਾਰਾਂ ਵਿਚੋਂ ਸੀ ਜਿਸਨੂੰ ਉਨ੍ਹਾਂ ਦੇ ਪਿੰਡ ਦੇ ਮੁਸਲਮਾਨ ਭਰਾਵਾਂ ਨੇ ਬਚਾਉਣ 'ਚ ਅਹਿਮ ਭੂਮਿਕਾ ਨਿਭਾਈ। ਇਸਦਾ ਜ਼ਿਕਰ ਉਨ੍ਹਾਂ ਦੀ ਕਿਤਾਬ 'ਚ ਮਿਲਦਾ ਹੈ। ਵੰਡ ਦੇ ਵਿਰਾਟ ਰੂਪ ਨੇ ਲੋਕਾਂ ਨੂੰ ਝੰਜੋੜ ਦਿੱਤਾ ਸੀ। ਇਸਦਾ ਅਸਰ ਤੂਰ ਸਾਹਿਬ 'ਤੇ ਵੀ ਹੋਇਆ ਤੇ ਉਨ੍ਹਾਂ ਆਮ ਲੋਕਾਂ ਦੀ ਮਦਦ ਨੂੰ ਆਪਣੇ ਜੀਵਨ ਦਾ ਅਕੀਦਾ ਬਣਾ ਲਿਆ।

ਇਕ ਦੋਸਤ ਨੂੰ ਦੋਸਤ ਨਾਲ ਦੋਸਤੀ ਕਿਵੇਂ ਨਿਭਾਉਣੀ ਚਾਹੀਦੀ ਹੈ, ਇਸਦੇ ਦਰਸ਼ਨ ਮੈਂ ਤੂਰ ਸਾਹਿਬ ਦੀ ਸ਼ਖ਼ਸੀਅਤ 'ਚੋਂ ਕੀਤੇ। ਗੋਬਿੰਦ ਠੁਕਰਾਲ ਨਾਲ ਉਨ੍ਹਾਂ ਦੀ ਬਹੁਤ ਪੁਰਾਣੀ ਦੋਸਤੀ ਸੀ। ਦੋਵੇਂ ਪਰਿਵਾਰ ਪਾਕਿਸਤਾਨ ਤੋਂ ਆਪਣੇ ਘਰ ਘਾਟ ਛੱਡ ਕੇ ਆਏ ਸੀ। ਇਹ ਵੱਡੀ ਸਾਂਝ ਸੀ। ਠੁਕਰਾਲ ਸਾਹਿਬ ਬਿਮਾਰ ਹੋ ਗਏ। ਉਨ੍ਹਾਂ ਨੂੰ ਨਾਮੁਰਾਦ ਬਿਮਾਰੀ ਕੈਂਸਰ ਨੇ ਘੇਰ ਲਿਆ। ਜਿੰਨੀ ਸੰਭਾਲ ਤੂਰ ਸਾਹਿਬ ਨੇ ਠੁਕਰਾਲ ਸਾਹਿਬ ਦੀ ਕੀਤੀ, ਉਹ ਆਪਣੇ-ਆਪ 'ਚ ਮਿਸਾਲ ਹੈ। ਦਿਨ 'ਚ ਦੋ ਵਾਰ-ਸਵੇਰੇ-ਸ਼ਾਮ ਉਨ੍ਹਾਂ ਦੇ ਘਰ, ਜੋ ਉਨ੍ਹਾਂ ਦੇ ਘਰ ਤੋਂ ਲਗਭਗ 7-8 ਕਿਲੋਮੀਟਰ ਦੂਰ ਸੀ, ਜਾਣਾ ਤੇ ਫਿਰ ਹਸਪਤਾਲ ਨਾਲ ਲੈ ਕੇ ਜਾਣਾ। ਜਦੋਂ ਠੁਕਰਾਲ ਸਾਹਿਬ ਜ਼ਿਆਦਾ ਬਿਮਾਰ ਹੋ ਗਏ ਤੇ ਹਸਪਤਾਲ ਦਾਖ਼ਲ ਹੋ ਗਏ ਤਾਂ ਫਿਰ ਹਰ ਰੋਜ਼ ਕਈ ਘੰਟੇ ਹਸਪਤਾਲ 'ਚ ਹਾਜ਼ਰੀ ਦੇਣੀ। ਦੋਸਤੀ ਦੇ ਰਿਸ਼ਤੇ ਦੀ ਏਨੀ ਪ੍ਰਤੀਬੱਧਤਾ ਪਹਿਲਾਂ ਮੈਂ ਸਿਰਫ ਫ਼ਿਲਮਾਂ ਵਿਚ ਦੇਖੀ ਸੀ ਤੇ ਉਹ ਕਈ ਵਾਰ ਫ਼ਰਜ਼ੀ ਜਿਹੀ ਲੱਗਣ ਲੱਗ ਜਾਂਦੀ ਸੀ। ਪਰ ਤੂਰ ਸਾਹਿਬ ਦੀ ਆਪਣੇ ਦੋਸਤ ਠੁਕਰਾਲ ਸਾਹਿਬ ਪ੍ਰਤੀ ਵਚਨਬੱਧਤਾ ਨੂੰ ਵੇਖ ਇਹ ਸਭ ਸੱਚ ਜਾਪਣ ਲੱਗ ਪਿਆ।

ਤੂਰ ਸਾਹਿਬ ਨੇ ਆਪਣੇ ਵੱਡੇ ਪੁੱਤਰ ਵਿੰਦਰ ਨਾਲ ਇਸ ਸਾਲ ਜੂਨ ਮਹੀਨੇ ਅਚਾਨਕ ਗੱਲ ਛੇੜਦਿਆਂ ਕਿਹਾ ਸੀ ਕਿ ਮੇਰਾ ਜਦੋਂ ਇਸ ਦੁਨੀਆਂ ਤੋਂ ਜਾਣ ਦਾ ਸਮਾਂ ਆਇਆ ਤਾਂ ਮੈਨੂੰ ਬਹੁਤ ਡਾਕਟਰਾਂ ਦੇ ਚੱਕਰਾਂ 'ਚ ਨਾ ਪਾਇਓ। ਉਨ੍ਹਾਂ ਨੇ ਆਪਣੀ ਮ੍ਰਿਤਕ ਦੇਹ ਮੈਡੀਕਲ ਰਿਸਰਚ ਲਈ ਦੇਣ ਨੂੰ ਕਿਹਾ ਸੀ। ਪਰਿਵਾਰ ਨੇ ਇਸ ਲਈ ਟੋਰਾਂਟੋ ਯੂਨੀਵਰਸਿਟੀ ਦੇ ਮੈਡੀਕਲ ਵਿੰਗ ਨਾਲ ਸੰਪਰਕ ਕੀਤਾ। ਇਕ ਹੋਰ ਮੈਡੀਕਲ ਅਦਾਰੇ ਨਾਲ ਸੰਪਰਕ ਕੀਤਾ ਪਰ ਕੁਝ ਤਕਨੀਕੀ ਕਾਰਨਾਂ ਕਰਕੇ ਇਹ ਗੱਲ ਸਿਰੇ ਨਹੀਂ ਚੜ੍ਹ ਸਕੀ।

ਜਦੋਂ ਜੋਗਿੰਦਰ ਯਾਦਵ ਨੇ ਆਪਣੀ ਪਾਰਟੀ ਬਣਾਈ ਤਾਂ ਉਨ੍ਹਾਂ ਨੇ ਆਪਣੀ ਪਾਰਟੀ ਤੋਂ ਬਾਹਰੋਂ ਹਰ ਤਰ੍ਹਾਂ ਦੇ ਪੱਖਪਾਤ ਤੋਂ ਮੁਕਤ ਵਿਅਕਤੀ ਦੀ ਲੋਕ ਪਾਲ ਦੇ ਅਹੁਦੇ ਲਈ ਚੋਣ ਕਰਨੀ ਸੀ। ਉਨ੍ਹਾਂ ਨੇ ਤੂਰ ਸਾਹਿਬ ਨੂੰ ਚੁਣਿਆ। ਇਹ ਤੂਰ ਸਾਹਿਬ ਲਈ ਉਨ੍ਹਾਂ ਦੀ ਭਲਮਾਣਸੀ, ਇਮਾਨਦਾਰੀ ਤੇ ਲੋਕ-ਪੱਖੀ ਹੋਣ ਦਾ ਸਭ ਤੋਂ ਵੱਡਾ ਸਰਟੀਫਿਕੇਟ ਸੀ। ਜਦੋਂ ਯਾਦਵ ਤੇ ਕੇਜਰੀਵਾਲ ਇਕੱਠੇ ਕੰਮ ਕਰਦੇ ਸੀ ਤਾਂ ਉਨ੍ਹਾਂ ਦੀ ਪਾਰਟੀ ਦਾ ਮੁੱਖ ਏਜੰਡਾ ਹੀ ਲੋਕ ਪਾਲ ਸੀ ਤੇ ਇਸਦੇ ਦੁਆਲੇ ਹੀ ਉਨ੍ਹਾਂ ਦੀ ਰਾਜਨੀਤੀ ਘੁੰਮਦੀ ਸੀ। ਤੂਰ ਸਾਹਿਬ ਦੇ ਇਸ ਸੰਸਾਰ ਤੋਂ ਜਾਣ ਨਾਲ ਕਿਸਾਨਾਂ ਦਾ ਇਕ ਸੱਚਾ ਹਮਦਰਦ ਚਲਾ ਗਿਆ ਹੈ।

# ਮੇਰੇ ਹਿੱਸੇ ਦਾ 1947

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੇਰੇ ਲਈ 1947 ਨੂੰ ਚੇਤੇ ਕਰਨਾ ਪੁੱਠੇ ਤਵੇ ਉੱਤੇ ਰੜ੍ਹੀ ਹੋਈ ਰੋਟੀ ਨੂੰ ਚਿੱਥਣਾ ਹੈ। ਇਸ ਵਰ੍ਹੇ ਮੇਰੇ ਕੋਲੋਂ ਮੇਰੇ ਨਾਨਕਿਆਂ ਦਾ ਇਲਾਕਾ ਹੀ ਨਹੀਂ ਛੁੱਟਿਆ ਜਿਸ ਵਿਚ ਚਮਕੌਰ ਦੀ ਗੜ੍ਹੀ, ਫਤਿਹਗੜ੍ਹ ਸਾਹਿਬ, ਸਮਰਾਲਾ, ਮਾਛੀਵਾੜਾ ਤੇ ਸਰਹੰਦ ਵੀ ਪੈਂਦੇ ਸਨ ਤੇ ਏ.ਐਸ. ਹਾਈ ਸਕੂਲ, ਖੰਨਾ ਵੀ ਜਿਥੋਂ ਮੈਂ ਮਿਡਲ ਤੱਕ ਦੀ ਵਿਦਿਆ ਪ੍ਰਾਪਤ ਕੀਤੀ। ਇਨ੍ਹਾਂ ਨਾਲ ਹੀ ਜੁੜੀ ਹੋਈ ਸੀ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ (ਕਵੀਸ਼ਰੀ ਭਾਸ਼ਾ) ਬੰਦਾ ਬਹਾਦਰ ਦਾ 'ਲੋਹੇ ਦਾ ਸੁਹਾਗਾ' ਬਣ ਕੇ ਸਰਹੰਦ ਨੂੰ ਮਲੀਆਮੇਟ ਕਰਨਾ।

ਹੁਣ ਮੇਰਾ ਪ੍ਰਵੇਸ਼ ਹੁਸ਼ਿਆਰਪੁਰ ਵਿਚਲੇ ਆਪਣੇ ਦਾਦਕਿਆਂ ਦੇ ਇਲਾਕੇ ਵਿਚ ਹੋ ਜਾਣਾ ਸੀ ਜਿਸ ਦੇ ਨੇੜੇ ਗੁਰੂ ਗੋਬਿੰਦ ਸਿੰਘ ਜੀ ਦਾ ਆਨੰਦਪੁਰ ਸਾਹਿਬ ਪੈਂਦਾ ਹੋਣ ਸਦਕਾ ਇਤਿਹਾਸ ਤੇ ਮਿਥਿਹਾਸ ਦੇ ਪੱਖ ਤੋਂ ਇਸਦੀ ਪਦਵੀ ਘੱਟ ਨਹੀਂ ਸੀ।

ਇਸ ਵਰ੍ਹੇ ਦੀ ਇੱਕ ਮਹੱਤਤਾ ਇਹ ਵੀ ਸੀ ਕਿ ਇਸਨੇ ਮੇਰੇ ਨਾਨਕਿਆਂ ਤੇ ਦਾਦਕਿਆਂ ਦੀ ਭੂਮੀ ਵਿਚੋਂ ਬਰਤਾਨਵੀ ਹਾਕਮਾਂ ਨੂੰ ਭਾਜੜਾਂ ਪੁਆ ਦੇਣੀਆਂ ਸਨ।

ਮਾੜੀ ਗੱਲ ਇਹ ਅਖੰਡ ਹਿੰਦੁਸਤਾਨ ਦੇ ਦੋ ਟੁਕੜੇ ਹੋ ਜਾਣੇ ਸਨ। ਮੁਸਲਿਮ ਬਹੁਲਤਾ ਵਾਲਾ ਪਾਕਿਸਤਾਨ ਤੇ ਗੈਰ ਮੁਸਲਿਮ ਪ੍ਰਧਾਨਗੀ ਵਾਲਾ ਭਾਰਤ। ਇਹ ਵੀ ਕਿ ਇਸ ਵੰਡ ਦਾ ਸ਼ਿਕਾਰ ਪੰਜ ਦਰਿਆਵਾਂ ਦੇ ਪੰਜਾਬ ਨੇ ਵੀ ਹੋ ਜਾਣਾ ਸੀ। ਇਸ ਨਾਲ ਬਣਨ ਵਾਲੇ ਪਾਕਿਸਤਾਨ ਵਿਚੋਂ ਗੈਰ-ਮੁਸਲਿਮ ਵਸੋਂ ਦੇ ਪੈਰ ਪੁੱਟੇ ਗਏ ਤੇ ਭਾਰਤ ਵਿਚੋਂ ਮੁਸਲਿਮ ਵਸੋਂ ਦੇ। ਇਸ ਵੰਡ ਨੇ ਜਾਨੀ ਤੇ ਮਾਲੀ ਬਰਬਾਦੀ ਦਾ ਰੂਪ ਧਾਰ ਕੇ ਦੋਵੇਂ ਪਾਸੇ ਘੱਲੂਘਾਰਾ ਵਰਤਾ ਦੇਣਾ ਸੀ ਕਿਸੇ ਦੇ ਚਿੱਤ ਚੇਤੇ ਨਹੀਂ ਸੀ। ਇਸ ਨੇ ਜਿਹੜਾ ਰੂਪ ਧਾਰਿਆ ਉਹ ਹੋਰ ਵੀ ਅਨੋਖਾ ਸੀ। ਇਸ ਬਰਬਾਦੀ ਦਾ ਅੰਤਮ ਰੂਪ ਇਹ ਬਣਿਆ ਕਿ ਆਪਣੇ ਜਾਂ ਗਵਾਂਢੀ ਪਿੰਡ ਦੇ ਵਸਨੀਕ ਤਾਂ ਬਚ ਗਏ ਤੇ ਥੋੜ੍ਹੀ ਦੂਰੀ ਵਾਲੇ ਇਸਦਾ ਸ਼ਿਕਾਰ ਹੋ ਗਏ। ਸਾਡੇ ਪਿੰਡ ਇਕ ਨਾਅਰਾ ਇਹ ਵੀ ਪੜ੍ਹਿਆ ਗਿਆ ਕਿ ਜਿਹੜੇ ਮੁਸਲਮਾਨ ਪਾਕਿਸਤਾਨ ਨਹੀਂ ਜਾਣਾ ਚਾਹੁੰਦੇ ਉਹ ਆਪਣਾ ਧਰਮ ਤਿਆਗ ਕੇ ਏਧਰ ਰਹਿ ਸਕਦੇ ਹਨ। ਧਰਮ ਪਲਟੇ ਦੀ ਸ਼ਰਤ ਵੀ ਸੌਖੀ ਹੀ ਸੀ। ਸਜਰੇ ਹਿੰਦੂ ਬਣਨ ਵਾਲੇ ਮਰਦਾਂ ਨੇ ਆਪਣੇ ਸਿਰਾਂ ਉਤੇ ਪੀਲਾ ਪਟਕਾ ਸਜਾਉਣਾ ਸੀ ਤੇ ਮਹਿਲਾਵਾਂ ਨੇ ਪੀਲੀ ਚੁੰਨੀ। ਇਸਦਾ ਨਤੀਜਾ ਅਤਿਅੰਤ ਭਿਆਨਕ ਸੀ। ਜੇ ਮੈਂ ਆਪਣੇ ਪਿੰਡ ਦਾ ਪਰਮਾਣ ਦੇਣਾ ਹੋਵੇ ਤਾਂ ਬਾਹਰਲੇ ਪਿੰਡਾਂ ਵਾਲਿਆਂ ਨੇ ਸਾਡੇ ਪਿੰਡ ਦੇ ਦੋ ਦਰਜਨ ਮਰਦ ਕਤਲ ਕਰ ਦਿੱਤੇ ਤੇ ਅਧੀ ਦਰਜਨ ਨੂੰਹਾਂ ਧੀਆਂ ਨੂੰ ਉਧਾਲ ਕੇ ਲੈ ਗਏ। ਵਹਿਸ਼ੀਆਂ ਦੀ ਗਿਣਤੀ ਏਨੀ ਸੀ ਕਿ ਸਾਡੇ ਪਿੰਡ ਵਾਲਿਆਂ ਦੀ ਕੋਈ ਪੇਸ਼ ਨਹੀਂ ਗਈ।

ਅਸੀਂ ਮੂਕ ਦਰਸ਼ਕ ਸਾਂ ਜਾਂ ਮਰਦਿਆਂ ਨੂੰ ਫੂਕਣ ਵਾਲੇ। ਅਸੀਂ ਉਨ੍ਹਾਂ ਦੀ ਮਸੀਤ ਦੇ ਨੇੜੇ ਸਾਂਝੀ ਚਿਖਾ ਬਣਾਈ ਤੇ ਲਾਂਬੂ ਲਾ ਦਿੱਤਾ। ਉਨ੍ਹਾਂ ਦੇ ਧਰਮ ਪਲਟਾਉਣ ਦੇ ਭਾਗੀ ਹੋਣ ਕਾਰਨ ਅਸੀਂ ਉਨ੍ਹਾਂ ਨੂੰ ਮੁਸਲਿਮ ਰੀਤੀ ਅਨੁਸਾਰ ਦਫਨਾ ਨਹੀਂ ਸਾਂ ਸਕਦੇ। ਉਹ ਸਾਡੇ ਸਨ। ਧਰਮ ਪਲਟੇ ਤੋਂ ਪਹਿਲਾਂ ਵੀ ਤੇ ਹੁਣ ਵੀ।

ਸਾਡੇ ਪਿੰਡ ਦੀਆਂ ਜਿਹੜੀਆਂ ਮਹਿਲਾਵਾਂ ਨੂੰ ਲੁਟੇਰੇ ਨਾਲ ਲੈ ਗਏ ਸਨ। ਉਨ੍ਹਾਂ ਵਿਚੋਂ ਇੱਕ ਰੂੰ ਪਿੰਜਣ ਵਾਲੇ ਗੇਂਦੇ ਭਰਾਈ ਦੀ ਧੀ ਸੀ ਤੇ ਇੱਕ ਉਸਦੀ ਨੂੰਹ ਮਹੀਨੇ ਕੁ ਪਿੱਛੋਂ ਉਨ੍ਹਾਂ ਦੋਹਾਂ ਨੂੰ ਇਹ ਵੀ ਪਤਾ ਲੱਗ ਗਿਆ ਕਿ ਉਨ੍ਹਾਂ ਨੂੰ ਚੁੱਕ




ਕੇ ਲਿਜਾਣ ਵਾਲੇ ਵੀ ਨੇੜਲੇ ਪਿੰਡਾਂ ਤੋਂ ਸਨ। ਉਨ੍ਹਾਂ ਨੇ ਆਪੋ ਵਿਚ ਮਿਲਣ ਦੀ ਇੱਛਾ ਪ੍ਰਗਟਾਈ ਤਾਂ ਉਧਾਲਣ ਵਾਲਿਆਂ ਨੇ ਕਿਸੇ ਇੱਕ ਦੇ ਘਰ 8-10 ਦਿਨ ਇਕੱਠੇ ਰਹਿਣ ਦੀ ਵਿਧਾ ਬਣ ਦਿੱਤੀ।

ਉਹ ਪਿੰਡ ਦੀਆਂ ਰਹੁ-ਰੀਤਾਂ ਅਨੁਸਾਰ ਸਵੇਰੇ ਪਿੰਡ ਦੇ ਖੇਤਾਂ ਵਿਚ ਹਲਕਾ ਹੋਣ ਜਾਂਦੀਆਂ ਤੇ ਉਥੋਂ ਪਰਤ ਕੇ ਆਪਣੇ ਮਾਲਿਕਾਂ ਦਾ ਚੁੱਲ੍ਹਾ ਚੌਂਕਾ ਸਾਂਭ ਲੈਂਦੀਆਂ। ਘਰ ਵਾਲਿਆਂ ਨੂੰ ਏਨੀਆਂ ਆਗਿਆਕਾਰ ਦਾਸੀਆਂ ਹੋਰ ਕਿਥੋਂ ਮਿਲਣੀਆਂ ਸਨ?

ਇਕੱਠੀਆਂ ਹੋ ਜਾਣ ਪਿੱਛੋਂ ਉਨ੍ਹਾਂ ਨੇ ਇਹ ਵੀ ਪਤਾ ਕਰ ਲਿਆ ਕਿ ਸਾਡਾ ਪਿੰਡ (ਜਿਹੜਾ ਉਨ੍ਹਾਂ ਦਾ ਵੀ ਓਨਾ ਹੀ ਸੀ) ਕਿੰਨੀ ਕੁ ਦੂਰ ਹੈ ਤੇ ਉੱਥੇ ਕਿਵੇਂ ਜਾ ਸਕਦੀਆਂ ਹਨ। ਉਨ੍ਹਾਂ ਦਾ ਆਪਣਾ ਘਰ ਦੇਖਣ ਨੂੰ ਦਿਲ ਕਰ ਆਇਆ।

ਮਿਥੀ ਵਿਉਂਤ ਅਨੁਸਾਰ ਉਹ ਇਕ ਦਿਨ ਸਵੇਰੇ ਘਰੋਂ ਨਿਕਲ ਕੇ ਨਵੇਂ ਮਾਲਕਾਂ ਦੇ ਘਰ ਪਰਤਣ ਦੀ ਥਾਂ ਆਪਣੇ ਜੱਦੀ ਪੁਸ਼ਤੀ ਪਿੰਡ ਮੇਰੇ ਰਿਸਾਲਦਾਰ ਤਾਇਆ ਦੇ ਘਰ ਚਲੀਆਂ ਗਈਆਂ। ਉਹ ਇਸ ਘਰ ਦੇ ਸਾਰੇ ਮੈਂਬਰਾਂ ਨੂੰ ਜਾਣਦੀਆਂ ਸਨ। ਰਿਸਾਲਦਾਰ ਨੇ ਵੀ ਦਿਲਾਸਾ ਦਿੱਤਾ ਕਿ ਉਨ੍ਹਾਂ ਦਾ ਵਾਲ ਵਿੰਗਾ ਨਹੀਂ ਹੋਣ ਦਿੰਦਾ। ਏਸ ਲਈ ਵੀ ਕਿ ਉਨ੍ਹਾਂ ਦੇ ਮੁਸਲਿਮ ਮਾਪਿਆਂ ਦੇ ਧਰਮ ਪਲਟੇ ਸਮੇਂ ਤਾਏ ਰਿਸਾਲਦਾਰ ਦਾ ਕਹਿਣਾ ਮੰਨਿਆ ਸੀ।

ਉਂਝ ਵੀ ਸਾਰੇ ਪਿੰਡ ਨੂੰ ਪਤਾ ਸੀ ਕਿ ਉਹ ਬੀਬੀਆਂ ਆਪਣੇ ਮਾਲਕਾਂ ਨੂੰ ਦੱਸੇ ਬਿਨਾ ਆ ਗਈਆਂ ਸਨ। ਇਹ ਵੀ ਕਿ ਨਵੇਂ ਮਾਲਕ ਉਨ੍ਹਾਂ ਦਾ ਪਿੱਛਾ ਕਰ ਸਕਦੇ ਹਨ। ਪਰ ਇਸ ਵਾਰੀ ਸਾਰੇ ਪਿੰਡ ਦਾ ਫੈਸਲਾ ਸੀ ਕਿ ਉਨ੍ਹਾਂ ਨੂੰ ਕਿਸੇ ਹਾਲਤ ਵਿਚ ਵੀ ਸਫਲ ਨਹੀਂ ਹੋਣ ਦੇਣਾ।

ਇਹੀਓ ਹੋਇਆ। ਉਹ ਘੋੜੀ ਲੈ ਕੇ ਆ ਗਏ। ਜਦੋਂ ਉਨ੍ਹਾਂ ਨੇ ਪਿੰਡ ਦੇ ਬਾਹਰ ਖੇਡਦੇ ਮੁੰਡਿਆਂ ਕੋਲੋਂ ਗੇਂਦੇ ਭਰਾਈ ਦਾ ਘਰ ਪੁੱਛਿਆ ਤਾਂ ਇਕ ਸਿਆਣਾ ਮੁੰਡਾ ਉਨ੍ਹਾਂ ਨੂੰ ਭਰਾਈ ਦੇ ਘਰ ਅੰਦਰ ਵਾੜ ਕੇ ਬਾਹਰੋਂ ਕੁੰਡਾ ਲਾ ਆਇਆ ਤੇ ਫੇਰ ਰਿਸਾਲਦਾਰ ਦੇ ਘਰ ਖਬਰ ਦੇ ਗਿਆ।

ਤਾਏ ਰਿਸਾਲਦਾਰ ਦੀ ਗੱਲ ਮੰਨ ਕੇ ਮੇਰੇ ਪਿੰਡ ਵਾਲਿਆਂ ਨੇ ਉਨ੍ਹਾਂ ਵਹਿਸ਼ੀਆਂ ਨੂੰ ਮਾਰ ਮੁਕਾਇਆ ਤੇ ਉਨ੍ਹਾਂ ਦੀ ਘੋੜੀ ਠਾਣੇ ਪਹੁੰਚਾ ਦਿੱਤੀ। 1947 ਵਿਚ ਮੇਰੀ ਉਮਰ 13 ਸਾਲ ਦੀ ਸੀ। ਇਹ ਸਭ ਕੁਝ ਵੇਖ ਕੇ ਮੈਂ ਸਚਮੁਚ ਹੀ ਡਰ ਗਿਆ ਸਾਂ। ਅੱਜ ਦੇ ਦਿਨ ਤਾਂ ਮੈਨੂੰ ਇਹੀਓ ਜਾਪਦਾ ਹੈ ਕਿ ਜੇ ਉਨ੍ਹਾਂ ਨੇ ਸਾਡੇ ਹੱਥੋਂ ਹਿੰਦੂ ਬਣਿਆਂ ਦੀ ਹੱਤ ਕੀਤੀ ਸੀ ਤਾਂ ਅਸਾਂ ਨੇ ਉਨ੍ਹਾਂ ਤੋਂ ਬਦਲਾ ਲੈ ਲਿਆ ਸੀ।

### ਅੰਤਿਕਾ

ਪੰਦਰਾਂ ਅਗਸਤ/ਮਾਸਟਰ ਅਮਰੀਕ ਸਿੰਘ॥
ਪੰਦਰਾਂ ਅਗਸਤ ਇਕ ਐਸਾ ਹੀ ਦਿਹਾੜਾ ਸੀ।
ਦੇਸ਼ ਸੀ ਆਜ਼ਾਦ, ਸਾਡਾ ਹੋ ਗਿਆ ਉਜਾੜਾ ਸੀ।
ਘਰ ਬਾਰ ਛੱਡ ਐਸੇ ਸਫ਼ਰ 'ਤੇ ਚੱਲ ਪਏ,
ਦੁੱਖਾਂ ਤੇ ਮੁਸੀਬਤਾਂ ਦੇ ਹਾਰ ਸਾਡੇ ਗਲ ਪਏ।
ਰੁਲ ਖੁਲ ਅਪੜੇ ਸਾਂ ਅਸੀਂ ਹਿੰਦੁਸਤਾਨ ਵਿਚ,
ਰਹਿ ਗਿਆ ਅਸਾਡਾ ਸਭ ਕੁਝ ਪਾਕਿਸਤਾਨ ਵਿੱਚ।
ਬਣ ਗਏ ਸ਼ਰਨਾਰਥੀ ਰਫਿਊਜੀ ਵੀ ਕਹਾਏ ਸਾਂ,
ਹਿੰਦ ਵਿਚ ਨਵੀਂ ਦੂਜੀ ਕੌਮ ਵੀ ਕਹਾਏ ਸਾਂ।

# 165 ਟੈਲੀਫ਼ਿਲਮਾਂ ਵਾਲਾ ਅੰਗਰੇਜ ਮੰਨਨ

**ਨਵੇਂ ਤੇ ਚੰਗੇ ਕੰਟੈਂਟ ’ਤੇ ਕੰਮ ਕਰਨ ਦਾ ਸ਼ੌਕ ਹੀ ਸਾਧਾਰਨ ਅਦਾਕਾਰ ਨੂੰ “ਅੰਗਰੇਜ ਮੰਨਨ” ਬਣਾ ਦਿੰਦਾ ਹੈ।**



ਸ਼ਿਵਨਾਥ ਦਰਦੀ

ਪੰਜਾਬੀ ਫਿਲਮ ਇੰਡਸਟ੍ਰੀਜ ਅੱਜ ਸਿਖਰਾਂ ਤੇ ਹੈ। ਅੱਜ ਪੰਜਾਬੀ ਸਿਨੇਮਾ ਵਿਚ ਪਾਲੀਵੁੱਡ ਤੇ ਬਾਲੀਵੁੱਡ ਜਗਤ ਦੀਆਂ ਅਜ਼ੀਮ ਸਖਸ਼ੀਅਤਾਂ ਵੱਲੋ ਵਧ ਚੜ੍ਹ ਕੇ ਯੋਗਦਾਨ ਪਾਇਆਂ ਜਾ ਰਿਹਾ ਹੈ । ਆਪਣੀ ਆਪਣੀ ਬਾਕਮਾਲ ਕਲਾ ਨਾਲ ਉਭਰ ਕੇ ਬਹੁਤ ਸਾਰੀਆਂ ਸਖਸ਼ੀਅਤਾਂ ਸਾਹਮਣੇ ਆ ਰਹੀਆਂ ਹਨ। ਅੱਜ ਮੈ ਅਜਿਹੇ ਇੱਕ ਨੌਜਵਾਨ ਦੀ ਗੱਲ ਕਰਨ ਜਾ ਰਿਹਾ , ਜੋ ਪੰਜਾਬ ਦੇ ਜ਼ਿਲਾ



ਫਿਰੋਜ਼ਪੁਰ ਦੇ ਪਿੰਡ ਫਰੀਦੇ ਵਾਲਾ ਦੇ ਸ੍ਰੀ ਜਸਵਿੰਦਰ ਸਿੰਘ ਤੇ ਮਾਤਾ ਸ੍ਰੀਮਤੀ ਸਿਮਰਜੀਤ ਕੌਰ ਦੇ ਕੁੱਖੋ ਜਨਮੇ ਅਦਾਕਾਰ “ਅੰਗਰੇਜ ਮੰਨਨ ਜੀ” ਜਿਨਾਂ ਨੇ ਖੇਤਾਂ ਦੀਆਂ ਵੱਟਾਂ ਤੇ ਫਸਲਾਂ ਨਾਲ ਗੱਲਬਾਤਾਂ ਕਰਦਿਆ, ਫਿਲਮਾਂ ਵੱਲ ਰੁੱਖ ਕੀਤਾ।

ਓਨਾਂ 2003 ਵਿੱਚ ਫਿਲਮਾਂ ਦੀ ਸੀ.ਡੀ ਵਿਕਰੇਤਾ ਵਜੋ ਕੰਮ ਕਰਦਿਆਂ , ਦਿਲ ਵਿੱਚ ਫਿਲਮਾਂ ‘ਚ ਕੰਮ ਕਰਨ ਦਾ ਸੌਕ ਜਾਗਿਆ, ਕਹਿੰਦੇ ਦਿਲ ਵਿੱਚ ਜਨੂੰਨ ਹੋਵੇ ਤਾਂ ਮੰਜ਼ਿਲ ਨੂੰ ਪਾਉਣ ਦਾ ਤਾਂ ਮੰਜ਼ਿਲਾਂ ਖੁਦ ਚੱਲ ਕੇ ਨੇੜੇ ਆਉਣ ਲੱਗ ਪੈਂਦੀਆਂ ਹਨ। ਏਨਾਂ ਨਾਲ ਕੁਦਰਤ ਨੇ ਫਿਲਮ ਇੰਡਸਟ੍ਰੀਜ ਵਿੱਚ ਕੰਮ ਕਰਦੇ , ਅਦਾਕਾਰ ਸੁਲੱਖਣ ਅਟਵਾਲ ਤੇ ਸਰਬਜੀਤ ਸਿੱਧੂ ਨਾਲ 2004 ਵਿੱਚ ਮੇਲ ਕਰਵਾਇਆਂ। ਏਨਾਂ ਵੱਲੋ ਫਿਲਮ ਡਾਇਰੈਕਟਰ ‘ਮਨਜੀਤ ਟੋਨੀ ਜੀ’ ਨਾਲ ਰਾਬਤਾ ਕਾਇਮ ਕੀਤਾ ਗਿਆਂ । ਏਨਾਂ ਵਲੋਂ ਪ੍ਰਸਿੱਧ ਫਿਲਮ ਡਾਇਰੈਕਟਰ ‘ ਟੋਨੀ ‘ ਨਾਲ ਮਿਲ ਪ੍ਰੋਡਿਊਸਰ ਦੇ ਤੌਰ ਤੇ ‘ਹੱਲਾ ਹੋ’ ਬਣਾਈ ਗਈ।

ਅਦਾਕਾਰ “ਅੰਗਰੇਜ ਮੰਨਨ ਜੀ“ ਨੇ ਦੱਸਿਆਂ, ਹੁਣ ਤੱਕ ਉਹ 165 ਟੈਲੀ ਫਿਲਮਾਂ ਬਣਾ ਚੁੱਕੇ ਹਨ। ਜਿਨਾਂ ਵਿੱਚ “ਬੀਬੋ ਭੂਆਂ ਮਸਤ ਮਸਤ , ਸਰਪੰਚ ਦਾ ਐਕਸ਼ਨ, ਇੱਜਤ , ਵੱਡੇ ਇੱਜਤਾਂ ਵਾਲੇ, ਤਾਨਾਸ਼ਾਹ ਸੱਸ , ਇੱਜ਼ਤਾਂ ਨੂੰ ਦਾਗ , ਧੀ ਦਾ ਫੈਸਲਾ, ਮਤਰੇਈ ਮਾਂ , ਇੱਜ਼ਤਾਂ ਦਾ ਇਨਸਾਫ , ਧੋਖੇ ਬਾਜ਼ ਮਸੂਕ , ਧੀ ਦੇ ਡਰਾਮੇ , ਮੇਰਾ ਫੈਸਲਾ, ਨਜਾਇਜ਼ ਰਿਸਤਾਂ , ਨਜਾਇਜ਼ ਔਲਾਦ, ਨਨਾਣ ਭਰਜਾਈ ਦੀ ਇੱਕ ਗੱਲ , ਦਰਾਣੀ ਜਠਾਣੀ , ਫੌਜੀ ਨੂੰ ਧੋਖਾ , ਛੁੱਟੀ ਛੜਿਆਂ ਦੀ , ਕਿਰਾਏ ਦੀ ਕੁੱਖ , ਫੈਮਲੀ ਕਮਲਿਆਂ ਦੀ , ਘਰ ‘ਚ ਸ਼ਰੀਕ ਜੰਮਿਆ, ਮਾਸੀ ਦੀ ਤਾਨਾਸ਼ਾਹੀ , ਧੀ ਦਾ ਕਤਲ, ਤੀਵੀਆਂ ਦੋ ਬੁਰੀਆਂ , ਨਿੱਕੀ ਉਮਰ ਆਦਿ ਫਿਲਮਾਂ ਕੀਤੀਆਂ।

ਇਨ੍ਹਾਂ ਦੀਆਂ ਆਉਣ ਵਾਲੀਆਂ ਦੋ ਫੀਚਰ ਫਿਲਮਾਂ ਜਿਨਾਂ ਖੂਬਸੂਰਤ ਅਦਾਕਾਰੀ ਦੇ ਜਲਵੇ ਦੇਖਣ ਨੂੰ ਵੀ ਮਿਲਣਗੇ , ‘ਉੱਡਣਾ ਸੱਪ’ ਜੋ ਕਿ ’’ਜੀਤ ਸੰਧੂ ਜੀ’’ ਦੇ ਨਾਵਲ ਤੇ ਅਧਾਰਿਤ ਹੈ । ਇਸ ਵਿਚ ਦਿਗਜ ਅਦਾਕਾਰ ‘ਗੁਰਮੀਤ ਸਾਜਨ ‘ ਹੁਰਾਂ ਨੇ ਆਪਣੀ ਅਦਾਕਾਰ ਨਾਲ ਚਾਰ ਚੰਨ ਲਾਏ ਹਨ ਤੇ ਡਾਇਰੈਕਟਰ ‘ਮਨਜੀਤ ਟੋਨੀ’ ਨੇ ਦਿਨ ਰਾਤ ਇੱਕ ਕਰ ਆਪਣੀ ਮਿਹਨਤ ਸਦਕਾ ਆਖਰੀ ਮੁਕਾਮ ਤੱਕ ਪਹੁੰਚਾਇਆਂ। ਏਸੇ ਤਰ੍ਹਾਂ ਦੂਸਰੀ ਫੀਚਰ ਫਿਲਮ ‘ਸਾਹਿਬ ਜਿਨਾਂ ਦੀਆਂ ਮੰਨੇ’ ਹੈ।

ਗੱਲਬਾਤ ਦੌਰਾਨ ਅਦਾਕਾਰ ਅੰਗਰੇਜ ਮੰਨਨ ਨੇ ਦੱਸਿਆ ਕਿ ਓਨਾਂ ਦਾ ਟੀਚਾ ਚੰਗੇ ਮੈਸੇਜ ਦੇਣ ਵਾਲੀਆ ਫਿਲਮਾਂ ਵਿੱਚ ਕੰਮ ਕਰਨਾਂ ਹੈ । ਇਸ ਵਿੱਚ ਓਨਾਂ ਦੇ ਭਰਾਂ “ਗੁਰਭੇਜ ਸਿੰਘ ਮੰਨਨ ਜੀ“ ਤੇ ਉਸਦੇ ਬੇਟੇ “ਰਣਜੀਤ ਸਿੰਘ ਮੰਨਨ“ ਜੋ ਅੱਜ ਕੱਲ ਕਨੇਡਾ ਵਿੱਚ ਰਹਿ ਰਿਹਾ ਓਨਾਂ ਦਾ ਬਹੁਤ ਵੱਡਾ ਯੋਗਦਾਨ ਹੈ । ਓਨਾਂ ਦਰਸ਼ਕ ਬੇਹੱਦ ਪਿਆਰ ਮੁਹੱਬਤ ਕਰਦੇ ਹਨ। ਓਹ ਜੋ ਵੀ ਅੱਜ ਹਨ, ਓਨਾਂ ਦੀ ਹੱਲਾਸ਼ੇਰੀ ਸਦਕਾ ਹੈ।

ਮੇਰੀਆਂ ਦੁਆਵਾਂ ਚਰਚਿਤ ਅਦਾਕਾਰ “ਅੰਗਰੇਜ ਮੰਨਨ ਜੀ“ ਦੇ ਲਈ , ਓਹ ਫਿਲਮਾਂ ਜਗਤ ਵਿੱਚ ਕਦਮ ਕਦਮ ਅੱਗੇ ਵੱਧਦੇ ਰਹਿਣ ਤੇ ਮੰਜ਼ਿਲਾਂ ਹਾਸਿਲ ਕਰਨ ।

**ਕਲਾ ਪਰਿਕਰਮਾ**

# ਬਬੀਤਾ ਅਤੇ ਰਣਧੀਰ ਕਪੂਰ ਦੇ ਅਣਸੁਣੇ ਕਿੱਸੇ

ਰਣਧੀਰ ਕਪੂਰ ਨੇ ਇਕ ਵਾਰ ਆਪ ਹੀ ਦੱਸਿਆ ਸੀ, ‘ਬਬੀਤਾ ਨੂੰ ਲੱਗਿਆ ਕਿ ਮੈਂ ਬਹੁਤ ਖ਼ਰਾਬ ਵਿਅਕਤੀ ਹਾਂ ਜੋ ਬਹੁਤ ਜ਼ਿਆਦਾ ਸ਼ਰਾਬ ਪੀਂਦਾ ਹੈ ਅਤੇ ਦੇਰ ਨਾਲ ਘਰ ਆਉਂਦਾ ਹੈ। ਇਹ ਗੱਲ ਬਬੀਤਾ ਨੂੰ ਪਸੰਦ ਨਹੀਂ ਸੀ। ਮੈਂ ਉਸ ਦੇ ਆਦਰਸ਼ਾਂ ਅਨੁਸਾਰ ਜੀਵਨ ਨਹੀਂ ਗੁਜ਼ਾਰ ਸਕਦਾ ਸੀ ਅਤੇ ਉਹ ਜਿਵੇਂ ਮੈਂ ਹਾਂ, ਉਸ ਰੂਪ ਵਿਚ ਮੈਨੂੰ ਸਵੀਕਾਰ ਨਹੀਂ ਕਰ ਸਕਦੀ ਸੀ। ਹਾਲਾਂਕਿ ਸਾਡਾ ਪ੍ਰੇਮ ਵਿਆਹ ਸੀ। ਇਸ ਲਈ ਵੱਖ ਹੋਣਾ ਹੀ ਠੀਕ ਸੀ। ਦੇਖਭਾਲ ਕਰਨ ਲਈ ਸਾਡੀਆਂ ਦੋ ਬੇਟੀਆਂ ਸਨ। ਉਨ੍ਹਾਂ ਦੀ ਬਬੀਤਾ ਨੇ ਬਹੁਤ ਚੰਗੀ ਪਰਵਰਿਸ਼ ਕੀਤੀ ਅਤੇ ਉਹ ਆਪਣੇ ਕਰੀਅਰ ਵਿਚ ਕਾਮਯਾਬ ਹਨ। ਇਕ ਪਿਤਾ ਦੇ ਰੂਪ ਵਿਚ ਮੈਨੂੰ ਇਸ ਤੋਂ ਜ਼ਿਆਦਾ ਕੀ ਚਾਹੀਦਾ ਸੀ।’

ਦੋਵੇਂ ਬਬੀਤਾ ਤੇ ਰਣਧੀਰ ਵਿਚ ਕਦੀ ਕਾਨੂੰਨੀ ਤਲਾਕ ਨਹੀਂ ਹੋਇਆ, ਪਰ 2007 ਤੱਕ ਦੋਵਾਂ ਵਿਚ ਗੱਲਬਾਤ ਤੱਕ ਬੰਦ ਰਹੀ। ਇਸ ਤੋਂ ਬਾਅਦ ਕ੍ਰਿਸ਼ਮਾ ਤੇ ਕਰੀਨਾ ਦੀਆਂ ਕੋਸ਼ਿਸ਼ਾਂ ਨਾਲ ਦੋਵੇਂ ਪਰਿਵਾਰਕ ਸਮਾਗਮਾਂ ਤੇ ਹੋਰ ਮਹੱਤਵਪੂਰਨ ਮੌਕਿਆਂ ‘ਤੇ ਇਕੱਠੇ ਸ਼ਾਮਿਲ ਹੋਣ ਲੱਗੇ, ਪਰ ਰਹਿੰਦੇ ਵੱਖ-ਵੱਖ ਮਕਾਨਾਂ ਵਿਚ ਸਨ । ਹੁਣ ਜੂਨ 2025 ਵਿਚ ਕਰੀਨਾ ਕਪੂਰ ਨੇ ਕਿਹਾ ਹੈ ਕਿ ਉਸ ਦੇ ਮਾਪੇ ਰਣਧੀਰ ਤੇ ਬਬੀਤਾ ਨੇ ਤੈਅ ਕੀਤਾ ਹੈ ਕਿ ਕਈ ਸਾਲਾਂ ਤੋਂ ਵੱਖ ਰਹਿਣ ਤੋਂ ਬਾਅਦ ਉਹ ਆਪਣਾ ਬੁਢਾਪਾ ਇਕੱਠੇ ਬਿਤਾਉਣਗੇ। ਆਪਣੇ ਮਾਪਿਆਂ ਦੇ ਅਸਧਾਰਨ ਪਰਿਵਾਰ ਬਾਰੇ ਕਰੀਨਾ ਦਾ ਕਹਿਣਾ ਹੈ, ‘ਹਰ ਕਿਸੇ ਦੇ ਮਾਪੇ । ਸੰਸਾਰ ਵਿਚ ਸਭ ਤੋਂ ਚੰਗੇ ਮਾਪੇ ਹੁੰਦੇ ਹਨ। ਮੇਰੇ ਮਾਪੇ ਵੀ ਦੁਨੀਆ ਦੇ ਸਰਬੋਤਮ ਹਨ।

ਹੁਣ ਉਨ੍ਹਾਂ ਨੇ ਤੈਅ ਕੀਤਾ ਹੈ ਕਿ ਇਕ ਦੂਜੇ ਦਾ ਹੱਥ ਫੜੀਏ ਉਹ ਆਪਣਾ ਬੁਢਾਪਾ



ਇਕੱਠੇ ਬਿਤਾਉਣਗੇ ਕਿਉਂਕਿ ਉਸ ਦੀ ਯਾਤਰਾ ਇਸੇ ਤਰ੍ਹਾਂ ਨਾਲ ਸ਼ੁਰੂ ਹੋਈ ਸੀ ਅਤੇ ਠੀਕ ਉਂਝ ਹੀ ਹੁਣ ਉਹ ਇਕੱਠੇ ਹਨ। ਕਰੀਨਾ ਅੱਗੇ ਦੱਸਦੀ ਹੈ, ‘ਇਹ ਇਕਦਮ ਦੈਵੀ ਦਖ਼ਲਅੰਦਾਜ਼ੀ ਦੀ ਤਰ੍ਹਾਂ ਹੋਇਆ ਹੈ ਅਤੇ ਕ੍ਰਿਸ਼ਮਾ ਤੇ ਮੇਰੇ ਲਈ ਤਾਂ ਚੱਕਰਪੂਰਨ ਹੋ ਗਿਆ। ਹੈ। ਮੈਂ ਸਮਝਦੀ ਹਾਂ ਕਿ ਮਾਪਿਆਂ ਦੇ ਤੌਰ ‘ਤੇ ਦੋਵੇਂ ਬਹੁਤ ਸ਼ਾਨਦਾਰ ਰਹੇ ਹਨ ਅਤੇ ਮੇਰੇ ਪਿਤਾ ਨੇ ਤਾਂ ਜੋ ਕੁਝ ਮੈਂ ਕਰਨਾ ਚਾਹਿਆ ਉਸ ਦਾ ਸਮਰਥਨ ਕੀਤਾ ਹੈ।’

ਉਂਝ ਬਬੀਤਾ ਤੇ ਰਣਧੀਰ ਦੀ ਪ੍ਰੇਮ ਕਹਾਣੀ ਦਿਲਚਸਪ ਰਹੀ ਹੈ। ਰਣਧੀਰ ਨੇ ਬਬੀਤਾ ਨੂੰ ਪਹਿਲੀ ਵਾਰ ਫ਼ਿਲਮ ‘ਸੰਗਮ’ ਦੀ ਸ਼ੂਟਿੰਗ ‘ਤੇ ਦੇਖਿਆ ਸੀ। ਦੋਵੇਂ ਇਕ-ਦੂਜੇ ਨੂੰ ਪਸੰਦ ਕਰਨ ਲੱਗੇ ਅਤੇ ਇਹੀ ਪਸੰਦ ਪਿਆਰ ਵਿਚ ਬਦਲ ਗਈ। ਉਹ ਲੁਕ-ਛਿਪ ਕੇ ਇਕ ਦੂਜੇ ਨੂੰ ਡੇਟ ਕਰਦੇ ਸਨ । ਇਸ ਦੀ ਭਿਣਕ ਰਾਜ ਕਪੂਰ ਤੇ ਉਸ ਦੇ ਪਰਿਵਾਰ ਨੂੰ ਲੱਗ ਗਈ।


ਰਾਜ ਕਪੂਰ ਨੇ ਰਣਧੀਰ ਤੋਂ ਪਤਾ ਕੀਤਾ ਕਿ ਕੀ ਬਬੀਤਾ ਨਾਲ ਵਿਆਹ ਕਰਨ ਦਾ ਇਰਾਦਾ ਹੈ? ਰਣਧੀਰ ਨੇ ਜਵਾਬ ਦਿੱਤਾ, ‘ਮੈਂ ਸਿਰਫ਼ ਟਾਈਮ ਪਾਸ ਕਰ ਰਿਹਾ ਹਾਂ, ਵਿਆਹ ਕਰਨ ਦਾ ਕੋਈ ਇਰਾਦਾ ਨਹੀਂ ਹੈ।’ ਇਸ ‘ਤੇ ਰਾਜ ਕਪੂਰ ਨੇ ਗੁੱਸੇ ਵਿਚ ਕਿਹਾ, ‘ਜਦੋਂ ਬੁੱਢਾ ਹੋ ਜਾਵੇਂਗਾ, ਉਦੋਂ ਵਿਆਹ ਕਰੇਂਗਾ ਉਸ ਨਾਲ ?’ ਖ਼ੈਰ, ਰਣਧੀਰ ਦੀ ਥਾਂ ਉਸ ਦੇ ਮਾਪਿਆਂ ਨੇ ਬਬੀਤਾ ਸਾਹਮਣੇ ਵਿਆਹ ਦੀ ਪੇਸ਼ਕਸ਼ ਰੱਖੀ। ‘ਕਲ ਆਜ ਔਰ ਕਲ ਦੇ ਰਿਲੀਜ਼ ਹੁੰਦਿਆਂ ਹੀ ਰਣਧੀਰ ਤੇ ਬਬੀਤਾ ਦਾ ਵਿਆਹ ਹੋ ਗਿਆ।

ਸਵਾਲ ਇਹ ਹੈ ਕਿ ਦਹਾਕਿਆਂ ਤੱਕ ਵੱਖ ਰਹਿਣ ਤੋਂ ਬਾਅਦ ਬਬੀਤਾ ਤੇ ਰਣਧੀਰ ਵਿਚਾਲੇ ਕਾਨੂੰਨੀ ਤਲਾਕ ਕਿਉਂ ਨਹੀਂ ਹੋਇਆ ? ਬੇਟੀਆਂ ਦੀ ਖ਼ਾਤਿਰ, ਇਕ ਵਜ੍ਹਾ ਹੈ। ਪਰ ਰਣਧੀਰ ਨੇ ਇਕ ਵਾਰ ਕਿਹਾ ਸੀ, ‘ਤਲਾਕ ਕਿਸ ਲਈ? ਅਸੀਂ ਤਲਾਕ ਕਿਉਂ ਲਈਏ? ਫਿਰ ਤੋਂ ਵਿਆਹ ਕਰਨ ਦਾ ਨਾ ਮੇਰਾ ਇਰਾਦਾ ਹੈ। ਅਤੇ ਨਾ ਉਸ ਦਾ ।’ ਸ਼ਾਇਦ ਕੁਝ ਸੰਬੰਧ ਏਨੇ ਹੀ ਸ਼ੁੱਧ ਹੁੰਦੇ ਹਨ ਕਿ ਕਾਨੂੰਨੀ ਠੱਪਾ ਵੀ ਉਸ ਵਿਚ ਦਖ਼ਲਅੰਦਾਜ਼ੀ ਨਹੀਂ ਕਰ ਸਕਦਾ।

# ਆਖ ਤਸਵੀਰਾਂ ਬੋਲਦੀਆਂ


*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਅਗਸਤ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-704



***ਕਲਾਕਾਰ ਨੇ ਖਿੱਚ ਤਸਵੀਰ, ਦਿਖਾਈ ਧਰਤ ਦੀ ਤਕਦੀਰ।***
***ਕਾਦਰ ਗੁੱਸੇ ਹੋ ਗਿਆ ਜਾਪੇ, ਬੰਦਾ,ਪਸ਼ੂ,ਪੰਛੀ ਗਏ ਸਰਾਪੇ।***
***ਮੌਸਮਾਂ ਨੇ ਵੀ ਬਦਲੇ ਤੇਬਰ, ਬੰਦ ਹੋਈ ਲੱਗੇ ਨ ਛਹਿਬਰ।***
***ਰੁੰਡ ਮਰੁੰਡ ਜੇਹੇ ਜੰਗਲ ਕੀਤੇ, ਢਾਹ ’ਤੇ ਪਹਾੜ ਲਾਏ ਪਲੀਤੇ।***

## ਕੈਪਸ਼ਨ ਮੁਕਾਬਲਾ-702



ਡੰਡੀ ਵਾਲੀ ਤੱਕੜੀ ਲੈ ਕੇ
ਪਲੜੇ ਦੇ ਵਿਚ ਪੋਤਾ ਪਾਇਆ।
ਵਾਧਾ ਘਾਟਾ ਵੇਖਣ ਖ਼ਾਤਰ
ਬੂਟਾਂ ਤਾਈਂ ਵੱਟਾ ਬਣਾਇਆ।
ਪਹਿਲਾਂ ਦੋ ਨਾਲ ਸਰ ਜਾਂਦਾ ਸੀ
ਅੱਜ ਤਾਂ ਪੂਰੇ ਤਿੰਨ ਨੂੰ ਪਾਇਆ।
ਬਰੋਬਰ ਆਧੀ ਵਾਲ਼ਾ ਜ਼ਮਾਨਾ
ਮੁੜ ਕੇ ਫੇਰ ਹੈ ਯਾਦ ਕਰਾਇਆ।
***– ਜਗਮੀਤ ਸਿੰਘ ਪੰਧੇਰ***

---

ਦਿਸੇ ਕਮਜ਼ੋਰ ਜਿਹਾ, ਬਹੂਏ,
ਲਿਆ ਕਰਾਂ ਅੱਜ ਤੋਲਾ,
ਬਾਦ ਮਹੀਨੇ ਫਿਰ ਕਰਾਂਗੇ,
ਮਾਸਾ ਵਧਿਆ ਕਿ ਤੋਲ਼ਾ।
ਬੂਟ ਵੱਟਿਆਂ ਦੀ ਥਾਂ ਪਾਏ,
ਜੱਟਕਾ ਸੌਦਾ ਕੀਤੈ ਤੋਲਾ,
ਬੜੀ-ਬਰੀਕੀ ਹੈ ਨ੍ਹੀਂ ਪੱਲੇ,
ਭਾਰ ਮਨ ਦਾ ਕੀਤੈ ਹੌਲ਼ਾ।
***-ਸੇਵਾ ਸਿੰਘ “ਨੂਰਪੁਰੀ”***

---

ਬੇਬੇ ਤੱਕੜੀ ‘ਚ ਅਜਬ ਹੀ ਤੋਲੇ।
ਮੂੰਹੋਂ ਮੰਤਰ-ਨੁਮਾ ਬੋਲ ਵੀ ਬੋਲੇ।
ਦੇਖੋ ਬੱਚਾ ਤੁਲੇ, ਜੁੱਤੀਆਂ ਦੇ ਤੁੱਲ!
ਕੀ ਜੁੱਤੀਆਂ ਹੀ, ਨੇ ਬੱਚੇ ਦਾ ਮੁੱਲ?
ਮਾਂ ਬੱਚੇ ਦੀਏ ਕੁਝ ਸੋਚ ਵਿਚਾਰ।
ਕੁੱਝ ਤਾਂ ਹੱਥ ਨੀ ਅਕਲ ਨੂੰ ਮਾਰ।
ਕਿਹਾ ਨਾ ਜਾਂਦਾ ਚੰਦ ਹੁਣ ਮਾਮਾ,
ਉਤਰ ਗਿਆ ਸਭ ਭਰਮ ਮੁਲੰਮਾ।
ਤਿਆਗ ਮਾਂਦਰੀ ਤੂੰ ਮੰਤਰ ਭੁਲੇਖੇ।
ਜਾ ਡਾਕਟਰ ਤਾਈਂ ਬਾਲ ਜੋ ਦੇਖੇ।
ਸਾਫ਼-ਸਫ਼ਾਈ ਦਾ ਵੀ ਰੱਖ ਖਿਆਲ।
ਪਿਆ ਆਪਣਾ ਦੁੱਧ ਬਾਲ ਨੂੰ ਪਾਲ।
ਨਵਾਂ ਗਿਆਨ ਵਿਗਿਆਨ ਪ੍ਰਧਾਨ
‘ਨਾਕਾਮ’ ਵੀ ਤਕ-ਤਕ ਹੋਏ ਹੈਰਾਨ।
***-ਗੁਰਬਖਸ਼ ਸਿੰਘ ‘ਨਾਕਾਮ’***
***+1 864 318 5500***

---

ਰੱਬ ਦਿਆ ਬੰਦਿਆ ਬਣ ਜਾ ਬੰਦਾ
ਕਿਉਂ ਘੁੰਮਣ ਘੇਰੀਆਂ ‘ਚ
ਫਸਿਆ ਫਿਰਦਾ ਏਂ,
ਨੇਕੀ ਵਾਲੇ ਕਰਮ ਤੂੰ ਕਰ ਲੈ
ਬਿਨਾਂ ਸਿਰ ਤੋਂ ਭੱਜਿਆ ਫਿਰਦਾ ਏਂ।
ਸਿਰ ਦੇ ਬਿਨਾਂ ‘ਸਰ’ ਨਹੀਂ ਲੱਭਣਾ,
ਕਿਉਂ ਨਿੰਦਾ ਚੁਗਲੀ ਕਰਦਾ ਫਿਰਦਾ ਏਂ।
ਨਿਮਰ ਹੋ ਕੇ, ਕਰਮੀ ਧਰਮੀ ਬਣ ਜਾ
ਮੈਂ ਲੱਭਿਆ ਇਹ ਮੰਤਰ ਚਿਰ ਦਾ ਏ।
***-ਲੋਕਨਾਥ ਸ਼ਰਮਾ***
***ਫੋਨ: 94171-76877***

---

ਹੱਦ ਹੋ ਗਈ ਜਦ
ਖੁਦ ਦੀਆਂ ਹੀ ਕੀਤੀਆਂ ਕੁਰੀਤੀਆਂ
ਸਭ ਜ਼ੁਲਮ, ਚੋਰੀਆਂ
ਛੱਡਿਆ ਨਾ ਕੁਝ
ਅੰਦਰੋਂ-ਅੰਦਰੀ ਝੋਰਾ ਖਾਈ ਜਾਂਦਾ
ਨਸੀਹਤਾਂ ਦਿੰਦਾ ਖੁਦ ਨੂੰ
ਕੋਸ ਕੋਸ ਆਪਾ
ਕਲਪਤ ਸ਼ਕਤੀ ਦਾ ਸਹਾਰਾ ਲੈ
ਰਗੜ ਮੱਥੇ ਭੁੱਲਾਂ ਬਖਸ਼ਾਉਂਦਾ।
***-ਦਰਸ਼ਨ ਪਾਲ ਦੋਸਾਂਝ***

# ਐਜ ਕੰਪਿਊਟਿੰਗ: ਡਿਜੀਟਲ ਭਾਰਤ ਦੀ ਨਵੀਂ ਪਛਾਣ

ਅੱਜ ਦੀ ਤੇਜ਼ ਰਫ਼ਤਾਰ ਵਾਲੀ ਡਿਜੀਟਲ ਦੁਨੀਆ ਵਿਚ, ਜਿੱਥੇ ਹਰ ਸਕਿੰਟ ਨਵਾਂ ਡੇਟਾ ਤਿਆਰ ਹੋ ਰਿਹਾ ਹੈ ਅਤੇ ਤੁਰੰਤ ਫੈਸਲੇ ਲੈਣਾ ਲਾਜ਼ਮੀ ਹੋ ਗਿਆ ਹੈ, ਉੱਥੇ ਐਜ ਕੰਪਿਊਟਿੰਗ (Edge Computing) ਇੱਕ ਗੇਮ-ਚੇਂਜਰ ਵਜੋਂ ਉੱਭਰ ਰਹੀ ਹੈ। ਰਵਾਇਤੀ ਕਲਾਊਡ ਕੰਪਿਊਟਿੰਗ ਦੇ ਉਲਟ, ਜੋ ਪ੍ਰੋਸੈਸਿੰਗ ਲਈ ਦੂਰ ਦੇ ਸਰਵਰਾਂ ਨੂੰ ਡੇਟਾ ਭੇਜਦਾ ਹੈ, ਐਜ ਕੰਪਿਊਟਿੰਗ ਡੇਟਾ ਨੂੰ ਆਪਣੇ ਸਰੋਤ ਦੇ ਨੇੜੇ ਪ੍ਰੋਸੈਸ ਕਰਦੀ ਹੈ - ਭਾਵੇਂ



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

ਇਹ ਸਮਾਰਟ ਫੋਨ ਹੋਵੇ, ਸੁਰੱਖਿਆ ਕੈਮਰਾ ਹੋਵੇ, ਜਾਂ ਸਵੈ-ਡਰਾਈਵਿੰਗ ਵਾਹਨ ਹੋਵੇ। ਜਿਵੇਂ ਕਿ ਭਾਰਤ ਆਪਣੀ ਉਤਸ਼ਾਹਪੂਰਨ ਡਿਜੀਟਲ ਤਬਦੀਲੀ ਯਾਤਰਾ ਜਾਰੀ ਰੱਖ ਰਿਹਾ ਹੈ, ਐਜ ਕੰਪਿਊਟਿੰਗ ਚੁੱਪ ਚਾਪ ਸਾਡੇ ਆਲੇ-ਦੁਆਲੇ ਦੇ ਬਹੁਤ ਸਾਰੇ ਬਦਲਾਵਾਂ ਨੂੰ ਸ਼ਕਤੀ ਦੇ ਰਹੀ ਹੈ, ਸਮਾਰਟ ਸ਼ਹਿਰਾਂ ਤੋਂ ਲੈ ਕੇ ਸਿਹਤ ਸੰਭਾਲ ਨਵੀਨਤਾਵਾਂ ਤੱਕ। ਇਹ ਸਿਰਫ ਕੰਪਿਊਟਿੰਗ ਵਿਚ ਇੱਕ ਵਿਕਾਸ ਨਹੀਂ ਹੈ; ਇਹ ਇਸ ਵਿਚ ਇੱਕ ਤਬਦੀਲੀ ਹੈ ਕਿ ਅਸੀਂ ਰੋਜ਼ਾਨਾ ਜੀਵਨ ਵਿਚ ਗਤੀ, ਬੁੱਧੀ ਅਤੇ ਡੇਟਾ ਪ੍ਰਤੀਕਿਰਿਆ ਨੂੰ ਕਿਵੇਂ ਸਮਝਦੇ ਹਾਂ।

ਐਜ ਕੰਪਿਊਟਿੰਗ ਦੀ ਧਾਰਨਾ ਪੂਰੀ ਤਰ੍ਹਾਂ ਨਵੀਂ ਨਹੀਂ ਹੈ, ਪਰ ਪਿਛਲੇ ਦਹਾਕੇ ਵਿਚ ਇਸਦੀ ਸਾਰਥਕਤਾ ਤੇਜ਼ੀ ਨਾਲ ਵਧੀ ਹੈ। 2000 ਦੇ ਦਹਾਕੇ ਦੇ ਸ਼ੁਰੂ ਵਿਚ, ਜ਼ਿਆਦਾਤਰ ਡੇਟਾ ਕੇਂਦਰੀਕ੍ਰਿਤ ਡੇਟਾ ਸੈਂਟਰਾਂ ਵਿਚ ਪ੍ਰਬੰਧਿਤ ਕੀਤਾ ਜਾਂਦਾ ਸੀ। ਫਿਰ ਕਲਾਊਡ ਕੰਪਿਊਟਿੰਗ ਆਈ, ਜਿਸ ਨੇ ਇੰਟਰਨੈੱਟ ਰਾਹੀਂ ਸਕੇਲੇਬਲ ਸਰੋਤ ਪੇਸ਼ ਕੀਤੇ। ਜਦੋਂ ਕਲਾਊਡ ਲਚਕੀਲਾਪਣ ਅਤੇ ਸ਼ਕਤੀ ਲਿਆਇਆ ਪਰ ਨਾਲ ਇਸ ਨੇ ਲੇਟੈਂਸੀ ਵੀ ਪੇਸ਼ ਕੀਤੀ ਭਾਵ ਰਿਮੋਟ ਸਰਵਰਾਂ ਤੋਂ ਡੇਟਾ ਭੇਜਣ ਅਤੇ ਪ੍ਰਾਪਤ ਕਰਨ ਵਿਚ ਜ਼ਿਆਦਾ ਸਮਾਂ ਲੱਗਣਾ। ਇਹ ਦੇਰੀ ਹੋਣਾ ਇੱਕ ਸਮੱਸਿਆ ਬਣ ਗਈ ਕਿਉਂਕਿ ਉਦਯੋਗਾਂ ਨੇ ਆਟੋਨੋਮਸ ਕਾਰਾਂ, ਲਾਈਵ ਹੈਲਥ ਮਾਨੀਟਰ, ਅਤੇ ਇੰਟਰਨੈਟ ਆਫ਼ ਥਿੰਗਜ਼ (IoT) ਡਿਵਾਈਸਾਂ ਵਰਗੀਆਂ ਰੀਅਲ-ਟਾਈਮ ਤਕਨਾਲੋਜੀਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਇਹੀ ਉਹ ਥਾਂ ਹੈ ਜਿੱਥੇ ਐਜ ਕੰਪਿਊਟਿੰਗ ਨੇ ਆਪਣੀ ਐਂਟਰੀ ਕੀਤੀ। ਪ੍ਰੋਸੈਸਿੰਗ ਪਾਵਰ ਨੂੰ ਵਿਕੇਂਦਰੀਕ੍ਰਿਤ ਕਰਕੇ ਅਤੇ ਇਸਨੂੰ ਡੇਟਾ ਦੇ ਸਰੋਤ ਦੇ ਨੇੜੇ ਰੱਖ ਕੇ, ਐਜ ਕੰਪਿਊਟਿੰਗ ਦੇਰੀ ਨੂੰ ਘਟਾਉਂਦੀ ਹੈ, ਕੁਸ਼ਲਤਾ ਵਧਾਉਂਦੀ ਹੈ, ਅਤੇ ਉਪਭੋਗਤਾ ਅਨੁਭਵਾਂ ਨੂੰ ਵਧਾਉਂਦੀ ਹੈ। ਤਾਂ, ਐਜ ਕੰਪਿਊਟਿੰਗ ਅਸਲ ਵਿਚ ਕਿਵੇਂ ਕੰਮ ਕਰਦੀ ਹੈ? ਇੱਕ ਵਿਅਸਤ ਭਾਰਤੀ ਸ਼ਹਿਰ ਵਿਚ ਇੱਕ ਸਮਾਰਟ ਟ੍ਰੈਫਿਕ ਲਾਈਟ ਦੀ ਕਲਪਨਾ ਕਰੋ। ਜੇਕਰ ਇਹ ਟ੍ਰੈਫਿਕ ਪ੍ਰਵਾਹ ਦਾ ਵਿਸ਼ਲੇਸ਼ਣ ਕਰਨ ਲਈ ਸਿਰਫ਼ ਕਲਾਊਡ 'ਤੇ ਨਿਰਭਰ ਕਰਦਾ ਹੈ, ਤਾਂ ਨੈੱਟਵਰਕ ਭੀੜ ਜਾਂ ਦੂਰੀ ਕਾਰਨ ਜਵਾਬ ਵਿਚ ਦੇਰੀ ਹੋ ਸਕਦੀ ਹੈ। ਪਰ ਜੇਕਰ ਲਾਈਟ ਇੱਕ ਐਜ ਡਿਵਾਈਸ - ਇੱਕ ਸਥਾਨਕ ਪ੍ਰੋਸੈਸਰ - ਨਾਲ ਲੈਸ ਹੈ, ਤਾਂ ਇਹ ਤੁਰੰਤ ਕੈਮਰਾ ਫੀਡਾਂ ਦਾ ਵਿਸ਼ਲੇਸ਼ਣ ਕਰ ਸਕਦਾ ਹੈ, ਭੀੜ ਦਾ ਪਤਾ ਲਗਾ ਸਕਦਾ ਹੈ, ਅਤੇ ਅਸਲ ਸਮੇਂ ਵਿਚ ਸਮੇਂ ਨੂੰ ਵਿਵਸਥਿਤ ਕਰ ਸਕਦਾ ਹੈ। ਅਸਲ ਵਿਚ, ਐਜ ਕੰਪਿਊਟਿੰਗ, ਕੰਪਿਊਟਿੰਗ ਦੀ ਦਿਮਾਗੀ ਸ਼ਕਤੀ ਨੂੰ ਕੇਂਦਰ (ਕਲਾਊਡ) ਤੋਂ ਐਜ (ਡਿਵਾਈਸਾਂ ਅਤੇ ਗੇਟਵੇ) ਵੱਲ ਧੱਕਦੀ ਹੈ, ਫੈਸਲੇ ਲੈਣ ਵਿਚ ਲੱਗਣ ਵਾਲੇ ਸਮੇਂ ਨੂੰ ਘੱਟ ਤੋਂ ਘੱਟ ਕਰਦੀ ਹੈ। ਨਤੀਜਾ ਤੇਜ਼, ਵਧੇਰੇ ਭਰੋਸੇਮੰਦ ਸੇਵਾਵਾਂ ਹਨ ਜੋ ਬਦਲਦੀਆਂ ਸਥਿਤੀਆਂ ਦੇ ਅਨੁਸਾਰ ਤੇਜ਼ੀ ਨਾਲ ਢਲ ਜਾਂਦੀਆਂ ਹਨ।

ਭਾਰਤ ਅਤੇ ਦੁਨੀਆ ਭਰ ਦੇ ਵੱਖ-ਵੱਖ ਖੇਤਰਾਂ ਵਿਚ ਐਜ ਕੰਪਿਊਟਿੰਗ ਪਹਿਲਾਂ ਹੀ ਲਾਗੂ ਕੀਤੀ ਜਾ ਰਹੀ ਹੈ। ਉਦਾਹਰਣ ਵਜੋਂ, ਭਾਰਤੀ ਖੇਤੀਬਾੜੀ ਵਿਚ, ਐਜ-ਸਮਰੱਥ ਸੈਂਸਰ ਕਿਸਾਨਾਂ ਨੂੰ ਮਿੱਟੀ ਦੀ ਨਮੀ, ਮੌਸਮ ਦੀਆਂ ਸਥਿਤੀਆਂ ਅਤੇ ਫਸਲਾਂ ਦੀ ਸਿਹਤ ਦੀ ਅਸਲ ਸਮੇਂ ਵਿਚ ਨਿਗਰਾਨੀ ਕਰਨ ਵਿਚ ਮਦਦ ਕਰ ਰਹੇ ਹਨ, ਜਿਸ ਨਾਲ ਉਹ ਤੁਰੰਤ ਫੈਸਲੇ ਲੈ ਸਕਦੇ ਹਨ ਜੋ ਉਪਜ ਨੂੰ ਵਧਾਉਂਦੇ ਹਨ ਅਤੇ ਰਹਿੰਦ-ਖੂੰਹਦ ਨੂੰ ਘਟਾਉਂਦੇ ਹਨ। ਸਿਹਤ ਸੰਭਾਲ ਖੇਤਰ ਵਿਚ, ਕਿਨਾਰੇ ਕੰਪਿਊਟਿੰਗ ਦੁਆਰਾ ਸੰਚਾਲਿਤ ਪਹਿਨਣਯੋਗ ਯੰਤਰ ਅਤੇ ਰਿਮੋਟ ਨਿਗਰਾਨੀ ਸਾਧਨ ਮਰੀਜ਼ਾਂ ਦੀਆਂ ਜ਼ਰੂਰੀ ਚੀਜ਼ਾਂ ਨੂੰ ਤੁਰੰਤ ਟਰੈਕ ਕਰ ਰਹੇ ਹਨ, ਡਾਕਟਰਾਂ ਨੂੰ ਤੇਜ਼ੀ ਨਾਲ ਦਖਲ ਦੇਣ ਅਤੇ ਸੰਭਾਵੀ ਤੌਰ 'ਤੇ ਜਾਨਾਂ ਬਚਾਉਣ ਵਿਚ ਮਦਦ ਕਰਦੇ ਹਨ। ਬੰਗਲੁਰੂ ਦੇ ਸਮਾਰਟ ਪਾਰਕਿੰਗ ਹੱਲ ਖਾਲੀ ਜਗ੍ਹਾ ਦਾ ਪਤਾ ਲਗਾਉਣ ਅਤੇ ਡਰਾਈਵਰਾਂ ਨੂੰ ਮਾਰਗਦਰਸ਼ਨ ਕਰਨ ਲਈ ਐਜ-ਸਮਰੱਥ ਸੈਂਸਰਾਂ ਦੀ ਵਰਤੋਂ ਕਰਦੇ ਹਨ, ਜਿਸ ਨਾਲ ਟ੍ਰੈਫਿਕ ਭੀੜ ਨੂੰ ਘੱਟ ਕੀਤਾ ਜਾ ਸਕਦਾ ਹੈ। ਵਿਸ਼ਵ ਪੱਧਰ 'ਤੇ, ਟੇਸਲਾ ਵਰਗੀਆਂ ਕੰਪਨੀਆਂ ਸਥਾਨਕ ਤੌਰ 'ਤੇ ਡੇਟਾ ਦੀ ਪ੍ਰਕਿਰਿਆ ਕਰਨ ਲਈ ਸਵੈ-ਡਰਾਈਵਿੰਗ ਕਾਰਾਂ ਵਿਚ ਐਜ ਕੰਪਿਊਟਿੰਗ ਦੀ ਵਰਤੋਂ ਕਰਦੀਆਂ ਹਨ, ਜਿਸ ਨਾਲ ਵਾਹਨਾਂ ਨੂੰ ਸਪਲਿਟ-ਸੈਕਿੰਡ ਫੈਸਲੇ ਲੈਣ ਦੀ ਆਗਿਆ ਮਿਲਦੀ ਹੈ। ਇਸੇ ਤਰ੍ਹਾਂ, ਜਰਮਨੀ ਅਤੇ ਦੱਖਣੀ ਕੋਰੀਆ ਵਰਗੇ ਦੇਸ਼ਾਂ ਵਿਚ ਫੈਕਟਰੀਆਂ ਨੇ ਭਵਿੱਖਬਾਣੀ ਰੱਖ-ਰਖਾਅ ਅਤੇ ਪ੍ਰਕਿਰਿਆ ਅਨੁਕੂਲਨ ਲਈ ਆਟੋਮੇਸ਼ਨ ਪ੍ਰਣਾਲੀਆਂ ਵਿਚ ਕਿਨਾਰੇ ਕੰਪਿਊਟਿੰਗ ਨੂੰ ਅਪਣਾਇਆ ਹੈ।

ਰਵਾਇਤੀ ਕਲਾਊਡ ਕੰਪਿਊਟਿੰਗ ਨਾਲੋਂ ਐਜ ਕੰਪਿਊਟਿੰਗ ਦੇ ਸਭ ਤੋਂ ਵੱਡੇ ਫਾਇਦਿਆਂ



**ਐਜ ਕੰਪਿਊਟਿੰਗ (Edge Compuitng) ਡੇਟਾ ਨੂੰ ਉਸਦੇ ਸਰੋਤ ਦੇ ਨੇੜੇ ਪ੍ਰੋਸੈਸ ਕਰਕੇ ਤੇਜ਼, ਨਿਰਵਿਘਨ ਅਤੇ ਸੁਰੱਖਿਅਤ ਡਿਜੀਟਲ ਸੇਵਾਵਾਂ ਨੂੰ ਯਕੀਨੀ ਬਣਾਉਂਦੀ ਹੈ। ਇਹ ਭਾਰਤ ਦੇ ਸਿਹਤ, ਖੇਤੀ, ਸਮਾਰਟ ਸ਼ਹਿਰਾਂ ਆਦਿ ਵਿਚ ਤਕਨਾਲੌਜੀਕਲ ਤਬਦੀਲੀ ਨੂੰ ਨਵਾਂ ਰੂਪ ਦੇ ਰਹੀ ਹੈ।**

ਵਿਚੋਂ ਇੱਕ ਇਸਦੀ ਲੇਟੈਂਸੀ ਘਟਾਉਣ ਦੀ ਯੋਗਤਾ ਹੈ। ਜਦੋਂ ਮਿਲੀਸਕਿੰਟ ਮਾਇਨੇ ਰੱਖਦੇ ਹਨ - ਜਿਵੇਂ ਕਿ ਆਟੋਨੋਮਸ ਵਾਹਨਾਂ ਵਿਚ ਜਾਂ ਰੋਬੋਟਿਕ ਸਰਜਰੀਆਂ ਦੌਰਾਨ - ਦੂਰ-ਦੁਰਾਡੇ ਕਲਾਊਡ ਸਰਵਰਾਂ 'ਤੇ ਭਰੋਸਾ ਕਰਨਾ ਜੋਖਮ ਭਰਿਆ ਹੋ ਸਕਦਾ ਹੈ। ਐਜ ਕੰਪਿਊਟਿੰਗ ਗਣਨਾ ਨੂੰ ਨੇੜੇ ਲਿਆਉਂਦੀ ਹੈ, ਤੇਜ਼ ਜਵਾਬਾਂ ਨੂੰ ਯਕੀਨੀ ਬਣਾਉਂਦੀ ਹੈ। ਇਸ ਤੋਂ ਇਲਾਵਾ, ਸਥਾਨਕ ਤੌਰ 'ਤੇ ਡੇਟਾ ਦੀ ਪ੍ਰਕਿਰਿਆ ਕਰਕੇ, ਐਜ ਕੰਪਿਊਟਿੰਗ ਬੈਂਡਵਿਡਥ ਦੀ ਵਰਤੋਂ ਨੂੰ ਘਟਾਉਣ ਵਿਚ ਮਦਦ ਕਰਦੀ ਹੈ। ਇਹ ਭਾਰਤ ਦੇ ਪੇਂਡੂ ਜਾਂ ਬੈਂਡਵਿਡਥ-ਸੀਮਤ ਖੇਤਰਾਂ ਵਿਚ ਖਾਸ ਤੌਰ 'ਤੇ ਮਹੱਤਵਪੂਰਨ ਹੈ, ਜਿੱਥੇ ਕਲਾਉਡ ਨੂੰ ਵੱਡੀ ਮਾਤਰਾ ਵਿਚ ਡੇਟਾ ਭੇਜਣਾ ਹੌਲੀ ਜਾਂ ਮਹਿੰਗਾ ਹੋ ਸਕਦਾ ਹੈ। ਐਜ ਕੰਪਿਊਟਿੰਗ ਬਿਹਤਰ ਗੋਪਨੀਯਤਾ ਅਤੇ ਸੁਰੱਖਿਆ ਵੀ ਪ੍ਰਦਾਨ ਕਰਦੀ ਹੈ, ਕਿਉਂਕਿ ਸੰਵੇਦਨਸ਼ੀਲ ਡੇਟਾ ਨੂੰ ਕਲਾਊਡ 'ਤੇ ਭੇਜੇ ਬਿਨਾਂ ਸਥਾਨਕ ਤੌਰ 'ਤੇ ਪ੍ਰੋਸੈਸ ਕੀਤਾ ਜਾ ਸਕਦਾ ਹੈ, ਜਿਸ ਨਾਲ ਰੁਕਾਵਟ ਜਾਂ ਉਲੰਘਣਾ ਦੇ ਜੋਖਮ ਨੂੰ ਘਟਾਇਆ ਜਾ ਸਕਦਾ ਹੈ।

ਹਾਲਾਂਕਿ, ਐਜ ਕੰਪਿਊਟਿੰਗ ਆਪਣੀਆਂ ਚੁਣੌਤੀਆਂ ਤੋਂ ਬਿਨਾਂ ਨਹੀਂ ਹੈ। ਹਜ਼ਾਰਾਂ ਵੰਡੇ ਗਏ ਐਜ ਡਿਵਾਈਸਾਂ ਦਾ ਪ੍ਰਬੰਧਨ ਕਰਨਾ ਗੁੰਝਲਦਾਰ ਅਤੇ ਮਹਿੰਗਾ ਹੋ ਸਕਦਾ ਹੈ। ਇੱਕ ਵਿਸ਼ਾਲ ਨੈੱਟਵਰਕ ਵਿਚ ਇਕਸਾਰ ਸਾਫਟਵੇਅਰ ਅੱਪਡੇਟ, ਡੇਟਾ ਸਿੰਕ੍ਰੋਨਾਈਜ਼ੇਸ਼ਨ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਕੋਈ ਛੋਟਾ ਕੰਮ ਨਹੀਂ ਹੈ। ਇਸ ਤੋਂ ਇਲਾਵਾ, ਐਜ ਡਿਵਾਈਸਾਂ ਭੌਤਿਕ ਛੇੜਛਾੜ ਜਾਂ ਹੈਕਿੰਗ ਲਈ ਕਮਜ਼ੋਰ ਹੋ ਸਕਦੀਆਂ ਹਨ ਜੇਕਰ ਢੁਕਵੀਂ ਤਰ੍ਹਾਂ ਸੁਰੱਖਿਅਤ ਨਾ ਹੋਣ। ਇੱਕ ਹੋਰ ਚਿੰਤਾ ਅੰਤਰ-ਕਾਰਜਸ਼ੀਲਤਾ ਹੈ। ਬਹੁਤ ਸਾਰੇ ਨਿਰਮਾਤਾਵਾਂ ਅਤੇ ਵਿਕਰੇਤਾਵਾਂ ਦੇ ਨਾਲ, ਇਹ ਯਕੀਨੀ ਬਣਾਉਣ ਲਈ ਕਿ ਐਜ ਡਿਵਾਈਸਾਂ ਇਕੱਠੇ ਸਹਿਜੇ ਹੀ ਕੰਮ ਕਰਦੀਆਂ ਹਨ, ਲਈ ਮਿਆਰੀ ਪ੍ਰੋਟੋਕੋਲ ਦੀ ਲੋੜ ਹੁੰਦੀ ਹੈ - ਜਿਸ ਵੱਲ ਉਦਯੋਗ ਅਜੇ ਵੀ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ, ਐਜ ਤਕਨਾਲੌਜੀ ਵਿਚ ਸਿਖਲਾਈ ਪ੍ਰਾਪਤ ਹੁਨਰਮੰਦ ਪੇਸ਼ੇਵਰਾਂ ਦੀ ਘਾਟ ਹੈ, ਜਿਸ ਕਾਰਨ ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਇਸ ਉੱਨਤ ਹੱਲ ਨੂੰ ਅਪਣਾਉਣਾ ਔਖਾ ਹੋ ਜਾਂਦਾ ਹੈ।

ਇਨ੍ਹਾਂ ਰੁਕਾਵਟਾਂ ਦੇ ਬਾਵਜੂਦ, ਭਾਰਤ ਵਿਚ ਐਜ ਕੰਪਿਊਟਿੰਗ ਦਾ ਭਵਿੱਖ ਸ਼ਾਨਦਾਰ ਦਿਖਾਈ ਦੇ ਰਿਹਾ ਹੈ। 5ਜੀ ਨੈੱਟਵਰਕਾਂ ਦੇ ਰੋਲਆਊਟ ਨਾਲ, ਐਜ ਕੰਪਿਊਟਿੰਗ ਹੋਰ ਵੀ ਸ਼ਕਤੀਸ਼ਾਲੀ ਹੋ ਜਾਵੇਗੀ, ਅਤਿ-ਘੱਟ ਲੇਟੈਂਸੀ ਅਤੇ ਹਾਈ-ਸਪੀਡ ਕਨੈਕਟੀਵਿਟੀ ਦਾ ਧੰਨਵਾਦ। ਭਾਰਤ ਭਰ ਵਿਚ ਸਮਾਰਟ ਸਿਟੀ ਪਹਿਲਕਦਮੀਆਂ, ਜਿਵੇਂ ਕਿ ਪੁਣੇ, ਚੰਡੀਗੜ੍ਹ ਅਤੇ ਹੈਦਰਾਬਾਦ ਵਿਚ, ਪਹਿਲਾਂ ਹੀ ਟ੍ਰੈਫਿਕ ਪ੍ਰਬੰਧਨ, ਨਿਗਰਾਨੀ, ਰਹਿੰਦ-ਖੂੰਹਦ ਦੀ ਨਿਗਰਾਨੀ ਅਤੇ ਪਾਣੀ ਪ੍ਰਬੰਧਨ ਲਈ ਐਜ ਤਕਨਾਲੋਜੀਆਂ ਨੂੰ ਸ਼ਾਮਲ ਕਰ ਰਹੀਆਂ ਹਨ। NASSCOM ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਦਾ IoT ਬਾਜ਼ਾਰ 2025 ਤੱਕ $15 ਬਿਲੀਅਨ ਤੱਕ ਪਹੁੰਚਣ ਦੀ ਉਮੀਦ ਹੈ, ਅਤੇ ਐਜ ਕੰਪਿਊਟਿੰਗ ਇਸ ਵਿਕਾਸ ਪਿੱਛੇ ਇੱਕ ਮੁੱਖ ਚਾਲਕ ਹੋਵੇਗਾ। IIT ਹੈਦਰਾਬਾਦ ਵਰਗੇ ਵਿਦਿਅਕ ਸੰਸਥਾਨ ਅਤੇ ਟਾਟਾ ਕੰਸਲਟੈਂਸੀ ਸਰਵਿਸਿਜ਼ ਅਤੇ ਇਨਫੋਸਿਸ ਵਰਗੇ ਉਦਯੋਗ ਦੇ ਨੇਤਾ ਐਜ ਕੰਪਿਊਟਿੰਗ ਖੋਜ ਅਤੇ ਐਪਲੀਕੇਸ਼ਨਾਂ ਵਿਚ ਨਿਵੇਸ਼ ਕਰ ਰਹੇ ਹਨ, ਜੋ ਮਜ਼ਬੂਤ ਗਤੀ ਨੂੰ ਦਰਸਾਉਂਦੇ ਹਨ। ਡਿਜੀਟਲ ਇੰਡੀਆ ਅਤੇ ਮੇਕ ਇਨ ਇੰਡੀਆ ਵਰਗੇ ਸਰਕਾਰੀ ਪਹਿਲਕਦਮੀਆਂ ਸਥਾਨਕ ਨਿਰਮਾਣ ਅਤੇ ਐਜ-ਸਮਰੱਥ ਡਿਵਾਈਸਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵੀ ਉਤਸ਼ਾਹਿਤ ਕਰ ਰਹੀਆਂ ਹਨ।

ਇੱਕ ਅਜਿਹੇ ਭਵਿੱਖ ਬਾਰੇ ਸੋਚੋ ਜਿੱਥੇ ਐਂਬੂਲੈਂਸਾਂ ਵਿਚ ਐਜ ਡਿਵਾਈਸਾਂ ਲੱਗੀਆਂ ਹੋਣ ਜੋ ਟ੍ਰੈਫਿਕ ਸਿਗਨਲਾਂ ਨਾਲ ਸੰਚਾਰ ਕਰਕੇ ਆਪਣੇ ਆਪ ਹੀ ਗ੍ਰੀਨ ਕੋਰੀਡੋਰ ਬਣਾਉਂਦੀਆਂ ਹਨ, ਜਾਂ ਜਿੱਥੇ ਐਜ-ਵਿਸ਼ਲੇਸ਼ਣ ਕੀਤੀ ਭੂਚਾਲ ਗਤੀਵਿਧੀ ਦੇ ਅਧਾਰ 'ਤੇ ਅਸਲ ਸਮੇਂ ਵਿਚ ਆਫ਼ਤ ਚੇਤਾਵਨੀਆਂ ਭੇਜੀਆਂ ਜਾਂਦੀਆਂ ਹਨ। ਇਹ ਸਿਰਫ ਭਵਿੱਖਵਾਦੀ ਕਲਪਨਾਵਾਂ ਨਹੀਂ ਹਨ - ਇਹ ਐਜ ਕੰਪਿਊਟਿੰਗ ਵਿਚ ਤਰੱਕੀ ਦੇ ਕਾਰਨ ਵੱਧ ਤੋਂ ਵੱਧ ਸੰਭਵ ਹੋ ਰਹੀਆਂ ਹਨ। ਲੌਜਿਸਟਿਕਸ, ਸਮਾਰਟ ਗਰਿੱਡ, ਟੈਲੀਮੈਡੀਸਨ, ਅਤੇ ਇੱਥੋਂ ਤੱਕ ਕਿ ਸਿੱਖਿਆ (ਜਿਵੇਂ ਕਿ ਦੂਰ-ਦੁਰਾਡੇ ਪਿੰਡਾਂ ਵਿਚ ਔਫਲਾਈਨ ਐਜ-ਅਧਾਰਤ ਡਿਜੀਟਲ ਕਲਾਸਰੂਮ) ਵਰਗੇ ਖੇਤਰਾਂ ਵਿਚ, ਐਪਲੀਕੇਸ਼ਨਾਂ ਤੇਜ਼ੀ ਨਾਲ ਫੈਲ ਰਹੀਆਂ ਹਨ। ਭਾਰਤੀ ਸਟਾਰਟ-ਅੱਪ ਵੀ ਮੈਦਾਨ ਵਿਚ ਦਾਖਲ ਹੋ ਰਹੇ ਹਨ। ਐਜਟੈਕ ਵਿਚ ਸਟੈਲੈਪਸ ਅਤੇ ਸ਼ਹਿਰੀ ਗਤੀਸ਼ੀਲਤਾ ਵਿਚ ਚੈਰੀਓਟ ਟੈਕ ਵਰਗੀਆਂ ਕੰਪਨੀਆਂ ਨਵੀਨਤਾਕਾਰੀ, ਸਥਾਨਕ ਹੱਲ ਪ੍ਰਦਾਨ ਕਰਨ ਲਈ ਐਜ ਕੰਪਿਊਟਿੰਗ ਦਾ ਲਾਭ ਉਠਾ ਰਹੀਆਂ ਹਨ।

ਅੰਕੜਿਆਂ ਦੇ ਹਿਸਾਬ ਨਾਲ, ਗਲੋਬਲ ਐਜ ਕੰਪਿਊਟਿੰਗ ਮਾਰਕੀਟ 2022 ਵਿਚ ਲਗਭਗ $40 ਬਿਲੀਅਨ ਤੋਂ ਵਧ ਕੇ 2030 ਤੱਕ ਲਗਭਗ $140 ਬਿਲੀਅਨ ਹੋਣ ਦੀ ਉਮੀਦ ਹੈ। ਇਕੱਲੇ ਭਾਰਤ ਵਿਚ, ਐਜ ਡੇਟਾ ਸੈਂਟਰਾਂ ਵਿਚ ਤੇਜ਼ੀ ਨਾਲ ਵਾਧਾ ਹੋਣ ਦਾ ਅਨੁਮਾਨ ਹੈ, 2025 ਤੱਕ ਉੱਦਮਾਂ ਦੁਆਰਾ ਤਿਆਰ ਕੀਤੇ ਗਏ ਅੰਦਾਜ਼ਨ 45% ਡੇਟਾ ਨੂੰ ਰਵਾਇਤੀ ਕਲਾਊਡ ਜਾਂ ਕੇਂਦਰੀਕ੍ਰਿਤ ਡੇਟਾ ਸੈਂਟਰਾਂ ਤੋਂ ਬਾਹਰ ਪ੍ਰੋਸੈਸ ਕੀਤੇ ਜਾਣ ਦੀ ਉਮੀਦ ਹੈ। ਇਹ ਅੰਕੜੇ ਅਗਲੀ ਪੀੜ੍ਹੀ ਦੀਆਂ ਡਿਜੀਟਲ ਸੇਵਾਵਾਂ ਦੀ ਰੀੜ੍ਹ ਦੀ ਹੱਡੀ ਵਜੋਂ ਵਿਕੇਂਦਰੀਕ੍ਰਿਤ, ਰੀਅਲ-ਟਾਈਮ ਕੰਪਿਊਟਿੰਗ ਵੱਲ ਤਬਦੀਲੀ ਨੂੰ ਰੇਖਾਂਕਿਤ ਕਰਦੇ ਹਨ।

ਸੰਖੇਪ ਵਿਚ, ਐਜ ਕੰਪਿਊਟਿੰਗ ਸਿਰਫ਼ ਇੱਕ ਤਕਨੀਕੀ ਪ੍ਰਚਾਰ ਸ਼ਬਦ ਨਹੀਂ ਹੈ - ਇਹ ਭਾਰਤ ਦੀ ਡਿਜੀਟਲ ਤਰੱਕੀ ਲਈ ਇੱਕ ਬੁਨਿਆਦੀ ਥੰਮ੍ਹ ਹੈ। ਖੁਫੀਆ ਜਾਣਕਾਰੀ ਨੂੰ ਡੇਟਾ ਦੇ ਸਰੋਤ ਦੇ ਨੇੜੇ ਲਿਆ ਕੇ, ਇਹ ਤੇਜ਼ ਫੈਸਲਿਆਂ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ, ਲਾਗਤਾਂ ਘਟਾਉਂਦਾ ਹੈ, ਅਤੇ ਤਕਨਾਲੋਜੀ ਨੂੰ ਵਧੇਰੇ ਜਵਾਬਦੇਹ ਅਤੇ ਸੰਮਲਿਤ ਬਣਾਉਂਦਾ ਹੈ। ਜਿਵੇਂ ਕਿ ਭਾਰਤ 5ਜੀ ਨੂੰ ਆਪਣਾ ਰਿਹਾ ਹੈ, ਸਮਾਰਟ ਸ਼ਹਿਰਾਂ ਦਾ ਨਿਰਮਾਣ ਕਰ ਰਿਹਾ ਹੈ, ਅਤੇ ਆਪਣੇ ਪੇਂਡੂ ਕੇਂਦਰਾਂ ਨੂੰ ਜੋੜ ਰਿਹਾ ਹੈ, ਐਜ ਕੰਪਿਊਟਿੰਗ ਇਸ ਪਰਿਵਰਤਨ ਦੇ ਕੇਂਦਰ ਵਿਚ ਹੋਵੇਗੀ।

# ਦਰਸ਼ਨ ਸਿੰਘ

**ਜ਼ਿੰਦਗੀ ਨਾਮਾ**



**ਹਰਪ੍ਰੀਤ ਸਿੰਘ ਜਵੰਦਾ**

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਘਰ ਦੇ ਬਾਹਰ ਬਣੇ ਮਾਰਬਲ ਦੇ ਸਟੋਰ 'ਤੇ ਕੰਮ ਕਰਦਾ ਪੁਰਾਣਾ ਕਾਮਾ...!

ਕਦੇ ਅੰਦਰ ਬਾਹਰ ਜਾਣਾ ਪੈ ਜਾਂਦਾ ਤਾਂ ਸਾਰਾ ਕੰਮ ਉਹ ਹੀ ਵੇਖਦਾ...ਕਈ ਵੇਰ ਪੈਸਿਆਂ ਵਾਲੀ ਅਲਮਾਰੀ ਖੁੱਲ੍ਹੀ ਵੀ ਰਹਿ ਜਾਂਦੀ ਤੇ ਸ਼ਾਮੀਂ ਪੂਰੀ ਦੀ ਪੂਰੀ ਰਕਮ ਉਂਝ ਦੀ ਉਂਝ ਹੀ ਅੰਦਰ ਪਈ ਹੁੰਦੀ...!

ਪਰ ਸਾਡੀ ਬੀਜੀ ਨੂੰ ਪਤਾ ਨੀ ਕੀ ਬੇਇਤਬਾਰੀ ਸੀ ਕਿ ਮੇਰੀ ਗੈਰ-ਹਾਜ਼ਰੀ ਵਿਚ ਪੈਸਿਆਂ ਦਾ ਲੈਣ-ਦੇਣ...ਫੋਨ 'ਤੇ ਗੱਲਬਾਤ... ਸਟਾਕ ਦੀ ਲੁਹਾਈ ਤੁਲਾਈ...ਗੱਲ ਕੀ ਹਰ ਕੰਮ ਵਿਚ ਉਸਦੇ ਆਸੇ-ਪਾਸੇ ਹੀ ਤੁਰੀ ਫਿਰਦੀ ਰਹਿੰਦੀ...!

ਭਾਵੇਂ ਬਹੁਤੀਆਂ ਗੱਲਾਂ ਦੀ ਸਮਝ ਨਾ ਪਿਆ ਕਰਦੀ ਪਰ ਫੇਰ ਵੀ ਇਹੋ ਪ੍ਰਭਾਵ ਦਿੰਦੀ ਕਿ ਮੈਨੂੰ ਹਰੇਕ ਹੁੰਦੀ ਵਾਪਰਦੀ ਦਾ ਪਤਾ ਲੱਗ ਰਿਹਾ ਏ...!

ਮੈਂ ਵਾਪਿਸ ਮੁੜਦਾ ਤਾਂ ਕੱਲੀ-ਕੱਲੀ ਗੱਲ ਦੱਸਦੀ...ਕੌਣ ਆਇਆ ਸੀ...ਕਿਸ ਨਾਲ ਗੱਲ ਕੀਤੀ...ਕਿਸ ਕੋਲੋਂ ਪੈਸੇ ਫੜੇ...ਹੋਰ ਵੀ ਕਿੰਨਾ ਕੁਝ...!

ਮੈਂ ਅੱਗਿਓਂ ਹੱਸ ਛੱਡਦਾ...ਆਖਦਾ ਬੀਜੀ ਫਿਕਰ ਨਾ ਕਰਿਆ ਕਰ...!

ਅੱਗਿਓਂ ਆਖਦੀ ਫਿਕਰ ਕਿਓਂ ਨਾ ਕਰਾਂ...ਮੇਰੇ ਪੁੱਤ ਦੀ ਕਮਾਈ...ਉਹ ਓਧਰ ਪੱਕੇ ਕੋਠੇ ਛੱਤੀ ਜਾਂਦਾ...ਨਿਆਣੇ ਉਸਦੇ ਨਿੱਤ ਨਵੇਂ-ਨਵੇਂ ਸਕੂਟਰ ਭਜਾਈ ਫਿਰਦੇ...ਤੂੰ ਭੋਲਾ ਏਂ...ਤੈਨੂੰ ਸਮਝ ਨਹੀਂ...ਸਭ ਕੁਝ ਬੱਸ ਇਥੋਂ ਹੀ ਜਾਂਦਾ ਏ...ਮੇਰੇ ਹਿਸਾਬ ਨਾਲ ਚਾਰ ਪੰਜ ਲੱਖ ਦੀ ਹੇਰਾਫੇਰੀ ਤੇ ਕਰ ਹੀ ਗਿਆ ਹੋਣਾ ਹੁਣ ਤੱਕ...ਫੇਰ ਆਖਦੀ ਪੁੱਤ ਆਪਣਾ ਲੈਣ ਦੇਣ ਹਮੇਸ਼ਾਂ ਕਾਪੀ 'ਤੇ ਲਿਖ ਕੇ ਰਖਿਆ ਕਰ...!

ਦਰਸ਼ਨ ਵੀ ਕਈ ਵੇਰ ਹੱਸਦਾ ਹੋਇਆ ਆਖ ਦਿਆ ਕਰਦਾ ਕਿ ਬੀਜੀ ਮੇਰੇ 'ਤੇ ਸ਼ੱਕ ਕਰਦੀ ਏ...ਮੈਂ ਕਹਿ ਛੱਡਦਾ ਕਿ ਮਿੱਤਰਾ ਸੁਣ ਜ਼ਰੂਰ ਲਿਆ ਕਰ ਪਰ ਪ੍ਰਵਾਹ ਨਾ ਕਰਿਆ ਕਰ...!

ਬੀਜੀ ਦਾ ਆਪਣੇ ਚੰਡੀਗੜ੍ਹ ਪੜ੍ਹਦੇ ਪੋਤਰੇ ਨਾਲ ਵਾਹਵਾ ਮੋਹ ਸੀ...

ਸਾਰੀ ਪੈਨਸ਼ਨ ਬੱਸ ਉਸਨੂੰ ਹੀ ਦਿਆ ਕਰਦੀ...ਅਕਸਰ ਆਖਦੀ ਖੁੱਲ੍ਹਾ ਖਰਚ ਕਰਿਆ ਕਰ ਮੇਰਿਆ ਛਿੰਦਿਆ...!

ਉਹ ਵੀ ਲੋਹਾ ਗਰਮ ਵੇਖ ਸੱਟ ਮਾਰਦਾ...ਤੇ ਬੀਜੀ ਸਭ ਕੁਝ ਓਸੇ ਵੇਲੇ ਅੱਗੇ ਲਿਆ ਢੇਰੀ ਕਰ ਦਿਆ ਕਰਦੀ...!

ਫੇਰ ਇੱਕ ਦਿਨ ਬਹੁਤ ਢਿੱਲੀ ਹੋ ਗਈ...!

ਡਾਕਟਰ ਆਖਣ ਲੱਗਾ ਖੂਨ ਚਾਹੀਦਾ...ਪਰ ਲੋੜੀਂਦਾ ਗਰੁੱਪ ਨਾ ਮਿਲਿਆ...ਦਰਸ਼ਨ ਆਖਣ ਲੱਗਾ ਮੇਰਾ ਵੇਖ ਲਵੋ...ਸਬੱਬੀਂ ਮੈਚ ਹੋ ਗਿਆ...ਫੇਰ ਪੂਰੀਆਂ ਤਿੰਨ ਬੋਤਲਾਂ ਦਿੱਤੀਆਂ...ਉਹ ਵੀ ਅੱਗੜ ਪਿੱਛੜ...ਫੇਰ ਹਫਤਾ ਭਰ ਦਿਨ ਰਾਤ ਰੱਜ ਕੇ ਸੇਵਾ ਕੀਤੀ!

ਪਰ ਬਚੀ ਫੇਰ ਵੀ ਨਾ ਤੇ ਅਖੀਰ ਨੂੰ ਇੱਕ ਦਿਨ ਤੜਕੇ ਰਵਾਨਗੀ ਪਾ ਗਈ...!

ਕਰੋਨਾ ਦੇ ਸ਼ੱਕ ਕਾਰਨ ਮੜ੍ਹੀਆਂ ਦੇ ਆਖਰੀ ਸਫ਼ਰ 'ਤੇ ਮੋਢਾ ਦੇਣ ਕੋਈ ਵੀ ਨੇੜੇ ਨਾ ਆਵੇ...ਇਥੋਂ ਤੱਕ ਕਿ ਪੋਤਰੇ ਨੇ ਵੀ ਸਿਰਫ ਫੋਨ 'ਤੇ ਹੀ ਦੋ-ਚਾਰ ਹੰਝੂ ਵਹਾ ਬੁੱਤਾ ਜਿਹਾ ਸਾਰ ਦਿੱਤਾ...!

ਇਸ ਵੇਰ ਵੀ ਫੇਰ ਦਰਸ਼ਨ ਹੀ ਅੱਗੇ ਆਇਆ...ਕਿੱਟ ਵੀ ਨਾ ਪਾਈ ਤੇ ਸਿਰਫ ਮੂੰਹ ਹੀ ਢੱਕਿਆ...ਆਖਣ ਲੱਗਾ ਸਰਦਾਰ ਜੀ ਭਾਵੇਂ ਜਿੰਦਾਂ ਮਰਜ਼ੀ ਦੀ ਸੀ...ਦਿਲੋਂ ਮੋਹ ਤੇ ਬੜਾ ਹੀ ਜ਼ਿਆਦਾ ਕਰਿਆ ਕਰਦੀ ਸੀ...ਉੱਤੋਂ ਹੁਣ ਤੇ ਜਾਂਦੀ ਹੋਈ ਨਾਲ ਖੂਨ ਦਾ ਰਿਸ਼ਤਾ ਵੀ ਬਣ ਗਿਆ ਸੀ...!

ਫੁੱਲ ਚੁਗਣ ਤੋਂ ਲੈ ਕੇ ਭੋਗ ਤੱਕ ਹਰ ਕਾਰਜ ਅੱਗੇ ਹੋ ਕੇ ਭੁਗਤਾਇਆ...!

ਅੱਜ ਭਾਵੇਂ ਗਈ ਨੂੰ ਪੂਰੇ ਦੋ ਮਹੀਨੇ ਹੋ ਗਏ ਨੇ ਪਰ ਅਜੇ ਵੀ ਇਹ ਹਿਸਾਬ ਕਿਤਾਬ ਪੂਰੀ ਤਰ੍ਹਾਂ ਸਮਝ ਵਿਚ ਨਹੀਂ ਆ ਰਿਹਾ ਕਿ ਕੌਣ ਆਪਣਾ ਕਰਜ਼ਾ ਲਾਹ ਗਿਆ ਤੇ ਕੌਣ ਚਾੜ੍ਹ ਗਿਆ...ਤੇ ਕਿਸ ਨੇ ਦਿਨ ਦਿਹਾੜੇ ਪੈਸੇ ਮਾਰ ਲਏ...!

ਕਿਉਂਕਿ ਕੁਝ ਲੈਣ-ਦੇਣ ਐਸੇ ਹੁੰਦੇ ਨੇ ਜੋ ਦੁਨਿਆਵੀ ਵਰਕਿਆਂ 'ਤੇ ਬਿਲਕੁਲ ਵੀ ਨਹੀਂ ਲਿਖੇ ਜਾ ਸਕਦੇ...ਓਹਨਾਂ ਨੂੰ ਸਿਰਫ ਰੂਹਾਂ ਵਾਲੇ ਵਹੀ ਖਾਤਿਆਂ ਵਿਚ ਮੂੰਹ ਜ਼ੁਬਾਨੀ ਹੀ ਚੇਤੇ ਰੱਖਣਾ ਪੈਂਦਾ ਏ...!

ਤੇ ਅਜੋਕੇ ਕੰਪਿਊਟਰ ਯੁੱਗ ਵਿਚ ਓਹਨਾਂ ਵਹੀ ਖਾਤਿਆਂ ਦੀ ਵਰਤੋਂ ਬਹੁਤ ਹੀ ਜ਼ਿਆਦਾ ਘਟ ਗਈ ਏ!

# ਚੋਣ ਕਮਿਸ਼ਨ ਅਤੇ ਈ.ਡੀ. ਪ੍ਰਤੀ ਤਿੜਕਦਾ ਵਿਸ਼ਵਾਸ ਲੋਕਤੰਤਰ ਲਈ ਖ਼ਤਰੇ ਦੀ ਘੰਟੀ

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਰਤੀ ਚੋਣ ਕਮਿਸ਼ਨ ਉਤੇ ਗੰਭੀਰ ਦੋਸ਼ ਲਾਏ ਹਨ ਅਤੇ ਦਾਅਵਾ ਕੀਤਾ ਹੈ ਕਿ ਪਿਛਲੀਆਂ ਚੋਣਾਂ ਸਮੇਂ ਮਹਾਂਰਾਸ਼ਟਰ ਅਤੇ ਹਰਿਆਣਾ ਵਿਚ ਵੋਟਰ ਸੂਚੀਆਂ ਵਿਚ ਵੱਡੇ ਪੱਧਰ 'ਤੇ ਧਾਂਦਲੀ ਕੀਤੀ ਗਈ ਹੈ। ਉਨ੍ਹਾਂ ਕਰਨਾਟਕ ਦੇ ਇੱਕ ਵਿਧਾਨ ਸਭਾ ਹਲਕੇ ਦਾ ਅੰਕੜਾ ਦੇਸ਼ ਸਾਹਮਣੇ ਰੱਖਦਿਆਂ ਦੋਸ਼ ਲਾਇਆ ਕਿ ਵੋਟਰ ਸੂਚੀ ਵਿਚ ਹੇਰਾਫੇਰੀ ਕੀਤੀ ਗਈ ਅਤੇ ਫਰਜ਼ੀ ਵੋਟਰ, ਗਲਤ ਪਤੇ, ਇੱਕ ਪਤੇ ਉਤੇ ਕਈ ਵੋਟਰ, ਇੱਕ ਵੋਟਰ ਦਾ ਨਾਂ ਕਈ ਥਾਵਾਂ ਉਤੇ ਹੋਣ ਜਿਹੇ ਕਈ ਤਰੀਕਿਆਂ ਨਾਲ ਵੋਟ ਚੋਰੀ ਕੀਤੀ ਗਈ ਅਤੇ ਕਈ ਥਾਵਾਂ ਉਤੇ ਇਸ ਮਾਡਲ ਨੂੰ ਅਸੰਬਲੀ,



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਲੋਕ ਸਭਾ ਹਲਕਿਆਂ ਵਿਚ ਵਰਤਿਆ ਗਿਆ ਤਾਂ ਕਿ ਭਾਰਤੀ ਜਨਤਾ ਪਾਰਟੀ ਨੂੰ ਫਾਇਦਾ ਮਿਲ ਸਕੇ।

ਹਾਲਾਂਕਿ ਚੋਣਾਂ 'ਚ ਗੜਬੜੀਆਂ ਦੀਆਂ ਸ਼ਿਕਾਇਤਾਂ ਪਹਿਲਾਂ ਵੀ ਮਿਲਦੀਆਂ ਰਹੀਆਂ ਹਨ, ਲੇਕਿਨ ਆਮ ਤੌਰ 'ਤੇ ਸਬੂਤਾਂ ਦੀ ਕਮੀ ਦੇ ਨਾਂ ਉੱਤੇ ਇਹ ਸ਼ਿਕਾਇਤਾਂ ਰੱਦੀ ਦੀ ਟੋਕਰੀ 'ਚ ਚੋਣ ਕਮਿਸ਼ਨ ਵੱਲੋਂ ਸੁੱਟ ਦਿੱਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਨਿਰਾਧਾਰ ਗਿਣਿਆ ਜਾਂਦਾ ਹੈ। ਪਰ ਇਸ ਵੇਰ ਦੇਸ਼ ਭਰ 'ਚ ਸਬੂਤਾਂ ਦੇ ਅਧਾਰ 'ਤੇ ਪੇਸ਼ ਕੀਤੇ ਅੰਕੜਿਆਂ ਕਾਰਨ ਇੱਕ ਵੱਡੀ ਬਹਿਸ ਛਿੜ ਪਈ ਹੈ ਅਤੇ ਵੇਖਿਆ ਜਾ ਰਿਹਾ ਹੈ ਕਿ ਇਨ੍ਹਾਂ ਸ਼ਿਕਾਇਤਾਂ ਦਾ ਆਧਾਰ ਠੋਸ ਹੈ। ਇਸ ਨਾਲ ਦੇਸ਼ ਦੀ ਸਮੁੱਚੀ ਚੋਣ ਪ੍ਰਕਿਰਿਆ ਕਟਹਿਰੇ ਚ ਖੜੀ ਦਿਸਦੀ ਹੈ।

ਕਿਸੇ ਵੀ ਦੇਸ਼ ਦੀ ਲੋਕਤੰਤਰ ਦੀ ਮਜ਼ਬੂਤੀ ਅਤੇ ਭਰੋਸੇਯੋਗਤਾ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਉਸ ਵਿਚ ਚੁਣੇ ਜਾਣ ਦੀ ਪ੍ਰਕਿਰਿਆ ਕਿੰਨੀ ਸਾਫ਼, ਸੁਤੰਤਰ ਅਤੇ ਪਾਰਦਰਸ਼ੀ ਹੈ। ਇਸ ਲਈ ਚੋਣ ਕਰਾਉਣ ਵਾਲੀ ਸੰਸਥਾ ਨੂੰ ਇਹ ਗੱਲ ਯਕੀਨੀ ਬਣਾਉਣਾ ਹੁੰਦਾ ਹੈ ਕਿ ਕੋਈ ਵੀ ਨਾਗਰਿਕ ਵੋਟ ਦੇਣ ਦੇ ਹੱਕ ਤੋਂ ਵੰਚਿਤ ਨਾ ਹੋਵੇ। ਮਤਦਾਨ ਦੀ ਪੂਰੀ ਪ੍ਰਕਿਰਿਆ ਪਾਰਦਰਸ਼ੀ ਅਤੇ ਚੋਣਾਂ 'ਚ ਹਿੱਸੇਦਾਰੀ ਕਰਨ ਵਾਲੇ ਸਾਰੇ ਸਿਆਸੀ ਦਲਾਂ ਲਈ ਭਰੋਸੇਮੰਦ ਹੋਵੇ ਅਤੇ ਨਤੀਜਿਆਂ ਨੂੰ ਲੈ ਕੇ ਸਾਰੇ ਸੰਤੁਸ਼ਟ ਹੋਣ।

ਪਰ ਦੇਸ਼ ਵਿਚ ਆਮ ਤੌਰ 'ਤੇ ਹੋਣ ਵਾਲੀ ਹਰ ਚੋਣ ਤੋਂ ਬਾਅਦ ਜਿਸ ਤਰ੍ਹਾਂ ਦੇ ਵਿਵਾਦ ਸਾਹਮਣੇ ਆਉਂਦੇ ਰਹੇ ਹਨ ਮਤਦਾਨ ਦੀ ਪ੍ਰਕਿਰਿਆ ਚ ਗੜਬੜੀ ਅਤੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਦੇ ਸਮੁੱਚੇ ਤੰਤਰ ਦੇ ਨਾਲ-ਨਾਲ ਨਤੀਜਿਆਂ ਤੱਕ ਨੂੰ ਲੈ ਕੇ ਸਵਾਲ ਖੜੇ ਹੋ ਰਹੇ ਹਨ. ਉਸ ਨਾਲ ਕਈ ਸ਼ੰਕੇ ਪੈਦਾ ਹੁੰਦੇ ਹਨ।

ਚੋਣਾਂ ਦੀ ਸ਼ੁੱਧਤਾ ਉਤੇ ਦੇਸ਼ ਭਰ ਚ ਬਹਿਸ ਛਿੜੀ ਹੋਈ ਹੈ। ਇਸ ਸੰਦਰਭ ਵਿਚ ਸਾਬਕਾ ਕੇਂਦਰੀ ਮੰਤਰੀ ਸ਼ਰਦ ਪਵਾਰ ਦਾ ਇਹ ਬਿਆਨ ਪ੍ਰੇਸ਼ਾਨ ਕਰਨ ਵਾਲਾ ਹੈ ਕਿ 2024 ਵਿਚ ਮਹਾਂਰਾਸ਼ਟਰ ਦੀਆਂ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੂੰ ਦੋ ਲੋਕ ਦਿੱਲੀ ਚ ਮਿਲੇ, ਜਿਨ੍ਹਾਂ ਨੇ ਮਹਾਂਰਾਸ਼ਟਰ ਦੀਆਂ 288 ਸੀਟਾਂ ਵਿਚੋਂ 160 ਸੀਟਾਂ ਜਿੱਤਣ ਦੀ ਗਰੰਟੀ ਦਿੱਤੀ। ਪਰ ਇਹ ਗੱਲ ਉਨ੍ਹਾਂ ਨੇ ਅਣਸੁਣੀ ਕੀਤੀ। ਭਾਜਪਾ ਇਨ੍ਹਾਂ ਵਿਧਾਨ ਸਭਾ ਚੋਣਾਂ 'ਚ ਜਿੱਤ ਗਈ, ਜਿਸ ਨੂੰ 132, ਸ਼ਿਵ ਸੈਨਾ ਨੂੰ 57 ਅਤੇ ਐਨ.ਸੀ.ਪੀ. ਨੂੰ 41 ਸੀਟਾਂ ਮਿਲ ਗਈਆਂ। ਜਦਕਿ ਇਸ ਤੋਂ ਕੁਝ ਮਹੀਨੇ ਪਹਿਲਾਂ ਲੋਕ ਸਭਾ ਚੋਣਾਂ ਚ ਕਾਂਗਰਸ ਐਨ.ਸੀ.ਪੀ. ਗਠਬੰਧਨ 42 ਲੋਕ ਸਭਾ ਸੀਟਾਂ ਵਿਚੋਂ 30 ਲੋਕ ਸਭਾ ਸੀਟਾਂ 'ਤੇ ਕਾਬਜ਼ ਰਿਹਾ। ਉਨ੍ਹਾਂ ਕਿਹਾ ਕਿ ਸਾਨੂੰ ਵੋਟ ਚੋਰੀ ਦਾ ਸ਼ੱਕ ਰਿਹਾ। ਹੁਣ ਰਾਹੁਲ ਗਾਂਧੀ ਨੇ ਤੱਥ ਪੇਸ਼ ਕੀਤੇ ਹਨ ਤੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੁਣ ਹੋਣਾ ਹੀ ਚਾਹੀਦਾ ਹੈ।

ਭਾਰਤੀ ਚੋਣ ਆਯੋਗ ਨੇ ਉਪਰੋਕਤ ਤੱਥਾਂ ਸੰਬੰਧੀ ਕੋਈ ਵੀ ਜਵਾਬ ਨਹੀਂ ਦਿੱਤਾ, ਸਗੋਂ ਰਾਹੁਲ ਗਾਂਧੀ ਨੂੰ ਕਿਹਾ ਹੈ ਕਿ ਉਹ ਇਸ ਸੰਬੰਧੀ ਐਫੀਡੇਵਿਟ (ਘੋਸ਼ਣਾ ਪੱਤਰ) ਦੇਣ ਜਾਂ ਫਿਰ ਦੇਸ਼ ਦੀ ਜਨਤਾ ਨੂੰ ਗੁੰਮਰਾਹ ਕਰਨ 'ਤੇ ਮੁਆਫ਼ੀ ਮੰਗਣ। ਪਰੰਤੂ ਰਾਹੁਲ ਗਾਂਧੀ ਨੇ ਇਸ ਵੋਟ ਚੋਰੀ ਨੂੰ ਤੱਥਾਂ ਅਧਾਰਿਤ ਕਿਹਾ ਅਤੇ ਇਹ ਵੀ ਕਿਹਾ ਹੈ ਕਿ ਇਹ ਦੋਸ਼ ਸਬੂਤਾਂ ਵਾਲੇ ਹਨ।

ਵੋਟਰਾਂ ਦੇ ਸ਼ੁੱਧੀਕਰਨ ਮਾਮਲੇ 'ਤੇ ਬਿਹਾਰ ਵਿਚ ਤਰਥੱਲੀ ਮਚੀ ਹੈ। ਚੋਣ ਕਮਿਸ਼ਨ ਨੇ 65 ਲੱਖ ਵੋਟਰ ਨਵੀਂ ਬਿਹਾਰ ਵਿਧਾਨ ਸਭਾ ਵੋਟਰ ਸੂਚੀ 'ਚੋਂ ਕੱਟੇ ਹਨ। ਇਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਭਾਰਤੀ ਚੋਣ ਕਮਿਸ਼ਨ ਨੇ ਬਿਹਾਰ ਦੇ ਵੋਟਰਾਂ ਨੂੰ ਮੌਕਾ ਦਿੰਦਿਆਂ ਕਿਹਾ ਸੀ ਕਿ 1 ਅਗਸਤ ਤੋਂ 1 ਸਤੰਬਰ ਤੱਕ ਵੋਟਰ ਇਸ ਡਰਾਫਟ ਵੋਟਰ ਲਿਸਟ 'ਚ ਸ਼ਾਮਿਲ ਹੋਣ ਦਾ ਦਾਅਵਾ ਪੇਸ਼ ਕਰ ਸਕਦੇ ਹਨ। ਪਰ ਕਿਸੇ ਸਿਆਸੀ ਧਿਰ ਨੇ ਕੋਈ ਦਾਅਵਾ ਜਾਂ ਇਤਰਾਜ਼ ਪੇਸ਼ ਨਹੀਂ ਕੀਤਾ। ਸਿਰਫ਼ 7,252 ਲੋਕਾਂ ਨੇ ਨਿੱਜੀ ਤੌਰ 'ਤੇ ਵੋਟ ਲਈ ਦਾਅਵੇ ਪੇਸ਼ ਕੀਤੇ ਹਨ।

ਅਸਲ ਵਿਚ ਪਿਛਲੇ ਲੰਮੇ ਸਮੇਂ ਤੋਂ ਦੇਸ਼ ਦੇ ਚੋਣ ਕਮਿਸ਼ਨ, ਈ.ਡੀ. ਅਤੇ ਸੀ.ਬੀ.ਆਈ. ਆਦਿ ਏਜੰਸੀਆਂ 'ਤੇ ਵੱਡੇ ਸਵਾਲ ਖੜੇ ਹੋ ਰਹੇ ਹਨ। ਚੋਣ ਕਮਿਸ਼ਨ ਉੱਤੇ ਪ੍ਰਭਾਵ ਪਾਉਣ ਲਈ ਤਾਂ ਭਾਜਪਾ ਸਰਕਾਰ ਨੇ ਭਾਰਤੀ ਚੋਣ ਕਮਿਸ਼ਨ ਲਈ ਨਵੇਂ ਚੋਣ ਕਮਿਸ਼ਨਰ ਲਗਾਉਣ ਦੇ ਨਿਯਮ ਵੀ ਬਦਲ ਦਿੱਤੇ ਸਨ ਅਤੇ ਸੁਪਰੀਮ ਕੋਰਟ ਦੀ ਨੁਮਾਇੰਦਗੀ ਹੀ ਖ਼ਤਮ ਕਰ ਦਿੱਤੀ ਸੀ। ਉਦੋਂ ਤੋਂ ਲੈ ਕੇ ਚੋਣ ਕਮਿਸ਼ਨ 'ਤੇ ਵੱਡੇ ਸਵਾਲ ਖੜੇ ਹੋ ਰਹੇ ਹਨ, ਜਿਨ੍ਹਾਂ ਵਿਚ ਇਲੈਕਟ੍ਰੋਨਿਕ ਮਸ਼ੀਨਾਂ ਰਾਹੀਂ ਵੋਟਾਂ ਦਾ ਮੁੱਦਾ ਅਤੇ ਉਸ ਰਾਹੀਂ ਹੇਰਾਫੇਰੀ ਦਾ ਮੁੱਦਾ ਦੇਸ਼ 'ਚ ਵੱਡੇ ਪੱਧਰ ਉਤੇ ਉਠਾਇਆ ਜਾਂਦਾ ਰਿਹਾ ਹੈ।

ਹੁਣ ਬਿਹਾਰ ਚੋਣਾਂ ਵੇਲੇ ਵੋਟਰਾਂ ਦੇ ਸ਼ੁੱਧੀਕਰਨ ਦੇ ਨਾਂ ਉਤੇ ਆਪਣੀ ਹੱਦੋਂ ਬਾਹਰ ਜਾਂਦਿਆਂ, ਨਾਗਰਿਕਤਾ ਦਾ ਮੁੱਦਾ, ਆਧਾਰ ਕਾਰਡ, ਪਿਛਲੇ ਵੋਟਰ ਕਾਰਡ ਨੂੰ ਪ੍ਰਵਾਨ ਨਾ ਕਰਨ ਦਾ ਮੁੱਦਾ ਭਾਰਤੀ ਚੋਣ ਕਮਿਸ਼ਨ ਲਈ ਗਲੇ ਦੀ ਹੱਡੀ ਬਣਿਆ ਹੈ।

ਇਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਨੇ ਵੀ ਕਰੜਾ ਰੁੱਖ ਅਖ਼ਤਿਆਰ ਕੀਤਾ ਹੈ ਤੇ ਕਿਹਾ ਹੈ ਕਿ ਨਾਗਰਿਕਤਾ ਦਾ ਮੁੱਦਾ ਉਠਾਉਣਾ ਚੋਣ ਕਮਿਸ਼ਨ ਦੇ ਅਧਿਕਾਰ 'ਚ ਨਹੀਂ ਹੈ। ਭਾਵੇਂ ਕਿ 65 ਲੱਖ ਵੋਟਰਾਂ ਦੇ ਨਾਂ ਕੱਟੇ ਜਾਣ ਸੰਬੰਧੀ ਸੁਪਰੀਮ ਕੋਰਟ 'ਚ ਸੁਣਵਾਈ 12 ਅਗਸਤ ਨੂੰ ਤੈਅ ਹੋਈ ਹੈ ਪਰ ਪਟੀਸ਼ਨ ਵਿਚ ਜਿਹੜੇ ਤੱਥ ਪੇਸ਼ ਕੀਤੇ ਗਏ ਹਨ, ਉਹ ਚੋਣ ਕਮਿਸ਼ਨ ਉੱਤੇ ਵੱਡੇ ਸਵਾਲ ਖੜੇ ਕਰਨ ਵਾਲੇ ਹਨ। ਇਹ ਸਵਾਲ ਪੁੱਛੇ ਜਾ ਰਹੇ ਹਨ ਕਿ 65 ਲੱਖ ਲੋਕਾਂ ਵਿਚੋਂ ਜਿਹੜੇ 22 ਲੱਖ ਮਰੇ ਕਹੇ ਜਾ ਰਹੇ ਹਨ, ਉਨ੍ਹਾਂ ਦਾ ਵੇਰਵਾ ਕਿੱਥੇ ਹੈ? 7 ਲੱਖ ਵੋਟਰ ਜਿਨ੍ਹਾਂ ਬਾਰੇ ਡੁਪਲੀਕੇਟ ਹੋਣ ਦੀ ਗੱਲ ਕਹੀ ਜਾ ਰਹੀ ਹੈ, ਉਨ੍ਹਾਂ ਦੇ ਵੇਰਵੇ ਕੀ ਹਨ? 35 ਲੱਖ ਵੋਟਰ ਜਿਹੜੇ ਬਿਹਾਰ ਛੱਡ ਗਏ ਦੱਸੇ ਜਾ ਰਹੇ ਹਨ, ਉਹ ਕਿਹੜੇ ਹਨ? ਸਿਰਫ਼ ਚੋਣ ਕਮਿਸ਼ਨ ਕਹਿ ਰਿਹਾ ਹੈ ਕਿ 1.2 ਲੱਖ ਵੋਟਰਾਂ ਨੇ ਵੋਟਾਂ ਦੇ ਕਲੇਮ ਦੇ ਫਾਰਮ ਜਮ੍ਹਾਂ ਨਹੀਂ ਕਰਵਾਏ।

ਇਨ੍ਹਾਂ ਤੱਥਾਂ ਤੋਂ ਜਾਪਦਾ ਹੈ ਕਿ ਚੋਣ ਕਮਿਸ਼ਨ ਕਿਸੇ ਵਿਸ਼ੇਸ਼ ਸਿਆਸੀ ਧਿਰ ਦੇ ਆਖੇ ਲੱਗ ਕੇ ਕੰਮ ਕਰ ਰਹੀ ਹੈ। ਉਹ ਲਗਾਤਾਰ ਆਪਣੇ ਹੱਕਾਂ ਤੇ ਸੀਮਾ ਦੀ ਉਲੰਘਣਾ ਕਰ ਰਹੀ ਹੈ, ਜਿਹੜੇ ਕਮਿਸ਼ਨ ਕੋਲ ਹੈ ਹੀ ਨਹੀਂ। ਇਹ ਇਸ ਗੱਲ ਤੋਂ ਵੀ ਸਿੱਧ ਹੋ ਰਿਹਾ ਜਾਪਦਾ ਹੈ ਕਿ ਜਿਵੇਂ ਰਾਹੁਲ ਗਾਂਧੀ ਨੇ ਤੱਥਾਂ ਅਧਾਰਤ ਸਬੂਤ ਪੇਸ਼ ਕੀਤੇ ਹਨ, ਉਨ੍ਹਾਂ ਦੀ ਬਕਾਇਦਾ ਪੜਤਾਲ ਕਰਨ ਦਾ ਯਤਨ ਕਰਦਾ, ਕਿਉਂਕਿ ਤਰੁੱਟੀਆਂ, ਤੱਥ ਉਸ ਵੱਲੋਂ ਦਿੱਤੇ ਰਿਕਾਰਡ ਵਿਚੋਂ ਹੀ ਦੱਸੇ ਜਾਂ ਲੱਭੇ ਗਏ ਹਨ। ਇਸ ਹਾਲਾਤ ਵਿਚ ਚੋਣ ਕਮਿਸ਼ਨ ਤੋਂ ਤਾਂ ਸਪਸ਼ਟਤਾ ਦੀ ਉਮੀਦ




ਕੀਤੀ ਜਾਣੀ ਚਾਹੀਦੀ ਹੈ। ਅਸਲ ਵਿਚ ਚੋਣ ਪ੍ਰਕਿਰਿਆ ਪੂਰੀ ਕਰਨ, ਨਤੀਜਿਆਂ 'ਚ ਇਮਾਨਦਾਰੀ ਵਰਤਣ ਅਤੇ ਆਮ ਲੋਕਾਂ 'ਚ ਭਰੋਸਾ ਪੈਦਾ ਕਰਨਾ ਚੋਣ ਕਮਿਸ਼ਨ ਦਾ ਕੰਮ ਹੈ ਅਤੇ ਇਹ ਲੋਕਤੰਤਰੀ ਜੀਵਨ ਲਈ ਜ਼ਰੂਰੀ ਹੈ।

ਹਾਕਮ ਧਿਰ ਭਾਜਪਾ ਵੱਲੋਂ ਦੇਸ਼ ਵਿਚ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਚੋਣ ਕਮਿਸ਼ਨ ਅਤੇ ਹੋਰ ਸੰਸਥਾਵਾਂ ਨੂੰ ਆਪਣੀ ਗੱਦੀ ਸੁਰੱਖਿਅਤ ਕਰਨ ਲਈ ਵਰਤਿਆ ਜਾ ਰਿਹਾ ਹੈ, ਉਸੇ ਦਾ ਸਿੱਟਾ ਹੈ ਕਿ ਭਾਜਪਾ ਤੁਰੰਤ ਚੋਣ ਕਮਿਸ਼ਨ ਦੀ ਪਿੱਠ ਪੂਰਨ ਲਈ ਉਸ ਪਿੱਛੇ ਆ ਖੜਾ ਹੋਇਆ ਹੈ ਅਤੇ ਰਾਹੁਲ ਗਾਂਧੀ ਤੋਂ ਅਸਤੀਫ਼ਾ ਮੰਗਣ ਲੱਗਿਆ ਹੈ।

ਜਿਵੇਂ ਦੀ ਕਾਰਜਸ਼ੈਲੀ ਚੋਣ ਕਮਿਸ਼ਨ ਦੀ ਹੈ, ਉਸੇ ਕਿਸਮ ਦੀ ਕਾਰਜਸ਼ੈਲੀ ਦੇਸ਼ 'ਚ ਈ.ਡੀ. ਦੀ ਬਣੀ ਹੋਈ ਹੈ। ਉਸਦੀ ਭੂਮਿਕਾ ਉਸਦੇ ਅਧਿਕਾਰਾਂ ਅਤੇ ਸੀਮਾਵਾਂ 'ਤੇ ਸਵਾਲ ਉਠ ਰਹੇ ਹਨ। ਸਿਆਸੀ ਦਲ ਦੋਸ਼ ਲਾਉਂਦੇ ਹਨ ਕਿ ਈ.ਡੀ. ਬਦਲੇ ਦੀ ਭਾਵਨਾ ਨਾਲ ਕੰਮ ਕਰਦੀ ਹੈ। ਇਸ ਸੰਬੰਧੀ ਦੇਸ਼ ਦੀਆਂ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ 'ਚ ਵੀ ਉਸ ਨੂੰ ਕਟਹਿਰੇ 'ਚ ਖੜਾ ਹੋਣਾ ਪੈ ਰਿਹਾ ਹੈ। ਪਰ ਅਫ਼ਸੋਸਨਾਕ ਹੈ ਕਿ ਈ.ਡੀ. ਦੀ ਜਾਂਚ ਵਿਚ ਦੋਸ਼ੀ ਬਣਾਏ ਗਏ ਲੋਕ ਦੋਸ਼ੀ ਨਾ ਸਿੱਧ ਹੋਣ ਤੱਕ ਮਹੀਨਿਆਂ ਬੱਧੀ ਵਿਚਾਰਅਧੀਨ ਕੈਦੀਆਂ ਦੇ ਰੂਪ 'ਚ ਜੇਲ੍ਹ 'ਚ ਬੰਦ ਰਹਿੰਦੇ ਹਨ। ਸਵਾਲ ਪੁੱਛਿਆ ਜਾਣਾ ਬਣਦਾ ਹੈ ਕਿ ਧੰਨ ਦੀ ਵਰਤੋਂ, ਕਾਨੂੰਨ ਦੀ ਦੁਰਵਰਤੋਂ ਕਿਸ ਦੇ ਇਸ਼ਾਰੇ ਉਤੇ 'ਤੇ ਕਿਉਂ ਹੋ ਰਹੀ ਹੈ? ਇਸ ਸੰਬੰਧੀ ਦੋਸ਼ ਸਿੱਧ ਹੋਣ ਦੀ ਦਰ 'ਤੇ ਵੀ ਸਵਾਲੀਆ ਚਿੰਨ੍ਹ ਹਨ। ਪਿਛਲੇ ਦਿਨੀਂ ਅਦਾਲਤ ਨੇ ਸਖ਼ਤੀ ਨਾਲ ਸਵਾਲ ਕਰਦਿਆਂ ਕਿਹਾ ਕਿ ਈ.ਡੀ. ਗੁੰਡੇ ਦੀ ਤਰ੍ਹਾਂ ਕੰਮ ਨਹੀਂ ਕਰ ਸਕਦੀ ਉਸ ਨੂੰ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਅਦਾਲਤ ਦੀ ਇਹ ਟਿੱਪਣੀ ਉਸਦੀ ਜਾਂਚ ਪ੍ਰਕਿਰਿਆ ਅਤੇ ਕਾਰਜਸ਼ੈਲੀ ਉਤੇ ਵੱਡਾ ਸਵਾਲ ਹੈ ਤੇ ਉਸ ਸੰਸਥਾ ਦਾ ਅਕਸ ਲੋਕਾਂ 'ਚ ਨਾਕਾਰਾਤਮਕ ਹੋ ਰਿਹਾ ਹੈ।

ਪਿਛਲੇ ਦਿਨੀਂ ਵੀ ਸਰਬ ਉੱਚ ਅਦਾਲਤ ਨੇ ਕਿਹਾ ਸੀ ਕਿ ਈ.ਡੀ. ਸਾਰੀਆਂ ਹੱਦਾਂ ਪਾਰ ਕਰ ਰਹੀ ਹੈ। ਅਦਾਲਤ ਨੇ ਇਹ ਸਵਾਲ ਚੁੱਕਿਆ ਕਿ ਜਿਹੜੇ ਦੋਸ਼ੀ ਬਰੀ ਹੋ ਜਾਂਦੇ ਹਨ ਤਾਂ ਉਸਦਾ ਭੁਗਤਾਨ ਕੌਣ ਕਰੇਗਾ? ਉਸਨੇ ਕਿਹਾ ਕਿ ਦੋਸ਼ ਸਿੱਧੀ ਦਰ 10 ਫ਼ੀਸਦੀ ਤੋਂ ਵੀ ਘੱਟ ਹੈ। ਵਿੱਤ ਮੰਤਰਾਲੇ ਵੱਲੋਂ ਰਾਜ ਸਭਾ ਵਿਚ ਦਿੱਤੇ ਅੰਕੜਿਆਂ ਅਨੁਸਾਰ 2015 ਤੋਂ 2025 ਤੱਕ 5,892 ਮੁਕੱਦਮੇ ਦਰਜ ਹੋਏ। ਸਿਰਫ਼ 15 ਲੋਕਾਂ ਨੂੰ ਸਜ਼ਾ ਹੋਈ। ਈ.ਡੀ. ਨੇ 49 ਮਾਮਲਿਆਂ ਤੇ ਕਲੋਜ਼ਰ ਰਿਪੋਰਟ ਦਾਖ਼ਲ ਕੀਤੀ। ਦਰਜ ਕੀਤੇ ਮੁਕੱਦਮਿਆਂ ਵਿਚੋਂ 95 ਫ਼ੀਸਦੀ ਵਿਰੋਧੀ ਧਿਰਾਂ ਦੇ ਨੇਤਾਵਾਂ ਉਤੇ ਹਨ। ਸਪਸ਼ਟ ਹੈ ਕਿ ਈ.ਡੀ. ਜਿਸ ਢੰਗ ਨਾਲ ਕੰਮ ਕਰ ਰਹੀ ਹੈ, ਉਹ ਬੇਕਸੂਰ ਨਾਗਰਿਕਾਂ ਦੇ ਮੁਢਲੇ ਅਧਿਕਾਰਾਂ ਅਤੇ ਆਜ਼ਾਦੀ ਦਾ ਹਨਨ ਹੈ।

ਭਾਰਤੀ ਸੰਵਿਧਾਨ ਵਿਚ ਖ਼ੁਦਮੁਖ਼ਤਿਆਰ ਸੰਸਥਾਵਾਂ ਦਾ ਉਦੇਸ਼ ਲੋਕਤੰਤਰ ਦੀ ਰੱਖਿਆ ਦਾ ਹਥਿਆਰ ਨੀਅਤ ਸੀ। ਇਸ ਹਥਿਆਰ ਨੂੰ ਸਿਆਸੀ ਲੋਕਾਂ ਨੇ ਆਪਣੇ ਲਈ ਤਾਕਤ ਹਥਿਆਉਣ ਦੇ ਹਥਿਆਰ ਵਜੋਂ ਜਦੋਂ ਤੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ, ਉਦੋਂ ਤੋਂ ਉਨ੍ਹਾਂ ਦੇ ਕੰਮ ਕਾਰ 'ਚ ਪਾਰਦਰਸ਼ਤਾ ਖ਼ਤਮ ਹੋਣੀ ਸ਼ੁਰੂ ਹੋ ਗਈ ਹੈ। ਜਦੋਂ ਤੋਂ ਉਨ੍ਹਾਂ ਵੱਲੋਂ ਆਪਣੇ ਅਧਿਕਾਰਾਂ ਅਤੇ ਸੀਮਾਵਾਂ ਦੀ ਹੱਦ ਤੋੜਨੀ ਆਰੰਭੀ ਹੈ, ਸਿਆਸਤਦਾਨਾਂ ਦੇ ਇਸ਼ਾਰੇ ਉਤੇ, ਉਦੋਂ ਤੋਂ ਦੇਸ਼ 'ਚ ਲੋਕਤੰਤਰ ਦੀਆਂ ਜੜ੍ਹਾਂ ਖੋਖਲੀਆਂ ਹੋ ਰਹੀਆਂ ਹਨ।


ਭਾਵੇਂ ਕਿ ਪਿਛਲੀਆਂ ਕਾਂਗਰਸੀ ਅਤੇ ਹੋਰ ਸਰਕਾਰਾਂ ਨੇ ਸੀ.ਬੀ.ਆਈ. ਨੂੰ ਪਿੰਜਰੇ ਦਾ ਤੋਤਾ ਬਣਾਇਆ, ਈ.ਡੀ. ਦੀ ਕੁਝ ਹੱਦ ਤੱਕ ਦੁਰਵਰਤੋਂ ਕੀਤੀ, ਚੋਣ ਕਮਿਸ਼ਨ ਰਾਹੀਂ ਸੁਵਿਧਾਜਨਕ ਸਮੇਂ ਵੋਟਾਂ ਕਰਾਉਣਾ ਆਰੰਭਿਆਂ, ਪਰ ਪਿਛਲੇ ਗਿਆਰਾਂ ਸਾਲਾਂ ਤੋਂ ਦੇਸ਼ 'ਤੇ ਸ਼ਾਸਨ ਕਰਦੀ ਸਰਕਾਰ ਨੇ ਤਾਂ ਹੱਦਾਂ-ਬੰਨੇ ਹੀ ਤੋੜ ਦਿੱਤੇ ਹਨ। ਚੋਣ ਕਮਿਸ਼ਨ ਰਾਹੀਂ ਚੋਣਾਂ ਦੀਆਂ ਤਾਰੀਖਾਂ ਦੋ-ਦੋ ਮਹੀਨਿਆਂ ਤੱਕ ਆਪਣੀ ਸੁਵਿਧਾ ਅਨੁਸਾਰ ਸੁਰੱਖਿਆ ਅਤੇ ਕਾਨੂੰਨ ਦੇ ਨਾਂ 'ਤੇ ਕਰਵਾਈਆਂ ਜਾ ਰਹੀਆਂ ਹਨ, ਈ.ਡੀ. ਰਾਹੀਂ ਵਿਰੋਧੀ ਨੇਤਾਵਾਂ ਦੇ ਸਿਰ ਭੰਨਣ, ਉਨ੍ਹਾਂ ਨੂੰ ਲੋਤੋਂ ਵੱਧ ਧੰਨ ਇਕੱਠਾ ਕਰਨ ਦੇ ਨਾਂ 'ਤੇ ਬਦਨਾਮ ਕਰਨ ਲਈ ਕੇਸ ਦਰਜ ਹੋ ਰਹੇ ਹਨ, ਪਰ ਆਪਣਿਆਂ ਨੂੰ ਬਖ਼ਸ਼ਿਆ ਜਾ ਰਿਹਾ ਹੈ। ਪਿਛਲੇ ਗਿਆਰਾਂ ਸਾਲਾਂ 'ਚ ਕਿੰਨੇ ਭਾਜਪਾ ਨੇਤਾਵਾਂ ਜਾਂ ਉਨ੍ਹਾਂ ਦੀਆਂ ਸਮਰਥਕ ਪਾਰਟੀਆਂ 'ਤੇ ਈ.ਡੀ. ਦੇ ਛਾਪੇ ਪਏ ਜਾਂ ਕੇਸ ਦਰਜ ਹੋਏ? ਇਹ ਵੀ ਵੇਖਣਯੋਗ ਹੈ।

ਖ਼ੁਦਮੁਖ਼ਤਾਰ ਸੰਸਥਾਵਾਂ ਉਤੇ ਕਬਜ਼ੇ ਦੀਆਂ ਵੱਡੇ ਹਾਕਮ ਦੀਆਂ ਕੋਸ਼ਿਸ਼ਾਂ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹਨ। ਜਦੋਂ ਸਾਡੇ ਹਾਕਮਾਂ ਨੂੰ ਦਿਸਦਾ ਹੈ ਕਿ ਉਨ੍ਹਾਂ ਦੇ ਅਨੁਸਾਰ ਅਤੇ ਉਨ੍ਹਾਂ ਦੇ ਨਿੱਜੀ ਲਾਭ ਲਈ ਕੰਮ ਨਹੀਂ ਹੋ ਰਹੇ, ਉਹ ਹਰ ਹੀਲੇ ਇਨ੍ਹਾਂ ਸੰਸਥਾਵਾਂ ਨੂੰ ਸਵਾਰਥੀ ਬਿਊਰੋਕ੍ਰੇਸੀ ਰਾਹੀਂ ਵਰਤਦੇ ਹਨ। ਸਿਆਸਤਦਾਨ ਇਨ੍ਹਾਂ ਅਫ਼ਸਰਾਂ ਉਤੇ 'ਨਜ਼ਰ-ਏ-ਇਨਾਇਤ' ਰੱਖਦੇ ਹਨ ਅਤੇ ਇਵਜ਼ ਇਹ ਅਫ਼ਸਰ ਇਸਦਾ ਮੁੱਲ ਤਾਰਨ ਲਈ ਆਪਣੇ ਅਧਿਕਾਰਾਂ ਅਤੇ ਸੀਮਾਵਾਂ ਨੂੰ ਲੰਘ ਕੇ ਕੰਮ ਕਰਨ ਲੱਗਦੇ ਹਨ।

ਅੱਜ ਚੋਣ ਕਮਿਸ਼ਨ ਅਤੇ ਈ.ਡੀ. ਦੀ ਭਰੋਸੇਯੋਗਤਾ ਦਾਅ 'ਤੇ ਲੱਗੀ ਹੋਈ ਹੈ। ਚੋਣ ਕਮਿਸ਼ਨ ਦੀ ਪਾਰਦਰਸ਼ਤਾ ਉਤੇ ਸ਼ੰਕਾਵਾਂ ਭਾਰਤੀ ਲੋਕਤੰਤਰ ਦੀ ਨੀਂਹ ਹਿਲਾ ਦੇਣਗੀਆਂ। ਜੇਕਰ ਵੋਟਰ ਦਾ ਵਿਸ਼ਵਾਸ਼ ਚੋਣ ਕਮਿਸ਼ਨ 'ਤੇ ਤਿੜਕਦਾ ਹੈ ਤਾਂ ਇਹ ਦੇਸ਼ ਲਈ ਘਾਤਕ ਸਿੱਧ ਹੋਏਗਾ। ਚੋਣ ਕਮਿਸ਼ਨ ਨੂੰ ਆਪਣੇ ਡਿੱਗਦੇ ਵਕਾਰ, ਉਠਦੇ ਸਵਾਲਾਂ ਪ੍ਰਤੀ ਸੁਚੇਤ ਹੋ ਕੇ ਲੋਕ ਹਿੱਤ ਵਿਚ ਕੰਮ ਕਰਨਾ ਹੋਏਗਾ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਵਿਸ਼ੇਸ਼ ਸਿਆਸੀ ਧਿਰ ਲਈ।

# ਸੁਹਜ-ਸੰਵੇਦਨਾ ਦਾ ਸਰਫ਼— 'ਤਾਣੇ-ਬਾਣੇ


ਡਾ. ਕੁਲਵਿੰਦਰ ਸਿੰਘ ਬਾਠ ਦਾ ਅਦਬ-ਨਾਮਾ 'ਤਾਣੇ-ਬਾਣੇ' ਨਵੀਂ ਅਦਬੀ ਰੰਗਤ ਅਤੇ ਮਿਜ਼ਾਜ ਲੈ ਕੇ ਪੰਜਾਬੀ ਪਾਠਕਾਂ ਦੇ ਰੂਬਰੂ ਹੈ। ਵਿਗਿਆਨੀ ਡਾ. ਬਾਠ ਸੰਵੇਦਨਸ਼ੀਲ, ਸੁਹਜਮਈ ਅਤੇ ਨਵੇਕਲੀ ਸ਼ਬਦਕਾਰੀ ਦਾ ਉਭਰਦਾ ਹਸਤਾਖਰ ਹੈ। ਉਹ ਅਕਸਰ ਹੀ ਆਪਣੀ ਹਰ ਲਿਖਤ ਮੇਰੇ ਨਾਲ ਸਾਂਝੀ ਕਰਦਾ ਹੈ ਜੋ ਸਾਡੀ ਅੰਤਰੀਵੀ ਸਾਂਝ ਦੀ ਸੂਚਕ ਹੈ। ਉਹ ਨਿਠਾ ਨਾਲ ਉੱਤਮ ਸਾਹਿਤਕ ਕਿਰਤਾਂ ਨੂੰ ਪੜ੍ਹਦਿਆਂ ਇਨ੍ਹਾਂ ਵਿਚ ਉਤਰਨ ਦਾ ਆਦੀ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਹੈ। ਉਸ ਨੇ ਇਸ ਕਿਤਾਬੀ ਸੰਗ੍ਰਹਿ ਨਾਲ ਮੇਰੀ ਚਿਰੋਕਣੀ ਰੀਝ ਪੂਰੀ ਕੀਤੀ ਹੈ ਕਿਉਂਕਿ ਮੈਂ ਕਈ ਵਾਰ ਉਸ ਨੂੰ ਕਿਹਾ ਸੀ ਕਿ ਤੇਰੀਆਂ ਲਿਖਤਾਂ ਵਿਚੋਂ ਮਨ ਦੀ ਸਪਸ਼ਟਤਾ, ਸਾਦਗੀ, ਸੰਖੇਪਤਾ ਅਤੇ ਸੇਧ ਝਲਕਦੀ ਹੈ ਜਿਸ ਦੀ ਅਜੋਕੇ ਨਕਾਰਾਤਮਿਕ ਸਮਿਆਂ ਵਿਚ ਬਹੁਤ ਜ਼ਿਆਦਾ ਲੋੜ ਹੈ।

ਡਾ. ਬਾਠ ਦੀਆਂ ਲਿਖਤਾਂ ਦੀ ਨੁਹਾਰ ਵਿਚੋਂ ਇਹ ਸਪਸ਼ਟ ਹੈ ਕਿ ਜਦ ਕੋਈ ਸਹਿਜਭਾਵੀ ਸਖਸ਼ ਸ਼ਬਦਾਂ ਰਾਹੀਂ ਚੌਗਿਰਦੇ ਨੂੰ ਉਲਥਾਉਂਦਾ ਹੈ ਤਾਂ ਰੂਹ ਦੀ ਪਾਕੀਜ਼ਗੀ, ਮਨ ਦੀਆਂ ਭਾਵਨਾਵਾਂ ਅਤੇ ਸ਼ੁੱਭ-ਇੱਛਾਵਾਂ ਦਾ ਆਵੇਸ਼, ਵਾਰਤਕ ਦੇ ਨਾਲ-ਨਾਲ ਕਾਵਿਧਾਰਾ ਵੀ ਬਣ ਵਹਿੰਦਾ ਹੈ। ਇਹੀ ਕਿਸੇ ਕਲਮ-ਕਿਰਤ ਦੀ ਮੌਲਿਕਤਾ ਅਤੇ ਵਿਲੱਖਣਤਾ ਹੁੰਦੀ ਕਿ ਲਿਖਤ ਸਥਾਪਤ ਦਾਇਰਿਆਂ ਤੋਂ ਬਾਹਰ ਨਿਕਲ ਕੇ ਆਪਣੀ ਪਛਾਣ ਖ਼ੁਦ ਸਿਰਜਣ ਦੇ ਰਾਹ ਤੁਰਦੀ ਹੈ। ਉਹ ਨਿੱਜੀ ਜੀਵਨ ਵਿਚ ਵਾਪਰੀਆਂ ਘਟਨਾਵਾਂ, ਜੀਵਨੀ-ਸਫ਼ਰ ਦੌਰਾਨ ਮਿਲੇ ਵਿਅਕਤੀਆਂ ਅਤੇ ਸਮਾਜਿਕ ਵਰਤੋਂ-ਵਿਹਾਰ ਦੀਆਂ ਪਰਤਾਂ ਦੀ ਨਿਸ਼ਾਨਦੇਹੀ ਕਰਨ ਲਈ ਹਰਫ਼ਾਂ ਦੀ ਪਰਵਾਜ਼ ਭਰਦਾ ਹੈ।




ਡਾ. ਕੁਲਵਿੰਦਰ ਸਿੰਘ ਬਾਠ ਦੀ ਕਿਤਾਬ 'ਤਾਣੇ-ਬਾਣੇ' ਦਾ ਸਰਵਰਕ।

ਡਾ. ਬਾਠ ਦੀ ਇਸ ਪੁਸਤਕ ਨੂੰ ਸਵੈ-ਜੀਵਨੀ ਮੂਲਕ ਲਿਖਤ ਦੇ ਲੈਂਜ਼ (ਲਇਨਸ) ਰਾਹੀਂ ਦੇਖਿਆ ਅਤੇ ਸਮਝਿਆ ਜਾ ਸਕਦਾ ਹੈ। ਉਹ ਜੋਬਨ ਰੁੱਤੇ ਤੁਰ ਗਈ ਆਪਣੀ ਭੈਣ ਨੂੰ ਯਾਦ ਕਰਦਿਆਂ ਹਰਫ਼ਾਂ ਨੂੰ ਸਿੰਮਣ ਲਾਉਂਦਾ ਹੈ। ਰਿਸ਼ਤਿਆਂ ਵਿਚਲੀਆਂ ਘੁਣਤਰਾਂ ਦੀਆਂ ਤਹਿਆਂ ਫਰੋਲਦਾ ਹੈ। ਆਪਣੇ ਪਿੰਡ ਤੇ ਪਰਿਵਾਰ ਦੀਆਂ ਕਦਰਾਂ-ਕੀਮਤਾਂ ਨੂੰ ਸਿੱਜਦਾ ਕਰਦਾ ਹੈ। ਬੀਤੇ ਸਮਿਆਂ ਦੇ ਇਤਿਹਾਸ ਅਤੇ ਪੇਂਡੂ ਦ੍ਰਿਸ਼ਾਂ ਦੀ ਭਰਮਾਰ ਹੈ। ਪਿੰਡ ਦੇ ਅਣਗੌਲੇ ਪਾਤਰਾਂ ਨੂੰ ਸ਼ਬਦਾਂ ਵਿਚ ਪਰੋਂਦਾ ਹੈ। ਕਲਮ ਰਾਹੀਂ ਆਪਣੇ ਕਾਲਜ ਅਤੇ ਯੂਨੀਵਰਸਿਟੀ ਦੇ ਸਮਿਆਂ ਦੇ ਖ਼ੌਫ਼ ਨੂੰ ਚੇਤੇ ਕਰਦਾ, ਨਿਭਾਈਆਂ ਯਾਰੀਆਂ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਆਪਣੇ ਬਾਪ ਦੇ ਸੁਪਨਿਆਂ ਦੀ ਪੂਰਤੀ ਲਈ ਅਮਰੀਕਾ ਵਿਚ ਆ ਕੇ, ਮੁੱਢਲੇ ਦੌਰ ਵਿਚ ਘਾਲੀਆਂ ਮੁਸ਼ੱਕਤਾਂ ਦੀ ਬਿਆਨੀ ਨੂੰ ਆਪਣਾ ਮਾਣ ਸਮਝਦਾ ਹੈ ਅਤੇ ਬਿਖੜੇ ਪੈਂਡਿਆਂ ਦੌਰਾਨ ਪਈਆਂ ਸਾਂਝਾਂ ਦੀ ਲਾਜ ਵੀ ਰੱਖਦਾ ਹੈ। ਉਸ ਨੂੰ ਰਿਸ਼ਤਿਆਂ ਨੂੰ ਨਿਭਾਉਣ ਦਾ ਹੁਨਰ ਹੈ ਅਤੇ ਰਿਸ਼ਤਿਆਂ ਦਾ ਨਿੱਘ ਮਾਣਨ ਦਾ ਸਰਫ਼ ਵੀ ਹੈ।

ਡਾ. ਬਾਠ ਕਿਉਂਕਿ ਖ਼ੁਦ ਵਿਗਿਆਨੀ ਹੈ, ਇਸ ਲਈ ਉਸ ਦੀ ਲਿਖਤ ਵਿਚਲੀ ਵਿਗਿਆਨਕ ਵਿਆਖਿਆ ਨੇ ਇਸ ਕਿਰਤ ਨੂੰ ਅਨੂਠੀ ਦਿੱਖ ਪ੍ਰਦਾਨ ਕੀਤੀ ਹੈ। ਉਹ ਗੁਰਬਾਣੀ ਦੇ ਸ਼ਬਦ ਅਤੇ ਮਹਾਨ ਵਿਅਕਤੀਆਂ ਦੇ ਵਿਚਾਰਾਂ ਰਾਹੀਂ ਪਾਠਕ ਦੀ ਸੂਝ, ਸਮਝ ਅਤੇ ਸੁਰਤ ਨੂੰ ਹਲੂਣਦਾ, ਸਕਾਰਾਤਮਿਕ ਸੋਚ ਦਾ ਬੀਜ ਮਨ ਦੀ ਧਰਾਤਲ ਤੇ ਅਛੋਪਲੇ ਜਿਹੇ ਧਰ ਜਾਂਦਾ ਹੈ। ਸਰਬਮੁਖੀ ਸਖ਼ਸ਼ੀਅਤ ਕਾਰਨ ਹੀ ਉਹ ਇਨਸਾਨੀਅਤ-ਭਾਵੀ ਕਲਮਕਾਰੀ ਦੇ ਮਾਰਗ ਦਾ ਪਾਂਧੀ ਹੈ।

ਡਾ. ਬਾਠ ਦੇ 'ਤਾਣੇ-ਬਾਣੇ' ਵਿਚ ਨਿਬੰਧ ਬੰਦੇ ਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਕੀ ਜੋ ਉਹ ਕਰ ਰਿਹਾ ਹੈ, ਸਹੀ ਹੈ? ਉਸ ਨੂੰ ਕੀ ਕਰਨਾ ਚਾਹੀਦਾ ਹੈ ਤਾਂ ਕਿ ਅਨਮੋਲ ਮਨੁੱਖੀ ਜੀਵਨ ਦੀ ਸਾਰਥਿਕਤਾ ਰਾਹੀਂ ਸਮਰੱਥ ਯੋਗਦਾਨ ਪਾ ਕੇ, ਆਪਣੀ ਕਰਮ-ਕੀਰਤੀ ਨੂੰ ਸਫ਼ਲਾ ਕਰ ਸਕੇ।

ਬਹੁਤ ਹੀ ਹਸਾਸ, ਹਸਮੁਖ, ਹਰਦਿਲ-ਅਜ਼ੀਜ਼ ਅਤੇ ਹਰਫ਼ਨ-ਮੌਲਾ ਡਾ. ਕੁਲਵਿੰਦਰ ਬਾਠ ਲਈ ਦੁਆ ਹੈ;

ਸੁਹਜ-ਸੰਵੇਦਨੀ ਰਾਹਾਂ ਤੇ ਤਾਰੇ ਉਗਾਉਂਦਾ ਰਹੀਂ।
ਰੱਕੜ ਮਨਾਂ ਤੇ ਮੋਹ ਦੀਆਂ ਕਣੀਆਂ ਪਾਉਂਦਾ ਰਹੀਂ।
ਸ਼ਬਦਾਂ ਅਤੇ ਅਰਥਾਂ ਦੀਆਂ ਬਹੁ-ਪਰਤਾਂ ਫਰੋਲਦਿਆਂ,
ਜੀਵਨ-ਪੈਂਡਾਂ ਤੇ ਸਿਰਨਾਵਿਆਂ ਦੀ ਦੱਸ ਪਾਉਂਦਾ ਰਹੀਂ।

# ਪਰਬਤੀ ਜਿਗਰੇ ਵਾਲੀ-ਮੇਰੀ ਮਾਂ

ਮੇਰੀ ਮਾਂ ਦੀ ਵਿਦਿਅਕ ਯੋਗਤਾ ਬਹੁਤੀ ਨਹੀਂ ਸੀ। ਉਹਦੇ ਦੱਸਣ ਮੁਤਾਬਕ ਉਹ 'ਪੰਜ ਗ੍ਰੰਥੀ' 'ਪਾਸ' ਸੀ। ਉਦੋਂ ਕੁੜੀਆਂ ਨੂੰ ਸਕੂਲਾਂ ਵਿਚ ਪੜ੍ਹਾਉਣ ਦਾ ਰਿਵਾਜ ਨਹੀਂ ਸੀ। ਕਈ ਮਾਪੇ ਧੀਆਂ ਨੂੰ ਗੁਰਬਾਣੀ ਤੇ ਗੁਰਮੁਖੀ ਨਾਲ ਜੋੜਨ ਲਈ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਬਾਣੀ ਦੀ ਸੰਥਿਆ ਲੈਣ ਭੇਜ ਦਿੰਦੇ। ਇੰਝ ਮੇਰੀ ਬੀਬੀ ਨੇ ਗੁਰਦੁਆਰੇ ਦੇ ਭਾਈ ਕੋਲੋਂ ਗੁਰਮੁਖੀ ਪੜ੍ਹਨੀ ਸਿੱਖ ਲਈ ਤੇ ਪੰਜ ਗ੍ਰੰਥੀ ਦਾ ਪਾਠ ਕਰਨਾ ਵੀ ਸਿੱਖ ਲਿਆ। ਬੀਬੀ ਪੜ੍ਹ ਤਾਂ ਲੈਂਦੀ ਸੀ, ਪਰ ਉਹਨੂੰ ਚੰਗੀ ਤਰ੍ਹਾਂ ਲਿਖਣਾ ਨਹੀਂ ਸੀ ਆਉਂਦਾ। ਆਖਣ 'ਤੇ ਐਵੇਂ ਟੁੱਟੇ-ਫੁੱਟੇ ਸ਼ਬਦ ਲਿਖਦੀ। ਮੈਂ ਹੱਸ ਪੈਂਦਾ ਤਾਂ ਹੱਸ ਕੇ ਆਪ ਵੀ ਲਿਖੇ 'ਤੇ ਕਾਟਾ ਮਾਰ ਦਿੰਦੀ, 'ਮੇਰਾ ਪੁੱਤ ਜੂ ਲਿਖ ਲੈਂਦਾ। ਮੈਨੂੰ ਭਲਾ ਹੁਣ ਲਿਖਣਾ ਸਿੱਖਣ ਦੀ ਕੀ



**ਵਰਿਆਮ ਸਿੰਘ ਸੰਧੂ**
ਫੋਨ: 647-535-1539
+91-98726-02296

ਲੋੜ?' ਉਹਦੇ ਬੋਲਾਂ ਵਿਚ ਮਾਣ ਤੇ ਮੁਹੱਬਤ ਡੁੱਲ੍ਹ-ਡੁੱਲ੍ਹ ਪੈਂਦੇ। ਜਿਵੇਂ ਮੇਰੇ ਪਿਤਾ ਨੇ ਮੈਨੂੰ ਅਛੋਪਲੇ ਜਿਹੇ ਸਾਹਿਤ ਨਾਲ ਜੋੜਿਆ ਸੀ, ਇੰਝ ਹੀ ਮੇਰੀ ਮਾਂ ਦਾ ਸਾਹਿਤ ਨਾਲ ਪਿਆਰ ਲਗਾਤਾਰ ਬਣਿਆ ਰਿਹਾ। ਕਦੀ ਕਦੀ ਆਪ ਵੀ ਕੋਈ ਕਿਤਾਬ ਲੈ ਕੇ ਪੜ੍ਹਨ ਬਹਿ ਜਾਂਦੀ। ਪਰ ਉਸ ਨੂੰ ਘਰ ਦੇ ਕੰਮਾਂ ਤੋਂ ਵਿਹਲ ਹੀ ਕਿੱਥੇ ਮਿਲਦੀ ਸੀ। ਇਸਦੇ ਬਾਵਜੂਦ ਉਹਨੂੰ ਪੜ੍ਹਨ ਦੀ ਅਜਿਹੀ ਆਦਤ ਸੀ ਕਿ ਜਦੋਂ ਬਾਜ਼ਾਰੋਂ ਕੋਈ ਸੌਦਾ-ਪੱਤਾ ਲਿਆਂਦਾ ਜਾਂਦਾ ਤਾਂ ਉਹ ਪੁੜੀਆਂ ਵਾਲੇ ਕਾਗਜ਼ ਖੋਲ੍ਹ ਕੇ ਵੀ ਪੜ੍ਹਨ ਬਹਿ ਜਾਂਦੀ ਤੇ ਘਰ ਦਾ ਕੰਮ-ਧੰਦਾ ਭੁੱਲ ਜਾਂਦੀ।

ਮੈਂ ਆਪਣੇ ਪਿਤਾ ਦੇ ਚੁੱਪ-ਰਹਿਣੇ ਸੁਭਾਅ ਕਾਰਨ ਅਕਸਰ ਚੁੱਪ ਰਹਿੰਦਾ ਹਾਂ ਪਰ ਇਹ ਵੀ ਸੱਚ ਹੈ ਕਿ ਬਹੁਤਾ ਚੁੱਪ ਰਹਿਣ ਦੇ ਨਾਲ ਨਾਲ ਹੀ ਕਦੀ ਕਦੀ ਮੈਨੂੰ ਬਹੁਤੀਆਂ ਗੱਲਾਂ ਮਾਰਨ ਦਾ ਵੀ ਸ਼ੌਕ ਜਾਗ ਪੈਂਦਾ ਹੈ। ਝੂਠ-ਸੱਚ ਰਲਾ ਕੇ ਮੈਂ ਮਹਿਫ਼ਿਲ ਨੂੰ ਗਰਮਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ। ਇਹ 'ਕਲਾ' ਮੈਨੂੰ ਸ਼ਾਇਦ ਮੇਰੀ ਮਾਂ ਕੋਲੋਂ ਮਿਲੀ ਹੈ। ਮੇਰਾ ਪਿ“ ਜਿੰਨਾ ਘੱਟ ਬੋਲਦਾ ਸੀ, ਮੇਰੀ ਮਾਂ ਉਸ ਤੋਂ ਉਲਟ ਆਏ-ਗਏ ਤੇ ਆਂਢਣਾਂ-ਗੁਆਂਢਣਾਂ ਨਾਲ ਘੰਟਿਆਂ ਬੱਧੀ ਗੱਲਾਂ ਮਾਰ ਸਕਦੀ ਸੀ। ਉਹਦੀ ਇਹ 'ਕਲਾ-ਕੌਸ਼ਲਤਾ' ਇਸ ਹੱਦ ਤੱਕ ਪ੍ਰਭਾਵਸ਼ਾਲੀ ਸੀ ਕਿ ਕਦੀ ਕਦੀ ਮੇਰੇ ਬੱਚੇ ਤੇ ਮੇਰੀ ਪਤਨੀ ਹੱਸਦੇ ਹੋਏ ਮੇਰੇ ਨਾਲ ਸ਼ਾਮਿਲ ਹੋ ਜਾਂਦੇ; ਜਦ ਮੈਂ ਕਹਿੰਦਾ, 'ਬੀਬੀ ਤਾਂ ਕਦੀ ਕਦੀ ਐਨ ਸੱਚੀਂ-ਮੁੱਚੀਂ ਝੂਠ ਦਾ ਮਹਿਲ ਉਸਾਰ ਕੇ ਵਿਖਾ ਦਿੰਦੀ ਹੈ...।'

ਭਾਵੇਂ ਕਿ ਸੱਚ ਦਾ ਵਿਸ਼ਵਾਸ ਦਿਵਾਉਂਦਾ ਹੋਇਆ ਉਸਦਾ ਝੂਠ ਕਿਸੇ ਨਾ ਕਿਸੇ ਪੱਖੋਂ ਪਰਿਵਾਰਕ ਹਿਤ ਵਿਚ ਹੀ ਹੁੰਦਾ। ਬਕੌਲ ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਅਸੀਂ ਇਸ ਝੂਠ ਨੂੰ 'ਸੱਚਾ ਝੂਠ' ਦੇ ਖ਼ਾਨੇ ਵਿਚ ਰੱਖ ਸਕਦੇ ਹਾਂ। ਬੀਬੀ ਸਭ ਰਿਸ਼ਤੇਦਾਰਾਂ, ਭੈਣ-ਭਰਾਵਾਂ ਨੂੰ ਇੱਕ-ਦੂਜੇ ਬਾਰੇ ਇਹੋ ਜਿਹੇ ਸੁਖਾਵੇਂ ਤੇ ਚੰਗੇ ਵੇਰਵੇ ਦੱਸਦੀ ਕਿ ਸੁਣਨ ਵਾਲੇ ਨੂੰ ਹੈਰਾਨੀ ਤੇ ਖ਼ੁਸ਼ੀ ਵਿਚ ਜਾਪਣ ਲੱਗਦਾ ਕਿ ਸ਼ਾਇਦ ਸੱਚੀਂ ਹੀ ਅਗਲਾ ਮੇਰੇ ਬਾਰੇ ਏਨੀ ਹੀ ਚੰਗੀ ਰਾਇ ਰੱਖਦਾ ਹੈ! ਉਂਝ ਭਾਵੇਂ ਅਸੀਂ ਇੱਕ ਦੂਜੇ ਬਾਰੇ ਥੋੜ੍ਹੀ ਬਹੁਤੀ ਕੜਵਾਹਟ ਜਾਂ ਤਣਾ“ ਹੀ ਮਹਿਸੂਸ ਕਿਉਂ ਨਾ ਕਰ ਰਹੇ ਹੁੰਦੇ, ਪਰ ਬੀਬੀ ਦੀਆਂ ਗੱਲਾਂ ਸੁਣਨ ਪਿੱਛੋਂ ਲੱਗਦਾ ਕਿ ਅਸੀਂ ਗ਼ਲਤ ਹਾਂ। ਪਰ ਅਸਲ ਵਿਚ ਜਦੋਂ ਅਸੀਂ ਆਪਸ ਵਿਚ ਮਿਲ ਕੇ, ਵਿਹਾਰ ਵਿਚ ਪੈ ਕੇ ਇੱਕ ਦੂਜੇ ਨੂੰ ਜਾਣਦੇ ਜਾਂ ਕੁਝ ਚਿਰ ਪਿੱਛੋਂ ਅਸਲੀਅਤ ਸਮਝ ਆਉਂਦੀ ਤਾਂ ਪਤਾ ਲੱਗਦਾ ਕਿ ਬੀਬੀ ਵੱਲੋਂ 'ਦੂਜੀ ਧਿਰ' ਬਾਰੇ ਦੱਸੀਆਂ ਬਹੁਤੀਆਂ ਗੱਲਾਂ ਤਾਂ ਮਨਘੜ੍ਹਤ ਸਨ। ਪਰ ਚੰਗੀ ਗੱਲ ਇਹ ਸੀ ਕਿ ਬੀਬੀ ਦੀਆਂ ਬਹੁਤੀਆਂ 'ਮਨਘੜ੍ਹਤ ਗੱਲਾਂ' ਪਰਿਵਾਰਕ ਅਤੇ ਸਮਾਜਕ ਸੰਬੰਧਾਂ ਨੂੰ ਵਿਗਾੜਨ ਦੀ ਥਾਂ, ਉਹਦੇ ਆਪਣੇ ਦ੍ਰਿਸ਼ਟੀਕੋਣ ਤੋਂ, ਸਵਾਰਨ ਦਾ ਹੀ ਇੱਕ ਸੁਹਿਰਦ ਉਪਰਾਲਾ ਹੁੰਦੀਆਂ।

ਤੇ 'ਗਲਪ' ਲਿਖਣਾ ਵੀ ਤਾਂ ਮੰਨਣਯੋਗ ਜਾਪਣ ਵਾਲਾ 'ਝੂਠ-ਸੱਚ ਦਾ ਰਲਾ' ਹੀ ਹੁੰਦਾ ਹੈ, ਜਿਹੜਾ ਕਿਤੇ ਨਾ ਕਿਤੇ ਪਾਠਕਾਂ ਅੰਦਰੋਂ 'ਮਾੜਾ ਤੋੜਨ' ਤੇ 'ਚੰਗਾ ਜੋੜਨ' ਦਾ ਉਪਰਾਲਾ ਕਰਦਾ ਹੈ। ਇੰਝ ਮੇਰੀ ਬੀਬੀ 'ਮੌਖਿਕ ਗਲਪਕਾਰ' ਦਾ ਰੋਲ ਅਦਾ ਕਰਦੀ ਨਹੀਂ ਜਾਪਦੀ! ਉਸ ਵੱਲੋਂ ਚੰਗੇ ਤੇ ਸੁਖਾਵੇਂ ਸੰਬੰਧ ਬਣਾਈ ਰੱਖਣ ਦੀ ਸੁਹਿਰਦ ਕੋਸ਼ਿਸ਼ ਆਪਣੇ ਰਿਸ਼ਤਿਆਂ ਅਤੇ ਚੌਗਿਰਦੇ ਵਿਚ ਚੰਗਾ ਵੇਖਣ ਦੀ ਰੀਝ ਦਾ ਪ੍ਰਤੀਕ ਹੀ ਤਾਂ ਸੀ! ਸਾਹਿਤਕਾਰ ਦਾ ਮੰਤਵ ਵੀ ਤਾਂ ਇਹੋ ਹੁੰਦਾ ਹੈ।

ਮੈਨੂੰ ਯਾਦ ਹੈ, ਛੋਟੇ ਹੁੰਦਿਆਂ ਸਾਡੇ ਘਰ ਜਦੋਂ ਕੋਈ ਦੂਰ ਨੇੜੇ ਦਾ ਪ੍ਰਾਹੁਣਾ ਆਉਣਾ ਤਾਂ ਬੀਬੀ ਨੇ ਉਨ੍ਹਾਂ ਦੇ ਸੁਆਗਤ ਵਿਚ 'ਜੀ ਆਇਆਂ' ਆਖ ਕੇ ਭਰਪੂਰ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਣਾ ਕਿ ਕਿਵੇਂ ਉਸ ਵਿਸ਼ੇਸ਼ ਪ੍ਰਾਹੁਣੇ ਨੂੰ ਸਾਰਾ ਪਰਿਵਾਰ ਯਾਦ ਕਰਦਾ ਸੀ ਤੇ ਕਿਵੇਂ ਕੱਲ੍ਹ ਪਰਸੋਂ ਜਾਂ ਰਾਤੀਂ ਹੀ ਗੱਲ ਹੁੰਦੀ ਪਈ ਸੀ ਕਿ ਉਹ 'ਪ੍ਰਾਹੁਣਾ' ਕਦੀ ਆਇਆ ਕਿਉਂ ਨਹੀਂ ਹੁਣ! ਤੇ ਕਦੀ-ਕਦੀ ਬੀਬੀ ਨੇ ਇਹ ਵੀ ਆਖਣਾ, 'ਅਜੇ ਵਰਿਆਮ ਕੱਲ੍ਹ ਗੱਲ ਕਰਦਾ ਸੀ ਕਿ ...ਨੂੰ ਆਇਆਂ ਬੜਾ ਹੀ ਚਿਰ ਹੋ ਗਿਐ...ਉਹਨੂੰ ਮਿਲਣ ਨੂੰ ਬੜਾ ਜੀਅ ਕਰਦਾ ਹੈ! ...'

ਫ਼ਿਰ ਉਸਨੇ ਮੁਸਕਰਾ ਕੇ ਮੈਨੂੰ ਆਖਣਾ, 'ਲੈ ਆ ਗਿਆ ਈ! ਮਿਲ ਅੱਗੇ ਹੋ ਕੇ। ਹੁਣ ਵੇਖ ਕਿਵੇਂ ਸੰਗਦਾ ਪਿੱਛੇ ਖਲੋਤਾ ਹੈ।'

ਆਇਆ ਪ੍ਰਾਹੁਣਾ ਮੈਨੂੰ ਪਿਆਰ ਨਾਲ ਗੱਲਵਕੜੀ ਵਿਚ ਲੈ ਲੈਂਦਾ। ਮੈਂ ਹੈਰਾਨ ਹੋਇਆ ਸੋਚ ਰਿਹਾ ਹੁੰਦਾ, 'ਕੱਲ੍ਹ ਤਾਂ ਕਿਧਰੇ ਰਿਹਾ, ਮੈਂ ਤਾਂ ਕਦੇ ਇਸ ਬੰਦੇ ਦੇ ਆਉਣ ਬਾਰੇ ਸੋਚਿਆ ਵੀ ਨਹੀਂ ਸੀ। ਮੇਰੀ ਬੀਬੀ ਝੂਠ ਕਿਉਂ ਮਾਰੀ ਜਾਂਦੀ ਹੈ?'

ਪਰ ਆਇਆ ਮਹਿਮਾਨ ਖੁਸ਼ ਹੋ ਗਿਆ ਹੁੰਦਾ ਕਿ ਉਹ ਇਸ ਘਰ ਵਿਚ ਅਣਚਾਹਿਆ-ਪ੍ਰਾਹੁਣਾ ਨਹੀਂ। ਇਥੇ ਉਸਦੀ ਮੁਹੱਬਤ ਅਤੇ ਚਾਅ ਨਾਲ ਉਡੀਕ ਕੀਤੀ ਜਾਂਦੀ ਹੈ।

ਇਕ ਘਟਨਾ ਯਾਦ ਆਉਂਦੀ ਹੈ। ਕਿਸੇ 'ਸਾਹਿਤ-ਸਭਾ' ਵੱਲੋਂ ਮੇਰੇ ਨਾਲ ਰੂ-ਬ-ਰੂ ਕੀਤਾ ਜਾ ਰਿਹਾ ਸੀ। ਸਵਾਲਾਂ-ਜਵਾਬਾਂ ਦਾ ਸਿਲਸਿਲਾ ਚੱਲ ਰਿਹਾ ਸੀ ਕਿ ਇੱਕ ਸਰੋਤੇ ਨੇ ਉੱਠ ਕੇ ਕਿਹਾ, 'ਸੰਧੂ ਸਾਹਿਬ! ਮੇਰੀ ਤੁਹਾਡੇ ਤੋਂ ਮੰਗ ਹੈ ਕਿ ਤੁਸੀਂ ਹੁਣੇ ਹੀ ਆਪਣੇ ਮਨ ਅੰਦਰ ਝਾਤੀ ਮਾਰੋ ਅਤੇ ਵੇਖੋ ਕਿ ਤੁਹਾਨੂੰ ਆਪਣੇ ਚੇਤੇ ਵਿਚੋਂ ਇੱਕ-ਦਮ ਕਿਹੜੀ ਤਸਵੀਰ ਉੱਘੜਦੀ ਦਿਸਦੀ ਹੈ, ਸਾਡੇ ਨਾਲ ਉਹੋ ਗੱਲ ਸਾਂਝੀ ਕਰੋ!'

ਸਵਾਲ ਦਿਲਚਸਪ ਸੀ। ਮੈਂ ਆਪਣੇ ਮਨ ਵਿਚ ਪਲ ਕੁ ਲਈ ਉੱਤਰਿਆ। ਮੈਨੂੰ ਪਹਿਲੀ ਨਜ਼ਰੇ ਹੀ ਆਪਣੀ ਸੋਚ ਦੇ ਚਿਤਰ-ਪੱਟ 'ਤੇ ਆਪਣੀ ਮਾਂ ਦੀ ਤਸਵੀਰ ਨਜ਼ਰ ਆਈ। ਆਪਣੇ ਆਪ 'ਤੇ ਹੈਰਾਨੀ ਵੀ ਹੋਈ ਅਤੇ ਸ਼ਰਮ ਵੀ ਆਈ ਕਿ ਆਪਣੀ ਮਾਂ ਨਾਲ ਜੁੜੀ ਇਸ ਘਟਨਾ ਨੂੰ ਕਿਵੇਂ ਭੁਲਾਈ ਬੈਠਾ ਸਾਂ!

ਤੇ ਫਿਰ ਆਪਣੇ ਸਰੋਤਿਆਂ ਨਾਲ ਇਹ ਯਾਦ ਇਸਤਰ੍ਹਾਂ ਸਾਂਝੀ ਕੀਤੀ:

1972 ਦੀ 'ਮੋਗਾ-ਐਜੀਟੇਸ਼ਨ' ਵਿਚ ਕੁਝ ਦਿਨ ਜੇਲ੍ਹ ਵਿਚ ਕੱਟਣ ਤੋਂ ਬਾਅਦ ਮੈਂ ਥੋੜ੍ਹੇ ਚਿਰ ਲਈ ਪੁਲਿਸ ਤੋਂ ਬਚਣ ਵਾਸਤੇ 'ਆਸੇ-ਪਾਸੇ' ਹੋਇਆ, ਹੋਇਆ ਸਾਂ, ਤਾਕਿ ਕਿਧਰੇ ਮੈਨੂੰ ਦੋਬਾਰਾ ਗ੍ਰਿਫ਼ਤਾਰ ਨਾ ਕਰ ਲਿਆ ਜਾਵੇ। ਮੇਰੇ ਘਰਦਿਆਂ ਨੂੰ ਮੇਰੀ ਠਾਹਰ ਦਾ ਪਤਾ ਸੀ। ਇੱਕ ਦੋਸਤ ਮੇਰੇ ਕੋਲ ਪੁੱਜਾ ਤੇ ਦੱਸਿਆ ਕਿ ਮੇਰੇ ਪਿਉ ਦੀ ਹਾਲਤ ਠੀਕ ਨਹੀਂ ਅਤੇ ਬੀਬੀ ਦਾ ਸੁਨੇਹਾ ਹੈ ਕਿ ਮੈਂ ਤੁਰਤ ਘਰ ਪਹੁੰਚਾਂ। ਮੈਂ ਉਸਦੇ ਨਾਲ ਹੀ ਤੁਰ ਪਿਆ। ਪਿੰਡ ਪਹੁੰਚਿਆ ਤਾਂ ਪਤਾ ਲੱਗਾ ਕਿ ਮੇਰੇ ਪਿਤਾ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਉਸਨੂੰ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿਚ ਲੈ ਗਏ ਸਨ।


ਮੈਂ ਅੰਮ੍ਰਿਤਸਰ ਪੁੱਜਾ। ਆਕਸੀਜਨ ਲੱਗੀ ਹੋਈ; ਮੇਰਾ ਪਿਤਾ ਬੇਹੋਸ਼ ਪਿਆ ਸੀ। ਬੀਬੀ ਮੇਰੇ ਪਿਤਾ ਦੇ ਸਿਰਹਾਣੇ ਬੈਠੀ ਸੀ। ਉਸਨੇ ਸਟੂਲ ਤੋਂ ਉੱਠ ਕੇ ਮੈਨੂੰ ਜੱਫੀ ਵਿਚ ਲਿਆ ਅਤੇ 'ਫਿਕਰ ਨਾ ਕਰਨ ਲਈ' ਕਿਹਾ। ਉਸ ਮੁਤਾਬਕ 'ਡਾਕਟਰ ਆਪਣੀ ਪੂਰੀ ਵਾਹ ਲਾ ਰਹੇ ਨੇ। ਮਹਾਰਾਜ ਭਲੀ ਕਰੂਗਾ।' ਉਹ ਹੌਂਸਲੇ ਵਿਚ ਸੀ।

ਪਿਤਾ ਨੂੰ ਬੇਹੋਸ਼ੀ ਦੀ ਅਵਸਥਾ ਵਿਚ ਬੈੱਡ 'ਤੇ ਪਿਆਂ ਅੱਜ ਤੀਸਰਾ ਦਿਨ ਸੀ। ਦਿਮਾਗ਼ ਦੀ ਨਾੜੀ ਫਟ ਗਈ ਸੀ। ਡਾਕਟਰ 'ਹਾਂ' ਜਾਂ 'ਨਾਂਹ' ਵਿਚ ਜਵਾਬ ਨਹੀਂ ਸਨ ਦਿੰਦੇ। ਟੈਸਟ ਹੋ ਰਹੇ ਸਨ। ਅੱਜ ਮੈਂ ਅਤੇ ਮੇਰਾ ਇੱਕ ਦੋਸਤ ਮੈਡੀਕਲ ਕਾਲਜ ਤੋਂ ਕਿਸੇ ਟੈਸਟ ਦੀ ਰਿਪੋਰਟ ਲੈਣ ਗਏ ਸਾਂ। ਨੌਂ-ਦਸ ਵਜੇ ਦੇ ਗਿਆਂ ਨੂੰ ਰਿਪੋਰਟ ਲੈਂਦਿਆਂ-ਕਰਦਿਆਂ ਸਾਨੂੰ ਡੇਢ-ਦੋ ਦਾ ਸਮਾਂ ਹੋ ਗਿਆ ਸੀ।

ਜਦੋਂ ਅਸੀਂ ਵਾਪਸ ਪਰਤੇ ਤਾਂ ਬੀਬੀ ਮੇਰੇ ਪਿਤਾ ਦੇ ਸਿਰਹਾਣਿਓਂ ਉੱਠ ਕੇ ਅੱਗਲਵਾਂਢੀ ਸਾਨੂੰ ਕਮਰੇ ਤੋਂ ਬਾਹਰ ਬਰਾਂਡੇ ਵਿਚ ਹੀ ਆਣ ਮਿਲੀ।

'ਰਿਪੋਟ ਲੈ ਆਂਦੀ? ਚੱਲੋ ਚੰਗਾ ਹੋਇਆ!' ਉਸਨੇ ਸਾਡੇ ਹੱਥਾਂ ਵਿਚ ਫੜ੍ਹੇ ਲਿਫ਼ਾਫ਼ੇ ਵੱਲ ਵੇਖਿਆ। ਫਿਰ ਜਿਵੇਂ ਕੋਈ ਭੁੱਲੀ ਹੋਈ ਗੱਲ ਚੇਤੇ ਆ ਗਈ ਹੋਵੇ। ਆਖਣ ਲੱਗੀ, 'ਹੈਂ ਵਰਿਆਮ! ਲੌਢਾ ਵੇਲਾ ਹੋ ਗਿਆ। ਤੁਸੀਂ ਕੁਝ ਖਾਧਾ ਪੀਤਾ ਵੀ ਹੈ ਕਿ ਨਹੀਂ?' ਸਾਡਾ ਜਵਾਬ 'ਨਾਂਹ' ਵਿਚ ਸੁਣ ਕੇ ਕਹਿੰਦੀ, 'ਜਾਓ ਮੇਰੇ ਪੁੱਤ! ਪਹਿਲਾਂ ਜਾ ਕੇ ਰੋਟੀ ਖਾ ਕੇ ਆਵੋ। ਕਿਵੇਂ ਸਵੇਰ ਦੇ ਭੁੱਖਣ-ਭਾਣੇ ਤੁਰੇ ਫਿਰਦੇ ਜੇ!' ਉਹਦਾ ਚਿਹਰਾ ਮਮਤਾ ਵਿਚ ਮੋਮ ਬਣਿਆ ਹੋਇਆ ਸੀ।

ਅਸੀਂ ਕਮਰੇ ਵੱਲ ਵਧਦਿਆਂ, ਅਗਲੇ ਇਲਾਜ ਲਈ, ਪਹਿਲਾਂ ਡਾਕਟਰ ਨੂੰ ਰਿਪੋਰਟ ਦਿਖਾਉਣ ਲਈ ਕਿਹਾ ਤਾਂ ਕਹਿੰਦੀ, 'ਕੋਈ ਨਹੀਂ ਰਪੋਟ ਮੈਂ ਵਿਖਾ ਲੈਂਦੀ ਆਂ। ਤੁਸੀਂ ਪਹਿਲਾਂ ਢਿੱਡ ਵਿਚ ਕੁਝ ਪਾ ਕੇ ਆ“। ਤੁਹਾਡੇ ਬਾਪੂ ਕੋਲ ਮੈਂ ਬੈਠੀ ਆਂ। ਉਹਦਾ ਫ਼ਿਕਰ ਨਾ ਕਰੋ।'



ਉਸਦੇ ਜ਼ੋਰ ਦੇਣ 'ਤੇ ਅਸੀਂ ਲਾਗਲੇ ਢਾਬੇ 'ਤੇ ਰੋਟੀ ਖਾਣ ਤੁਰ ਗਏ। ਰੋਟੀ ਖਾ ਕੇ ਆਏ ਤਾਂ ਪਿਤਾ ਦੇ ਸਿਰਹਾਂਦੀ ਬੈਠੀ ਮਾਂ ਉੱਠ ਕੇ ਖਲੋ ਗਈ ਅਤੇ ਉਸਦੀਆਂ ਅੱਖਾਂ 'ਚ ਤੈਰ ਆਇਆ ਪਾਣੀ ਬੇਵੱਸ ਹੋ ਕੇ ਉਹਦੇ ਚਿਹਰੇ 'ਤੇ 'ਤ੍ਰਿਪ! ਤ੍ਰਿਪ!' ਵਰ੍ਹਨ ਲੱਗਾ।

'ਜਾਓ ਪੁੱਤ! ਕੋਈ ਟੈਕਸੀ ਲੈ ਆ“! ਤੁਹਾਡਾ ਬਾਪੂ ਪੂਰਾ ਹੋ ਗਿਆ।' ਉਸਨੇ ਬੁੱਲ੍ਹ ਚਿੱਥਦਿਆਂ ਆਪਣੀ ਭੁੱਬ ਅੰਦਰੇ ਡੱਕ ਲਈ। ਫੇਰ ਅੱਥਰੂ ਪੂੰਝਦਿਆ ਕਿਹਾ, 'ਪੂਰਾ ਤਾਂ ਇਹ ਉਦੋਂ ਈ ਹੋ ਗਿਆ ਸੀ, ਜਦੋਂ ਤੁਸੀਂ ਰਪੋਟ ਲੈ ਕੇ ਆਏ ਸੀ। ਪਰ ਮੈਂ ਤੁਹਾਨੂੰ ਜਾਣ-ਬੁੱਝ ਕੇ ਨਹੀਂ ਸੀ ਦੱਸਿਆ। ਮੈਂ ਸੋਚਿਆ ਜੇ ਤੁਹਾਨੂੰ ਹੁਣੇ ਦੱਸ ਦਿੱਤਾ ਤਾਂ ਤੁਸੀਂ ਉਂਝ ਹੀ ਦੇਹ ਲੈ ਕੇ ਪਿੰਡ ਨੂੰ ਤੁਰ ਪੈਣਾ ਹੈ! ਫਿਰ ਰੋਣ ਕੁਰਲਾਉਣ ਵਿਚ ਪਏ ਮੇਰੇ ਲਾਲਾਂ ਨੂੰ ਪਤਾ ਨਹੀਂ ਕਦੋਂ ਰੋਟੀ ਦਾ ਟੁੱਕ ਨਸੀਬ ਹੋਣਾ ਹੈ! ਤੁਹਾਡੀਆਂ ਭੁੱਖੀਆਂ ਵਿਲਕਦੀਆਂ ਆਂਦਰਾਂ ਦਾ ਸੋਚ ਕੇ ਹੀ ਮੈਂ ਤੁਹਾਨੂੰ ਰੋਟੀ ਖਾਣ ਤੋਰਿਆ ਸੀ।'

ਏਨੀ ਆਖ ਕੇ ਉਸਨੇ ਮੈਨੂੰ ਬਾਹੋਂ ਫੜ੍ਹ ਕੇ ਅੱਗੇ ਕੀਤਾ, ' ਆ! ਹੁਣ ਆਪਣੇ ਤੁਰ ਗਏ ਪਿ“ ਦਾ ਮੂੰਹ ਵੇਖ ਲੈ।' ਉਸਨੇ ਮੇਰੇ ਪਿਤਾ ਦੇ ਚਿਹਰੇ 'ਤੇ ਦਿੱਤਾ ਕੱਪੜਾ ਚੁਕਿਆ ਅਤੇ ਉਸਦੇ ਸਦਾ ਲਈ ਸੌਂ ਗਏ ਸ਼ਾਂਤ ਚਿਹਰੇ ਨੂੰ ਨਿਹਾਰਦੀ ਨੇ ਮੈਨੂੰ ਛੋਟੇ ਬਾਲ ਵਾਂਗ ਆਪਣੀ ਛਾਤੀ ਨਾਲ ਘੁੱਟ ਲਿਆ।

ਮੇਰੀ ਮਾਂ ਦੀ ਉਮਰ ਉਦੋਂ ਇਕਤਾਲੀ-ਬਤਾਲੀ ਸਾਲ ਦੀ ਸੀ ਅਤੇ ਮੇਰਾ ਪਿਓ ਪੰਜਤਾਲੀ-ਛਿਆਲੀ ਸਾਲ ਦਾ ਹੋਵੇਗਾ। ਉਸਦਾ ਸੁਹਾਗ ਉਸਨੂੰ ਸਦਾ ਲਈ ਛੱਡ ਕੇ ਚਲਾ ਗਿਆ ਸੀ। ਪਤੀ ਤੋਂ ਬਿਨਾਂ ਉਸ ਅੱਗੇ ਦੂਰ ਤੱਕ ਬ੍ਰਿਹਾ ਦੀ ਮਾਰੂਥਲ ਵਾਂਗ ਭੁੱਜਦੀ ਜ਼ਿੰਦਗੀ ਵਿਛੀ ਪਈ ਸੀ। ਉਸਦਾ ਜਹਾਨ ਲੁੱਟਿਆ ਗਿਆ ਸੀ। ਇਸ ਪਰਬਤੋਂ ਭਾਰੇ ਦੁੱਖ ਨੂੰ ਕਸੀਸ ਵੱਟ ਕੇ ਪੀ ਜਾਣ ਦੀ ਤਾਕਤ ਉਸਦੀ ਕਿਹੋ ਜਿਹੀ ਅਦੁੱਤੀ ਮਮਤਾ ਨੇ ਉਸ ਮਹਾਨ ਔਰਤ ਨੂੰ ਬਖਸ਼ੀ ਸੀ ਕਿ ਉਹਦੀ ਜ਼ਿੰਦਗੀ ਦੀਆਂ ਇਨ੍ਹਾਂ ਸਭ ਤੋਂ ਦੁਖਾਂਤਕ ਘੜੀਆਂ ਵਿਚ ਵੀ ਉਸਨੂੰ ਆਪਣੇ ਪੁੱਤ ਦੀ ਭੁੱਖ ਦਾ ਖ਼ਿਆਲ ਰਿਹਾ ਸੀ।

ਉਸਨੇ ਇਸ ਵਿਹਾਰ ਰਾਹੀਂ ਮੇਰੀ ਅੰਤਰ-ਆਤਮਾ ਵਿਚ ਜ਼ਿੰਦਗੀ ਦਾ ਬਿਹਤਰੀਨ ਗਲਪ-ਟੋਟਾ ਲਿਖ ਧਰਿਆ ਸੀ!

ਮੇਰੀ ਬੀਬੀ ਦਾ ਮੈਨੂੰ ਗਲਪਕਾਰ ਬਨਾਉਣ ਵਿਚ ਕੁਝ ਨਾ ਕੁਝ ਅਸਿੱਧਾ ਯੋਗਦਾਨ ਤਾਂ ਜ਼ਰੂਰ ਹੋਵੇਗਾ ਹੀ। ਪਿ“ ਤੋਂ ਪ੍ਰਾਪਤ ਚੁੱਪ ਨੇ ਮੈਨੂੰ, ਖ਼ਾਮੋਸ਼ ਰਹਿ ਕੇ, ਜ਼ਿੰਦਗੀ ਨੂੰ ਵੇਖਣ, ਜਾਨਣ ਤੇ ਮਾਨਣ ਵਿਚ ਜੇ ਕੁਝ ਹਿੱਸਾ ਪਾਇਆ ਤਾਂ ਉਸ ਜ਼ਿੰਦਗੀ ਨੂੰ ਬਿਆਨਣ ਵਿਚ ਕੁਝ ਨਾ ਕੁਝ ਹਿੱਸਾ ਤਾਂ ਮਾਂ ਦਾ ਵੀ ਹੋਵੇਗਾ; ਭਾਵੇਂ ਕਤਰੇ ਕੁ ਜਿੰਨਾ ਹੀ ਕਿਉਂ ਨਾ ਹੋਵੇ!

ਮੇਰੀ ਮਾਂ ਸਚਮੁੱਚ ਬੜੀ ਦਲੇਰ ਸੀ। ਖ਼ਰੀ ਗੱਲ ਕਰਨੋਂ ਕਦੀ ਨਹੀਂ ਸੀ ਰੁਕਦੀ, ਭਾਵੇਂ ਕਿਸੇ ਦੇ ਗੋਡੇ ਲੱਗੇ ਜਾਂ ਗਿੱਟੇ। ਮੈਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਤੱਕ ਵੀ ਉਹ ਜਿਊਂਦੀ ਸੀ। ਮੇਰੀਆਂ ਪ੍ਰਾਪਤੀਆਂ 'ਤੇ ਖ਼ੁਸ਼ ਵੀ ਹੁੰਦੀ ਪਰ ਜੇ ਕਿਤੇ ਮੇਰੀ ਕੋਈ ਗੱਲ ਉਸਨੂੰ ਠੀਕ ਨਾ ਲੱਗਦੀ ਤਾਂ ਅਜੇ ਵੀ ਮੇਰੀ ਖੜਕਾਈ ਕਰ ਦਿੰਦੀ ਸੀ। ਮੇਰੀ ਮੰਗਣੀ ਤੋਂ ਬਾਅਦ ਇਕ ਹੋਰ ਬੀਬੀ ਮੇਰੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਮੈਨੂੰ ਇਹ 'ਸੌਦਾ' ਤਾਂ ਆਪ ਹੀ ਪਰਵਾਨ ਨਹੀਂ ਸੀ ਪਰ ਬੀਬੀ ਸਦਾ ਮੇਰੀ ਪਤਨੀ ਨੂੰ ਮਾਣ ਨਾਲ ਕਹਿੰਦੀ ਸੀ, 'ਮੈਂ ਇਹਨੂੰ ਆਖਿਆ, ਬੰਦਾ ਬਣ ਜਾ। ਇਸ ਘਰ ਆਊ ਤਾਂ ਰਜਵੰਤ ਈ। ਕੋਈ ਹੋਰ ਆ ਕੇ ਵੇਖੇ ਤਾਂ ਸਹੀ। ਨਾਲੇ ਉਹਦੇ, ਨਾਲੇ ਤੇਰੇ ਗਿੱਟੇ ਨਾ ਛਾਂਗ ਦਿੱਤੇ ਤਾਂ ਮੇਰਾ ਨਾਂ ਵੀ ਜੋਗਿੰਦਰ ਕੌਰ ਨਹੀਂ।'

ਮੁਹੱਬਤ ਨਾਲ ਏਨੀ ਲਬਾ-ਲਬ ਭਰਪੂਰ ਕਿ ਮੇਰੇ ਨਕਸਲੀ ਮਿੱਤਰਾਂ ਹਰਭਜਨ ਹਲਵਾਰਵੀ, ਅਮਰਜੀਤ ਚੰਦਨ ਤੇ ਗੋਵਿੰਦਰ (ਹੁਣ ਅਜਮੇਰ ਸਿੰਘ) ਤੇ ਹੋਰਨਾਂ ਨੂੰ ਸਕੇ ਪੁੱਤਰਾਂ ਵਰਗਾ ਪਿਆਰ ਦਿੰਦੀ। ਇਹ ਸਾਰੇ ਵੀ ਬੀਬੀ ਨੂੰ ਮਾਵਾਂ ਵਰਗਾ ਆਦਰ ਦਿੰਦੇ। ਅਜਮੇਰ ਸਿੰਘ ਨੇ ਆਪਣੀ ਸਵੈ-ਜੀਵਨੀ ਵਿਚ ਤਿੰਨ ਵਾਰ ਬੀਬੀ ਦੇ ਮਮਤਾਮਈ ਸੁਭਾਅ ਦਾ ਜ਼ਿਕਰ ਬੜੇ ਆਦਰ ਸਤਿਕਾਰ ਨਾਲ ਕੀਤਾ ਹੈ।

ਮੇਰੀ ਪਹਿਲੀ ਬੱਚੀ ਰੂਪ ਪੰਜ-ਚਾਰ ਦਿਨਾਂ ਦੀ ਸੀ ਕਿ ਐਮਰਜੈਂਸੀ ਦੌਰਾਨ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੇਰੀ ਪਤਨੀ ਛਿਲੇ ਵਿਚ ਹੀ ਰੂਪ ਨੂੰ ਨਾਲ ਲੈ ਕੇ ਬੀਬੀ ਸਮੇਤ ਜੇਲ੍ਹ ਵਿਚ ਮਿਲਣ ਆਈ। ਮੈਨੂੰ ਚਿੰਤਾ ਸੀ ਕਿ ਮੇਰੀ ਤਨਖ਼ਾਹ ਬੰਦ ਹੋ ਜਾਣ ਕਰਕੇ ਘਰ ਦਾ ਗੁਜ਼ਾਰਾ ਕਿਵੇਂ ਚੱਲੇਗਾ ਤਾਂ ਬੀਬੀ ਮੈਨੂੰ ਚੜ੍ਹਦੀ ਕਲਾ ਵਿਚ ਕਰਨ ਲਈ ਛੋਟੀ ਜਿਹੀ ਰੂਪ ਦਾ ਮੂੰਹ ਚੁੰਮ ਕੇ ਬੋਲੀ, 'ਲੈ ਘਰ ਦਾ ਖ਼ਰਚਾ ਤਾਂ ਮੇਰੀ ਪੋਤਰੀ ਨੂੰ ਮਿਲਣ ਵਾਲੇ ਸ਼ਗਨਾਂ ਨਾਲ ਤੁਰਿਆ ਜਾਂਦਾ।' ਮੈਂ ਅੰਦਰਲੀ ਹਕੀਕਤ ਤਾਂ ਸਮਝਦਾ ਸਾਂ ਪਰ ਇਹ ਮੇਰੀ ਬੀਬੀ ਦੇ ਸੁਭਾ ਦਾ ਗੁਣ ਸੀ ਕਿ ਉਹ ਨਾ ਆਪਣਾ ਤੇ ਨਾ ਕਿਸੇ ਨੇੜਲੇ ਦਾ ਹੌਸਲਾ ਡਿੱਗਣ ਦਿੰਦੀ। ਹਰੇਕ ਪ੍ਰਤੀਕੂਲ ਹਾਲਾਤ ਨਾਲ ਨਜਿੱਠਣ ਲਈ ਆਪਣੇ ਆਪ ਨੂੰ ਤਿਆਰ ਕਰ ਲੈਣ ਦਾ ਮੇਰਾ ਸੁਭਾਅ ਵੀ ਸ਼ਾਇਦ ਬੀਬੀ ਦੇ ਸੁਭਾਅ ਦਾ ਹੀ ਮੇਰੇ ਉੱਤੇ ਪਿਆ ਪ੍ਰਛਾਵਾਂ ਹੋਵੇ।

ਸੱਚ ਕਹਿਣ ਦੀ ਦਲੇਰੀ ਤੇ ਬੇਬਾਕੀ ਜਿਹੇ ਗੁਣ-ਲੱਛਣ ਸ਼ਾਇਦ ਮੇਰੇ ਕੋਲ ਬੀਬੀ ਵੱਲੋਂ ਹੀ ਆਏ ਹੋਣ।

ਬੀਬੀ ਦੇ ਬੀਮਾਰ ਹੋਣ ਤੇ ਹਸਪਤਾਲ ਦਾਖ਼ਲ ਹੋਣ ਦਾ ਸੁਨੇਹਾਂ ਮਿਲਿਆ ਤਾਂ ਮੈਂ ਤੁਰੰਤ ਪਿੰਡ ਵੱਲ ਭੱਜਾ। ਜਾਂਦਿਆਂ ਮਨ ਵਿਚ ਖ਼ਿਆਲ ਆਇਆ ਕਿ ਆਪਣਾ ਨਵਾਂ ਛਪਿਆ ਸਫ਼ਰਨਾਮਾ 'ਵਗਦੀ ਏ ਰਾਵੀ', ਜਿਹੜਾ ਬੀਬੀ ਨੂੰ ਸਮਰਪਤ ਕੀਤਾ ਹੈ, ਨਾਲ ਲੈਂਦਾ ਜਾਵਾਂ ਤੇ ਉਸਨੂੰ ਆਪਣੀ ਉਸ ਪ੍ਰਤੀ ਅਕੀਦਤ ਵਿਖਾ ਕੇ ਲਾਡ ਲਡਾਵਾਂ ਤੇ ਬੀਮਾਰੀ ਵਿਚ ਹੌਸਲਾ ਦਿਆਂ। ਪਤਨੀ ਰਜਵੰਤ ਕਿਤਾਬ ਲੈਣ ਅੰਦਰ ਵੀ ਗਈ ਪਰ ਕਾਹਲੀ ਕਰਕੇ ਮੈਂ ਕਿਹਾ, 'ਚੱਲ ਕੱਲ੍ਹ ਲੈ ਜਾਵਾਂਗੇ।' ਪਰ ਕੱਲ੍ਹ ਨਾ ਆਇਆ। ਬੀਬੀ ਓਸੇ ਸ਼ਾਮ ਚੱਲ ਵੱਸੀ। ਉਹ ਕਿਤਾਬ ਅੱਜ ਵੀ ਵਿੰਹਦਾਂ ਤਾਂ ਬੀਬੀ ਚੇਤੇ ਆ ਜਾਂਦੀ ਹੈ।

# ਗੁਰੂ ਪਰਿਵਾਰਾਂ ਦੀਆਂ ਬੀਬੀਆਂ – 8

## ਬੀਬੀ ਤਾਰਾ ਕੌਰ (ਤੇ ਮਾਤਾ ਲਛਮੀ)

ਭੱਟ ਵਹੀ ਪੂਰਬੀ ਦੱਖਣੀ ਮੁਤਾਬਕ ਸੰਨ 1704 ਦੇ ਅਖ਼ੀਰ ਵਿਚ ਬੁਰਹਾਨਪੁਰ ਦੇ ਭਾਈ ਜੇਠਾ ਸਿੰਘ, ਉਨ੍ਹਾਂ ਦੀ ਸਿੰਘਣੀ ਬੀਬੀ ਲਛਮੀ ਕੌਰ ਤੇ ਬੇਟੀ ਤਾਰਾ ਕੌਰ ਅਨੰਦਪੁਰ ਸਾਹਿਬ ਆਏ ਹੋਏ ਸਨ। ਤਾਰਾ ਕੌਰ ਨੇ ਇਕ ਦਿਨ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਵੇਖਿਆ



**ਡਾ. ਹਰਜਿੰਦਰ ਸਿੰਘ ਦਿਲਗੀਰ**
**ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'**

ਅਤੇ ਉਸ 'ਤੇ ਫ਼ਿਦਾ ਹੋ ਗਈ। ਉਸ ਦੇ ਮਾਪਿਆਂ ਨੇ ਉਸ ਦੀ ਹਾਲਤ ਵੇਖ ਕੇ ਗੁਰੂ ਸਾਹਿਬ ਨਾਲ ਗੱਲ ਕੀਤੀ। ਗੁਰੂ ਸਾਹਿਬ ਨੇ ਸਾਹਿਬਜ਼ਾਦੇ ਨਾਲ ਗੱਲ ਕੀਤੀ ਤਾਂ ਉਸ ਨੇ ਇਹ ਵਿਆਹ ਕਰਨਾ ਮਨਜ਼ੂਰ ਕਰ ਲਿਆ। ਇਹ ਵਿਆਹ 15 ਜਨਵਰੀ 1705 ਨੂੰ ਹੋਇਆ।

ਇਸ ਸਬੰਧੀ ਇਹ ਭੱਟ ਵਹੀ ਇੰਵ ਬਿਆਨ ਕਰਦੀ ਹੈ:

"ਅਜੀਤ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਮਹਲ ਦਸਮੇਂ ਕਾ, ਪੋਤਾ ਗੁਰੂ ਤੇਗ਼ ਬਹਾਦਰ ਜੀ ਕਾ, ਪੜਪੋਤਾ ਗੁਰੂ ਹਰਿਗੋਬਿੰਦ ਜੀ ਕਾ...ਬੰਸ ਗੁਰੂ ਅਰਜਨ ਜੀ ਕੀ, ਸੂਰਜਬੰਸੀ ਗੋਸਲ ਗੋਤਰਾ, ਸੋਢੀ ਖਤਰੀ, ਬਾਸੀ ਅਨੰਦਪੁਰ ਪਰਗਨਾ ਕਹਿਲੂਰ, ਕਾ ਵਿਵਾਹ, ਤਾਰਾ ਬਾਈ ਬੇਟੀ ਜੇਠਾ ਸਿੰਘ ਸੇ, ਸਾਲ ਸਤਰਾਂ ਸੈ ਇਕਾਹਟ ਮਾਘ ਸੁਦੀ ਏਕਮ ਕੇ ਦਿਵਸ, ਕਿਲਾ ਅਨੰਦਗਢ ਮੇਂ ਹੂਆ। ਗੁਰੂ ਕੀ ਕੜਾਹੀ ਕੀ...।" (ਭੱਟ ਵਹੀ ਪੂਰਬੀ ਦੱਖਣੀ)

ਇਸੇ ਭੱਟ ਵਹੀ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦੇ ਘਰ, 9 ਦਸੰਬਰ 1705 ਦੇ ਦਿਨ ਮਥਰਾ ਸ਼ਹਿਰ ਵਿਚ, ਇਕ ਬੇਟਾ ਹੋਣ ਦਾ ਜ਼ਿਕਰ ਵੀ ਮਿਲਦਾ ਹੈ। ਇਸ ਬੇਟੇ ਦਾ ਨਾਂ ਹਠੀ ਸਿੰਘ ਰੱਖਿਆ ਗਿਆ ਸੀ। ਭੱਟ ਵਹੀ ਮੁਤਾਬਿਕ:

"ਹਠੀ ਸਿੰਘ ਬੇਟਾ ਅਜੀਤ ਕਾ, ਪੋਤਾ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮੇਂ ਕਾ, ਪੜਪੋਤਾ ਗੁਰੂ ਤੇਗ਼ ਬਹਾਦਰ ਜੀ ਕਾ, ਬੰਸ ਗੁਰੂ ਹਰਿਗੋਬਿੰਦ ਜੀ ਕੀ, ਸੂਰਜਬੰਸੀ ਗੋਸਲ ਗੋਤਰ ਸੋਢੀ ਖਤਰੀ, ਬਾਸੀ ਅਨੰਦਪੁਰ, ਪਰਗਨਾ ਕਹਿਲੂਰ, ਸੰਮਤ ਸਤਰਾਂ ਸੈ ਬਾਸਠ ਪੋਖ ਮਾਸੇ ਸੁਦੀ ਪੰਚਮੀਂ ਕੇ ਦਿਹੁੰ ਆਗਰਾ ਨਗਰੀ, ਪਰਗਨਾ ਮਥੁਰਾ ਭਾਈ ਸਰਧਾ ਸਿੰਘ ਬੇਟਾ ਮੋਹਕਮ ਦਾਸ ਗੁਲਾਟੀ ਅਰੋੜਾ ਕੇ ਗ੍ਰਿਹਿ ਮੇਂ ਹੂਆ। ਗੁਰੂ ਕੀ ਕੜਾਹੀ ਕੀ, ਅਥਿਤ ਗਰੀਬ ਗੁਰਬੇ ਕੋ ਮਾਨਾ।" (ਭੱਟ ਵਹੀ ਪੂਰਬੀ ਦੱਖਣੀ, ਖਾਤਾ ਹਜਾਵਤ ਆਂਬਿਆਨੋਂ ਕਾ)।

**ਨੋਟ:** ਸਾਹਿਬਜ਼ਾਦਾ ਅਜੀਤ ਸਿੰਘ ਦੇ ਵਿਆਹ ਦਾ ਜ਼ਿਕਰ ਮੈਂ 'ਭੱਟ ਵਹੀਆਂ' ਵਿਚ ਆਏ ਹਵਾਲਿਆਂ ਕਰ ਕੇ ਕੀਤਾ ਹੈ। ਕੁਝ ਲੋਕ ਇਸ ਸ਼ਾਦੀ ਨੂੰ ਨਹੀਂ ਮੰਨਦੇ ਤੇ ਉਹ ਹਠੀ ਸਿੰਘ ਨੂੰ ਅਜੀਤ ਸਿੰਘ ਪਾਲਿਤ ਦਾ ਪੁੱਤਰ ਬਣਾ ਦੇਂਦੇ ਹਨ।

ਸੰਨ 1705 ਵਿਚ ਅਨੰਦਪੁਰ ਦਾ ਘੇਰਾ ਪੈਣ ਤੋਂ ਕੁਝ ਦਿਨ ਪਹਿਲਾਂ ਉਹ ਮਾਤਾ ਸੁੰਦਰ ਕੌਰ ਤੇ ਮਾਤਾ ਸਾਹਿਬ ਕੌਰ ਨਾਲ ਅਨੰਦਪੁਰ ਤੋਂ ਲਖਨੌਰ, ਆਗਰਾ ਹੁੰਦੇ ਹੋਏ ਬੁਰਹਾਨਪੁਰ ਚਲੇ ਗਏ। ਮਈ 1708 ਵਿਚ ਜਦ ਗੁਰੂ ਜੀ ਦੱਖਨ ਵੱਲ ਗਏ ਤਾਂ ਆਪ ਰਾਹ ਵਿਚ ਬੁਰਹਾਨਪੁਰ ਰੁਕੇ ਤੇ ਉੱਥੇ ਆਪਣੀ ਨੂੰਹ ਤੇ ਪੋਤੇ ਹਠੀ ਸਿੰਘ ਨੂੰ ਮਿਲੇ। ਇੱਥੇ ਗੁਰੂ ਜੀ ਨੇ ਇਕ ਮੁਕਾਮੀ ਨੌਜਵਾਨ ਨਾਲ ਤਾਰਾ ਕੌਰ ਦਾ ਦੋਬਾਰਾ ਵਿਆਹ ਕਰ ਦਿੱਤਾ ਤੇ ਉਸ ਮੁੰਡੇ ਦਾ ਨਾਂ ਅਜੀਤ ਸਿੰਘ ਰੱਖਿਆ। ਅਜਿਹਾ ਜਾਪਦਾ ਹੈ ਕਿ ਬੀਬੀ ਤਾਰਾ ਕੌਰ ਨੇ ਇਹ ਵਿਆਹ ਕਰਵਾ ਤਾਂ ਲਿਆ ਪਰ ਨਵੇਂ ਪਤੀ ਨਾਲ ਸੰਗ ਨਹੀਂ ਕੀਤਾ। ਇਸ ਬਾਰੇ ਕੋਈ ਪਤਾ ਨਹੀਂ ਲਗਦਾ ਕਿ ਉਹ ਮਾਤਾ ਜੀ ਦੇ ਨਾਲ ਦਿੱਲੀ ਗਈ ਜਾਂ ਬੁਰਹਾਨਪੁਰ ਹੀ ਰਹਿੰਦੀ ਰਹੀ। ਪਰ ਉਸ ਦੀ ਮੌਤ ਬਹੁਤ ਚਿਰ ਮਗਰੋਂ ਬੁਰਹਾਨਪੁਰ ਵਿਚ ਹੀ ਹੋਈ ਸੀ। ***(ਸਮਾਪਤ)***

# ਨੇੜਿਓਂ ਤੱਕੀ ਜ਼ਿੰਦਗੀ





**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ**
**ਫੋਨ: 925-683-1982**

ਲੇਖ ਲਿਖਣਾ, ਕਵਿਤਾ ਅਤੇ ਕਹਾਣੀ ਨਾਲੋਂ ਵੱਖਰੀ ਗੱਲ ਹੈ। ਅੰਗਰੇਜ਼ੀ ਦੇ ਵਿਦਵਾਨ ਐਮਰਸਨ ਅਨੁਸਾਰ 'ਐਸੇ ਇਜ਼ ਐਨ ਅਟੈਂਪਟ' ਭਾਵ ਲੇਖ ਲਿਖਣਾ ਇਕ ਕੋਸ਼ਿਸ਼ ਹੈ। ਕੋਸ਼ਿਸ਼ ਵੇਲੇ ਕੁਝ ਊਣਤਾਈਆਂ ਰਹਿ ਜਾਣੀਆਂ ਸੁਭਾਵਕ ਹਨ। ਇਸ ਲਈ ਸੂਝਵਾਨ ਪਾਠਕ ਮੇਰੀਆਂ ਖਾਮੀਆਂ ਨੂੰ ਮੁਆਫ਼ ਕਰ ਦੇਣਗੇ। ਮੈਂ ਲਿਖਾਰੀ ਨਹੀਂ ਉਹ ਤਾਂ ਵਗਦੇ ਦਰਿਆ ਹੁੰਦੇ ਹਨ। ਹਰ ਵੇਲੇ ਕੁਝ ਨਾ ਕੁਝ ਲਿਖਦੇ ਰਹਿੰਦੇ ਹਨ। ਮੈਨੂੰ ਤਾਂ ਬਹੁਤ ਵੇਰ ਕੁਝ ਸੁੱਝਦਾ ਹੀ ਨਹੀਂ। ਮੇਰਾ ਆਪਣੇ ਆਪ ਨੂੰ ਲੇਖਕ ਕਹਿਣਾ ਇਸ ਤਰ੍ਹਾਂ ਹੋਵੇਗਾ ਜਿਵੇਂ ਹਿੰਗ ਦੀ ਇਕ ਡਲੀ ਰੱਖਣ ਵਾਲਾ ਆਪਣੇ ਆਪ ਨੂੰ ਪਸਾਰੀ ਦੀ ਹੱਟੀ ਵਾਲਾ ਸਮਝ ਬੈਠੇ।

ਸੋਚਦਾਂ ਕਿਵੇਂ ਸ਼ੁਰੂ ਕਰਾਂ!

ਮੇਰਾ ਪਿਛੋਕੜ ਮਾਲਵੇ ਦੇ ਪਛੜੇ ਇਲਾਕੇ ਦਾ ਹੈ। ਨੇੜਿਓਂ ਤੱਕੀ ਹੀ ਨਹੀਂ ਬਲਕਿ ਨੇੜਿਓਂ ਮਾਣੀ ਸਿੱਧੀ ਸਾਦੀ ਮਾਲਵੇ ਦੀ ਬੋਲੀ ਅਜ ਤੱਕ ਮੇਰੀ ਜ਼ਬਾਨ ਉਪਰ ਸਵਾਰ ਹੈ। ਲਗਪਗ ਸਾਰੀ ਨੌਕਰੀ ਚੰਡੀਗੜ੍ਹ ਵਿਚ ਅਤੇ ਸੇਵਾ ਮੁਕਤੀ ਤੋਂ ਬਾਅਦ ਬਹੁਤਾ ਸਮਾਂ ਅਮਰੀਕਾ ਵਿਚ ਰਹਿਣ ਦੇ ਬਾਵਜੂਦ ਮੇਰੀ ਬੋਲੀ ਵਿਚ ਕੋਈ ਫ਼ਰਕ ਨਹੀਂ ਪਿਆ।

1940 ਵਿਚ ਪਿੰਡ ਰਾਮਪੁਰਾ ਦੇ ਪ੍ਰਾਇਮਰੀ ਸਕੂਲ 'ਚ ਦਾਖ਼ਲ ਹੋਇਆ। ਚਾਰੇ ਜਮਾਤਾਂ ਪੜ੍ਹਾਉਣ ਲਈ ਕੇਵਲ ਇਕ ਹੀ ਟੀਚਰ ਸੀ। ਉਸ ਦਾ ਨਾਂ ਪੰਡਤ ਬੀਰੂ ਰਾਮ ਸੀ। ਉਹ ਬਹੁਤ ਹੀ ਚੰਗਾ ਆਦਮੀ ਸੀ। ਐਡੇ ਵੱਡੇ ਪਿੰਡ ਵਿਚੋਂ ਥੋੜ੍ਹੇ ਜਿਹੇ ਹੀ ਵਿਦਿਆਰਥੀ ਪੜ੍ਹਨ ਆਉਂਦੇ ਸਨ। ਅਨਪੜ੍ਹਤਾ ਦਾ ਬੋਲਬਾਲਾ ਸੀ। ਖੇਤੀ ਕਰਨ ਵਾਲਿਆਂ ਲਈ ਵਿਦਿਆ ਫਜ਼ੂਲ ਸੀ। ਅਜਿਹੇ ਮਾਹੌਲ ਵਿਚ ਚੌਥੀ ਜਮਾਤ ਪਾਸ ਕਰਕੇ ਦੋ-ਚਾਰ ਲੜਕੇ ਹੀ ਮੰਡੀ ਫੂਲ ਦੇ ਸਰਕਾਰੀ ਹਾਈ ਸਕੂਲ ਵਿਚ ਪੁੱਜੇ ਸਨ।

ਹਾਈ ਸਕੂਲ ਵਿਚ ਗਿਣਵੇਂ ਵਿਦਿਆਰਥੀ ਹੀ ਨੇੜੇ ਦੇ ਪਿੰਡਾਂ ਤੋਂ ਆਉਂਦੇ ਸਨ। ਬਾਕੀ ਸਾਰੇ ਬੱਚੇ ਮੰਡੀ ਦੇ ਦੁਕਾਨਦਾਰਾਂ ਦੇ ਹੁੰਦੇ ਸਨ। ਪੰਜਵੀਂ ਤੋਂ ਦਸਵੀਂ ਤੱਕ ਪੜ੍ਹਦਿਆਂ ਮੈਂ ਸਭ ਤੋਂ ਲਾਇਕ ਤਾਂ ਨਹੀਂ ਸਾਂ ਪਰ ਅਧਿਆਪਕ ਮੈਨੂੰ ਚੰਗਿਆਂ ਵਿਚੋਂ ਇਕ ਜ਼ਰੂਰ ਸਮਝਦੇ ਸਨ। ਅੰਗਰੇਜ਼ੀ ਅਤੇ ਸਾਇੰਸ ਵਿਸ਼ੇ ਵਿਚ ਮੈਂ ਹਮੇਸ਼ਾ ਫਸਟ ਰਹਿੰਦਾ ਸੀ।

ਦੂਜਾ ਮਾਸਟਰ ਭਗਵਾਨ ਦਾਸ ਮੈਨੂੰ ਅਕਸਰ ਇਹ ਕਹਿੰਦੇ ਸਨ ਤੂੰ ਕਾਲਜ ਪ੍ਰੋਫੈਸਰ ਬਣ ਜਾਈਂ। ਹਰ ਰੋਜ਼ ਸਕੂਲ ਤੋਂ ਛੁੱਟੀ ਮਿਲਣ ਪਿੱਛੋਂ ਮੈਂ ਤੇਜ਼ੀ ਨਾਲ ਪੈਦਲ ਚਲਦਾ। ਘਰ ਪਹੁੰਚ ਕੇ ਕੁਝ ਖਾਣ ਪਿੱਛੋਂ ਸੀਰੀਆਂ ਸਾਂਝੀਆਂ ਨਾਲ ਮਿਲ ਕੇ ਖੇਤਾਂ ਤੋਂ ਪਸ਼ੂਆਂ ਲਈ ਪੱਠੇ ਲਿਆਉਂਦਾ ਅਤੇ ਫੇਰ ਹੱਥਾਂ ਨਾਲ ਮਸ਼ੀਨ ਚਲਾ ਕੇ ਪੱਠੇ ਕੁਤਰਨ ਵਿਚ ਸੀਰੀਆਂ ਦੀ ਮਦਦ ਕਰਦਾ। ਇਸ ਤਰ੍ਹਾਂ ਪਸ਼ੂਆਂ ਦੇ ਚਾਰੇ ਦਾ ਪੂਰਾ ਧਿਆਨ ਕਰਦਿਆਂ ਸ਼ਾਮ ਦੇ ਨੌਂ ਵੱਜ ਜਾਂਦੇ। ਬਿਜਲੀ ਨਾ ਹੋਣ ਕਰਕੇ ਮਿੱਟੀ ਦੇ ਤੇਲ ਵਾਲੇ ਲੈਂਪ ਵਿਚ ਸਕੂਲ ਦਾ ਦਿੱਤਾ ਹੋਇਆ ਕੰਮ ਬੜੀ ਮੁਸ਼ਕਲ ਨਾਲ ਮੁਕਾਉਂਦਾ। ਕੁਦਰਤ ਦੀ ਮਿਹਰਬਾਨੀ ਕਿ ਇਹੋ ਜਿਹੇ ਵਾਤਾਵਰਨ ਵਿਚ ਬਹੁਤ ਚੰਗੇ ਤਾਂ ਨਹੀਂ ਕੁਝ ਚੰਗੇ ਨੰਬਰਾਂ ਨਾਲ ਮੈਂ ਦਸਵੀਂ ਜਮਾਤ ਪਾਸ ਕਰ ਗਿਆ।

ਪਿੰਡ ਵਿਚੋਂ ਦਸਵੀਂ ਪਾਸ ਕਰਨ ਮਗਰੋਂ ਕਾਲਜ ਦੀ ਪੜ੍ਹਾਈ ਕਿਸੇ ਨੇ ਵੀ ਨਹੀਂ ਕੀਤੀ ਸੀ। ਬੈਂਕ ਦੀ ਨੌਕਰੀ ਕਰਨਾ ਜਾਂ ਪਟਵਾਰੀ ਲੱਗਣਾ ਠੀਕ ਸਮਝਿਆ ਜਾਂਦਾ ਸੀ। ਸੜਕਾਂ ਦੀ ਘਾਟ ਸੀ। ਰੇਲਵੇ ਰਾਹੀਂ ਪਟਿਆਲਾ ਸਾਡੇ ਲਈ ਸਾਰੀਆਂ ਥਾਵਾਂ ਨਾਲੋਂ ਸੌਖੀ ਜਗ੍ਹਾ ਸੀ। ਰਸਤੇ ਵਿਚ ਹੋਰ ਕੋਈ ਕਾਲਜ ਵੀ ਨਹੀਂ ਸੀ। ਮੇਰੇ ਅੱਗੇ ਪੜ੍ਹਨ ਦੇ ਸ਼ੌਕ ਨੂੰ ਮਹਿਸੂਸ ਕਰਦਿਆਂ ਮੇਰੇ ਮਾਂ ਬਾਪ ਨੇ ਮਾਇਕ ਮੁਸ਼ਕਲਾਂ ਹੁੰਦਿਆਂ ਵੀ ਮੈਨੂੰ ਪਟਿਆਲੇ ਭੇਜ ਦਿੱਤਾ। ਮਹਿੰਦਰਾ ਕਾਲਜ ਵਿਚ ਮੇਰਾ ਸਾਥ ਬਹੁਤ ਗ਼ਰੀਬ ਪ੍ਰੰਤੂ ਬਹੁਤ ਲਾਇਕ ਵਿਦਿਆਰਥੀਆਂ ਨਾਲ ਰਿਹਾ।

ਹਿਸਾਬ ਵਿਚ ਪ੍ਰੋਫੈਸਰ ਗੋਵਰਧਨ ਲਾਲ, ਪ੍ਰੋਫੈਸਰ ਸਰਵਨ ਸਿੰਘ, ਕੈਮਿਸਟਰੀ ਵਿਚ ਮੈਡਮ ਸਰਵਨ ਸਿੰਘ, ਫਿਜ਼ਿਕਸ ਵਿਚ ਪ੍ਰੋਫੈਸਰ ਭਾਰਤੀ ਅਤੇ ਪ੍ਰੋਫੈਸਰ ਬੀ.ਡੀ. ਸ਼ਰਮਾ ਮੇਰੇ ਬਹੁਤ ਸਤਿਕਾਰਯੋਗ ਅਧਿਆਪਕ ਸਨ। ਇਨ੍ਹਾਂ ਸਭ ਨੂੰ ਨੇੜਿਓਂ ਤੱਕਣ ਦਾ ਮੌਕਾ ਮਿਲਿਆ। ਮੇਰੇ ਅੰਦਰ ਕਾਲਜ ਅਧਿਆਪਕ ਬਣਨ ਦੀ ਇੱਛਾ ਨੇ ਘਰ ਬਣਾ ਲਿਆ।

ਪ੍ਰੋ. ਸਰਵਨ ਸਿੰਘ ਜੋ ਬਾਅਦ ਵਿਚ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਚੇਅਰਮੈਨ ਰਹੇ, 95 ਸਾਲ ਦੀ ਉਮਰ ਪੂਰੀ ਕਰਕੇ ਸੁਰਗਵਾਸ ਹੋ ਗਏ। ਉਹ ਪੰਦਰਾਂ ਸੈਕਟਰ ਵਿਚ ਮੇਰੇ ਮਕਾਨ ਦੇ ਨੇੜੇ ਹੀ ਰਹਿੰਦੇ ਸਨ, ਅਖੀਰ ਤੱਕ ਮੈਂ ਉਨ੍ਹਾਂ ਨੂੰ ਸਤਿਕਾਰ ਸਹਿਤ ਮਿਲਦਾ ਰਿਹਾ। ਨਿੱਘੀ ਜੱਫੀ ਦਾ ਲੁਤਫ ਉਠਾਂਦਾ ਰਿਹਾ ਅਤੇ ਨੇੜਿਓਂ ਤੱਕਦਾ ਰਿਹਾ।

ਪੜ੍ਹਨਾ-ਪੜ੍ਹਾਉਣਾ ਮੇਰੀ ਜ਼ਿੰਦਗੀ ਦਾ ਅਹਿਮ ਹਿੱਸਾ ਰਿਹਾ। ਇਸ ਨਾਲ ਸਬੰਧਤ ਹਰ ਸ਼ੈਅ ਨੂੰ ਨੇੜਿਓਂ ਤੱਕਣਾ ਮੇਰੇ ਲਈ ਜ਼ਰੂਰੀ ਰਿਹੈ। ਪਾਠਕ ਇਸ ਨੂੰ ਫਜ਼ੂਲ ਬਿਰਤਾਂਤ ਨਾ ਸਮਝਣ। ਇਹ ਮੇਰੇ ਹੱਡੀਂ ਰਚੇ ਅਹਿਸਾਸ ਦਾ ਪ੍ਰਗਟਾਵਾ ਹੈ। ਸਾਲ 1954 ਵਿਚ ਮੈਂ ਮੈਥ, ਫਿਜ਼ਿਕਸ ਅਤੇ ਅੰਗਰੇਜ਼ੀ ਨਾਲ ਬੀ.ਏ. ਕੀਤੀ। ਮੇਰੇ ਨੰਬਰਾਂ ਅਨੁਸਾਰ ਮੈਂ ਇਨ੍ਹਾਂ ਤਿੰਨਾਂ ਵਿਸ਼ਿਆਂ ਵਿਚੋਂ ਕਿਸੇ ਵਿਚ ਵੀ ਐਮ.ਏ. ਵਿਚ ਦਾਖ਼ਲਾ ਲੈ ਸਕਦਾ ਸਾਂ। ਫਿਜ਼ਿਕਸ ਦੀ ਐਮ.ਐਸਸੀ. ਲਈ ਮੈਂ ਅਲੀਗੜ੍ਹ ਯੂਨੀਵਰਸਿਟੀ ਚੁਣੀ। ਕੌਸਮਿਕ ਰੇਂਜ ਦੇ ਅੰਤਰ-ਰਾਸ਼ਟਰੀ ਵਿਗਿਆਨੀ ਪ੍ਰੋਫੈਸਰ ਪਿਆਰਾ ਸਿੰਘ ਗਿੱਲ ਉਥੇ ਵਿਭਾਗ ਦੇ ਮੁਖੀ ਸਨ। 1956 ਵਿਚ ਕਾਫੀ ਚੰਗੇ ਨੰਬਰ ਹਾਸਲ ਕਰਕੇ ਮੈਂ ਪਿੰਡ ਵਾਪਸ ਆ ਗਿਆ। ਮੈਨੂੰ ਖੁਸ਼ੀ ਸੀ ਕਿ ਮੈਂ ਨੇੜੇ-ਤੇੜੇ ਦੇ ਪਿੰਡਾਂ ਵਿਚੋਂ ਫਿਜ਼ਿਕਸ ਦਾ ਪਹਿਲਾ ਐਮ.ਐਸਸੀ. ਹਾਂ। ਕੁਦਰਤ ਦੀ ਕਮਾਲ (1950-56) ਦੌਰਾਨ ਸਾਡੇ ਇਲਾਕੇ ਵਿਚ ਬਹੁਤ ਚੰਗੀ ਬਾਰਸ਼ ਹੋਈ। ਸਾਡੀ ਬੰਜਰ ਧਰਤੀ ਨੂੰ ਭਾਗ ਲੱਗ ਗਏ। ਹਰ ਸਾਲ ਛੋਲਿਆਂ ਦੀ ਭਰਪੂਰ ਫ਼ਸਲ ਹੋਈ। ਮੇਰਾ ਹੋਸਟਲਾਂ ਵਿਚ ਰਹਿਣ ਦਾ ਅਤੇ ਫ਼ੀਸਾਂ ਦੇਣ ਦਾ ਖਰਚਾ ਨਿਰਵਿਘਨ ਪੂਰਾ ਹੁੰਦਾ ਰਿਹਾ।

'ਰੱਬ' ਦੀ ਹੋਂਦ ਜਾਂ ਨਾ ਹੋਂਦ ਬਾਰੇ ਪ੍ਰੋਫੈਸਰ ਮੋਹਨ ਸਿੰਘ ਚੇਤੇ ਆ ਗਿਆ। ਮੇਰੀ ਨਜ਼ਦੀਕ ਤੋਂ ਤੱਕੀ ਜ਼ਿੰਦਗੀ ਦੇ ਤਜਰਬੇ ਤੋਂ ਮੈਂ ਬੇ-ਝਿਜਕ ਕਹਿ ਸਕਦਾ ਹਾਂ ਕਿ ਨਾ ਤਾਂ ਮੈਂ ਲਾਈ ਲੱਗ ਮੋਮਨ ਹਾਂ ਅਤੇ ਨਾ ਖੋਜ ਕਰਨ ਪਿੱਛੋਂ ਕਾਫਰ ਹਾਂ। ਗਲੀਲੀਓ ਨੇ ਪਹਿਲੀ ਟੈਲੀਸਕੋਪ ਬਣਾਈ। ਉਸ ਦੀ ਵਰਤੋਂ ਨਾਲ ਜ਼ਮੀਨ ਗੋਲ ਮਹਿਸੂਸ ਕੀਤੀ। ਚਰਚ ਨੇ ਉਸ ਨੂੰ ਸਜ਼ਾ ਸੁਣਾ ਦਿੱਤੀ ਕਿ ਗਲੀਲੀਓ ਝੂਠ ਦਾ ਪ੍ਰਚਾਰ ਕਰ ਰਿਹਾ ਹੈ। ਗੁਰੂ ਨਾਨਕ ਦੇਵ ਨੇ ਉਸ ਤੋਂ ਲਗਭਗ ਦੋ-ਢਾਈ ਸੌ ਸਾਲ ਪਹਿਲਾਂ ਜਪੁਜੀ ਸਾਹਿਬ ਵਿਚ ਫਰਮਾਇਆ ਸੀ 'ਧਰਤੀ ਹੋਰੁ ਪਰੈ ਹੋਰੁ ਹੋਰੁ ਪਾਤਾਲਾ ਪਾਤਾਲ ਲਖ ਆਗਾਸਾ ਆਗਾਸ'।

ਮੇਰੀ ਹੈਰਾਨੀ ਦੀ ਹੱਦ ਹੋ ਗਈ। ਬਾਬੇ ਨਾਨਕ ਨੂੰ ਕੁਦਰਤ ਨੇ ਐਸੀ ਰੂਹਾਨੀ ਸੂਝ ਬਖਸ਼ੀ ਸੀ ਜੋ ਵਿਰਲਿਆਂ ਨੂੰ ਹੀ ਨਸੀਬ ਹੁੰਦੀ ਹੈ। ਮੇਰਾ ਗੁਰਬਾਣੀ ਰਾਹੀਂ ਦਰਸਾਈ ਅਪਾਰ ਸ਼ਕਤੀ ਵਿਚ ਯਕੀਨ ਹੋ ਗਿਆ। ਸ਼ੁਰੂ ਤੋਂ ਹੀ ਮੈਂ ਬਹੁਤ ਮਿਹਨਤੀ ਨਹੀਂ ਹਾਂ। ਇਸ ਲਈ ਗੁਰਬਾਣੀ ਦੀ ਡੂੰਘੀ ਵਿਚਾਰ ਨਹੀਂ ਕਰ ਸਕਿਆ। ਪ੍ਰੰਤੂ ਸਿੱਧੀਆਂ-ਸਾਦੀਆਂ ਤੁਕਾਂ ਵੀ ਇਤਨੀਆਂ ਅਰਥ ਭਰਪੂਰ ਹਨ ਕਿ ਇਹ ਕਹਿਣ ਨੂੰ ਦਿਲ ਕਰਦਾ ਹੈ 'ਧੁਰ ਕੀ ਬਾਣੀ ਆਈ ਤਿਸ ਸਗਲੀ ਚਿੰਤ ਮਿਟਾਈ।

ਅੱਜ-ਕੱਲ੍ਹ ਮਾਪਿਆਂ ਨੂੰ ਇਹ ਫ਼ਿਕਰ ਹੈ ਕਿ ਉਨ੍ਹਾਂ ਦੇ ਬੱਚਿਆਂ ਦਾ ਰੱਬ ਵਿਚ ਯਕੀਨ ਨਹੀਂ। ਕਈਆਂ ਨੂੰ ਬੱਚਿਆਂ ਵਿਚ ਧਾਰਮਿਕ ਰੁਚੀ ਬਿਲਕੁਲ ਪਸੰਦ ਨਹੀਂ। ਕਈ ਆਦਮੀ ਅਖੀਰਲੇ ਦਿਨ ਤੱਕ ਨਾਸਤਕ ਰਹਿੰਦੇ ਹਨ। ਗੁਰਬਾਣੀ ਦਾ ਕਥਨ ਹੈ

ਏਹੁ ਤਿਨ ਕੈ ਮਨਿ ਵਸਿਆ
ਜਿਨ ਧੁਰਹੁ ਲਿਖਿਆ ਆਇਆ।

ਸੋ ਕਿਸੇ ਨੂੰ ਮਜਬੂਰ ਕਰਨ ਦੀ ਲੋੜ ਨਹੀਂ। ਨਿਰਮਲ ਕੰਮ ਕਰਨ ਅਤੇ ਦਿਆਪੂਰਵਕ ਵਰਤਾਰੇ ਲਈ ਪ੍ਰੇਰਨਾ ਕਰਨਾ ਚੰਗੀ ਗੱਲ ਹੈ। ਪੁਰਬਲੇ ਕਰਮਾਂ ਵਿਚ ਕੋਈ ਯਕੀਨ ਕਰੇ ਜਾਂ ਨਾ ਕਰੇ ਸਭ ਦਾ ਆਪੋ ਆਪਣਾ ਨਜ਼ਰੀਆ ਹੈ। ਮੈਂ ਕਈ ਆਦਮੀਆਂ ਨੂੰ ਬਹੁਤ ਨੇੜਿਓਂ ਜਾਣਦਾ ਹਾਂ। ਜਿਹੜੇ ਬਹੁਤ ਈਮਾਨਦਾਰੀ ਨਾਲ ਮਿਹਨਤ ਕਰ ਕੇ ਆਪਣੇ ਬਿਜ਼ਨਸ ਵਿਚ ਮੁਨਾਫ਼ਾ ਨਹੀਂ ਕਮਾ ਸਕੇ। ਫਰਮਾਨ ਹੈ:

ਵਿਣ ਕਰਮਾ ਕਿਛ ਪਾਈਐ ਨਾਹੀ ਜੇ ਬਹੁਤੇਰਾ ਧਾਵੈ।।

ਇਸ ਕਥਨ ਅਨੁਸਾਰ ਇਹ ਕਰਮਾਂ ਦੀ ਖੇਡ ਹੈ। ਸਬਰ ਕਰੋ, ਗ਼ਮਗੀਨ ਨਾ ਹੋਵੋ, ਜੀਵਨ ਵਿਚ ਸਕੂਨ ਲਈ ਸੇਧ ਮਿਲਦੀ ਹੈ।

ਅਗਲੀ ਗੱਲ ਮੈਨੂੰ ਬਹੁਤ ਮਹਿਸੂਸ ਹੁੰਦੀ ਰਹੀ ਹੈ। ਜਾਣਕਾਰ ਮੈਨੂੰ ਇਸ ਗੱਲ ਦੇ ਜਵਾਬ ਲਈ ਪੁੱਛਦੇ ਰਹਿੰਦੇ ਹਨ। ਉਹ ਸਵਾਲ ਕਰਦੇ ਹਨ ਕਿ ਕਈ ਝੂਠੇ, ਫਰੇਬੀ, ਮੱਕਾਰ ਅਤੇ ਹੰਕਾਰੀ ਤਰੱਕੀਆਂ ਕਰ ਰਹੇ ਹਨ ਅਤੇ ਈਮਾਨਦਾਰ ਦੁੱਖ ਭੋਗ ਰਹੇ ਹਨ। ਐਸਾ ਕਿਉਂ ਹੈ? ਮੇਰਾ ਸੁਝਾਅ ਹੈ ਕਿ ਕਦੀ ਵੀ ਜੱਜਮੈਂਟਲ ਨਾ ਹੋਵੋ। ਕੁਦਰਤ ਦੀਆਂ ਖੇਡਾਂ ਦਾ ਅਨੰਦ ਮਾਣੋ। ਗੁਰਬਾਣੀ ਦਾ ਕਥਨ ਹੈ:

ਮਨ ਮੂਰਖ ਕਾਹੇ ਬਿਲ ਲਾਇਐ
ਪੁਰਬ ਲਿਖੇ ਕਾ ਲਿਖਿਆ ਪਾਈਐ।

ਅਜੀਬ ਇਤਫਾਕ ਨਾਲ ਇਕ ਦਿਨ ਮੈਥੋਂ ਕਾਫੀ ਸੀਨੀਅਰ ਅਤੇ ਬਹੁਤ ਲਾਇਕ ਇਕ ਫਿਜ਼ਿਕਸ ਦੇ ਪ੍ਰੋਫੈਸਰ ਮੇਰੇ ਘਰ ਆਏ। ਉਪਰਲੇ ਸਵਾਲ ਬਾਬਤ ਉਨ੍ਹਾਂ ਦੀ ਸਲਾਹ ਪੁੱਛੀ। ਉਹ ਕਹਿਣ ਲੱਗੇ ਕਿ ਮਹਾਭਾਰਤ ਦੀ ਲੜਾਈ ਦੇ ਉਘੇ ਨਾਇਕ ਧ੍ਰਿਤਰਾਸ਼ਟਰ ਨੇ ਭਗਵਾਨ ਕ੍ਰਿਸ਼ਨ ਨੂੰ ਪੁੱਛਿਆ, 'ਮਹਾਰਾਜ ਮੈਂ ਤਾਂ ਪਿਛਲੇ ਕਈ ਜਨਮਾਂ ਵਿਚ ਕਿਸੇ ਨਾਲ ਵੀ ਬੁਰਾਈ ਨਹੀਂ ਕੀਤੀ, ਫੇਰ ਭੀ ਮੈਂ ਅੰਨ੍ਹਾ ਕਿਉਂ ਹਾਂ? ਮੈਨੂੰ ਇਹ ਸਜ਼ਾ ਕਿਉਂ ਮਿਲੀ ਹੈ? ਕ੍ਰਿਸ਼ਨ ਜੀ ਨੇ ਕਿਹਾ ਕਿ ਭਗਵਾਨ ਦੀ ਕਿਰਪਾ ਸਦਕਾ ਮੈਨੂੰ ਤੇਰੇ ਜਾਣਨ ਵਾਲੇ ਜਨਮਾਂ ਤੋਂ ਭੀ ਪਹਿਲਾਂ ਦੇ ਜਨਮਾਂ ਦਾ ਗਿਆਨ ਹੈ। ਤੂੰ ਇਕ ਪੰਛੀ ਦੀਆਂ ਅੱਖਾਂ ਗੁਲੇਲ ਨਾਲ ਬਾਹਰ ਕੱਢੀਆਂ ਸਨ। ਇਹ ਬਿਰਤਾਂਤ ਕਿੱਥੋਂ ਤੱਕ ਸੱਚਾ ਹੈ ਪਾਠਕ ਆਪ ਹੀ ਜਾਨਣ। ਪ੍ਰੰਤੂ ਜੀਵਨ ਵਿਚ ਸਹਿਜ, ਖਿਮਾ ਅਤੇ ਦਿਆ ਲਈ ਉਤਸ਼ਾਹਤ ਕਰਨ ਲਈ ਸਹਾਈ ਹੋਵੇਗਾ। ਚੰਗੇ, ਮੰਦੇ ਕੰਮਾਂ ਦਾ ਅੱਜ ਨਹੀਂ ਤਾਂ ਕੱਲ੍ਹ ਲੇਖਾ ਦੇਣਾ ਹੀ ਪਵੇਗਾ।

ਮੈਂ ਜ਼ਿੰਦਗੀ ਦੇ ਲੰਮੇ ਅਰਸੇ ਵਿਚ ਕਈ ਹਿੰਮਤ ਵਾਲੇ ਬੰਦਿਆਂ ਨੂੰ ਸੁਣਿਆ ਅਤੇ ਪੜ੍ਹਿਆ ਹੈ। ਜਿਹੜੇ ਕਹਿੰਦੇ ਰਹੇ 'ਹੱਥ ਰੇਖਾ ਦੀ ਚਿੰਤਾ ਨਾ ਕਰੋ ਹੱਥ ਸਿਰਜਣਹਾਰ ਨੇ ਤਕਦੀਰ ਦੇ।

ਬੇਹਿੰਮਤੇ ਜੋ ਹੁੰਦੇ ਸ਼ਿਕਵੇ ਕਰਨ ਮੁਕੱਦਰਾਂ ਦੇ
ਉੱਗਣ ਵਾਲੇ ਉੱਗ ਹੀ ਪੈਂਦੇ ਨੇ ਸੀਨੇ ਪਾੜ ਕੇ ਪੱਥਰਾਂ ਦੇ।

ਉਨ੍ਹਾਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਚੋਂ ਇਕ ਦੋ ਨੂੰ ਛੱਡ ਕੇ ਮੈਂ ਕਿਸੇ ਨੂੰ ਭੀ ਕਾਮਯਾਬੀ ਦੀ ਪੌੜੀ ਚੜ੍ਹਿਆ ਨਹੀਂ ਦੇਖਿਆ। ਬਹੁਤੇ ਖਾਕ ਛਾਣਦੇ ਹੀ ਅਲਵਿਦਾ ਕਹਿ ਗਏ। ਇਸ ਵਰਤਾਰੇ ਨੇ ਮੈਨੂੰ ਕੁਦਰਤ ਵਲੋਂ ਖੇਡੀ ਜਾ ਰਹੀ ਖੇਡ ਵਿਚ ਇਤਮੀਨਾਨ ਨਾਲ ਜ਼ਿੰਦਗੀ ਬਸਰ ਕਰਨ ਅਤੇ ਕੁਦਰਤ ਦੇ ਭਾਣੇ ਵਿਚ ਅਡੋਲ ਰਹਿਣ ਲਈ ਪ੍ਰੇਰਿਆ ਹੈ। ਮੈਂ ਪਰਵਰਦਿਗਾਰ ਦਾ ਸ਼ੁਕਰਗੁਜ਼ਾਰ ਹਾਂ।

ਸੂਝਵਾਨ ਪਾਠਕਾਂ ਨੂੰ ਬਹੁਤ ਗਹਿਰਾਈਆਂ ਵਿਚ ਜਾਣ ਦੀ ਲੋੜ ਨਹੀਂ। ਕਿਸੇ ਕਿਸਮ ਦੀ ਸ਼ਕਤੀ ਸਿੱਧੀ ਨਜ਼ਰ ਨਹੀਂ ਆਉਂਦੀ। ਕਦੀ ਭੀ ਕਿਸੇ ਨੇ ਆਵਾਜ਼, ਬਿਜਲੀ, ਗਰਮੀ, ਰੇਡੀਓ ਵੇਵਜ਼, ਅਲਟਰਾ ਵਾਇਲਟ ਰੇਜ਼, ਇਨਫਰਾਰੈਡ ਰੇਜ਼ ਅਤੇ ਕੌਸਮਿਕ ਰੇਜ਼ ਨਹੀਂ ਦੇਖੀਆਂ, ਇਨ੍ਹਾਂ ਦੇ ਅਸਰ ਹੀ ਦੇਖਦੇ ਹਾਂ। ਇਸੇ ਤਰ੍ਹਾਂ ਕੁਦਰਤ ਨੂੰ ਭੀ ਉਸ ਦੇ ਕ੍ਰਿਸ਼ਮਿਆਂ ਤੋਂ ਹੀ ਜਾਣਿਆ ਜਾਂਦਾ ਹੈ। ਇਸ ਕੁਦਰਤ ਨੂੰ ਅਤਿਅੰਤ ਸ਼ਕਤੀ ਕਿਸ ਨੇ ਬਖਸ਼ੀ ਹੈ? ਗੁਰੂ ਨਾਨਕ ਦਾ ਫਰਮਾਨ ਹੈ

ਬਲਿਹਾਰੀ ਕੁਦਰਤਿ ਵਸਿਆ।
ਤੇਰਾ ਅੰਤ ਨਾ ਜਾਈ ਲਖਿਆ॥

ਕੁਦਰਤ ਦੀਆਂ ਖੇਡਾਂ ਦੀ ਖੋਜ ਕਰਕੇ ਡਾਕਟਰ ਅਤੇ ਸਾਇੰਸਦਾਨ ਜ਼ਿੰਦਗੀ ਨੂੰ ਸੁਖਾਵੀਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪ੍ਰੰਤੂ ਕੋਈ ਭੀ ਕੁਦਰਤ 'ਤੇ ਜਿੱਤ ਹਾਸਲ ਨਹੀਂ ਕਰ ਸਕੇਗਾ। ਬਰਤਨ ਸਾਫ਼ ਕਰਨ ਅਤੇ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਵਿਚ ਬਹੁਤ ਕੋਸ਼ਿਸ਼ ਬਾਅਦ ਵੀ ਹਲਦੀ ਅਤੇ ਮਸਾਲਿਆਂ ਦੇ ਦਾਗ਼ ਮਿਟਾਏ ਨਹੀਂ ਜਾ ਸਕਦੇ। ਕੁਦਰਤ ਵਲੋਂ ਬਖਸ਼ੀਆਂ ਧੁੱਪ ਦੀਆਂ ਅਲਟਰਾ ਵਾਇਲਟ ਰੇਜ਼ ਮਿੰਟਾਂ ਵਿਚ ਹੀ ਧੱਬੇ ਸਾਫ ਕਰ ਦਿੰਦੀਆਂ ਹਨ। ਅੱਜ ਤੱਕ ਆਦਮੀ ਵਲੋਂ ਬਣਾਈਆਂ ਸ਼ਕਤੀਸ਼ਾਲੀ ਮਸ਼ੀਨਾਂ ਭੀ ਸੂਰਜ ਦੀ ਅਤੇ ਕੌਸਮਿਕ ਰੇਜ਼ ਦੀ ਸ਼ਕਤੀ ਦਾ ਮੁਕਾਬਲਾ ਨਹੀਂ ਕਰ ਸਕਦੀਆਂ।

ਨੇੜਿਓਂ ਤੱਕੀ ਜ਼ਿੰਦਗੀ ਨੇ ਸ਼ਕਤੀਸ਼ਾਲੀ ਕੁਦਰਤ ਵਿਚ ਵਸੇ ਪਰਵਰਦਗਾਰ ਵਿਚ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਹੈ। ਇਸ ਜੀਵਨ ਵਿਚ ਬੱਚਾ ਸਭ ਤੋਂ ਪਹਿਲਾਂ ਆਪਣੀ ਮਾਂ ਅਤੇ ਦਾਈ ਨੂੰ ਤੱਕਦਾ ਹੈ। ਮਰਦ ਅਤੇ ਔਰਤ ਦਾ ਸਬੰਧ ਦੁਨੀਆ ਦੇ ਰਿਸ਼ਤਿਆਂ ਵਿਚੋਂ ਸਭ ਤੋਂ ਅਹਿਮ ਹੈ। ਨੱਬਿਆਂ ਵਿਚ ਪਹੁੰਚ ਕੇ ਵੀ ਇਸ ਰਿਸ਼ਤੇ ਨੂੰ ਬਹੁਤ ਰੀਝ ਅਤੇ ਸਤਿਕਾਰ ਨਾਲ ਦੇਖ ਰਿਹਾ ਹਾਂ। ਮੇਰੀ ਜਾਣ-ਪਛਾਣ ਦਾ ਦਾਇਰਾ ਬਹੁਤ ਵਸੀਹ ਨਹੀਂ ਫੇਰ ਵੀ ਇਸ ਦੀ ਨਿੱਕੀ ਜਿਹੀ ਦੁਨੀਆ ਵਿਚ ਵੰਨ-ਸੁਵੰਨਤਾ ਨਾਲ ਭਰਪੂਰ ਇਕ ਵਿਸ਼ਾਲ ਦੁਨੀਆ ਹੈ। ਨੇੜਿਓਂ ਤੱਕਣ ਦੀ ਰੁਚੀ ਬਚਪਨ ਵਿਚ ਹੀ ਮੇਰੇ ਨਸੀਬ 'ਚ ਆ ਗਈ ਸੀ। ਮੇਰੇ ਬੇਬੇ ਜੀ (ਮੇਰੀ ਮਾਂ) ਬਾਣੀ ਦੇ ਰਸੀਏ ਸਨ। ਕਾਫ਼ੀ ਕੁਝ ਉਨ੍ਹਾਂ ਨੂੰ ਜ਼ਬਾਨੀ ਯਾਦ ਸੀ। ਪਿੰਡ ਦੀਆਂ ਕਈ ਕੁੜੀਆਂ ਨੇ ਆਦਿ ਗਰੰਥ ਦਾ ਪਾਠ ਸਾਡੇ ਘਰ ਆ ਕੇ ਉਨ੍ਹਾਂ ਦੀ ਨਿਗਰਾਨੀ ਵਿਚ ਕੀਤਾ ਸੀ। ਬੇਬੇ ਜੀ ਦਾ ਤਲੱਫਜ਼ ਕਮਾਲ ਦਾ ਸੀ। ਸਹਿਜ ਸੁਭਾਅ ਹੀ ਮੇਰੇ ਕੰਨਾਂ ਵਿਚ ਉਨ੍ਹਾਂ ਦੇ ਸ਼ਬਦ ਅੱਜ ਤੱਕ ਗੁਣਗੁਣਾ ਰਹੇ ਹਨ। ਇਨ੍ਹਾਂ ਸਾਰੀਆਂ ਲੜਕੀਆਂ, ਮੇਰੀਆਂ ਵੱਡੀਆਂ ਭੈਣਾਂ ਅਤੇ ਆਂਢ-ਗੁਆਂਢ ਦੀਆਂ ਔਰਤਾਂ ਦਾ ਮੇਰੇ ਮਨ 'ਤੇ ਚੰਗਾ ਪ੍ਰਭਾਵ ਹੈ। ਗ਼ਰੀਬ-ਗ਼ੁਰਬੇ ਤੋਂ ਲੈ ਕੇ ਰੱਜੇ-ਪੁੱਜੇ ਘਰਾਂ ਤੱਕ ਦੀਆਂ ਔਰਤਾਂ ਬੰਦਿਆਂ ਨਾਲੋਂ ਵੱਧ ਕੰਮ ਕਰਦੀਆਂ ਦੇਖੀਆਂ। ਜੇ ਕਦੇ ਲਗਾਤਾਰ ਕਈ-ਕਈ ਦਿਨ ਬਾਰਿਸ਼ ਹੋਣੀ ਤਾਂ ਚੁੱਲ੍ਹੇ ਵਿਚ ਗਿੱਲੀਆਂ ਛਟੀਆਂ ਅਤੇ ਗਿੱਲੀਆਂ ਲੱਕੜਾਂ ਦੇ ਧੂੰਏਂ ਵਿਚ ਅੱਖਾਂ ਮਲਦੀਆਂ ਪਰ ਫੇਰ ਵੀ ਖੁਸ਼ੀ ਖੁਸ਼ੀ ਪਰਿਵਾਰ ਦੀ ਸੇਵਾ ਕਰਦੀਆਂ ਦੇਖੀਆਂ। ਹਰ ਘਰ ਵਿਚ ਇਸਤਰੀ ਸਭ ਤੋਂ ਪਹਿਲਾਂ ਜਾਗਦੀ ਹੈ ਅਤੇ ਸਭ ਤੋਂ ਪਿੱਛੋਂ ਬਿਸਤਰੇ ਵਿਚ ਪਹੁੰਚਦੀ ਹੈ। ਔਰਤ ਜਾਤੀ ਨੂੰ ਮੇਰਾ ਸਲਾਮ!

ਰੀਝ ਨਾਲ ਤੱਕਣ ਪਿੱਛੋਂ ਇਨ੍ਹਾਂ ਔਰਤਾਂ ਵਿਚ ਕੁਝ ਖਾਮੀਆਂ ਵੀ ਦੇਖੀਆਂ। ਪਤਾ ਨਹੀਂ ਕਿਉਂ ਨੂੰਹਾਂ ਨਾਲ ਬਹੁਤ ਘੱਟ ਇਸਤਰੀਆਂ ਦਾ ਵਤੀਰਾ ਚੰਗਾ ਹੈ! ਪੁੱਤਾਂ ਵਿਚ ਵੀ ਇਕੋ ਜਿਹਾ ਪਿਆਰ ਵੰਡ ਨਹੀਂ ਸਕਦੀਆਂ। ਪੁੱਤ ਨੂੰਹ ਦੇ ਪਿਆਰ ਨੂੰ ਈਰਖਾ ਦੀ ਪਾਣ ਅਧੀਨ ਹੀ ਦੇਖਦੀਆਂ ਹਨ। ਕਾਲਜ ਅਧਿਆਪਕ ਹੁੰਦਿਆਂ ਇਸਤਰੀਆਂ ਨੂੰ ਵਿਦਿਆਰਥੀਆਂ ਦੀ ਹੈਸੀਅਤ ਵਿਚ ਸਹਿ-ਕਰਮੀਆਂ ਅਤੇ ਪ੍ਰਿੰਸੀਪਲਾਂ ਦੀ ਪੁਜ਼ੀਸ਼ਨ ਵਿਚ ਬਹੁਤ ਨਜ਼ਦੀਕ ਤੋਂ ਤੱਕਿਆ। ਮਾਮੂਲੀ ਕਮਜ਼ੋਰੀਆਂ ਨੂੰ ਨਜ਼ਰ-ਅੰਦਾਜ਼ ਕਰਨਾ ਮੈਨੂੰ ਚੰਗਾ ਲੱਗਦਾ ਹੈ। ਇਸ ਤੋਂ ਬਾਅਦ ਇਨ੍ਹਾਂ ਸਭ ਦੀ ਬੱਲੇ ਬੱਲੇ। ਵਧੀਆ ਰਿਸ਼ਤਿਆਂ ਦੇ ਬਾਵਜੂਦ ਗਲਤ-ਫਹਿਮੀਆਂ ਦੀ ਭਰਮਾਰ ਦੇਖੀ। ਕੁਝ ਹੱਦ ਤੱਕ ਥੋੜ੍ਹੀ ਬਹੁਤ ਸਚਾਈ ਵੀ ਹੁੰਦੀ ਹੈ, ਜੋ ਦੇਖਣ 'ਚ ਨਹੀਂ ਆਉਂਦੀ ਕਿਉਂਕਿ ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ।

ਇਹੀ ਗੱਲ ਵਰਜਤ ਜਿਨਸੀ ਸਬੰਧਾਂ 'ਤੇ ਢੁਕਦੀ ਹੈ। ਇਹ ਸਬੰਧ ਕਾਮ ਤ੍ਰਿਪਤੀ ਲਈ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਬਣਾਏ ਜਾਂਦੇ ਹਨ। ਬੰਦਾ ਹਮੇਸ਼ਾ ਸੌਖਾ ਰਾਹ ਅਖ਼ਤਿਆਰ ਕਰਦਾ ਹੈ। ਇਸ ਕਿਰਿਆ ਦੀ ਪੂਰਤੀ ਲਈ ਬਾਹਰ ਜਾਣ ਤੋਂ ਘਬਰਾਉਂਦਾ ਹੈ। ਬਹੁਤ ਵੇਰ ਕੋਈ ਆਜਜ਼ੀ ਮਜਬੂਰੀ ਜਾਂ ਲਾਲਚ ਅਤੇ ਡਰ ਅਧੀਨ ਇਸ ਨਾਜਾਇਜ਼ ਸਬੰਧ ਨੂੰ ਸਵੀਕਾਰ ਕੀਤਾ ਜਾਂਦਾ ਹੈ।

ਇਕ ਨਿੱਕੀ ਜਿਹੀ ਘਟਨਾ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ। ਹਰਕੇਸ਼ ਸਿੰਘ ਸਿੱਧੂ ਚੰਗੇ, ਥੋੜ੍ਹੇ ਅੱਖੜ ਪਰੰਤੂ ਸਾਹਿਤਕ ਰੁਚੀ ਵਾਲੇ ਸੇਵਾਮੁਕਤ ਆਈ.ਏ.ਐਸ. ਅਫਸਰ ਹਨ। ਨੌਕਰੀ ਕਰਨ ਤੋਂ ਪਹਿਲਾਂ ਉਹ ਨਾਨਕੇ ਪਿੰਡ ਸਰਪੰਚ ਰਹੇ ਸਨ। ਇਕ ਦਿਨ ਸਵੇਰੇ ਉਨ੍ਹਾਂ ਕੋਲ ਇਕ ਆਦਮੀ ਆਇਆ। ਉਹ ਕਹਿਣ ਲੱਗਾ, ਮੈਨੂੰ ਮੇਰੇ ਵੱਡੇ ਭਰਾ ਨਾਲੋਂ ਵੱਖ ਕਰ ਦਿਓ। ਬੇਸ਼ੱਕ ਮੈਂ ਛੜਾ ਹਾਂ ਪਰ ਮੇਰਾ ਵੱਡੇ ਭਰਾ ਨਾਲ ਨਿਭਾਅ ਨਹੀਂ ਹੁੰਦਾ। ਪੰਚਾਇਤ ਇਕੱਠੀ ਹੋ ਗਈ। ਥੋੜ੍ਹੀ ਦੇਰ ਵਿਚ ਇਕ ਔਰਤ (ਵੱਡੇ ਭਰਾ ਦੀ ਪਤਨੀ) ਆ ਗਈ। ਉਹ ਕਹਿਣ ਲੱਗੀ ਇਸ ਨੂੰ ਜ਼ਮੀਨ ਜ਼ਰੂਰ ਵੰਡ ਦਿਓ ਪਰ ਜਿਹੜੇ ਬੱਚੇ ਇਸ ਨੇ ਮੇਰੇ ਨਾਲ ਪੈਦਾ ਕੀਤੇ ਹਨ, ਉਹ ਵੀ ਇਹਨੂੰ ਦੇ ਦਿਓ। ਪੰਚਾਇਤ ਵਿਚ ਸੰਨਾਟਾ ਛਾ ਗਿਆ ਅਤੇ ਉਹ ਜ਼ਮੀਨ ਵੰਡਾਉਣ ਵਾਲਾ ਚੁਪ ਕਰਕੇ ਖਿਸਕ ਗਿਆ। ਉਹ ਸਿੱਧੀ ਸਾਦੀ ਤ੍ਰੀਮਤ ਸਭ ਨੂੰ ਬਹੁਤ ਬਲਵਾਨ ਅਤੇ ਧੜੱਲੇਦਾਰ ਨਜ਼ਰ ਆਈ।

ਨਾਜਾਇਜ਼ ਜਾਂ ਵਰਜਿਤ ਜਿਨਸੀ ਸਬੰਧਾਂ ਬਾਬਤ ਕਈ ਘਟਨਾਵਾਂ ਮੈਂ ਨੇੜਿਓਂ ਤੱਕੀਆਂ ਹਨ। ਕੁਝ ਵਿਅਕਤੀਆਂ ਨੇ ਖ਼ੂਬਸੂਰਤ ਮੋੜ ਦੇ ਕੇ ਇਨ੍ਹਾਂ ਨੂੰ ਸੁਲਝਾ ਲਿਆ ਤੇ ਕਈਆਂ ਨੇ ਇਨ੍ਹਾਂ ਨੂੰ ਬਣਾਈ ਰੱਖ ਕੇ ਘਰ ਬਰਬਾਦ ਕਰ ਲਏ।

ਪਤੀ-ਪਤਨੀ ਦਾ ਸਬੰਧ ਇਕ ਨਿਰਾਲੀ ਖੇਡ ਹੈ। ਮੇਰੇ ਵਾਕਿਫਾਂ ਵਿਚੋਂ ਬਹੁਤ ਜੋੜੇ ਇਕ ਦੂਜੇ ਲਈ ਵਫ਼ਾਦਾਰ ਹਨ। ਉਹ ਸੁਖਾਵੀਂ ਅਤੇ ਸੁਧਰੀ ਜ਼ਿੰਦਗੀ ਬਸਰ ਕਰ ਰਹੇ ਹਨ। ਫੇਰ ਵੀ ਹਰ ਪਤਨੀ ਨੂੰ ਆਪਣਾ ਪਤੀ ਥੋੜ੍ਹਾ ਬਹੁਤ ਸਹਿਜ ਵਿਹੂਣਾ ਨਜ਼ਰ ਆਉਂਦਾ ਹੈ। ਇਕ ਗੱਲ ਯਾਦ ਆ ਗਈ। ਮੇਰੇ ਸ਼ੁਭ ਚਿੰਤਕ, ਮੈਥੋਂ ਕਾਫ਼ੀ ਸੀਨੀਅਰ ਅਤੇ ਬਹੁਤ ਸੂਝਵਾਨ ਪ੍ਰੋਫੈਸਰ ਕੋਲੋਂ ਮੈਂ ਇਕ ਕਿਤਾਬ ਲੈਣ ਚਲਾ ਗਿਆ। ਉਹ ਬਹੁਤ ਖੁਸ਼ ਹੋਏ। ਉਚੀ ਆਵਾਜ਼ ਵਿਚ ਉਨ੍ਹਾਂ ਆਪਣੀ ਪਤਨੀ ਨੂੰ ਸਤਿਕਾਰ ਨਾਲ ਪੁਕਾਰਿਆ ਅਤੇ ਚਾਹ ਬਣਾਉਣ ਲਈ ਕਿਹਾ। ਥੋੜ੍ਹੀ ਦੇਰ ਬਾਅਦ ਬੀਬੀ ਚਾਹ ਲੈ ਕੇ ਆ ਗਈ। ਪ੍ਰੋਫੈਸਰ ਸਾਹਿਬ ਕਿਤਾਬ ਭਾਲਣ ਲੱਗ ਗਏ। ਧੀਮੀ ਜਿਹੀ ਆਵਾਜ਼ ਵਿਚ ਬੀਬੀ ਮੇਰੇ ਕੰਨਾਂ ਕੋਲ ਮੂੰਹ ਕਰ ਕੇ ਕਹਿਣ ਲੱਗੀ 'ਇਨ੍ਹਾਂ ਨੇ ਧੁੱਪ ਵਿਚ ਹੀ ਵਾਲ ਸਫੈਦ ਕੀਤੇ ਹਨ। ਇਨ੍ਹਾਂ ਨੂੰ ਕਿਸੇ ਚੀਜ਼ ਦਾ ਪਤਾ ਨਹੀਂ'। ਮੈਨੂੰ ਬਾਅਦ ਵਿਚ ਪਤਾ ਲੱਗਿਆ ਕਿ ਉਹ ਬੀਬੀ ਕੋਰੀ ਅਨਪੜ੍ਹ ਸੀ।

ਔਰਤਾਂ ਦੀਆਂ ਇਨ੍ਹਾਂ ਵਿਸ਼ੇਸ਼ਤਾਈਆਂ ਅਤੇ ਨਾਲ ਹੀ ਕੁਝ ਚਤਰਾਈਆਂ ਦੇਖਣ ਪਿੱਛੋਂ ਮਰਦ ਔਰਤ ਦੇ ਸਬੰਧਾਂ ਨੂੰ ਢੁਕਵੇਂ ਸ਼ਬਦਾਂ ਵਿਚ ਬਿਆਨ ਕਰਨ ਲਈ ਮੈਨੂੰ ਅਸਮਰੱਥਾ ਮਹਿਸੂਸ ਹੋਈ। ਕੁਦਰਤ ਦੀ ਕਮਾਲ!

ਸ਼ਿਵ ਕੁਮਾਰ ਬਟਾਲਵੀ ਨੇ ਤਾਰਿਆਂ ਤੋਂ ਜ਼ਮੀਨ 'ਤੇ ਆ ਕੇ ਮੇਰੇ ਮੋਢਿਆਂ 'ਤੇ ਹੱਥ ਰੱਖ ਦਿੱਤੇ। ਉਸ ਨੂੰ ਨਰ ਨਾਰੀ ਦੇ ਸਬੰਧਾਂ ਦਾ ਰੱਬੀ ਅਲਹਾਮ ਸੀ। ਜੋਬਨ ਰੁੱਤੀਂ ਮਰਨ ਤੋਂ ਪਹਿਲਾਂ ਹੀ ਬਿਆਨ ਕਰ ਗਿਆ। ਮੈਂ ਨੱਬਿਆਂ ਸਾਲਾਂ ਵਿਚ ਮਹਿਸੂਸ ਕੀਤਾ। ਉਹ ਤਾਂ ਇਕ ਫਕੀਰ ਅਤੇ ਨਦੀਓਂ ਵਿਛੜਿਆ ਨੀਰ ਸੀ। ਸ਼ਰਾਬ ਦੀ ਚੰਦਰੀ ਆਦਤ ਨੇ ਸਾਡੇ ਕੋਲੋਂ ਇਕ ਹੀਰਾ ਭਰ ਜਵਾਨੀ ਖੋਹ ਲਿਆ। ਮੇਰੇ ਜਜ਼ਬਾਤ ਦੀ ਤਰਜਮਾਨੀ ਉਸ ਦੇ ਇਹ ਸ਼ਬਦ ਕਰਦੇ ਹਨ:

ਇਸ ਧਰਤੀ 'ਤੇ ਹਰ ਨਾਰੀ ਹੀ ਲੂਣਾ ਹੈ
ਹਰ ਨਾਰੀ ਦਾ ਨਰ ਸੁਹਜ ਵਿਹੂਣਾ ਹੈ
ਹਰ ਨਾਰੀ ਦਾ ਬੁੱਤ ਮੁਹੱਬਤੋਂ ਊਣਾ ਹੈ
ਪਿਆਰ ਘਾਟ ਦਾ ਹਰ ਘਰ ਵਿਚ ਟੂਣਾ ਹੈ..।

ਜੇ ਕਿਸੇ ਪਾਠਕ ਨੇ ਲੂਣਾ ਨਹੀਂ ਪੜ੍ਹੀ ਤਾਂ ਜ਼ਰੂਰ ਪੜ੍ਹੇ।

ਸਾਹਿਤ ਵੱਲ ਮੇਰੀ ਰੁਚੀ ਤਾਂ ਹੈ ਪਰ ਛੇਤੀ ਥੱਕਣ ਵਾਲਾ ਹੋਣ ਕਰਕੇ ਓਨਾ ਕੁਝ ਪੜ੍ਹ ਨਾ ਸਕਿਆ, ਜਿੰਨਾ ਮੈਨੂੰ ਸ਼ੌਂਕ ਸੀ। ਫੇਰ ਵੀ ਚੰਗੀਆਂ ਕਹਾਣੀਆਂ ਵਾਲੀਆਂ ਕੁਝ ਕਿਤਾਬਾਂ ਪੜ੍ਹੀਆਂ। ਪਤਾ ਨਹੀਂ ਇਕ ਨੁਕਤਾ ਕਿਸੇ ਵੀ ਆਲੋਚਕ ਨੇ ਕਦੇ ਕਿਉਂ ਨਹੀਂ ਉਠਾਇਆ। ਕਈ ਕਹਾਣੀਆਂ ਨੂੰ ਅਸਰਦਾਰ

***(ਬਾਕੀ ਅਗਲੇ ਸਫੇ 'ਤੇ)***

# 'ਸੱਚ-ਯੁਗ' ਤੋਂ ਬਾਅਦ ਦਾ ਯੁਗ

## ( Post-Truth Era)

ਔਕਸਫੋਰਡ ਇੰਗਲਿਸ਼ ਡਿਕਸ਼ਨਰੀ ਵਾਲੇ ਹਰ ਸਾਲ, ਇੱਕ ਨਵਾਂ ਸ਼ਬਦ ਸਿਰਜਦੇ ਜਾਂ ਅਪਣਾਉਂਦੇ ਹਨ, ਜੋ ਸੰਸਾਰ ਦੇ ਪ੍ਰਚੱਲਿਤ ਅੰਦਾਜ਼, ਸ਼ੈਲੀ, ਲੋਕਾਚਾਰ ਜਾਂ ਇਸ ਦੀ ਕਿਸੇ ਸਮਕਾਲੀ ਵਿਸ਼ੇਸ਼ਤਾ ਦੀ ਤਰਜਮਾਨੀ ਕਰਦਾ ਹੈ। ਇਹ ਸ਼ਬਦ, ਮੌਕੇ ਦੇ ਸਭਿਆਚਾਰਕ, ਰਾਜਨੀਤਕ, ਸਮਾਜਿਕ ਜਾਂ ਹੋਰ ਖੇਤਰਾਂ ਦੀ ਦਸ਼ਾ ਅਤੇ ਦਿਸ਼ਾ ਦਾ ਪ੍ਰਤੀਕ ਹੁੰਦਾ ਹੈ ਅਤੇ ਇੱਕ ਸ਼ਬਦ ਹੁੰਦਿਆਂ ਹੋਇਆਂ ਵੀ, ਇਹ ਇੱਕ ਪਰਿਭਾਸ਼ਾ ਦਾ ਕੰਮ ਕਰਦਾ ਹੈ। ਇਸ ਪ੍ਰਥਾ ਅਨੁਸਾਰ ਇਨ੍ਹਾਂ ਨੇ 2016 'ਚ 'ਪੋਸਟ-ਟਰੁੱਥ' (Post-Truth) ਨੂੰ ਆਪਣਾ 'ਵਰਡ ਆਫ਼ ਦਾ ਈਅਰ' ਘੋਸ਼ਿਤ ਕੀਤਾ। ਇਸ ਦੀ ਪਰਿਭਾਸ਼ਾ ਹੈ: 'ਓਹ ਯੁੱਗ ਜਿਸ 'ਚ ਜਨ-ਮੱਤ ਬਣਾਉਣ ਜਾਂ ਬਦਲਣ ਲਈ, ਅਸਲੀਅਤ ਅਤੇ ਸੱਚ ਦੀ ਬਜਾਇ, ਜਜ਼ਬਾਤਾਂ ਅਤੇ ਨਿਜੀ ਮਾਨਤਾਵਾਂ ਨੂੰ ਟੁੰਬਣ ਵਾਲੀਆਂ ਅਪੀਲਾਂ ਕਿਤੇ ਵੱਧ ਅਸਰਦਾਰ ਹੁੰਦੀਆਂ ਹਨ।' ਇਸ ਗੱਲ ਨੂੰ ਦਸ ਸਾਲ ਹੋਣ ਲੱਗੇ ਹਨ, ਭਾਵ ਕਿ ਅੱਜ ਅਸੀਂ 'ਸੱਚ-ਯੁਗ ਤੋਂ ਬਾਅਦ ਦੇ ਯੁਗ' (ਪੋਸਟ-ਟਰੁੱਥ ਇਰਾ) 'ਚ ਵਿਚਰ ਰਹੇ ਹਾਂ।

'ਪੋਸਟ-ਟਰੁੱਥ' (Post-Truth) ਸ਼ਬਦ ਦੀ ਸਿਰਜਣਾ

**ਇੰਜ. ਈਸ਼ਰ ਸਿੰਘ**
**ਫੋਨ: 647 640 2014**

ਦਾ ਇਹ ਮਤਲਬ ਵੀ ਨਹੀਂ ਕਿ ਇਹ ਕੋਈ ਨਵਾਂ ਵਰਤਾਰਾ ਹੈ। ਸੱਚ ਦਾ ਝੂਠ ਅਤੇ ਝੂਠ ਦਾ ਸੱਚ, ਹਰ ਯੁਗ 'ਚ ਬਣਾਇਆ ਜਾਂਦਾ ਰਿਹਾ ਹੈ। ਇਨ੍ਹਾਂ ਦੀ ਮਾਤਰਾ ਵੱਧ-ਘੱਟ ਕਰ ਕੇ, ਆਪੋ-ਆਪਣੀਆਂ ਨਾ-ਪਾਕ ਗਰਜਾਂ ਪੂਰੀਆਂ ਕਰਨ ਲਈ ਇਨ੍ਹਾਂ ਦੇ ਅਨੇਕਾਂ ਜੋੜ-ਕੁਜੋੜ ਬਣਾਏ ਜਾਂਦੇ ਰਹੇ ਹਨ। ਅੱਜ, ਹਰ ਪੁਰਾਤਨ ਵਰਤਾਰੇ ਨੂੰ ਅਜੋਕੇ ਪਰਿਪੇਖ ਅਨੁਸਾਰ ਮੁੜ ਵਿਚਾਰਨ ਦੀ ਜ਼ਰੂਰਤ ਹੈ, ਕਿਉਂਕਿ ਹਰ ਯੁਗ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜਿਨ੍ਹਾਂ ਦੇ ਸਰਬ-ਵਿਆਪੀ ਚੰਗੇ ਅਤੇ ਮੰਦੇ ਪ੍ਰਭਾਵ ਹੁੰਦੇ ਹਨ। ਇੱਕ ਉਦੇਸ਼-ਪੂਰਨ, ਸਫਲ ਅਤੇ ਪ੍ਰਸੰਨ-ਚਿੱਤ ਜੀਵਨ ਜਿਉਣ ਲਈ ਸਾਨੂੰ ਇਨ੍ਹਾਂ ਪ੍ਰਭਾਵਾਂ ਅਨੁਸਾਰ ਬਦਲਦੇ ਰਹਿਣਾ ਪੈਂਦਾ ਹੈ। ਚੰਗੇ ਪ੍ਰਭਾਵਾਂ ਨੂੰ ਕਬੂਲਣ ਅਤੇ ਮੰਦਿਆਂ ਤੋਂ ਬਚਣ ਦੀ ਸਿਆਣਪ ਸਿਖਦੇ ਰਹਿਣਾ ਪੈਂਦਾ ਹੈ। ਇਸ ਵਾਸਤੇ ਸਾਨੂੰ ਇਨ੍ਹਾਂ ਵਿਸ਼ੇਸ਼ਤਾਵਾਂ ਦਾ ਵੀ ਅਤੇ ਇਨ੍ਹਾਂ ਦੇ ਚੰਗੇ-ਮੰਦੇ ਪ੍ਰਭਾਵਾਂ ਦਾ ਵੀ, ਸਹੀ ਗਿਆਨ ਹਾਸਲ ਕਰਨਾ ਜ਼ਰੂਰੀ ਹੈ।


ਅੱਜ ਦੇ ਯੁੱਗ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ 'ਚੋਂ ਮੁੱਖ, ਤਕਨੌਲੋਜੀ ਅਤੇ ਖਾਸ ਕਰ ਕੇ ਇਸ ਦੀ ਉਪ-ਬ੍ਰਾਂਚ ਏ.ਆਈ ਦੇ, ਆਪਣੇ ਚੰਗੇ ਅਤੇ ਮੰਦੇ ਪ੍ਰਭਾਵ ਹਨ। ਨਿਰ-ਸੰਦੇਹ ਤਕਨੌਲੋਜੀ ਰਾਹੀਂ ਸੰਸਾਰ ਨੇ ਬਹੁਤ ਵਿਕਾਸ ਕੀਤਾ ਹੈ ਅਤੇ ਬੇ-ਇੰਤਹਾ ਪਦਾਰਥਿਕ ਖ਼ੁਸ਼ਹਾਲੀ ਪ੍ਰਾਪਤ ਕੀਤੀ ਹੈ। ਇਸ ਸਦਕਾ ਅੱਜ ਆਪਾਂ ਆਪਣੇ ਪੁਰਵਜਾਂ ਤੋਂ ਕਿਤੇ ਵੱਧ ਖ਼ੁਸ਼ਹਾਲ, ਸਾਧਨ-ਸੰਪੰਨ, ਸਿਹਤ-ਮੰਦ, ਪੜ੍ਹੇ-ਲਿਖੇ ਅਤੇ ਆਤਮ-ਨਿਰਭਰ ਹਾਂ। ਆਪਾਂ ਨੂੰ ਕੁਦਰਤੀ ਆਫ਼ਤਾਵਾਂ ਤੋਂ ਬਚਣ ਦੇ ਢੰਗ-ਤਰੀਕੇ, ਖਾਧ-ਖੁਰਾਕ ਦੇ ਵਸੀਲੇ, ਆਵਾਜਾਈ ਅਤੇ ਢੋਅ-ਢੁਆਈ ਦੇ ਸਾਧਨ ਅਤੇ ਰਾਜਨੀਤਕ ਤੇ ਸਮਾਜਿਕ ਖੁੱਲ੍ਹਾਂ, ਹਾਸਲ ਹਨ। ਪਰ ਤ੍ਰਾਸਦੀ ਇਹ ਹੈ ਕਿ ਸਵਾ ਅੱਠ ਸੌ ਕਰੋੜ ਦੀ ਅਬਾਦੀ ਵਾਲੇ ਅੱਜ ਦੇ ਸੰਸਾਰ 'ਚ, ਇਸ ਤਕਨੌਲੋਜੀ ਦੇ ਚੌਧਰੀ ਬਹੁਤ ਹੀ ਘੱਟ ਹਨ। ਇਨ੍ਹਾਂ ਨੇ ਤਕਨੌਲੋਜੀ ਰਾਹੀਂ ਆਪਣੇ ਕੋਲ ਅਥਾਹ ਆਰਥਿਕ, ਰਾਜਨੀਤਕ ਅਤੇ ਸਮਾਜਿਕ ਤਾਕਤ ਇਕੱਠੀ ਕਰ ਲਈ ਹੈ ਅਤੇ 'ਟੂਅ ਬਿੱਗ ਟੂ ਫੇਲ' ਕਾਰਪੋਰੇਸ਼ਨਾਂ ਸਥਾਪਿਤ ਕਰ ਲਈਆਂ ਹਨ। ਗਿਣਤੀ ਦੇ ਇਨ੍ਹਾਂ ਇਜਾਰੇਦਾਰ-ਚੌਧਰੀਆਂ ਨੇ ਇਸ ਨੂੰ ਸ਼ੋਸ਼ਣ ਦਾ ਮੁੱਖ ਸਾਧਨ ਬਣਾ ਲਿਆ ਹੈ। ਕਹਿਣ ਨੂੰ ਸਮੁੱਚੀ ਮਨੁੱਖਤਾ ਦੀ ਵਿਆਪਕ ਅਤੇ ਸਰਬ-ਸਾਂਝੀ ਭਲਾਈ ਲਈ ਬਣਾਈ ਅਤੇ ਵਰਤੀ ਜਾ ਰਹੀ ਤਕਨੌਲੋਜੀ ਦੀ, ਇਹ ਰਲ ਕੇ ਅਤੇ ਬੇ-ਹਯਾਈ ਨਾਲ ਆਪਣੇ ਮੁਫਾਦਾਂ ਲਈ ਦੁਰ-ਵਰਤੋਂ ਕਰ ਰਹੇ ਹਨ। ਪਰ ਸੰਸਾਰ ਵਾਸਤੇ ਨਵੀਂ ਕਿਸਮ ਦੀਆਂ ਅਨੇਕਾਂ ਸਮੱਸਿਆਵਾਂ ਖੜੀਆਂ ਕਰ ਰਹੇ ਹਨ, ਅਤੇ ਜਾਣ-ਬੁੱਝ ਕੇ ਇਨ੍ਹਾਂ ਸਮੱਸਿਆਵਾਂ ਨੂੰ ਛੁਪਾਅ ਵੀ ਰਹੇ ਹਨ ਅਤੇ ਛੁਟਿਆ ਰਹੇ ਹਨ।

ਇਹ ਦੁਰ-ਵਰਤੋਂ, ਤਕਨੌਲੋਜੀ ਦੀ ਵਿਆਪਕ ਉਪ-ਯੋਗਤਾ ਦੇ ਪੜਦੇ ਓਹਲੇ ਕੀਤੀ ਜਾ ਰਹੀ ਹੈ, ਤਾਂ ਕਿ ਅਸੀਂ ਇਸ ਦੀ ਵਰਤੋਂ ਕਰਦੇ ਰਹੀਏ। ਇਸ ਦੁਰ-ਵਰਤੋਂ ਤੋਂ ਇਲਾਵਾ, ਇਸ ਦੇ ਅਨੇਕਾਂ ਅਣ-ਚਾਹੇ ਅਤੇ ਅਣ-ਕਿਆਸੇ ਮੰਦੇ ਅਸਰ ਹਨ, ਜਿਨ੍ਹਾਂ ਦਾ ਇਸ ਨੂੰ ਬਣਾਉਣ ਵਾਲਿਆਂ ਨੂੰ ਵੀ ਪਹਿਲਾਂ ਕੋਈ ਚਿੱਤ-ਚੇਤਾ ਨਹੀਂ ਹੁੰਦਾ। ਅੰਗਰੇਜ਼ੀ 'ਚ ਇਨ੍ਹਾਂ ਨੂੰ 'Unintended Consequences of Technology' ਕਿਹਾ ਜਾਂਦਾ ਹੈ। ਇਸ ਤਰ੍ਹਾਂ ਆਪਾਂ ਦੂਹਰੀ ਮਾਰ ਝੱਲ ਰਹੇ ਹਾਂ- ਜਾਣ-ਬੁੱਝ ਕੇ ਇਸ ਦੀ ਦੁਰ-ਵਰਤੋਂ ਕਰਕੇ ਹੋ ਰਹੇ ਅਤੇ ਇਸ ਦੇ ਅਣ-ਕਿਆਸੇ, ਦੋਹਾਂ ਕਿਸਮਾਂ ਦੇ ਮੰਦੇ ਪ੍ਰਭਾਵਾਂ ਹੇਠ ਦਰੜੇ ਜਾ ਰਹੇ ਹਾਂ। ਇਨ੍ਹਾਂ ਦੇ ਸਮਾਧਾਨ ਲਈ ਆਪਾਂ ਨੂੰ ਨਵੇਕਲੀ ਕਿਸਮ ਦੇ ਅਤੇ ਨਿਰੰਤਰ ਉਪਰਾਲੇ ਕਰਦੇ ਰਹਿਣ ਦੀ ਲੋੜ ਹੈ, ਕਿਉਂਕਿ ਇਤਿਹਾਸ 'ਚ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਪਹਿਲਾਂ ਕਦੇ ਆਈਆਂ ਹੀ ਨਹੀਂ। 'ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ' ਦੀ ਮਨੌਤ ਤਕਨੌਲੋਜੀ 'ਤੇ ਲਾਗੂ ਨਹੀਂ ਹੁੰਦੀ, ਅਤੇ ਨਾਲ ਹੀ ਤਕਨੌਲੋਜੀ ਇੱਕ ਗਤੀ-ਸ਼ੀਲ ਵਿਸ਼ਾ ਹੈ।

ਫ਼ੌਰੀ ਧਿਆਨ-ਯੋਗ ਸਮੱਸਿਆਵਾਂ 'ਚੋਂ ਇੱਕ ਖਾਸ ਹੈ: ਸੱਚ ਅਤੇ ਝੂਠ ਵਿਚਲਾ ਮਿਟ ਰਿਹਾ ਫਰਕ, ਜਿਸ ਦੀ ਭੂਮਿਕਾ ਪਹਿਲੇ ਪਹਿਰੇ 'ਚ ਬੰਨ੍ਹੀ ਜਾ ਚੁੱਕੀ ਹੈ। ਇਸ ਯੁੱਗ ਵਿਚ, 'ਸੱਚ' ਉਸ ਨੂੰ ਨਹੀਂ ਮੰਨਿਆ ਜਾਂਦਾ ਜੋ ਅਸਲੀਅਤ ਬਿਆਨ ਕਰਦਾ ਹੋਵੇ ਅਤੇ ਤੱਥਾਂ 'ਤੇ ਖਰਾ ਉੱਤਰਦਾ ਹੋਵੇ, ਸਗੋਂ ਉਸ ਨੂੰ ਮੰਨਿਆ ਜਾਂਦਾ ਹੈ ਜੋ ਲੋਕਾਂ ਦੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰੇ ਜਾਂ ਉਨ੍ਹਾਂ ਦੀਆਂ ਪਹਿਲਾਂ ਤੋਂ ਬਣੀਆਂ ਹੋਈਆਂ ਧਾਰਨਾਵਾਂ ਨਾਲ ਮੇਲ ਖਾਂਦਾ ਹੋਵੇ। ਹੁਣ ਉਹ ਗੱਲ ਸੱਚੀ ਮੰਨੀ ਜਾਂਦੀ ਹੈ ਜੋ ਸਭ ਤੋਂ ਵੱਧ 'ਲਾਈਕ', 'ਸ਼ੇਅਰ' ਅਤੇ 'ਕਮੈਂਟਸ' ਪ੍ਰਾਪਤ ਕਰਦੀ ਹੈ। ਅੱਜ ਲੋਕ ਅਸਲੀਅਤ ਦੀ ਬਜਾਏ, ਆਪਣੀਆਂ ਮਨ-ਆਈਆਂ ਅਤੇ ਗਰਜਾਂ ਪੂਰੀਆਂ ਕਰਨ ਵਾਲੀਆਂ ਗੱਲਾਂ 'ਤੇ ਯਕੀਨ ਕਰਦੇ ਹਨ। ਅੱਜ ਅਜਿਹੇ ਝੂਠ ਨੂੰ ਹੀ ਸੱਚ ਮੰਨਿਆ ਜਾਂਦਾ ਹੈ ਜੋ ਸਾਡੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਨ ਲਈ, ਸਾਡੇ 'ਬਿੱਗ ਡਾਟਾ' (ਆਦਤਾਂ, ਸੁਭਾਅ, ਮਨੋ-ਵੇਗਾਂ, ਚਾਹਤਾਂ, ਸੰਬੰਧਾਂ ਆਦਿ ਦੀ ਜਾਣਕਾਰੀ) ਦੇ ਆਧਾਰ 'ਤੇ ਡਿਜ਼ਾਈਨ ਕੀਤੇ ਜਾਂਦੇ ਹਨ। ਇਹ ਝੂਠ ਐਸੇ ਢੰਗ ਨਾਲ ਪੇਸ਼ ਕੀਤੇ ਹੋਏ ਹੁੰਦੇ ਹਨ ਕਿ ਇਹ ਸੱਚ ਲਗਦੇ ਹਨ, ਭਾਵਨਾਵਾਂ ਨੂੰ ਉਤੇਜਿਤ ਕਰਦੇ ਹਨ ਅਤੇ ਤੇਜੀ ਨਾਲ ਫੈਲਦੇ ਹਨ। ਸੱਚ 'ਵਿਚਾਰਾ' ਬਣ ਕੇ ਰਹਿ ਗਿਆ ਹੈ, ਇਸ ਨਾਲ ਵਿਸ਼ੇਸ਼ਣ ਲਾਉਣੇ ਜ਼ਰੂਰੀ ਹੋ ਗਏ ਹਨ। ਅਸਲ ਸੱਚ, ਅੰਦਰਲਾ ਸੱਚ, ਪੂਰਾ ਸੱਚ, ਕਪੜ-ਛਾਣ ਕੀਤਾ ਹੋਇਆ ਸੱਚ, ਸਟੀਕ ਸੱਚ, ਕਸੀਦ ਕੀਤਾ ਹੋਇਆ ਸੱਚ ਆਦਿ।

ਇਹ ਵਰਤਾਰਾ ਸਾਡੇ ਸਮਾਜਿਕ, ਰਾਜਨੀਤਿਕ, ਅਤੇ ਨੈਤਿਕ ਢਾਂਚੇ ਲਈ ਇੱਕ ਵੱਡੀ ਚੁਣੌਤੀ ਬਣ ਚੁੱਕਿਆ ਹੈ। ਆਪਾਂ ਤਕਨੌਲੋਜੀ ਅਤੇ ਏ.ਆਈ ਦੇ ਇਸ ਤਰ੍ਹਾਂ ਦੇ ਦੂਰ-ਗਾਮੀ ਮੰਦੇ ਅਸਰਾਂ ਬਾਰੇ ਘੱਟ ਗੌਰ ਕਰਦੇ ਹਾਂ, ਕਿਉਂਕਿ ਡੂੰਘੀ ਸੋਚ-ਵਿਚਾਰ ਵਾਲਾ ਸਾਡਾ ਕਿਰਦਾਰ ਹੀ ਗੌਣ ਹੋ ਗਿਆ ਹੈ। ਅਸੀਂ ਸਤਹੀ ਮਸਲਿਆਂ ਦੀਆਂ ਗੱਲਾਂ ਵੱਧ ਕਰਦੇ ਹਾਂ, ਪਰ ਸੱਚ ਅਤੇ ਅਣ-ਸੱਚ ਵਰਗੇ ਬਰੀਕ ਵਰਤਾਰਿਆਂ ਬਾਰੇ ਘੱਟ ਸੋਚਦੇ-ਵਿਚਾਰਦੇ ਹਾਂ। ਸੰਚਾਰ-ਕ੍ਰਾਂਤੀ ਦੇ ਇਸ ਯੁੱਗ 'ਚ, ਜਾਣਕਾਰੀ ਅਤੇ ਸੂਚਨਾਵਾਂ ਦੀ ਭਰਮਾਰ ਹੈ, ਖ਼ਬਰਾਂ ਦਾ ਚੱਕਰ ਨਿਰੰਤਰ ਚੱਲਦਾ ਰਹਿੰਦਾ ਹੈ ਅਤੇ ਸੋਸ਼ਲ ਮੀਡੀਆ ਬਹੁਤ ਤੇਜ ਗਤੀ ਨਾਲ ਨਵੀਆਂ ਧਾਰਨਾਵਾਂ ਸਿਰਜ ਰਿਹਾ ਹੈ। ਇਨ੍ਹਾਂ ਕਰ ਕੇ ਇਹ ਵਰਤਾਰਾ ਤੇਜੀ ਨਾਲ ਸਥਾਪਿਤ ਹੋਇਆ ਹੈ ਅਤੇ ਆਪਾਂ ਇਸ ਦੇ ਪ੍ਰਭਾਵਾਂ ਨੂੰ ਪ੍ਰਤੱਖ ਦੇਖ ਰਹੇ ਹਾਂ। ਇਸ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੋ ਰਿਹਾ ਹੈ ਕਿ ਸਾਡੇ ਸਭ ਕਿਸਮ ਦੇ ਭਰੋਸੇ ਟੁੱਟ ਰਹੇ ਹਨ। ਸਾਡੇ ਆਪਸੀ ਭਰੋਸੇ, ਸਰਕਾਰਾਂ ਅਤੇ ਅਦਾਲਤਾਂ 'ਚ ਭਰੋਸੇ, ਆਪਣੇ ਲੀਡਰਾਂ ਅਤੇ ਮਾਹਿਰਾਂ 'ਚ ਭਰੋਸੇ, ਆਪਣੀਆਂ ਸੰਸਥਾਵਾਂ ਅਤੇ ਆਪਣੇ ਧਰਮਾਂ 'ਚ ਭਰੋਸੇ"ਸਭ ਤਿੜਕ ਰਹੇ ਹਨ। ਜਦ ਕਿ ਆਪਾਂ ਨੂੰ ਇਕੱਠੇ ਰਹਿਣ ਲਈ ਇਨ੍ਹਾਂ ਸਭ ਭਰੋਸਿਆਂ ਦੇ ਨਾਲ-ਨਾਲ ਸਾਂਝੀਆਂ ਕਦਰਾਂ-ਕੀਮਤਾਂ, ਸਾਂਝੇ ਵਿਸ਼ਵਾਸ਼ਾਂ ਅਤੇ ਸਾਂਝੇ ਅਕੀਦਿਆਂ 'ਚ ਭਰੋਸੇ ਦੀ ਅਹਿਮ ਲੋੜ ਹੈ। ਸਾਨੂੰ ਆਪਣੇ ਲੀਡਰਾਂ, ਸੰਸਥਵਾਂ, ਮਾਹਿਰਾਂ, ਲਾਹੇ-ਬੰਦ ਬਿਰਤਾਂਤਾਂ ਅਤੇ ਨਰੋਏ ਵਿਰਸੇ 'ਚ ਭਰੋਸਿਆਂ ਦੀ ਲੋੜ ਹੈ। ਸਾਡੇ ਲਈ ਸਰਬ-ਸਾਂਝੇ ਵਿਸ਼ਵਾਸਾਂ ਅਤੇ ਸਰਬ-ਸਾਂਝੀਆਂ ਮਾਨਤਾਵਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਸਾਡੇ ਭਰੋਸਿਆਂ ਦਾ ਆਧਾਰ ਹਨ। ਪਰ ਸੱਚ-ਯੁੱਗ ਤੋਂ ਬਾਅਦ ਦੇ ਯੁਗ 'ਚ ਇਹ ਖੁਰ ਰਹੇ ਹਨ।

ਹੁਣ ਤੱਕ ਆਪਾਂ ਨੂੰ ਇਹ ਵੀ ਪਤਾ ਲੱਗ ਚੁੱਕਿਆ ਹੈ ਕਿ ਏ.ਆਈ ਵਾਲੀਆਂ ਵੱਡੀਆਂ ਕੰਪਨੀਆਂ (ਜਾਂ ਕਾਰਪੋਰੇਸ਼ਨਾਂ) ਸਾਡੀਆਂ ਆਦਤਾਂ, ਵਿਚਾਰਾਂ ਅਤੇ ਬਿਰਤਾਂਤਾਂ ਨੂੰ ਜਾਣ ਕੇ ਹੀ ਸਾਡੇ ਲਈ ਉਕਸਾਊ, ਭਰਮਾਊ, ਭੜਕਾਊ ਅਤੇ ਭਟਕਾਊ ਕਿਸਮ ਦੀਆਂ ਵੀਡੀਓਜ਼ ਬਣਾਉਂਦੀਆਂ ਹਨ। ਇਹ ਕੋਈ ਅਥ-ਕਥਨੀ ਨਹੀਂ ਕਿ ਇਹ ਸਾਡੇ 'ਰਗ-ਰਗ ਦੀਆਂ ਵਾਕਿਫ' ਹੋ




ਚੁੱਕੀਆਂ ਹਨ। ਜਨ-ਸਧਾਰਨ ਨੇ ਇਨ੍ਹਾਂ ਕਾਰਪੋਰੇਸ਼ਨਾਂ ਦਾ ਮੁਕਾਬਲਾ ਕੀ ਕਰ ਲੈਣਾ ਹੈ, ਇਹ ਸਰਕਾਰਾਂ ਤੋਂ ਪੂਰੇ ਨਾਬਰ ਹੋਏ ਪਏ ਹਨ। ਆਪਾਂ ਨੂੰ ਇਨ੍ਹਾਂ ਵਲੋਂ ਵਰਤੇ ਜਾ ਰਹੇ ਖੁਦ-ਗਰਜ਼ ਢੰਗ-ਤਰੀਕਿਆਂ ਦੀ ਜਾਣਕਾਰੀ ਭਾਵੇਂ ਪਤਾ ਨਹੀਂ ਲੱਗ ਸਕਦੀ ਪਰ ਇਨ੍ਹਾਂ ਦੇ ਮੰਦੇ ਪ੍ਰਭਾਵਾਂ ਤੋਂ ਬਚਣ ਲਈ ਸਿਆਣਪ ਜ਼ਰੂਰ ਮਿਲ ਸਕਦੀ ਹੈ। ਚੰਗੀ ਗੱਲ ਇਹ ਹੈ ਕਿ ਇਨ੍ਹਾਂ ਵਲੋਂ ਸੱਚ 'ਤੇ ਚੜ੍ਹਾਏ ਜਾ ਰਹੇ ਪੜਦਿਆਂ ਨੂੰ ਹਟਾਇਆ ਜਾ ਸਕਦਾ ਹੈ, ਅਤੇ ਇਸ ਦੀ ਰੋਸ਼ਨੀ ਬਹਾਲ ਕੀਤੀ ਜਾ ਸਕਦੀ ਹੈ। ਇਹ ਠੀਕ ਹੈ ਕਿ ਸੱਚ ਨੂੰ ਮੁੜ ਸਥਾਪਿਤ ਕਰਨਾ ਔਖਾ ਹੈ, ਪਰ ਇਸ ਲਈ ਭਰਪੂਰ ਕੋਸ਼ਿਸ਼ਾਂ ਕਰਨੀਆਂ ਜ਼ਰੂਰੀ ਹਨ ਤਾਂ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਆਪਣਾ ਫ਼ਰਜ ਨਿਭਾਅ ਸਕੀਏ। ਇਹ ਕਰਨ ਲਈ ਕੁਛ ਵਿਚਾਰ ਅੱਗੇ ਦਿੱਤੇ ਗਏ ਹਨ।

ਪੱਥਰ ਚੱਟ ਕੇ ਮੁੜੀ ਮੱਛੀ ਵਾਂਗੂੰ, ਅੱਜ ਦੇ ਪੱਛਮੀ ਜਗਤ ਦੀ ਨਵੀਂ ਵਿਚਾਰ-ਧਾਰਾ 'Finding Modern Truth in Ancient Wisdom' ਬਣ ਰਹੀ ਹੈ। ਸਾਡੇ ਲਈ ਇਸ ਨੂੰ ਸਮਝਣਾ, ਇਸ 'ਤੇ ਭਰੋਸਾ ਕਰਨਾ ਅਤੇ ਇਸ ਨੂੰ ਅਪਣਾਉਣ ਹੋਰ ਵੀ ਸੌਖਾ ਹੈ ਕਿਉਂਕਿ ਇਹ ਸਾਡੇ ਪੂਰਬੀ ਮਹਾਂ-ਪੁਰਖਾਂ ਦੀਆਂ ਚਿਰ-ਕਾਲੀ ਸਿੱਖਿਆਵਾਂ ਤੇ ਅਧਾਰਿਤ ਹੈ। ਅੱਜ ਦੇ ਚੋਟੀ ਦੇ ਇਤਿਹਾਸਕਾਰ-ਫਿਲਾਸਫਰ ਯੁਵਲ ਹਰਾਰੀ ਦੀ ਇੱਕ ਮਾਅਰਕੇ-ਦਾਰ ਨਸੀਹਤ ਹੈ ਕਿ ਅੱਜ ਗੂਗਲ ਅਤੇ ਹੋਰ ਏਜੰਸੀਆਂ ਸਾਡੀ 'ਪਛਾਣ' ਕਰ ਕੇ ਹੀ ਸਾਡਾ ਸ਼ੋਸ਼ਣ ਕਰ ਸਕਦੀਆਂ ਹਨ। ਜੇ ਅਸੀਂ, 'ਆਪਣੇ-ਆਪ ਨੂੰ ਪਛਾਨਣ' 'ਚ ਅਤੇ ਉਨ੍ਹਾਂ ਵਲੋਂ 'ਸਾਨੂੰ ਪਛਾਨਣ' ਦੀ ਦੌੜ 'ਚ ਪਿੱਛੇ ਰਹਿ ਗਏ ਤਾਂ ਸਾਡਾ ਸ਼ੋਸ਼ਣ ਲਾਜ਼ਮੀ ਹੈ। ਸਪਸ਼ਟ ਹੈ ਕਿ ਉਸ ਦੀ ਇਹ ਮੱਤ 'ਆਪਣੇ ਆਪ ਨੂੰ ਪਛਾਣੋ' (Know Thyself) ਦੇ ਯੂਨਾਨੀ ਸਿਧਾਂਤ ਵਿਚੋਂ ਲਈ ਗਈ ਹੈ। ਉਸ ਦੀ ਦੂਜੀ ਨਸੀਹਤ ਖੇਡਾਂ ਅਤੇ ਸਾਧਨਾ (Sports and Meditation) ਨੂੰ ਸੁਹਿਰਦਤਾ ਨਾਲ ਅਪਣਾਉਣਾ ਹੈ। ਇਸ ਤਰ੍ਹਾਂ ਅਸੀਂ ਆਪਣੇ ਸਰੀਰ ਅਤੇ ਮਨ ਦੋਹਾਂ ਨੂੰ ਤਕੜਾ ਕਰ ਕੇ ਅਜੋਕੀਆਂ ਸਮੱਸਿਆਵਾਂ ਦਾ ਸਮਾਧਾਨ ਕਰ ਸਕਾਂਗੇ, ਜਾਂ ਇਨ੍ਹਾਂ ਨੂੰ ਸਾਰਥਿਕਤਾ ਨਾਲ ਜਰ ਸਕਾਂਗੇ। ਬਾਬਾ ਨਾਨਕ ਨੇ ਇਸ ਸਿਧਾਂਤ ਨੂੰ 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ' ਕਹਿ ਕੇ ਅੱਪਡੇਟ ਕੀਤਾ ਹੈ। ਅੱਜ ਦੇ ਯੁਗ 'ਚ ਇਸ ਦੀ ਪ੍ਰਸੰਗਿਕਤਾ ਹੋਰ ਵੀ ਵਧ ਗਈ ਹੈ।

ਪੋਸਟ-ਟਰੁੱਥ ਦੇ ਯੁੱਗ ਵਿਚ, ਜਿੱਥੇ ਹਰ ਕੋਈ ਆਪਣੇ ਆਪ ਨੂੰ ਮਾਹਰ ਸਮਝਦਾ ਹੈ, ਇਹ ਸਿਧਾਂਤ ਬਹੁਤ ਮਹੱਤਵਪੂਰਨ ਹੋ ਜਾਂਦਾ ਹੈ। ਜਦੋਂ ਅਸੀਂ ਕਿਸੇ ਗੁੰਝਲਦਾਰ ਮੁੱਦੇ 'ਤੇ ਕੋਈ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਪਹਿਲਾਂ ਇਹ ਮੰਨਣਾ ਚਾਹੀਦਾ ਹੈ ਕਿ ਇਸ ਬਾਰੇ ਸਾਡਾ ਗਿਆਨ ਸੀਮਤ ਹੈ। ਇਸ ਮਾਨਤਾ ਨਾਲ ਅਸੀਂ ਸਹੀ ਜਾਣਕਾਰੀ ਦੀ ਭਾਲ ਕਰਨ ਅਤੇ ਮਾਹਰਾਂ 'ਤੇ ਭਰੋਸਾ ਕਰਨ ਲਈ ਤਿਆਰ ਹੁੰਦੇ ਹਾਂ। ਆਪਣੇ ਆਪ ਨੂੰ ਪਛਾਣਨ ਦਾ ਮਤਲਬ ਇਹ ਵੀ ਹੈ ਕਿ ਅਸੀਂ ਦੂਜੇ ਲੋਕਾਂ ਨੂੰ ਵਧੇਰੇ ਸਮਝ ਨਾਲ ਦੇਖੀਏ। ਜਦੋਂ ਅਸੀਂ 'ਆਪਣੇ-ਆਪ' ਨੂੰ ਸਮਝ ਲੈਂਦੇ ਹਾਂ, ਤਾਂ ਅਸੀਂ ਉਨ੍ਹਾਂ ਲੋਕਾਂ ਦੇ ਵਿਚਾਰਾਂ ਨੂੰ ਵੀ ਬਿਹਤਰ ਤਰੀਕੇ ਨਾਲ ਸਮਝ ਸਕਦੇ ਹਾਂ ਜਿਨ੍ਹਾਂ ਨਾਲ ਅਸੀਂ ਸਹਿਮਤ ਨਹੀਂ ਹੁੰਦੇ। ਇਸ ਨਾਲ ਵਿਵੇਕ-ਸ਼ੀਲ ਅਤੇ ਰਚਨਾਤਮਕ ਵਿਚਾਰ-ਵਟਾਂਦਰੇ ਦਾ ਰਾਹ ਖੁੱਲ੍ਹਦਾ ਹੈ, ਇੱਕ-ਦੂਜੇ ਨੂੰ ਨਕਾਰਨ ਦੀ ਬਜਾਏ ਅਸੀਂ ਆਪਸੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਹਾਂ। ਇਸ ਨਸੀਹਤ ਉੱਤੇ ਅਸੀਂ ਦੋ ਸਟੇਜਾਂ 'ਚ ਕੰਮ ਕਰ ਸਕਦੇ ਹਾਂ।

**ਸੰਸਥਾਈ ਅਤੇ ਸਮਾਜਿਕ ਪੱਧਰ 'ਤੇ ਯਤਨ:**

* ਮੀਡੀਆ ਨੂੰ ਆਪਣੀ ਰਿਪੋਰਟਿੰਗ ਵਿਚ ਨਿਰਪੱਖਤਾ ਅਤੇ ਪਾਰਦਰਸ਼ਤਾ ਬਣਾਈ ਰੱਖਣੀ ਚਾਹੀਦੀ ਹੈ। ਪੱਤਰਕਾਰਾਂ ਨੂੰ ਤੱਥਾਂ ਦੀ ਜਾਂਚ 'ਤੇ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ ਅਤੇ ਸਰੋਤਾਂ ਨੂੰ ਸਪਸ਼ਟ ਕਰਨਾ ਚਾਹੀਦਾ ਹੈ। ਵਿਗਿਆਨਕ ਅਦਾਰਿਆਂ ਨੂੰ ਆਪਣੇ ਕੰਮ ਨੂੰ ਆਸਾਨ ਅਤੇ ਸਮਝਣਯੋਗ ਤਰੀਕੇ ਨਾਲ ਆਮ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ। ਸਰਕਾਰਾਂ ਨੂੰ ਆਪਣੇ ਕੰਮ-ਕਾਜ ਵਿਚ ਪਾਰਦਰਸ਼ਤਾ ਲਿਆਉਣੀ ਚਾਹੀਦੀ ਹੈ ਤਾਂ ਜੋ ਲੋਕਾਂ ਦਾ ਵਿਸ਼ਵਾਸ ਬਹਾਲ ਹੋ ਸਕੇ।
* ਸਿੱਖਿਆ ਪ੍ਰਣਾਲੀ ਵਿਚ ਤੱਥਾਂ ਨੂੰ ਯਾਦ ਕਰਨ ਦੀ ਬਜਾਏ, ਵਿਦਿਆਰਥੀਆਂ ਨੂੰ ਆਲੋਚਨਾਤਮਕ ਸੋਚ (Critical Thinking) ਸਿਖਾਈ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਸਿਖਾਇਆ ਜਾਵੇ ਕਿ ਜਾਣਕਾਰੀ ਦੇ ਸਰੋਤਾਂ ਨੂੰ ਕਿਵੇਂ ਪਰਖਿਆ ਜਾਵੇ ਅਤੇ ਕਿਸੇ ਵੀ ਦਾਅਵੇ ਨੂੰ ਸੱਚ ਮੰਨਣ ਤੋਂ ਪਹਿਲਾਂ ਸਬੂਤਾਂ ਦੀ ਮੰਗ ਕਿਵੇਂ ਕੀਤੀ ਜਾਵੇ।
* ਸੋਸ਼ਲ ਮੀਡੀਆ ਕੰਪਨੀਆਂ ਨੂੰ ਗਲਤ ਜਾਣਕਾਰੀ ਅਤੇ ਨਫ਼ਰਤ ਭਰੀ ਸਮੱਗਰੀ ਨੂੰ ਫੈਲਣ ਤੋਂ ਰੋਕਣ ਲਈ ਸਖ਼ਤ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਆਪਣੇ ਐਲਗੋਰਿਦਮਾਂ ਨੂੰ ਇਸ ਤਰ੍ਹਾਂ ਬਦਲਣਾ ਚਾਹੀਦਾ ਹੈ ਜੋ ਸਿਰਫ਼ ਭਾਵਨਾਵਾਂ ਨੂੰ ਨਾ ਉਕਸਾਉਣ, ਸਗੋਂ ਪ੍ਰਮਾਣਿਕ ਅਤੇ ਭਰੋਸੇ-ਯੋਗ ਜਾਣਕਾਰੀ ਨੂੰ ਵੀ ਉਤਸ਼ਾਹਿਤ ਕਰਨ।

**ਨਿੱਜੀ ਪੱਧਰ 'ਤੇ ਸਾਵਧਾਨੀਆਂ:**

* ਸਾਨੂੰ ਨਿਯਮਿਤ ਤੌਰ 'ਤੇ ਆਪਣੇ ਵਿਚਾਰਾਂ ਅਤੇ ਵਿਸ਼ਵਾਸਾਂ ਨੂੰ ਪਰਖਦੇ ਰਹਿਣਾ ਚਾਹੀਦਾ ਹੈ। ਆਪਣੇ ਆਪ ਤੋਂ ਪੁੱਛੀਏ ਕਿ ਅਸੀਂ ਕਿਸੇ ਖਾਸ ਗੱਲ 'ਤੇ ਕਿਉਂ ਯਕੀਨ ਕਰਦੇ ਹਾਂ? ਕੀ ਇਹ ਤਰਕ ਅਤੇ ਸਬੂਤਾਂ 'ਤੇ ਆਧਾਰਿਤ ਹੈ, ਜਾਂ ਸਿਰਫ ਭੇਡ-ਚਾਲ ਹੈ। ਇਹ ਸਵੈ-ਪੜਚੋਲ ਸਾਨੂੰ ਭਾਵਨਾਵਾਂ 'ਤੇ ਆਧਾਰਿਤ ਫੈਸਲਿਆਂ ਤੋਂ ਬਚਾਏਗੀ।
* ਜਦੋਂ ਕੋਈ ਜਾਣਕਾਰੀ ਸਾਨੂੰ ਜ਼ਿਆਦਾ ਗੁੱਸਾ, ਡਰ, ਜਾਂ ਖੁਸ਼ੀ ਮਹਿਸੂਸ ਕਰਵਾਏ, ਤਾਂ ਸਾਵਧਾਨ ਹੋ ਜਾਈਏ। ਬਿਨਾਂ ਪੜਤਾਲ ਕੀਤੇ ਉਸ ਨੂੰ ਅੱਗੇ ਸਾਂਝਾ ਨਾ ਕਰੀਏ। ਇੱਕ ਪਲ ਲਈ ਰੁਕੀਏ ਅਤੇ ਤਰਕ ਨਾਲ ਸੋਚੀਏ। ਗਲਤ ਜਾਣਕਾਰੀ ਅਕਸਰ ਭਾਵਨਾਤਮਕ ਪ੍ਰਤੀਕਰਮਾਂ ਦਾ ਫਾਇਦਾ ਉਠਾਉਂਦੀ ਹੈ।
* ਜਾਣਕਾਰੀ ਦੇ ਇੱਕ ਹੀ ਸਰੋਤ 'ਤੇ ਨਿਰਭਰ ਨਾ ਰਹੀਏ। ਵੱਖ-ਵੱਖ ਵਿਚਾਰਾਂ ਅਤੇ ਪੱਖਾਂ ਵਾਲੇ ਮੀਡੀਆ ਨੂੰ ਪੜ੍ਹੀਏ ਤਾਂ ਕਿ ਸਾਨੂੰ ਕਿਸੇ ਵੀ ਮੁੱਦੇ ਦਾ ਪੂਰਾ ਚਿੱਤਰ ਮਿਲ ਸਕੇ। ਇਹ 'ਆਪਣੇ ਆਪ ਨੂੰ ਪਛਾਣੋ' ਦੇ ਸਿਧਾਂਤ ਦਾ ਹੀ ਵਿਸਤਾਰ ਹੈ, ਕਿਉਂਕਿ ਇਸ ਨਾਲ ਅਸੀਂ ਇਹ ਪਛਾਣ ਸਕਦੇ ਹਾਂ ਕਿ ਸਾਡਾ ਮਨ ਕਿਹੜੇ ਸਰੋਤਾਂ ਨੂੰ ਜ਼ਿਆਦਾ ਪਸੰਦ ਕਰਦਾ ਹੈ ਅਤੇ ਕਿਉਂ।
* ਕਿਸੇ ਵੀ ਜਾਣਕਾਰੀ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਉਸ ਦੀ ਪੁਸ਼ਟੀ ਕਰਨ ਦੀ ਆਦਤ ਪਾਈਏ। ਇੰਟਰਨੈਟ 'ਤੇ ਬਹੁਤ ਸਾਰੇ ਫੈਕਟ-ਚੈਕਿੰਗ ਪਲੇਟਫਾਰਮ ਉਪਲਬਧ ਹਨ ਜੋ ਖ਼ਬਰਾਂ ਦੀ ਸੱਚਾਈ ਦੀ ਜਾਂਚ ਕਰਦੇ ਹਨ। ਇਹ ਇੱਕ ਬਹੁਤ ਹੀ ਸੌਖਾ ਪਰ ਪ੍ਰਭਾਵ-ਸ਼ਾਲੀ ਕਦਮ ਹੈ।
* ਆਪਣੇ ਤੋਂ ਵੱਖਰੇ ਵਿਚਾਰ ਰੱਖਣ ਵਾਲੇ ਲੋਕਾਂ ਨਾਲ ਗੱਲਬਾਤ ਕਰੀਏ। ਇਸ ਦਾ ਮਕਸਦ ਉਨ੍ਹਾਂ ਨੂੰ ਗਲਤ ਸਾਬਿਤ ਕਰਨਾ ਨਹੀਂ, ਸਗੋਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਹੋਣਾ ਚਾਹੀਦਾ ਹੈ। ਇਹ ਵੀ 'ਆਪਣੇ ਆਪ ਨੂੰ ਪਛਾਣੋ' ਰਾਹੀਂ ਹੀ ਸੰਭਵ ਹੈ।

—0—

(ਲੇਖ ਵਿਚਲੇ ਤੱਥਾਂ ਦੀ ਪੁਸ਼ਟੀ ਅਤੇ ਵਿਚਾਰਾਂ ਦੀ ਪ੍ਰੋੜਤਾ ਲਈ, ChatGPT ਅਤੇ Google Gemini ਦੀ ਵਰਤੋਂ ਕੀਤੀ ਗਈ ਹੈ)

*(ਪਿਛਲੇ ਸਫੇ ਦਾ ਬਾਕੀ)*

ਬਣਾਉਣ ਲਈ ਕੁਝ ਗੱਲਾਂ, ਖ਼ਿਆਲਾਂ ਅਤੇ ਕਲਾਤਮਕ ਹੁਨਰ ਵਰਤਿਆ ਜਾਂਦਾ ਹੈ। ਮੈਂ ਮਰਹੂਮ ਕਹਾਣੀਕਾਰ ਗੁਰਦੇਵ ਸਿੰਘ ਰੁਪਾਣਾ ਦੀ ਕਹਾਣੀ 'ਸ਼ੀਸ਼ਾ' ਦਾ ਜ਼ਿਕਰ ਕਰਾਂਗਾ। ਭਾਰਤ ਦੀ ਵੰਡ ਵੇਲੇ ਫਿਰੋਜ਼ਪੁਰ ਵੱਲ ਦੇ ਇਕ ਪਿੰਡ ਵਿਚ ਮੁਸਲਮਾਨੀਆਂ ਦੇ ਕਈ ਦੁੱਧ ਚੁੰਘਦੇ ਬੱਚਿਆਂ ਨੂੰ ਇਕ ਆਦਮੀ ਆਪਣੀ ਤਲਵਾਰ ਨਾਲ ਮੌਤ ਦੇ ਘਾਟ ਉਤਾਰ ਕੇ ਪੁੰਨ ਖੱਟਿਆ ਸਮਝਦਾ ਹੈ। ਰੁਪਾਣਾ ਸਾਹਿਬ ਨਾਲ ਉਸ ਇਲਾਕੇ ਦੇ ਪਿੰਡਾਂ ਦੇ ਹਾਲਾਤ ਦੇਖਣ ਜਾਣ ਵਾਲਾ ਵਿਦੇਸ਼ੀ ਇਸ ਭੈੜੇ ਪਿੰਡ ਦੇ ਦਰਸ਼ਨ ਨਹੀਂ ਕਰਨਾ ਚਾਹੁੰਦਾ। ਜੇ ਇਹ ਦਰਦਨਾਕ ਘਟਨਾ ਵਾਪਰੀ ਹੀ ਨਹੀਂ ਕੇਵਲ ਪਾਠਕ ਦੇ ਦਿਲ ਵਿਚ ਚੀਸ ਭਰਨ ਲਈ ਕਲਾਤਮਕ ਹੁਨਰ ਦੀ ਹੀ ਉਪਜ ਹੈ ਤਾਂ ਇਹ ਪਿੰਡ ਨੂੰ ਬਦਨਾਮ ਕਰਨਾ ਸਾਹਿਤਕਾਰ ਨੂੰ ਸੋਭਾ ਨਹੀਂ ਦਿੰਦਾ। ਕਹਾਣੀ ਨੂੰ ਅਤਿ ਨੇੜਿਓਂ ਦੇਖਣ ਦੀ ਆਦਤ ਲਈ ਪਾਠਕ ਮੈਨੂੰ ਮੁਆਫ ਕਰਨ।

ਸਿਆਸਤ ਵਿਚ ਮੇਰੀ ਗਹਿਰੀ ਦਿਲਚਸਪੀ ਨਹੀਂ। ਨੇੜਿਓਂ ਤੱਕੇ ਇਨ੍ਹਾਂ ਲੋਕਾਂ ਬਾਬਤ ਇਤਨਾ ਹੀ ਕਾਫੀ ਹੈ, ਚੜ੍ਹਦੀ ਉਮਰੇ ਕਮਿਊਨਿਜ਼ਮ

ਹਰ ਇਕ ਲਈ ਜ਼ਬਰਦਸਤ ਸਰੂਰ ਹੈ। ਜਿਉਂ ਜਿਉਂ ਉਮਰ ਵਧਦੀ ਹੈ ਸਰੂਰ ਮੱਧਮ ਹੋਣ ਲੱਗ ਜਾਂਦਾ ਹੈ। ਇਸੇ ਕਰਕੇ ਕਿਸੇ ਨੇ ਕਿਹਾ ਹੈ ਕਿ ਜੇ ਜਵਾਨ ਹੁੰਦਿਆਂ ਤੱਕ ਕੋਈ ਕਮਿਊਨਿਸਟ ਪਰੰਪਰਾ ਦਾ ਹਾਮੀ ਨਹੀਂ ਬਣਦਾ ਉਸ ਕੋਲ ਕੋਮਲ ਦਿਲ ਨਹੀਂ ਅਤੇ ਜੇ ਸਿਆਣੀ ਉਮਰ ਤੱਕ ਵੀ ਇਸ ਸਰੂਰ ਨੂੰ ਉਤਾਰ ਨਹੀਂ ਸਕਿਆ ਤਾਂ ਉਸ ਕੋਲ ਰੋਸ਼ਨ ਦਿਮਾਗ ਨਹੀਂ।

ਕਾਫੀ ਕੁਝ ਹੋਰ ਇਸ ਜ਼ਿੰਦਗੀ ਵਿਚ ਨਜ਼ਦੀਕ ਤੋਂ ਤੱਕਿਆ ਲਿਖਣ ਨੂੰ ਜੀਅ ਕਰਦਾ ਹੈ ਪਰੰਤੂ ਪਾਠਕਾਂ ਨੂੰ ਅਕੇਵੇਂ ਦੀ ਹੱਦ ਤਕ ਭੇਜਣ ਨੂੰ ਮਨ ਨਹੀਂ ਕਰਦਾ।

ਸਿਆਣੀ ਉਮਰ ਦੇ ਵਾਕਿਫ਼ਾਂ ਦੀ ਸ਼ਿਕਾਇਤ ਹੈ ਕਿ ਜਾਣੇ-ਪਛਾਣੇ ਜੁਆਨ ਬੰਦੇ ਨਾ ਮਿਲਣ ਆਉਂਦੇ ਹਨ ਨਾ ਫੋਨ 'ਤੇ ਹਾਲ ਪੁੱਛਦੇ ਹਨ। ਨੇੜਿਓਂ ਤੱਕੀ ਜੀਵਨ ਜਾਚ ਕਹਿੰਦੀ ਹੈ

ਵਕਤੇ ਪੀਰੀ ਦੋਸਤੋਂ ਕੀ ਬੇਰੁਖੀ ਕਾ ਕਿਆ ਗਿਲਾ
ਬਚ ਕੇ ਚਲਤਾ ਹਰ ਕੋਈ ਗਿਰਤੀ ਹੁਈ ਦੀਵਾਰ ਸੇ।

ਇਸ ਲਈ ਗਿਲੇ ਸ਼ਿਕਵਿਆਂ ਤੋਂ ਮੁਕਤ ਹੋ ਜਾਓ।
ਕਿਸੀ ਕੋ ਭੀ ਮੁਕੰਮਲ ਜਹਾਂ ਨਹੀਂ ਮਿਲਤਾ।

ਮੈਂ 58 ਸਾਲ ਦੀ ਉਮਰ ਪੂਰੀ ਕਰ ਕੇ 1992 ਵਿਚ ਬਤੌਰ ਪ੍ਰਿੰਸੀਪਲ ਸਰਕਾਰੀ ਕਾਲਜ ਨਾਭਾ ਤੋਂ ਸੇਵਾ ਮੁਕਤ ਹੋਇਆ। ਕਾਲਜ ਦੇ ਪ੍ਰੋਫ਼ੈਸਰਾਂ ਨੇ ਕਿਸੇ ਚੰਗੇ ਪ੍ਰਾਈਵੇਟ ਕਾਲਜ ਵਿਚ ਸੇਵਾ ਕਰਨ ਦੀ ਸਲਾਹ ਦਿੱਤੀ। ਮੇਰਾ ਜਵਾਬ ਸੀ ਸ਼ੇਖ ਸਾਅਦੀ ਨੇ ਕਿਹਾ ਹੈ 'ਐ ਅੱਲ੍ਹਾ ਮੀਆਂ ਮੁਝੇ ਸਬਰ ਕੀ ਦੌਲਤ ਸੇ ਮਾਲੋ-ਮਾਲ ਕਰ ਦੇ। ਮੇਰੀ ਖ਼ੁਆਹਿਸ਼ਾਤ ਇਤਨੀ ਕਮ ਹੋਂ ਕਿ ਮੇਰੇ ਪਾਸ ਸਭ ਕੁਛ ਮੁਝੇ ਜ਼ਰੂਰਤ ਸੇ ਜ਼ਿਆਦਾ ਲਗੇ'।

ਮੈਂ ਅੱਜ ਤੱਕ ਸਬਰ-ਸੰਤੋਖ ਦੀ ਦੌਲਤ ਨਾਲ ਮਾਲੋ-ਮਾਲ ਹਾਂ। ਸਾਰੇ ਲੋਕ ਭਾਵੇਂ ਸਹਿਮਤ ਨਾ ਹੋਣ ਪਰ ਮੈਨੂੰ ਮਸ਼ਹੂਰ ਇਤਿਹਾਸਕਾਰ ਲਾਰਡ ਟੁਆਨਬੀ ਅਤੇ ਨਾਵਲਕਾਰ ਬੀਬੀ ਪਰਲ ਬੱਕ ਦਾ ਕਥਨ ਸਦਾ ਚੇਤੇ ਰਹਿੰਦਾ ਹੈ ਕਿ ਆਉਣ ਵਾਲੀ ਦੁਨੀਆ ਦਾ ਭਲਾ ਗੁਰੂ ਗਰੰਥ ਸਾਹਿਬ ਦੀ ਦਿੱਤੀ ਸੇਧ ਵਿਚ ਹੈ। ਅਖੀਰ ਵਿਚ ਬਹੁਤ ਨਿੰਘ ਨਾਲ ਜ਼ਿੰਦਗੀ ਮਾਣਦਿਆਂ ਕਹਾਂਗਾ,

ਮਾਨਾ ਕਿ ਇਸ ਜ਼ਮੀਨ ਕੋ ਨਾ ਗੁਲਜ਼ਾਰ ਕਰ ਸਕੇ
ਕੁਛ ਖਾਰ ਹੀ ਕਮ ਕਰ ਗਏ ਗੁਜ਼ਰੇ ਜਿਧਰ ਸੇ ਹਮ।

ਫੇਰ ਵੀ ਚੜ੍ਹਦੀ ਕਲਾ ਵਿਚ ਰਹਿਣ ਦਾ ਅਹਿਸਾਸ ਹੈ।

ਜੋ ਕੁਝ ਮੈਂ ਲਿਖਿਆ ਹੈ ਮੇਰੇ ਨੇੜਿਓਂ ਤੱਕੀ ਜ਼ਿੰਦਗੀ ਦੇ ਵਲਵਲੇ ਹਨ। ਬਹੁਤ ਕੁਝ ਮਨ ਅੰਦਰ ਰੱਖ ਕੇ ਸਮਾਪਤ ਕਰਦਾ ਹਾਂ।

# ਕਾਵਿ-ਕਿਆਰੀ



**ਅਮਰੀਕ ਸਿੰਘ ਸ਼ਿਕਾਗੋ**

## ਤੇਰੀਆਂ ਚਲਾਕੀਆਂ

ਤੇਰੀਆਂ ਚਲਾਕੀਆਂ ਨੂੰ ਸਾਰਾ ਅਸੀਂ ਜਾਣਦੇ
ਸੀਂ ਕੇ ਬੁੱਲ੍ਹ ਆਪਣੇ ਰਜ਼ਾ ਉਸਦੀ ਨੂੰ ਮਾਣਦੇ।
ਖੇਡੀ ਜਾ ਤੂੰ ਖੇਡ ਜਿੰਨੇ ਹੋਰ ਖੇਡਣੇ
ਸੱਚ 'ਤੇ ਖੜ੍ਹੇ ਹੱਸ ਸੂਲੀ ਚੜ੍ਹ ਜਾਵਾਂਗੇ
ਦੁੱਖਾਂ ਤੋਂ ਨਹੀ ਡਰਦੇ ਇਹ ਸਾਡੇ ਹਾਣ ਦੇ।
ਤੇਰੀਆਂ ਚਲਾਕੀਆਂ ...।

ਕਾਲੀ ਬੋਲੀ ਰਾਤ ਪਏ ਝੱਖੜ ਨੇ ਝੁੱਲਦੇ
ਡੋਰ ਉਹਦੇ ਹੱਥ ਬੈਠਾ ਦੂਰ ਜੋ ਅੰਬਰੀਂ
ਤੁਰੇ ਜਾਂਦੇ ਰਾਹੀ ਐਵੇਂ ਖ਼ਾਕਾਂ ਨਹੀ ਛਾਣ ਦੇ।
ਤੇਰੀਆਂ ਚਲਾਕੀਆਂ ...।

ਕਿਸੇ ਦੀ ਖ਼ਾਮੋਸ਼ੀ ਨੂੰ ਗਲਤ ਜੋ ਤਕ ਦੇ
ਵਾਹ ਪਏ ਜਦੋਂ ਵਹਿਮ ਸਮਾਂ ਫਿਰ ਕੱਢਦਾ
ਚੁੱਪ ਹੋ ਕੇ ਦੇਖ ਤੂੰ ਵੀ ਧੱਕੇ ਹੁਣ ਖਾਣ ਦੇ।
ਤੇਰੀਆਂ ਚਲਾਕੀਆਂ ਨੂੰ ...।
ਮਿਟੇ ਨ ਮਿਟਾਉਣ ਵਾਲੇ ਕਿੰਨੇ ਇੱਥੋਂ ਤੁਰ ਗਏ
ਰਾਹ ਭਾਵੇਂ ਔਖੇ ਬਾਹਲ਼ੇ ਦੂਰ ਨੇ ਮੰਜ਼ਲਾਂ
'ਅਮਰ' ਅਣਖੀ ਜੋ ਬੰਦੇ ਸਦਾ ਹਿੱਕਾਂ ਨੂੰ ਤਾਣ ਦੇ
ਤੇਰੀਆਂ ਚਲਾਕੀਆਂ ...।

---

## ਕਨੇਡਾ! ਤੂੰ ਹੁਣ ਕਿਉਂ ਉਦਾਸ ਹੈਂ?



ਬੜਾ ਵਧੀਆਂ "ਸੰਨੀ ਡੇਅ"
ਸੂਰਜ ਵੀ ਪੂਰਾ ਖੁਸ਼
ਜਿਵੇਂ ਡੇਟ ਤੋਂ ਆਇਆ ਹੋਵੇ
ਪਹਿਲੀ ਕਿਸ ਦਾ ਸੁਆਦ
ਮਾਣ ਕੇ ਆਇਆ ਹੋਵੇ।

ਮੈਂ 'ਟਿੰਮ ਹਾਰਟਨ' 'ਚ ਬੈਠਾ
ਕੌਫ਼ੀ ਦੀਆਂ ਚੁਸਕੀਆਂ ਦਾ
ਆਨੰਦ ਮਾਣ ਰਿਹਾ ਸੀ
ਬਾਹਰ ਦੇਖਿਆ ਤਾਂ
ਲੋਕਾਂ ਦੇ ਲਾਲ ਚਿੱਟੇ ਕੱਪੜੇ ਪਾਏ ਹੋਏ ਸਨ।

ਮੈਨੂੰ ਇੱਕ ਦਮ ਚੇਤਾ ਆਇਆ
ਅੱਜ ਤਾਂ 'ਕਨੇਡਾ ਡੇਅ' ਹੈ
ਕਨੇਡਾ ਦਾ ਹੈਪੀ ਬਰਥਡੇ ਹੈ
ਖ਼ੁਸ਼ੀਆਂ ਦਾ ਦਿਨ ਹੈ
ਪਾਰਕਾਂ ਵਿੱਚ ਭੰਗੜਾ, ਗਿੱਧਾ ਤੇ
ਡੰਡੀਆਂ ਵਜਾਉਣ ਦਾ ਦਿਨ ਹੈ
ਕਨੇਡਾ ਦੇ ਮੱਥੇ 'ਤੇ ਤਿਲਕ ਲਾਉਣ ਦਾ ਦਿਨ ਹੈ
ਕਨੇਡਾ ਦੇ ਨਵੀਂ ਧੋਤੀ, ਟੋਪੀ, ਪੱਗ, ਬੁਰਕਾ ਤੇ
ਕਿਪੂ ਪਾਉਣ ਦਾ ਦਿਨ ਹੈ।

ਮੈਂ ਸੋਚਿਆ!
ਮੈਂ ਵੀ ਕਨੇਡਾ ਨੂੰ 'ਹੈਪੀ ਬਰਥਡੇ' ਕਹਾਂ
ਕਨੇਡਾ ਦਾ ਜਨਮ ਦਿਨ ਮਨਾਵਾਂ

ਮੈਂ ਕਨੇਡਾ ਨਾਲ ਗੱਲਾਂ ਕਰਨ ਲੱਗਿਆ
ਪਰ ਕਨੇਡਾ ਮੈਨੂੰ ਖ਼ੁਸ਼ ਨਜ਼ਰ ਨਹੀਂ ਆਇਆ
ਮੈਂ ਪੁੱਛਿਆ!
ਕਨੇਡਾ ਤੂੰ ਉਦਾਸ ਕਿਉਂ ਹੈ?
ਤੇਰਾ ਤਾਂ ਅੱਜ 158 ਵਾਂ ਜਨਮ ਦਿਨ ਹੈ
ਇੰਨੀ ਲੰਮੀ ਉਮਰ ਤਾਂ
ਕਰਮਾਂ ਵਾਲਿਆਂ ਨੂੰ ਮਿਲਦੀ ਹੈ
ਜ਼ਰੂਰ ਤੇਰੀ ਗਰਲ ਫਰੈਂਡ ਨੇ
ਤੇਰੀ ਲੰਮੀ ਉਮਰ ਲਈ 'ਕਰਵਾ ਚੌਥ' ਦਾ
ਵਰਤ ਰੱਖਿਆ ਹੋਵੇਗਾ।

ਪਿਆਰੇ ਕਨੇਡਾ!
ਤੈਨੂੰ ਤਾਂ ਅੱਜ ਲਾਲ ਲਾਲ ਕੇਕ ਦੇ ਨਾਲ
ਚਿੱਟੀ ਚਿੱਟੀ ਆਈਸਕ੍ਰੀਮ ਖਾਣੀ ਚਾਹੀਦੀ ਹੈ
ਖ਼ੁਸ਼ੀਆਂ ਮਨਾਉਣੀਆਂ ਚਾਹੀਦੀਆਂ ਹਨ
ਮੱਥੇ 'ਤੇ ਤਿਲਕ ਲਾਉਣਾ ਚਾਹੀਦਾ
ਗਲ ਵਿਚ ਕਰਾਸ, ਜਨੇਊ, ਕ੍ਰਿਪਾਨ ਤੇ
ਸਿਰ 'ਤੇ ਕਿੱਪਾ ਪਾਉਣਾ ਚਾਹੀਦਾ
ਬੱਚੀਆਂ ਦੇ ਪ੍ਰਾਈਵੇਟ ਬੌਡੀ ਪਾਰਟਸ ਨੂੰ
ਸੂਈ ਧਾਗੇ ਨਾਲ ਸਿਉਣਾ ਚਾਹੀਦਾ ਹੈ।

ਕਨੇਡਾ ਬੋਲ ਪਿਆ
"ਮੈਂ ਖ਼ੁਸ਼ ਕਿਸ ਤਰ੍ਹਾਂ ਹੋਵਾਂ?
ਮੈਂ ਆਪਣਾ ਜਨਮ ਦਿਨ ਕਿਸ ਤਰ੍ਹਾਂ ਮਨਾਵਾਂ?
ਮੇਰਾ ਤਾਂ ਸੱਤਿਆਨਾਸ ਹੋ ਰਿਹਾ ਹੈ
ਝੁੱਗਾ ਚੌੜ ਹੋ ਰਿਹਾ ਹੈ
ਇੱਥੇ ਤਾਂ ਲੁੱਟ ਖਸੁੱਟ ਮੱਚੀ ਹੋਈ ਹੈ
ਚੋਰੀਆਂ, ਹੇਰਾਫੇਰੀਆਂ, ਕਤਲ, ਐਕਸਟੋਰਸ਼ਨ
ਦਿਨੋ-ਦਿਨ ਵਧ ਰਹੇ ਹਨ
ਜਿਹੜੇ ਭੁੱਖਿਆਂ ਨੰਗਿਆਂ ਦੇ ਮੂੰਹਾਂ ਵਿੱਚ ਰੋਟੀ ਪਾਈ
ਹੁਣ ਉਹ ਹੀ ਮਲਟੀਕਲਚਰ ਦੇ ਨਾਂ ਉੱਤੇ
ਮੇਰਾ ਗਲਾ ਘੁੱਟ ਰਹੇ ਹਨ
ਦਿਨ-ਦਿਹਾੜੇ ਕੰਡੋਮ ਤੋਂ ਬਿਨਾਂ
ਪਾਰਕਾਂ ਸੜਕਾਂ 'ਤੇ ਮੇਰਾ ਰੇਪ ਕਰ ਰਹੇ ਹਨ
ਮੈਨੂੰ ਏਡਜ਼ ਦੀ ਬਿਮਾਰੀ ਲਾ ਰਹੇ ਹਨ
ਸਾਰੇ ਹੀ
ਆਪਣੇ ਆਪਣੇ ਕਲਚਰ,
ਆਪਣੀ ਆਪਣੀ ਬੋਲੀ,
ਆਪਣੇ ਆਪਣੇ ਸਭਿਆਚਾਰ 'ਤੇ ਧਰਮ ਦੀ
ਉੱਚੀ-ਉੱਚੀ ਡੁਗ-ਡੁਗੀ ਵਜਾ ਰਹੇ ਹਨ
ਕਾਂਵਾਂ ਰੌਲ਼ੀ ਪਾ ਰਹੇ ਹਨ
ਮੈਨੂੰ ਵੀ ਥਰਡ ਵਰਡ ਦੇਸ਼ ਬਣਾ ਰਹੇ ਹਨ।

ਹਰ ਕੋਈ ਆਪਣੇ ਆਪਣੇ ਸਕੂਲ ਖੋਲ੍ਹੀ ਜਾਂਦਾ ਹੈ
ਫ੍ਰੀ ਪਬਲਿਕ ਐਜੂਕੇਸ਼ਨ ਦੀ ਥਾਂ
ਵੱਡੀਆਂ ਵੱਡੀਆਂ ਫ਼ੀਸਾਂ ਲੈ ਕੇ
ਇਸ ਨੂੰ ਬਹੁਤ ਵੱਡਾ ਬਿਜ਼ਨਸ ਬਣਾਈ ਜਾਂਦਾ ਹੈ
ਕੋਈ ਕਾਰਾਂ ਚੋਰੀ ਕਰਕੇ ਵੇਚੀ ਜਾਂਦਾ ਹੈ
ਕੋਈ ਗਲਤ ਮਲਤ ਮੌਰਗੇਜ਼ਾਂ ਵੇਚੀ ਜਾਂਦਾ ਹੈ
ਚਿੱਟਾ, ਕਾਲਾ, ਡੋਡੇ ਤੇ ਮੈਥ ਵੇਚੀ ਜਾਂਦਾ ਹੈ।

ਜਿਹੜੀ 'ਗੂੰਦ' ਨਾਲ ਮੈਂ ਸਾਰੀ ਮਨੁੱਖਤਾ ਨੂੰ
ਬੜੇ ਪਿਆਰ ਤੇ ਸਤਿਕਾਰ ਨਾਲ
ਇਕੱਠਾ ਕਰਕੇ ਜੋੜਿਆ, ਰੱਖਿਆ, ਸਾਂਭਿਆ
ਉਸਨੂੰ ਗਰਮ ਕਰਕੇ ਹਥੌੜਿਆਂ ਨਾਲ ਤੋੜੀ ਜਾਂਦੇ ਹਨ

ਮੈਂ ਖ਼ੁਸ਼ ਕਿਸ ਤਰ੍ਹਾਂ ਹੋ ਸਕਦਾ ਹਾਂ?
ਆਪਣਾ ਜਨਮ ਦਿਨ ਕਿਸ ਤਰ੍ਹਾਂ ਮਨਾ ਸਕਦਾ ਹਾਂ?

ਖ਼ੁਸ਼ੀ ਤਾਂ ਤੂੰ ਮਨਾਅ
ਭਗਵੇਂ ਕੇਕ ਦੇ ਨਾਲ ਹਰੀ ਚਿੱਟੀ ਆਈਸਕ੍ਰੀਮ ਖਾਹ
ਪਾਰਕਾਂ ਸੜਕਾਂ 'ਤੇ ਭੰਗੜੇ ਗਿੱਧੇ ਪਾ
ਡੰਡੀਆਂ ਵਜਾ, ਬੈਗਪਾਈਪ ਮਿਊਜ਼ਿਕ ਵਜਾ
ਵੱਡੇ ਵੱਡੇ ਭਾਰੇ ਭਾਰੇ
ਬੁਰਕੇ, ਸੂਟ, ਸਾੜੀਆਂ ਪਾ ਕੇ 'ਬੀਚ' 'ਤੇ ਜਾਹ
ਤੂੰ ਦੁਨੀਆਂ ਦੇ ਨੰਬਰ ਵੰਨ ਦੇਸ਼ ਨੂੰ
ਸ਼ਿੱਟ-ਹੋਲ ਥਰਡ ਵਰਡ ਦੇਸ਼ ਬਣਾ
ਆਪਣੇ ਦੇਸ਼ ਦੀ 'ਗੰਦੀ ਲਾਂਡਰੀ' ਚੁੱਕ ਕੇ ਇੱਥੇ ਲਿਆ
ਆਪਣੇ ਦੇਸ਼ ਦੀ 'ਗੰਦੀ ਲਾਂਡਰੀ' ਚੁੱਕ ਕੇ ਇੱਥੇ ਲਿਆ।

*-ਸਨੀ ਧਾਲੀਵਾਲ*

---

## ਸੱਦ - ਪੰਦਰਾਂ ਅਗਸਤ

ਮਿਲੀ ਆਜ਼ਾਦੀ ਜਾਂ ਬਰਬਾਦੀ,
ਸਮਝ ਨਾ ਮੈਂ ਅੱਜ ਤੱਕ ਸਕਿਆ।
ਗੋਰਾ ਭੱਜਿਆ ਭੂਰਾ ਆਇਆ,
ਅਕਾਸ਼ੋਂ ਡਿੱਗ ਖਜ਼ੂਰੀਂ ਫਸਿਆ।

ਗੋਰਾ ਭੂਰਾ ਦੋਏ ਜੁੜਵੇਂ ਭਾਈ,
ਫਰਕ ਨਾ ਕੋਈ ਮੈਨੂੰ ਦਿਸਿਆ।
ਕੌਮਪ੍ਰਸਤੀ ਦਾ ਨਸ਼ਾ ਚੜ੍ਹਾਇਆ,
ਫਨੀਅਰ ਨੇ ਜਿਉਂ ਹੋਏ ਡੱਸਿਆ।
ਅੱਧੀ ਰਾਤੀਂ ਆਈ ਆਜ਼ਾਦੀ,
ਕੋਈ ਪਛਾਣ ਨਾ ਇਸਨੂੰ ਸਕਿਆ।
ਜਿਨ੍ਹਾਂ ਕੋਲ ਆਈ ਉਨ੍ਹਾਂ ਤਾਈਂ,
ਗਰੀਬ ਵਿਚਾਰਾ ਰਿਹਾ ਤਰਸਿਆ।

ਬਣਾ ਰਖੇਲ ਘਰ ਆਪਣੇ ਰੱਖੀ,
ਰੂਪ ਉਸ ਦਾ ਨਾ ਹੋਰ ਨੂੰ ਦਿਸਿਆ।
ਅਰਥ ਆਜ਼ਾਦੀ ਦੇ ਇਹ ਪ੍ਰਚਾਰੇ,
ਛੱਡ ਕੇ ਦੇਸ਼ ਫਿਰੰਗੀ ਨੱਸਿਆ।

ਰਹਿੰਦ-ਖੂੰਹਦ ਗੋਰਿਆਂ ਵਾਲੀ,
ਦਿਨ ਚੜ੍ਹਿਆਂ ਆ ਦਿਸੀ ਮੈਦਾਨੇ।
ਕਹਿੰਦੇ ਸਨ ਜਿਹਨੂੰ ਬਾਪੂ-ਬਾਪੂ,
ਥਾਪ ਦੋਸ਼ ਲਾ ਦਿੱਤਾ ਟਿਕਾਣੇ।

ਕਾਲੇ-ਪਾਣੀ ਜਿਨ੍ਹਾਂ ਜੇਲ੍ਹਾਂ ਕੱਟੀਆਂ,
ਨੁਕਰੇ ਲਾਏ (ਆਟੇ) ਲੂਣ ਸਮਾਣੇ
ਬਟਵਾਰੇ ਦੀਆਂ ਲੋਥਾਂ ਉੱਤੇ,
ਡਾਹ ਕੁਰਸੀ ਬੈਠੇ ਅਕਿਰਤਘਰਾਣੇ।

ਜਿਉਂ ਜਿਉਂ ਸੂਰਜ ਉੱਚਾ ਹੋਇਆ,
ਨਸ਼ਾ ਸੱਤਾ ਦਾ ਪਲ-ਪਲ ਚੜ੍ਹਿਆ।
ਸਿਆਸਤ ਦਾ ਹੱਥ-ਠੋਕਾ ਬਣਿਆ,
ਲੋਕੀਂ ਪਾਠ ਕਾਨੂੰਨ ਦਾ ਪੜ੍ਹਿਆ।

ਸੱਤਾ ਅਮੀਰ ਹੋਏ ਇਕ ਥਾਈਂ,
ਗਰੀਬ ਹੋਰ ਹੋ ਗਰੀਬ ਨਿਬੜਿਆ।
ਅੰਦਰਖਾਤੇ ਹੋਏ ਘਿਓ-ਖਿਚੜੀ,
ਬਾਹਰ ਮੁੱਲਾਂ ਨਾਲ ਹਿੰਦੂ ਲੜਿਆ।

ਚੀਚੀਂ ਖ਼ੂਨ ਨਾ ਜਿਨ੍ਹਾਂ ਦੇ ਲੱਗਾ,
ਕੁਰਬਾਨੀ ਦੀ ਨਾ ਰੀਤ ਕਦਾਈਂ।
ਨਾਲ ਨੇੜਤਾ ਸੱਤਾ ਰਹੀ ਸਦ ਹੀ,
ਹੱਥ ਸੱਤਾ ਮੁੜ ਉਨ੍ਹਾਂ ਦੇ ਆਈ।

ਵੰਨ-ਸੁਵੰਨਤਾ ਰਤਾ ਨਾ ਭਾਵੇ,
ਬੁਲਡੋਜ਼ ਕਰਨ ਦੀ ਰੀਤ ਚਲਾਈ।
ਇੱਕੋ ਧਰਮ, ਕੌਮ, ਬੋਲੀ ਇੱਕੋ,
ਸਹਿਣਯੋਗ ਹੋਰ ਰਤਾ ਨਾ ਕਾਈ।
ਦੇਖ 'ਨਾਕਾਮ' ਗੇੜ ਸਮੇਂ ਦਾ,
ਪੀੜਤ ਬਣਿਆ ਜ਼ਾਲਮ-ਅਨੁਯਾਈ।

*-ਗੁਰਬਖਸ਼ ਸਿੰਘ 'ਨਾਕਾਮ'*

---

## ਗ਼ੁਲਾਮੀ

ਆਜ਼ਾਦੀ ਕੀ ਲੜਾਈ ਮੇਂ
ਸਭ ਸੇ ਮੁਸ਼ਕਲ ਕਾਮ ਹੈ,
ਗ਼ੁਲਾਮ ਕੋ ਸਮਝਾਨਾ
ਕਿ ਵੋਹ ਗ਼ੁਲਾਮ ਹੈ।

## ਆਜ਼ਾਦੀ-ਏ-ਗ਼ੁਲਾਮੀ

ਝੂਠ ਹੈ ਕਿ ਅੰਗਰੇਜ਼ ਨੇ ਸਾਨੂੰ
ਗ਼ੁਲਾਮ ਬਣਾਇਆ,
ਉਹ ਤਾਂ ਝੂਟੇ ਲੈਣ ਸੀ ਆਇਆਂ,
ਸਾਡੀ ਗ਼ੁਲਾਮੀ ਉੱਪਰ ਚੜ੍ਹ ਕੇ।
ਆਇਆਂ ਤੇ ਚਲੇ ਗਿਆਂ 'ਪਰਖ਼ਿਆ',
ਸਾਡੀ ਗ਼ੁਲਾਮੀ ਨੂੰ
ਮੁੜ ਆਜ਼ਾਦ ਕਰਕੇ।

## ਰਾਜ ਸੱਤਾ

ਉਨ੍ਹਾਂ ਦੀ ਰਾਜ ਸਤਾ ਬੰਦੂਕ ਦੀ ਨਾਲੀ 'ਚੋਂ ਨਹੀਂ
ਸਾਡੀ ਗ਼ੁਲਾਮੀ ਵਿੱਚੋਂ ਨਿੱਕਲਦੀ ਹੈ,
ਗ਼ੁਲਾਮੀ ਵਿੱਚ ਪਲਦੀ ਹੈ।

*-ਡਾ. ਸੁਖਪਾਲ ਸੰਘੇੜਾ ਉਰਫ਼ ਪਰਖ਼ਾ*

---

## ਸਾਇੰਸ ਵਾਲਿਆਂ ਨੂੰ

ਉਡਾਣਾਂ ਉੱਝ ਭਰ ਰਿਹਾ ਹੈਂ, ਤੂੰ ਤਾਰਿਆਂ ਦੇ ਵੱਲ।
ਪਰ ਪਿੱਠ ਕਿਉਂ ਕਰ ਰਿਹੈਂ, ਤੂੰ ਸਾਰਿਆਂ ਦੇ ਵੱਲ।

ਕਿਤੇ ਬੰਬ ਵਰਸ ਰਹੇ ਨੇ, ਕਿਧਰੇ ਤੋਪਾਂ ਦੀ ਗੂੰਜ।
ਕਾਸ਼! ਪਿਆਰ ਤੇ ਸ਼ਾਂਤੀ, ਦੁਨੀਆਂ ਉੱਤੇ ਭੀ ਢੂੰਡ।

ਬੇਰੁਖੀ ਆਪਣਿਆਂ ਲਈ, ਮੋਹਿਆ ਚੰਦ ਤਾਰਿਆਂ।
ਜੀਂਦਾ ਨਾ ਰਹਿ ਸਕੇਂਗਾ, ਤੂੰ ਵੀ ਜਾਏਂਗਾ ਮਾਰਿਆ।

ਕਲੰਕ ਲੱਗ ਜਾਏਗਾ ਫਿਰ, ਤੇਰੇ ਚਮਕਦੇ ਚੇਹਰੇ।
ਨਸਲਾਂ ਤਬਾਹ ਹੋ ਜਾਣੀਆਂ, ਹੋ ਜਾਣੇ ਘੁੱਪ ਹਨੇਰੇ।

ਮਾਨਣ ਵਾਲਾ ਇਹ ਤੇਰੀਆਂ, ਖੋਜਾਂ ਨਾ ਕੋਈ ਰਹੂ।
ਸਿਫਰ ਹੋ ਜਾਏਗੀ ਸ੍ਰਿਸ਼ਟੀ, ਤੇ ਸਿਫਤਾਂ ਕੌਣ ਕਰੂ।

ਲੱਭ ਲੈ ਕੋਈ ਹਜੇ ਵੀ ਹੱਲ, ਖ਼ੁਦ ਆਪ ਸਹੇੜੀ ਦਾ।
ਨਹੀਂ ਤਾਂ ਪੈਣਾ ਹੈ ਪਛਤਾਣਾ, ਜੇ ਹੁਣੇ ਨਿਬੇੜੀ ਨਾ।

*-ਸੇਵਾ ਸਿੰਘ 'ਨੂਰਪੁਰੀ'*

# ਜਦੋਂ ਸਿੱਖਾਂ ਨੇ ਮਸਜਿਦ ਬਣਾਉਣ ਲਈ ਪਾਇਆ ਯੋਗਦਾਨ ...



**ਡਾ. ਸੁਖਦੇਵ ਸਿੰਘ ਝੰਡ**
**ਫ਼ੋਨ: 647-567-9128**

ਗੱਲ 1947 ਦੀ 'ਵੰਡ' ਤੋਂ ਬਹੁਤ ਪਹਿਲਾਂ 'ਬਾਰਾਂ' ਵੱਸਣ ਦੇ ਸਮੇਂ ਦੀ ਹੈ।

ਲਹਿੰਦੇ ਪੰਜਾਬ ਦੀ ਆਪਣੀ ਯਾਤਰਾ ਬਾਰੇ ਛਪੇ ਮੇਰੇ ਸਫ਼ਰਨਾਮੇ 'ਪੁਰਖ਼ਿਆਂ ਦਾ ਦੇਸ' ਵਿਚ ਮੈਂ ਆਪਣੇ ਪੁਰਖ਼ਿਆਂ ਦੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਬਾਰੇ ਜ਼ਿਕਰ ਕਰਦਿਆਂ ਉੱਥੇ ਆਪਣੇ ਦਾਦਾ ਜੀ ਵੱਲੋਂ ਇਸ ਪਿੰਡ ਵਿਚ ਮਸਜਿਦ ਬਣਾਉਣ ਬਾਰੇ ਕੁਝ ਵੇਰਵਾ ਦਰਜ ਕੀਤਾ ਹੈ ਜੋ ਇਸ ਪ੍ਰਕਾਰ ਹੈ:

"ਪੁਰਖ਼ਿਆਂ ਦੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਵਿਚ ਸਾਡੇ ਮੇਜ਼ਬਾਨ ਭਰਾਵਾਂ ਜ਼ਹੂਰ ਹੁਸੈਨ ਤੇ ਮੁਨੱਵਰ ਹੁਸੈਨ ਹੁਰਾਂ ਦੇ ਘਰ ਦੇ ਸਾਹਮਣੇ ਪਾਸੇ ਇਕ ਸ਼ਾਨਦਾਰ ਮਸਜਿਦ ਹੈ। ਇਸ ਬਾਰੇ ਗੱਲ ਕਰਦਿਆਂ ਵੱਡੇ ਭਰਾ ਮੁਨੱਵਰ ਹੁਸੈਨ ਨੇ ਦੱਸਿਆ ਕਿ ਇਹ ਮਸਜਿਦ ਸਾਡੇ ਦਾਦਾ ਜੀ ਨੰਬਰਦਾਰ ਠਾਕਰ ਸਿੰਘ ਨੇ ਆਪਣੇ ਵੱਲੋਂ ਇਹ ਥਾਂ ਦੇ ਕੇ ਅਤੇ ਆਪਣੇ ਸਮੇਤ ਪਿੰਡ ਦੇ ਹੋਰ ਸਿੱਖ-ਪਰਿਵਾਰਾਂ ਵੱਲੋਂ ਮਾਇਆ ਇਕੱਤਰ ਕਰ ਕੇ ਵੱਡਮੁੱਲਾ ਯੋਗਦਾਨ ਪਾ ਕੇ ਤਿਆਰ ਕਰਵਾਈ ਸੀ। ਉਦੋਂ ਇਹ ਮਸਜਿਦ ਕੱਚੀ ਹੁੰਦੀ ਸੀ ਅਤੇ ਬਾਅਦ ਵਿਚ ਉਸ ਨੂੰ ਢਾਹ ਕੇ ਇਹ ਪੱਕੀ ਮਸਜਿਦ ਬਣਵਾਈ ਗਈ।"

ਦੋਹਾਂ ਦੋਸਤਾਂ (ਜ਼ਰੂਰ ਹੁਸੈਨ ਹੋਰਾਂ ਦੇ ਦਾਦਾ ਜੀ ਬਹਾਰਦੀਨ ਤੇ ਮੇਰੇ ਦਾਦਾ ਜੀ ਨੰਬਰਦਾਰ ਠਾਕਰ ਸਿੰਘ) ਦੇ ਆਪਸੀ ਪ੍ਰੇਮ-ਪਿਆਰ, ਦੋਸਤੀ ਤੇ ਭਾਈਚਾਰੇ ਦਾ ਇਹ ਸਬੂਤ ਸਾਨੂੰ ਪ੍ਰਤੱਖ ਦਿਖਾਈ ਦੇ ਰਿਹਾ ਸੀ। ਮੁਨੱਵਰ ਨੇ ਦੱਸਿਆ ਕਿ ਦੋਵੇਂ ਦੋਸਤ ਲਗਭਗ ਹਰ ਰੋਜ਼ ਮਿਲਦੇ ਸਨ। ਬਹਾਰਦੀਨ ਹੁਰਾਂ ਦੀ ਦਰਜ਼ੀ ਦੀ ਦੁਕਾਨ ਸੀ ਤੇ ਮੇਰੇ ਦਾਦਾ ਜੀ ਉੱਥੇ ਆਪਣੇ ਦੋਸਤ ਕੋਲ ਕਈ ਕਈ ਘੰਟੇ ਬੈਠ ਕੇ ਉਨ੍ਹਾਂ ਨਾਲ ਗੱਲਾਂ-ਬਾਤਾਂ ਮਾਰਦੇ ਰਹਿੰਦੇ ਸਨ।

ਪਰਿਵਾਰ ਦੇ ਚਾਰ ਮੈਂਬਰਾਂ ਦੀ ਪਾਕਿਸਤਾਨ ਦੀ ਸਾਡੀ ਇਸ ਫੇਰੀ ਸਬੰਧੀ ਸ਼ਾਹਮੁਖੀ ਵਿਚ ਲਾਹੌਰ ਤੋਂ ਛਪੀ ਇਸ ਪੁਸਤਕ ਨੂੰ ਪੜ੍ਹਨ ਤੋਂ ਬਾਅਦ ਮੇਜ਼ਬਾਨ ਜ਼ਹੂਰ ਹੁਸੈਨ ਨੇ ਇਸ ਬਾਰੇ ਫ਼ੋਨ 'ਤੇ ਗੱਲ ਕਰਦਿਆਂ ਇਸ ਦੇ ਹੋਰ ਵਿਸਥਾਰ ਵਿੱਚ ਜਾਂਦਿਆਂ ਮੈਨੂੰ ਫ਼ੋਨ 'ਤੇ ਦੱਸਿਆ ਕਿ ਸਾਡੇ ਦਾਦਾ ਜੀ ਵੱਲੋਂ ਦਿੱਤੀ ਗਈ ਜ਼ਮੀਨ ਵਿਚ ਇਸ ਮਸਜਿਦ ਦੇ ਬਣਨ ਸਮੇਂ ਉਨ੍ਹਾਂ ਵੱਲੋਂ ਤੇ ਪਿੰਡ ਦੇ ਵਸਨੀਕ ਕੁਝ ਹੋਰ ਸਿੱਖ ਪਰਿਵਾਰਾਂ ਵੱਲੋਂ ਮਸਜਿਦ ਬਣਾਉਣ ਲਈ ਜਦੋਂ ਕੁਝ ਵਿੱਤੀ ਮਦਦ ਦੇਣ ਦੀ ਪੇਸ਼ਕਸ਼ ਕੀਤੀ ਗਈ ਤਾਂ ਪਿੰਡ ਦੇ ਕੱਟੜ ਕੁਝ ਮੁਸਲਮਾਨਾਂ ਨੇ ਇਸ 'ਤੇ ਇਤਰਾਜ਼ ਕੀਤਾ ਕਿ ਉਹ ਗ਼ੈਰ-ਮੁਸਲਮਾਨਾਂ ਕੋਲੋਂ ਮਸਜਿਦ ਲਈ ਪੈਸੇ ਨਹੀਂ ਲੈ ਸਕਦੇ, ਜਿੱਥੇ ਬੈਠ ਕੇ ਉਨ੍ਹਾਂ ਨੇ ਨਮਾਜ਼ ਅਦਾ ਕਰਨੀ ਹੈ।



ਉਨ੍ਹਾਂ ਦੇ ਇਸ ਇਤਰਾਜ਼ ਨੂੰ ਦੂਰ ਕਰਨ ਲਈ ਸਾਡੇ ਦਾਦਾ ਜੀ ਨੰਬਰਦਾਰ ਠਾਕਰ ਸਿੰਘ ਨੇ ਕਿਹਾ, "ਤੁਹਾਡਾ ਇਤਰਾਜ਼ ਬਿਲਕੁਲ ਜਾਇਜ਼ ਏ। ਠੀਕ ਏ, ਪਰ ਜੇਕਰ ਮਸਜਿਦ ਦੇ ਤਾਮੀਰ ਕਰਨ ਵਿਚ ਤੁਸੀਂ ਸਾਡਾ ਹਿੱਸਾ ਨਹੀਂ ਪਾ ਸਕਦੇ ਤਾਂ ਉੱਥੇ ਬਣਾਏ ਜਾਣ ਵਾਲੇ ਗ਼ੁਸਲਖ਼ਾਨਿਆਂ ਲਈ ਤਾਂ ਇਹ ਪੈਸੇ ਵਰਤ ਹੀ ਸਕਦੇ ਹੋ।" ਦਾਦਾ ਦੇ ਇਸ ਸੁਝਾਅ 'ਤੇ ਉਹ ਸਾਰੇ ਸਹਿਮਤ ਹੋ ਗਏ ਅਤੇ ਉਨ੍ਹਾਂ ਨੇ ਪਿੰਡ ਦੇ ਸਿੱਖ-ਵਾਸੀਆਂ ਵੱਲੋਂ ਦਿੱਤੀ ਗਈ ਉਹ ਮਾਲੀ ਮਦਦ ਸਵੀਕਾਰ ਕਰ ਲਈ।

ਪੱਕਾ ਪਤਾ ਤਾਂ ਕਿਸੇ ਨੂੰ ਵੀ ਨਹੀਂ ਹੋਣਾ ਕਿ ਉਨ੍ਹਾਂ ਵੱਲੋਂ ਦਿੱਤੀ ਗਈ ਉਹ ਰਕਮ ਮਸਜਿਦ ਦੇ ਕਿਸੇ ਹਿੱਸੇ, ਗ਼ੁਸਲਖ਼ਾਨਿਆਂ ਜਾਂ ਕਿਸੇ ਹੋਰ ਕੰਮ ਲਈ ਵਰਤੀ ਗਈ ਹੋਵੇ। ਕਿਤੇ ਵੀ ਖ਼ਰਚੀ ਵਰਤੀ ਗਈ ਹੋਵੇ, ਇਸ ਨਾਲ ਕੀ ਫ਼ਰਕ ਪੈਂਦਾ ਹੈ।

# ਸੁਰਿੰਦਰ ਸੋਹਲ ਦੀ ਗ਼ਜ਼ਲ-ਸੰਵੇਦਨਾ



ਸੁਰਿੰਦਰ ਸੋਹਲ

ਸੁਰਿੰਦਰ ਸੋਹਲ ਮੇਰਾ ਸੁਹਿਰਦ ਵਿਦਿਆਰਥੀ ਹੈ। ਹੁਣ ਤੱਕ ਉਸ ਦੇ ਤਿੰਨ ਕਾਵਿ-ਸੰਗ੍ਰਹਿ, ਦੋ ਗ਼ਜ਼ਲ-ਸੰਗ੍ਰਹਿ, ਦੋ ਨਾਵਲ ਅਤੇ ਕੁਝ ਇਕ ਹੋਰ ਗਲਪੀ ਰਚਨਾਵਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਸ ਦੇ ਹਿੱਸੇ ਦੂਸਰੀਆਂ ਜ਼ੁਬਾਨਾਂ ਵਿਚੋਂ ਅਨੁਵਾਦ ਤੇ ਸੰਪਾਦਨ-ਸਹਿ ਸੰਪਾਦਨ ਦਾ ਕਾਰਜ ਵੀ ਆਇਆ ਹੈ। ਇਹ ਸਾਰਾ ਕਾਰਜ ਉਸਨੇ 2002 ਤੋਂ ਲੈ ਕੇ ਅੱਜ ਤੱਕ ਕੀਤਾ ਹੈ। ਇਸ ਤੋਂ ਮੈਨੂੰ ਉਸ ਦੀ ਸਾਹਿਤਕ ਸਰਗਰਮੀ ਦਾ ਡੂੰਘਾ ਅਹਿਸਾਸ ਹੁੰਦਾ ਹੈ।



ਡਾ. ਸੁਹਿੰਦਰ ਬੀਰ

1990 ਤੋਂ 1996 ਤੱਕ ਮੈਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਿਜਨਲ ਸੈਂਟਰ, ਜਲੰਧਰ ਵਿਖੇ ਅਧਿਆਪਨ ਕਰਨ ਦਾ ਅਵਸਰ ਮਿਲਿਆ ਸੀ। ਉਨ੍ਹਾਂ ਦਿਨਾਂ 'ਚ ਪੰਜਾਬ ਨਾ-ਖੁਸ਼ਗਵਾਰ ਮਾਹੌਲ ਵਿਚੋਂ ਗੁਜ਼ਰ ਰਿਹਾ ਸੀ। ਅਸੀਂ ਸ਼ਹਿਰ ਦੇ ਕੁਝ ਸਾਹਿਤਕਾਰਾਂ ਨਾਲ ਰਲ ਕੇ 'ਸੁਖ਼ਨਵਰ ਮੰਚ ਪੰਜਾਬ' ਦੀ ਸਥਾਪਨਾ ਕੀਤੀ ਸੀ। ਅਸੀਂ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸਾਹਿਤਕਾਰਾਂ ਨਾਲ ਸੰਵਾਦ ਰਚਾ ਕੇ ਦੁਆਬੇ ਵਿਚ ਸਾਹਿਤ ਦੀ ਧੂਣੀ ਧੁਖਾਈ ਰੱਖਦੇ ਸੀ। ਇਨ੍ਹਾਂ ਸਾਹਿਤਕਾਰਾਂ ਦੀਆਂ ਮਿਲਣੀਆਂ ਨਾਲ ਨਵ-ਸਿਰਜਕਾਂ ਨੂੰ ਪ੍ਰੇਰਨਾ, ਲਿਖਣ ਦੀ ਸੂਝ ਅਤੇ ਵੱਡੀ ਮਾਤਰਾ ਵਿਚ ਊਰਜਾ ਪ੍ਰਾਪਤ ਹੁੰਦੀ। ਸੁਰਿੰਦਰ ਸੋਹਲ ਅਤੇ ਦਵਿੰਦਰ ਮੰਡ ਦੀ ਜੋੜੀ ਹੰਸਾਂ ਦੀ ਜੋੜੀ ਸੀ, ਇਨ੍ਹਾਂ ਦੇ ਨਾਲ ਹੀ ਓਮਿੰਦਰ ਜੌਹਲ ਅਤੇ ਤਜਿੰਦਰ ਵਿਰਲੀ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਉਸਾਰੂ-ਵਿਚਾਰਾਂ ਦੀ ਨੀਂਹ ਰੱਖਣ ਵਿਚ ਸਾਥ ਦਿੰਦੇ ਸਨ। ਸੁਖ਼ਨਵਰ ਮੰਚ ਇੱਕ ਤਰ੍ਹਾਂ ਨਾਲ ਸਾਡਾ ਸਾਹਿਤਕ ਪਰਿਵਾਰ ਸੀ ਜਿਸ ਨੇ ਦੁਆਬੇ ਵਿਚ ਇਕ ਸਾਰਥਕ ਸਾਹਿਤਕ ਮਾਹੌਲ ਕਾਇਮ ਕੀਤਾ। ਸੁਰਿੰਦਰ ਸੋਹਲ ਉਸ ਸਮੇਂ ਕਿਸ਼ੋਰ ਅਵਸਥਾ ਵਿਚ ਸੀ ਅਤੇ ਉਸਦੀ ਸਿਰਜਣਾ ਨੂੰ ਸੁਖ਼ਨਵਰ ਮੰਚ ਦਾ ਸਾਥ ਕਿਸੇ ਵਰਦਾਨ ਤੋਂ ਘੱਟ ਨਹੀਂ ਸੀ। ਮੇਰੀ ਨਿਗਰਾਨੀ ਅਧੀਨ ਹੀ ਉਸਨੇ ਐਮ.ਫਿਲ. ਦੀ ਡਿਗਰੀ ਪ੍ਰਾਪਤ ਕੀਤੀ। ਉਸਨੇ ਕੁਝ ਸਮਾਂ ਟੁੱਟਵੇਂ ਰੂਪ ਵਿਚ ਅਧਿਆਪਨ ਦਾ ਕਾਰਜ ਵੀ ਕੀਤਾ, ਉਚੇਰੀ ਖੋਜ ਵਾਲੇ ਪਾਸੇ ਬਿਰਤੀ ਵੀ ਲਗਾਈ ਪਰ ਪੰਜਾਬ ਦੇ ਅਸੰਤੁਲਿਤ ਹਾਲਾਤ, ਰਾਜਸੀ ਪਤਨ ਅਤੇ ਹਕੂਮਤ ਦੀਆਂ ਬੇਮੁਹਾਰ ਸਰਗਰਮੀਆਂ/ਗਤੀਵਿਧੀਆਂ ਨੇ ਉਸਦੇ ਪੈਰ ਦੇਸ਼ ਵਿਚ ਨਾ ਲੱਗਣ ਦਿੱਤੇ ਅਤੇ ਉਸਨੂੰ ਪਰਵਾਸੀ ਧਰਤੀ 'ਤੇ ਜਾਣ ਲਈ ਮਜਬੂਰ ਹੋਣਾ ਪਿਆ। ਇਕੱਲਾ ਉਹ ਹੀ ਨਹੀਂ ਬਲਕਿ ਪੰਜਾਬ ਦੇ ਅਨੇਕਾਂ ਨੌਜਵਾਨਾਂ ਨੂੰ ਰੁਜ਼ਗਾਰ ਨਾ ਮਿਲਣ ਕਰਕੇ, ਦੇਸ਼ ਤੋਂ ਦੂਰ ਜਾ ਕੇ ਪਰਵਾਸ ਦੇ ਕੌੜੇ-ਕੁਸੈਲੇ ਤਜਰਬਿਆਂ ਨਾਲ ਮੁਕਾਬਲਾ ਕਰਨਾ ਪਿਆ।


ਸੁਰਿੰਦਰ ਦਾ ਜਨਮ ਹੀ ਸ਼ਾਇਰ ਵਜੋਂ ਹੋਇਆ। ਉਸ ਨੇ ਪੰਜਵੀਂ-ਛੇਵੀਂ ਵਿਚ ਪੜ੍ਹਦਿਆਂ ਹੀ ਤੁਕ-ਬੰਦੀ ਸ਼ੁਰੂ ਕਰ ਦਿੱਤੀ ਸੀ, ਜਿਹੜੀ ਜਲੰਧਰ ਸ਼ਹਿਰ ਦੇ ਫ਼ਕੀਰ-ਬਾਦਸ਼ਾਹ ਉਸਤਾਦ ਸ਼ਾਇਰ ਉਲਫ਼ਤ ਬਾਜਵਾ ਦੀ ਸੰਗਤ ਵਿਚ ਪਰਪੱਕ ਸ਼ਾਇਰੀ ਦੇ ਰੂਪ ਵਿਚ ਨੇਪਰੇ ਚੜ੍ਹੀ। ਸੁਖ਼ਨਵਰ ਮੰਚ ਨੇ ਉਸ ਦੇ ਤਖ਼ਈਅਲ ਨੂੰ ਪਰਵਾਜ਼ ਦਿੱਤੀ।


ਮੈਂ ਆਪਣੇ ਇਸ ਹੱਥਲੇ ਲੇਖ ਵਿਚ ਉਸ ਦੀ ਕਵਿਤਾ ਦੇ ਮੁੱਢਲੇ ਰੁਝਾਨ ਅਤੇ ਵਿਕਾਸ ਬਾਰੇ ਉਸ ਦੀਆਂ ਪੁਸਤਕਾਂ ਦੇ ਪ੍ਰਕਾਸ਼ਨ ਦੇ ਹਵਾਲੇ ਨਾਲ ਗੱਲ ਕਰਨੀ ਬੇਹਤਰ ਸਮਝਦਾ ਹਾਂ। ਸਭ ਤੋਂ ਪਹਿਲੀ ਪੁਸਤਕ ਹੈ 'ਖੰਡਰ, ਖ਼ਾਮੋਸ਼ੀ ਤੇ ਰਾਤ'। ਇਸਦੀ ਪ੍ਰਕਾਸ਼ਨਾ 2002 ਵਿਚ ਹੋਈ।

ਸੁਰਿੰਦਰ ਸੋਹਲ ਨੇ ਸੰਗਲ ਸੋਹਲ ਨੂੰ ਛੱਡ ਕੇ ਸਾਲ 1997 ਵਿਚ ਅਮਰੀਕਾ ਵਿਖੇ ਪਰਵਾਸ ਧਾਰਨ ਕੀਤਾ ਅਤੇ ਉਸਦੀ ਪਹਿਲੀ ਪੁਸਤਕ 'ਖੰਡਰ ਖ਼ਾਮੋਸ਼ੀ ਤੇ ਰਾਤ ਪਰਵਾਸ' ਦੇ ਪਲੇਠੇ ਅਨੁਭਵ ਦੌਰਾਨ ਹੀ ਸ਼ਾਬਦਿਕ ਰੂਪ ਵਿਚ ਸਾਹਮਣੇ ਆਈ। ਭਾਵੇਂ ਉਸ ਵੱਲੋਂ ਇਫ਼ਤਿਖ਼ਾਰ ਨਸੀਮ ਦੀਆਂ ਚੋਣਵੀਆਂ ਉਰਦੂ ਨਜ਼ਮਾਂ ਦਾ ਪੰਜਾਬੀ ਅਨੁਵਾਦ 'ਤਿੰਨ ਚਿਹਰੇ ਵਾਲਾ ਰੱਕਾਸ' ਦੇ ਰੂਪ ਵਿਚ 2001 ਵਿਚ ਪ੍ਰਕਾਸ਼ਿਤ ਹੋ ਚੁੱਕਾ ਸੀ।

ਸੁਰਿੰਦਰ ਸੋਹਲ ਦੀ ਪਹਿਲੀ ਕਾਲ ਕਿਰਤ ਵਿਚ ਲਗਭਗ ਇਕ ਦਹਾਕੇ ਦੌਰਾਨ ਲਿਖੀਆਂ ਗ਼ਜ਼ਲਾਂ ਵਿਚੋਂ ਚੋਣਵੀਆਂ ਰਚਨਾਵਾਂ ਦੀ ਪ੍ਰਕਾਸ਼ਨਾ ਕੀਤੀ ਗਈ ਹੈ। ਵਿਸ਼ੇ ਪੱਖੋਂ ਇਹ ਇਕ ਗੁਲਦਸਤੇ ਵਾਂਗ ਹੈ ਪਰ ਇਹ ਗੁਲਦਸਤਾ ਅਜਿਹਾ ਹੈ ਜਿਸ 'ਚੋਂ ਪੰਜਾਬ ਦੇ ਨਾ-ਖੁਸ਼ਗਵਾਰ ਮਾਹੌਲ ਦੀ ਕਨਸੋਅ ਮਿਲਦੀ ਹੈ। ਇਸ ਪੁਸਤਕ ਦਾ ਨਾਮ ਹੀ 'ਖੰਡਰ, ਖ਼ਾਮੋਸ਼ੀ ਤੇ ਰਾਤ' 20ਵੀਂ ਸਦੀ ਦੇ ਆਖ਼ਰੀ ਦਹਾਕੇ ਦੀ ਜੀਵੰਤ ਰੂਪ ਵਿਚ ਝਾਤੀ ਪਾਉਂਦਾ ਹੈ। ਦੁਵੱਲੀ ਦਹਿਸ਼ਤਗਰਦੀ ਦੇ ਡਰ ਕਾਰਨ ਪਿੰਡਾਂ ਤੋਂ ਸ਼ਹਿਰਾਂ ਵੱਲ, ਸ਼ਹਿਰਾਂ ਤੋਂ ਦੂਸਰੇ ਸ਼ਹਿਰਾਂ ਵੱਲ ਅਤੇ ਦੇਸ਼ ਤੋਂ ਪਰਵਾਸ ਦਾ ਮਾਹੌਲ ਬਣਿਆ ਰਿਹਾ, ਵਸਦੇ ਰਸਦੇ ਘਰ ਖੰਡਰ-ਨੁਮਾ ਹੋ ਰਹੇ ਸਨ।

ਇਸ ਸੋਗੀ ਹਾਲਾਤ 'ਤੇ ਤਬਸਰਾ ਕਰਨ ਵਾਲੇ ਵੀ ਵਿਰਲੇ-ਵਾਂਝੇ ਹੀ ਕਲਮਕਾਰ ਸਨ ਬਹੁਤ ਸਾਰੇ ਖ਼ਾਮੋਸ਼ੀ ਦੀ ਝੁੰਭ ਮਾਰ ਕੇ ਬੈਠੇ ਸਨ। ਸੰਗੀਨਾਂ ਦੀ ਛਾਂ ਹੇਠ ਹੀ ਕੋਈ ਆਪਣੇ ਬੋਲ ਅਲਾਪਦਾ ਸੀ, ਪਾਸ਼ ਦੀ 'ਸਭ ਤੋਂ ਖ਼ਤਰਨਾਕ' ਕਵਿਤਾ ਉਨ੍ਹਾਂ ਹੀ ਸਮਿਆਂ ਦੀ ਉਪਜ ਸੀ, ਇਕ ਲੰਮੀ ਹਨੇਰੀ ਕਾਲੀ ਰਾਤ ਪਸਰੀ ਹੋਈ ਸੀ, ਜਿਸ ਦੇ ਖ਼ਤਮ ਹੋਣ ਦੀ ਉਦੋਂ ਕੋਈ ਉਮੀਦ ਨਜ਼ਰ ਨਹੀਂ ਸੀ ਆਉਂਦੀ, ਜੋ ਦੇਸ਼ ਵਿਚ ਆਪਣਾ ਜੀਵਨ ਬਤੀਤ ਕਰ ਰਹੇ ਸਨ ਉਹ ਵੀ ਖੰਡਰ, ਖ਼ਾਮੋਸ਼ੀ ਅਤੇ ਸੰਘਣੀ ਹਨੇਰੀ ਰਾਤ ਦੇ ਅਨੁਭਵ ਨੂੰ ਹੰਢਾਅ ਰਹੇ ਸਨ ਅਤੇ ਜੋ ਦੂਰ ਦਸੌਰੀ ਬੈਠੇ ਹੋਏ ਪਰਵਾਸ ਵਿਚ ਆਪਣਾ ਜੀਵਨ ਬਤੀਤ ਕਰ ਰਹੇ ਸਨ ਉਹ ਸਰੀਰਕ ਤੌਰ 'ਤੇ ਤਾਂ ਭਾਵੇਂ ਹਜ਼ਾਰਾਂ ਮੀਲਾਂ ਦੀ ਦੂਰੀ 'ਤੇ ਬੈਠੇ ਹੋਏ ਸਨ ਪਰ ਉਨ੍ਹਾਂ ਦੇ ਮਨਾਂ ਵਿਚ ਆਪਣੇ ਦੇਸ਼ ਦੀ ਬੇਚੈਨੀ ਛਿਲਤ ਵਾਂਗ ਖੁਭੀ ਹੋਈ ਸੀ। ਸੋ ਸੁਰਿੰਦਰ ਸੋਹਲ ਦੀ ਪਹਿਲੀ ਕਿਰਤ ਪੰਜਾਬ ਦੇ ਸੋਗੀ ਵਾਤਾਵਰਨ ਨੂੰ ਆਪਣੀ ਗਹਿਰੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਨ ਵਿਚ ਦਿਖਾਈ ਦਿੰਦੀ ਹੈ। ਮੈਂ ਇਥੇ ਉਸ ਦੇ ਕੁਝ ਸ਼ਿਅਰਾਂ ਦਾ ਹਵਾਲਾ ਦੇਣਾ ਚਾਹੁੰਦਾ




ਸੁਰਿੰਦਰ ਸੋਹਲ ਦੇ ਗ਼ਜ਼ਲ-ਸੰਗ੍ਰਹਿ 'ਖੰਡਰ, ਖ਼ਾਮੋਸ਼ੀ ਤੇ ਰਾਤ' ਅਤੇ 'ਕਿਤਾਬ ਆਸਮਾਨ ਦੀ' ਦੇ ਸਰਵਰਕ।

ਹਾਂ। ਇਨ੍ਹਾਂ ਰਾਹੀਂ ਉਥੇ ਸਮਕਾਲੀ ਅਤੇ ਸਰਬ ਕਾਲੀ ਤੱਥਾਂ ਬਾਰੇ ਜਾਗਰਤ ਚੇਤਨਾ ਪੇਸ਼ ਹੁੰਦੀ ਹੈ:

ਸਮਿਆਂ ਦੇ ਪਾਣੀ ਵਿਚ ਭਿੱਜ ਕੇ ਕਿਧਰੇ ਇਹ ਗਲ ਹੀ ਨਾ ਜਾਵਣ,
ਬੰਦ ਪਏ ਦਰਵਾਜ਼ੇ ਤਰਸਣ ਇਨ੍ਹਾਂ ਉੱਤੇ ਦਸਤਕ ਲਿਖਦੇ।
ਇਸ ਉਜੜੇ ਹੋਏ ਘਰ ਵਿਚ ਚੁੱਲਾ ਦੀਵਾ ਬਲਦੇ ਸਨ,
ਕਾਲੀ ਕੰਧ ਧੁਆਖੇ ਆਲੇ ਅੱਜ ਵੀ ਸ਼ਾਹਦੀ ਭਰਦੇ ਨੇ।
ਅੱਲੜ ਕੁੜੀ ਦੇ ਹੁਸਨ ਦੇ ਭੁੱਲ ਜਾ ਤੂੰ ਗੀਤ ਹੁਣ,
ਸੰਗੀਨ ਹੇਠਾਂ ਪਲਦੀਆਂ ਨਜ਼ਮਾਂ ਦਾ ਹਾਲ ਲਿਖ।

ਵਿਸ਼ਵੀਕਰਨ ਦਾ ਦੌਰ ਅਜਿਹਾ ਸੀ ਕਿ ਉਸਦਾ ਸੁਪਨਾ ਤਾਂ ਬਹੁਤ ਜ਼ਿਆਦਾ ਸਕਾਰਾਤਮਕ ਤੇ ਵਿਕਾਸ ਲਈ ਝਲਕ ਮਾਰਦਾ ਸੀ ਪਰ ਅਮਲੀ ਰੂਪ ਵਿਚ ਇਹ ਸੁਪਨਾ ਉਜਾਗਰ ਨਹੀਂ ਸੀ ਹੋ ਸਕਿਆ। ਉਸਨੇ ਬਹੁਤ ਸਾਰੇ ਨਿਖੇਧਾਤਮਕ ਪਾਸਾਰਾਂ ਨੂੰ ਜਨਮ ਦਿੱਤਾ ਹੈ। ਦੁਨੀਆ ਦੇ ਕਿਸੇ ਵੀ ਖਿੱਤੇ ਵਿਚ ਜਦੋਂ ਕੋਈ ਗੜਬੜ ਪੈਦਾ ਹੁੰਦੀ ਹੈ ਤਾਂ ਵਿਸ਼ਵ ਭਰ ਦੀਆਂ ਤਾਕਤਾਂ ਉਸ ਨੂੰ ਆਪੋ-ਆਪਣੀ ਦ੍ਰਿਸ਼ਟੀ ਤੋਂ ਮਦਦ ਜਾਂ ਵਿਰੋਧ ਕਰਨਾ ਸ਼ੁਰੂ ਕਰ ਦਿੰਦੀਆਂ ਹਨ, ਜਿਸ ਕਰਕੇ ਸਮੱਸਿਆ ਦੀ ਤਾਣੀ ਸੁਲਝਦੀ ਨਹੀਂ ਬਲਕਿ ਉਲਝਦੀ ਰਹਿੰਦੀ ਹੈ।

ਧਰਮ ਦੇ ਵਰਤਾਰੇ ਨੇ ਵੀ ਮਨੁੱਖ ਨੂੰ ਜੀਣਾ ਘੱਟ ਤੇ ਮਰਨਾ-ਮਾਰਨਾ ਵੱਧ ਸਿਖਾਇਆ ਪ੍ਰਤੀਤ ਹੁੰਦਾ ਹੈ।

ਹੋਰਨਾ ਸ਼ਾਇਰਾਂ ਵਾਂਗ ਸੁਰਿੰਦਰ ਸੋਹਲ ਨੇ ਵੀ ਆਪਣੇ ਧੁਰ ਮਨ ਤੋਂ ਪੰਜਾਬ ਦੇ ਉਜਲੇ ਭਵਿੱਖ ਲਈ ਖ਼ੈਰ-ਸੁਖ ਮੰਗਦੇ ਹੋਏ ਅਰਦਾਸ ਕੀਤੀ ਹੈ, ਉਹ ਲਿਖਦਾ ਹੈ:

ਅੱਗ ਚੁੱਲਿਆਂ ਵਾਸਤੇ ਘੜਿਆਂ ਲਈ ਪਾਣੀ ਲਿਖੀਂ।
ਦਿਨ ਦੇ ਪਹਿਲੇ ਵਰਕ 'ਤੇ ਜਪੁਜੀ ਜਿਹੀ ਬਾਣੀ ਲਿਖੀਂ।

ਢਹਿ ਗਏ ਘਰ ਫਿਰ ਵੱਸਣ, ਮੌਲਣ ਬਨੇਰੇ ਘੁੱਗੀਆਂ,
ਝੁਲਸ ਹੋਏ ਗਮਲਿਆਂ ਵਿਚ ਰਾਤ ਦੀ ਰਾਣੀ ਲਿਖੀਂ।

ਪਰਵਾਸ ਦੀ ਪ੍ਰਕਿਰਿਆ ਭਾਵੇਂ ਆਦ ਮਨੁੱਖ ਦੇ ਨਾਲ ਹੀ ਸ਼ੁਰੂ ਹੋ ਗਈ ਸੀ ਪਰ ਇਸ ਦਾ ਅਨੁਭਵ ਤੇ ਹਕੀਕਤ ਬਹੁਤ ਸੁਖਾਵੀਂ ਨਹੀਂ ਬਲਕਿ ਦੁਖਾਵੀਂ ਹੀ ਰਹੀ ਹੈ। ਇਸ ਦਾ ਕਾਰਨ ਵੱਖ-ਵੱਖ ਦੇਸ਼ਾਂ ਦੀ ਆਪਣੀ ਰਹਿਤਲ, ਅਮੀਰੀ ਗ਼ਰੀਬੀ ਦੇ ਫ਼ਾਸਲੇ, ਨਸਲੀ ਵਿਤਕਰਾ ਤੇ ਮਾਤ-ਭੂਮੀ ਦੇ ਮੋਹ ਵਰਗੀਆਂ ਅਲਾਮਤਾਂ ਬਣੀਆਂ ਰਹੀਆਂ ਹਨ। ਪਰਵਾਸ ਦੀ ਪ੍ਰਕਿਰਿਆ ਵਿਚ ਘੱਟ ਵਿਕਸਿਤ ਮੁਲਕਾਂ ਤੋਂ ਵੱਧ ਵਿਕਸਿਤ ਮੁਲਕਾਂ ਵੱਲ ਰੁਝਾਨ ਵਧੇਰੇ ਇਸ ਕਰਕੇ ਵੀ ਬਣਿਆ ਰਿਹਾ ਕਿਉਂਕਿ ਘੱਟ ਵਿਕਸਿਤ ਦੇਸ਼ਾਂ ਦੀਆਂ ਹਕੂਮਤਾਂ ਵਿਅਕਤੀਗਤ ਹਿਤਾਂ ਤੋਂ ਉੱਪਰ ਉੱਠ ਕੇ ਅਪਣੇ ਦੇਸ਼ਾਂ ਦਾ ਵਿਕਾਸ ਨਹੀਂ ਕਰ ਸਕੀਆਂ। ਧਰਮ ਦੇ ਨਾਂ 'ਤੇ ਮਨੁੱਖਾਂ ਨੂੰ ਵੰਡ ਕੇ ਕੁਰਸੀ ਦੇ ਮੋਹ ਨੂੰ ਵਧੇਰੇ ਤਰਜੀਹ ਦਿੰਦੀਆਂ ਰਹੀਆਂ ਹਨ। ਸਧਾਰਨ ਮਨੁੱਖ ਇਸ ਅੰਤਰਰਾਸ਼ਟਰੀ ਵਰਤਾਰੇ ਵਿਚ ਦੁਖਾਂਤ ਦੇ ਭਾਗੀ ਬਣਦੇ ਰਹੇ ਅਤੇ ਦੁੱਖਾਂ ਦੀ ਚੱਕੀ ਵਿਚ ਪਿਸਦੇ ਰਹੇ ਹਨ। ਸੁਰਿੰਦਰ ਸੋਹਲ ਨੇ ਅਜਿਹੇ ਅਨਭਵਾਂ ਨੂੰ ਬਹੁਤ ਮਾਰਮਕ ਤਰੀਕੇ ਨਾਲ ਕਾਵਿ-ਸੰਵੇਦਨਾ ਵਿਚ ਢਾਲ ਕੇ ਪੇਸ਼ ਕੀਤਾ ਹੈ:

ਉਨ੍ਹਾਂ ਨੇ ਰੌਸ਼ਨੀ ਦੇਵਣ ਦੇ ਸਭ ਵਾਅਦੇ ਨਿਭਾ ਦਿੱਤੇ।
ਪਰਿੰਦਿਆਂ ਦੇ ਪਰਾਂ ਵਿਚ ਸੁਲਘਦੇ ਕੋਲੇ ਟਿਕਾ ਦਿੱਤੇ।

ਸੰਦਲੀ ਦਿਨ, ਗੋਰੀਆਂ ਰਾਤਾਂ ਸਫ਼ਰ ਵਿਚ ਗਾਲ ਕੇ।
ਅਸਥੀਆਂ ਬਣ ਕੇ ਅਸੀਂ ਪਰਦੇਸ ਤੋਂ ਵਾਪਸ ਮੁੜੇ।

ਦੇਸ਼ ਤੋਂ ਜਦੋਂ ਵੀ ਕੋਈ ਵਿਅਕਤੀ ਪਰਵਾਸ ਧਾਰਨ ਕਰਨ ਲਈ ਦੂਰ ਦਸੌਰੀ ਦੇਸ਼ਾਂ ਵਿਚ ਜੀਵਨ ਬਤੀਤ ਕਰਨ ਲਈ ਜਾਂਦਾ ਹੈ ਤਾਂ ਇੱਕ ਵਾਰੀ ਤਾਂ ਉਸ ਨੂੰ ਸੁਹਾਵਣਾ ਸੁਪਨਾ ਨਜ਼ਰ ਆਉਂਦਾ ਹੈ ਪਰ ਹਕੀਕਤ ਸੁਪਨਿਆਂ ਦੇ ਹਾਣ ਦੀ ਨਹੀਂ ਹੁੰਦੀ।

'ਖੰਡਰ, ਖ਼ਾਮੋਸ਼ੀ ਤੇ ਰਾਤ' ਗ਼ਜ਼ਲ-ਪੁਸਤਕ ਉਸ ਇਤਿਹਾਸਕ ਕਾਲ ਦੌਰਾਨ ਲਿਖੀ ਗਈ ਹੈ ਜਦੋਂ ਵਿਸ਼ਵੀਕਰਨ ਦਾ ਬੋਲ ਬਾਲਾ ਆਰੰਭ ਹੋਇਆ ਸੀ। ਆਧੁਨਿਕਤਾ ਦੇ ਸਾਏ ਅਧੀਨ ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਦਾ ਫ਼ਾਸਲਾ ਵਧ ਰਿਹਾ ਸੀ, ਛੋਟੇ ਸਭਿਆਚਾਰਾਂ ਨੂੰ ਸੰਕਟਾਂ ਦਾ ਸਾਹਮਣਾ ਕਰਨਾ ਪਿਆ, ਸਮੂਹ ਪਰਿਵਾਰਾਂ ਦੇ ਟੁੱਟ-ਭੱਜ ਹੋਣ ਨਾਲ ਮਨੁੱਖ ਨੂੰ ਵਿਅਕਤੀਗਤ ਸੀਮਾਵਾਂ ਵਿਚ ਘਿਰ ਕੇ ਵੀ ਰਹਿਣਾ ਪਿਆ, ਜੀਵਨ ਦੀ ਅਸਲੀਅਤ ਗ਼ਾਇਬ ਹੋ ਕੇ ਰੁੱਖੀ-ਨੀਰਸ ਅਤੇ ਬਣਾਉਟੀ ਜ਼ਿੰਦਗੀ ਜੀਣ ਲਈ ਮਜਬੂਰ ਹੋ ਗਈ ਸੀ। ਇਨ੍ਹਾਂ ਅਨੁਭਵਾਂ ਨਾਲ ਵਿਅਕਤੀ ਅਸਤਿਤਵੀ ਸੰਕਟਾਂ, ਦਵੰਦਾਂ ਅਤੇ ਆਤਮ ਸੰਤਾਪ ਦਾ ਵੀ ਸ਼ਿਕਾਰ ਹੋਇਆ ਹੈ। ਅਜੋਕੇ ਮਨੁੱਖ ਦੀ ਜ਼ਿੰਦਗੀ ਵਿਚੋਂ ਤੇਜ਼ੀ ਨਾਲ ਸਹਿਜ ਮਨਫ਼ੀ ਹੁੰਦਾ ਜਾ ਰਿਹਾ ਹੈ। ਮਨੁੱਖ ਨੇ ਤੇਜ਼ੀ ਅਖ਼ਤਿਆਰ ਕਰ ਲਈ ਹੈ ਪਰ ਇਸ ਤੇਜ਼ੀ ਨੇ ਮਨੁੱਖ ਨੂੰ ਵਿਕਾਸ ਨਹੀਂ ਦਿੱਤਾ ਬਲਕਿ ਉਸਦੀ ਹੋਂਦ ਨੂੰ ਨਸ਼ਟ ਕੀਤਾ ਹੈ, ਉਸ ਨੂੰ ਬੇਚੈਨ ਕੀਤਾ ਹੈ। ਉਸ ਨੂੰ ਵਾਸਤਵਿਕ ਜੀਵਨ ਵਿੱਚੋਂ ਕੱਢ ਕੇ ਅਜਿਹੇ ਖ਼ਲਾਅ ਵਿਚ ਸੁੱਟ ਦਿੱਤਾ ਹੈ ਜਿੱਥੇ ਮਨੁੱਖ ਆਪਣੇ ਆਪ ਨੂੰ ਕਿਸੇ ਵੀ ਵੇਲੇ ਡਿੱਗਦਾ ਹੋਇਆ, ਟੁੱਟਦਾ ਹੋਇਆ, ਖ਼ਤਮ ਹੁੰਦਾ ਹੋਇਆ ਮਹਿਸੂਸ ਕਰਦਾ ਹੈ। ਇਹ ਸਾਰੇ ਅਨੁਭਵ ਸੁਰਿੰਦਰ ਸੋਹਲ ਦੀ ਕਵਿਤਾ ਦੇ ਅੰਗ-ਸੰਗ ਹੋ ਕੇ ਵਿਚਰੇ ਹਨ। ਇਸ ਤੋਂ ਇਲਾਵਾ ਨਾਰੀ ਜੋ ਜਨਨੀ ਹੈ ਉਸ ਨੂੰ ਇਕ ਤੋਂ ਦੂਸਰੀ ਸਥਿਤੀ ਵਿਚ ਪ੍ਰਵੇਸ਼ ਕਰਨਾ ਪੈਂਦਾ ਹੈ, ਇਸ ਕਰਕੇ ਉਹ ਹਮੇਸ਼ਾ ਦੁਖਾਂਤ ਤੇ ਅਸੁਰੱਖਿਅਤ ਮਾਹੌਲ ਦੇ ਕਟਹਿਰੇ ਵਿਚ ਘਿਰੀ ਰਹਿੰਦੀ ਹੈ। ਉਸਦਾ ਕਹਿਣਾ ਹੈ:

ਮੇਰੇ ਘਰ ਵਿਚ ਲੱਖ ਯਤਨ ਕਰ ਕੇ ਵੀ ਨਾ ਹੋਈ ਹਰੀ,
ਤੂੰ ਗੁਲਾਬ ਆਪਣੇ ਤੋਂ ਜਿਹੜੀ ਕੱਟ ਕੇ ਦਿੱਤੀ ਸੀ ਦਾਬ।

ਸੁਰਿੰਦਰ ਸੋਹਲ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਉਹ ਜੀਵਨ ਦੇ ਵਾਸਤਵਿਕ ਅਨੁਭਵਾਂ ਨੂੰ ਇਵੇਂ ਪੇਸ਼ ਕਰਦਾ ਹੈ ਜਿਵੇਂ ਇਹ ਸਾਰਾ ਵਰਤਾਰਾ ਉਸਦੇ ਆਪਣੇ ਤਨ-ਮਨ ਉੱਪਰ ਵਾਪਰਿਆ ਹੋਵੇ। ਪਰਾਏ ਅਨੁਭਵ ਨੂੰ ਵੀ ਆਪਣਾ ਬਣਾ ਲੈਣ ਦੀ ਸਮਰੱਥਾ ਤੇ ਉਸ ਨੂੰ ਸੂਖਮਤਾ ਨਾਲ ਪੇਸ਼ ਕਰਨ ਦੀ ਯੋਗਤਾ ਕਿਸੇ ਵਿਰਲੇ-ਵਾਂਝੇ ਦੇ ਹੀ ਹੱਥ ਆਉਂਦੀ ਹੈ।

0-0-0-

ਸੁਰਿੰਦਰ ਸੋਹਲ ਦੀ ਦੂਸਰੀ ਪੁਸਤਕ 'ਕਿਤਾਬ ਆਸਮਾਨ ਦੀ' ਵੀ ਗਜ਼ਲ ਦੇ ਰੂਪ ਵਿਚ ਪੇਸ਼ ਹੋਈ ਹੈ। ਇਸ ਪੁਸਤਕ ਦਾ ਪਹਿਲੀ ਪੁਸਤਕ ਦੇ ਪ੍ਰਕਾਸ਼ਨ ਨਾਲੋਂ 13 ਸਾਲਾਂ ਦਾ ਵਕਫ਼ਾ ਹੈ। ਮੈਂ ਇਸ ਵਕਫ਼ੇ ਨੂੰ ਨਾਹ-ਮੁਖਤਾ ਦੇ ਨੁਕਤੇ ਤੋਂ ਨਹੀਂ ਵਿਚਾਰਦਾ। ਜਿਹੜੇ ਲੇਖਕ ਜਲਦੀ-ਜਲਦੀ ਆਪਣੀਆਂ ਕਾਵਿ-ਪੁਸਤਕਾਂ ਦੀਆਂ ਪ੍ਰਕਾਸ਼ਨਾਵਾਂ ਕਰਦੇ ਹਨ, ਉਹ ਸੁਚੇਤ ਅਚੇਤ ਕਾਹਲ ਬਿਰਤੀ ਦਾ ਸ਼ਿਕਾਰ ਹੋ ਜਾਂਦੇ ਹਨ। ਲੇਖਕ ਨੂੰ ਆਪਣੀ ਪੁਸਤਕ ਦੇ ਪ੍ਰਕਾਸ਼ਨ ਵੇਲੇ ਬਹੁਤ ਜ਼ਿੰਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ। ਸੋ ਇਸ ਪੱਖ ਤੋਂ ਕਿਹਾ ਜਾ ਸਕਦਾ ਹੈ ਕਿ ਸੁਰਿੰਦਰ ਸੋਹਲ ਇਕ ਸੁਚੇਤ ਅਤੇ ਜ਼ਿੰਮੇਵਾਰੀ ਵਾਲਾ ਸ਼ਾਇਰ ਹੈ, ਜਿਸ ਪਾਸ ਸਹਿਜ, ਸਬਰ ਅਤੇ ਠਰੰਮਾ ਹੈ। ਪਰ ਇਨ੍ਹਾਂ ਤੇਰਾਂ ਸਾਲਾਂ ਵਿਚ ਵੀ ਉਹ ਸਾਹਿਤ ਨਾਲੋਂ ਅਭਿੱਜ ਨਹੀਂ ਰਿਹਾ। ਉਹ ਲਗਾਤਾਰ ਲਿੱਪੀ-ਅੰਤਰ, ਅਨੁਵਾਦ ਅਤੇ ਸੰਪਾਦਨਾ ਦਾ ਕੰਮ ਕਰਦਾ ਰਿਹਾ ਹੈ।

ਅਗਲਾ ਨੁਕਤਾ ਮੇਰਾ ਇਸ ਪੁਸਤਕ ਦੇ ਪਿਛੋਕੜ ਵਿਚ ਚੱਲ ਰਹੇ ਅਨੁਭਵ ਨੂੰ ਵਿਚਾਰਨ ਦਾ ਹੈ। ਜਦੋਂ ਵੀ ਕੋਈ ਸਮੀਖਿਅਕ ਕਿਸੇ ਸਿਰਜਣਾਤਮਕ ਕਿਰਤ ਦਾ ਵਿਵੇਚਨ ਜਾਂ ਮੁਲਾਂਕਣ ਕਰਦਾ ਹੈ ਤਾਂ ਲੇਖਕ ਕੀ ਕਹਿੰਦਾ ਹੈ? ਕਿਉਂ ਕਹਿੰਦਾ ਹੈ? ਕਦੋਂ ਕਹਿੰਦਾ ਹੈ? ਕਿਵੇਂ ਕਹਿੰਦਾ ਹੈ? ਅਤੇ ਕਿੱਥੇ ਕਹਿੰਦਾ ਹੈ? ਇਹ ਸਾਰੇ ਨੁਕਤੇ ਉਸ ਦੀ ਮਨੋ-ਬਿਰਤੀ ਵਿਚ ਵਾਸ ਕਰ ਰਹੇ ਹੁੰਦੇ ਹਨ ਤਾਂ ਹੀ ਕਿਸੇ ਰਚਨਾ ਦੀ ਥਾਹ ਪਾਈ ਜਾ ਸਕਦੀ ਹੈ। ਜਿਸ ਵੇਲੇ ਇਸ ਰਚਨਾ ਦੀ ਰਚਨਾਤਮਕਤਾ ਸਾਹਮਣੇ ਆਈ ਉਸ ਸਮੇਂ ਸੁਰਿੰਦਰ ਸੋਹਲ ਭਾਰਤ ਤੋਂ ਅਮਰੀਕਾ ਵਿਖੇ ਪਰਵਾਸ ਧਾਰਨ ਕਰ ਚੁੱਕਾ ਸੀ। ਉਹ ਭਾਰਤ ਵਰਗੇ ਦੇਸ਼ ਦੀ ਸਰਲ, ਸਾਦਾ ਸਭਿਆਚਾਰਕ ਜ਼ਿੰਦਗੀ ਨੂੰ ਛੱਡ ਕੇ ਅਮਰੀਕਾ ਵਰਗੇ ਪੂੰਜੀਵਾਦੀ ਦੇਸ਼ ਵਿਚ ਸਥਾਈ ਵਸੇਬਾ ਕਰਨ ਦੇ ਮਨੋਰਥ ਨਾਲ ਆ ਚੁੱਕਾ ਸੀ। ਇਸੇ ਸਮੇਂ ਵਿਚ ਵਿਸ਼ਵੀਕਰਨ, ਆਧੁਨਿਕਤਾ ਅਤੇ ਵਿਅਕਤੀਵਾਦ ਦਾ ਬੋਲ ਬਾਲਾ ਵੀ ਹੁੰਦਾ ਰਿਹਾ ਸੀ।

ਪੂੰਜੀਵਾਦ ਤੇ ਕਲਾਤਮਕਤਾ ਦਾ ਵੀ ਆਪਸ ਵਿਚ ਬੜਾ ਟੇਢਾ-ਮੇਢਾ ਰਿਸ਼ਤਾ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਪੂੰਜੀਵਾਦ ਕਲਾ ਨੂੰ ਨਿਖਾਰਦਾ ਹੈ ਜਾਂ ਕਲਾਕਾਰ ਨੂੰ ਪਤਨ ਵਾਲੇ ਬੰਨ੍ਹੇ ਲੈ ਜਾਂਦਾ ਹੈ? ਇਸਦਾ ਜਵਾਬ ਇਹ ਪ੍ਰਤੀਤ ਹੁੰਦਾ ਹੈ ਕਿ ਕਈ ਵਾਰ ਪੂੰਜੀਪਤੀ ਇਹ ਸਮਝਦਾ ਹੈ ਕਿ ਮੈਂ ਪੂੰਜੀ ਨਾਲ ਹੀ ਆਪਣੀ ਰਚਨਾਤਮਕਤਾ ਨੂੰ ਕਲਾਸਕੀ ਰੂਪ ਦੇ ਸਕਦਾ ਹਾਂ ਪਰ ਇਹ ਸਚਾਈ ਨਹੀਂ ਹੈ। ਕਲਾ ਪੂੰਜੀ ਵਿੱਚੋਂ ਨਹੀਂ, ਮਨ ਦੀ ਇਕਾਗਰਤਾ ਰਾਹੀਂ ਉਪਜਦੀ ਹੈ। ਇਸ ਸਾਹਿਤਕ ਕਮਾਈ ਨੂੰ ਅਕਸਰ ਹਲਕੇ-ਫੁਲਕੇ ਅੰਦਾਜ਼ ਵਿਚ ਵੀ ਲੈ ਲਿਆ ਜਾਂਦਾ ਹੈ। ਜਿਵੇਂ ਸੁਰਿੰਦਰ ਸੋਹਲ ਲਿਖਦਾ ਹੈ:

ਜ਼ਿਕਰ ਕਰਵਾਉਣ ਦਾ ਏਨ੍ਹਾਂ ਦਾ ਹੈ ਜਨੂਨ ਏਨਾ,
ਕਾਗਜ਼ੀ ਲੋਕ ਨੇ, ਅੰਗਾਰ ਵੀ ਚੁੱਕ ਸਕਦੇ ਨੇ।

ਪੂੰਜੀਵਾਦੀ ਸਭਿਆਚਾਰ ਦੀਆਂ ਕੁਝ ਇਕ ਅਜਿਹੀਆਂ ਅਲਾਮਤਾਂ ਨੇ ਜਿਹੜੀਆਂ ਬੰਦਿਆਂ ਵਿਚ ਸਹਿਜੇ ਹੀ ਪ੍ਰਵੇਸ਼ ਕਰ ਜਾਂਦੀਆਂ ਹਨ। ਜਿਵੇਂ ਮੈਂ ਪਰਵਾਸ ਬਾਰੇ ਜ਼ਿਕਰ ਕੀਤਾ ਸੀ, ਇਸ ਪੁਸਤਕ ਵਿਚ ਵੀ ਪਰਵਾਸ ਬਾਰੇ ਕੁਝ ਥੀਮ ਦ੍ਰਿਸ਼ਟੀ ਗੋਚਰ ਹੁੰਦੇ ਹਨ। ਉਸ ਦੀ ਪਹਿਲੀ ਪੁਸਤਕ ਵਿਚ ਇਕ ਪਰਵਾਸ ਦਾ ਸੁਪਨਾ ਸੀ, ਇਸ ਪੁਸਤਕ ਵਿਚ ਪਰਵਾਸੀ ਜੀਵਨ ਦੇ ਸੰਘਰਸ਼ ਦੀ ਗਾਥਾ ਹੈ। ਸੁਪਨੇ ਅਤੇ ਹਕੀਕਤ ਦਾ ਹਮੇਸ਼ਾ ਅੰਤਰ ਹੁੰਦਾ ਹੈ। ਸੁਪਨਾ ਬਹੁਤ ਖ਼ੂਬਸੂਰਤ ਹੁੰਦਾ ਹੈ। ਜਦੋਂ ਸੁਪਨਾ ਉਗਮਦਾ ਹੈ ਤਾਂ ਅੱਖੀਆਂ ਵਿਚ ਸੋਹਜ ਹੀ ਸੋਹਜ ਦਿਖਾਈ ਦਿੰਦਾ ਹੈ ਪਰ ਜਦੋਂ ਮਨੁੱਖ ਹਕੀਕਤ ਦੇ ਰੂਬਰੂ ਹੁੰਦਾ ਹੈ ਤਾਂ ਸੁਪਨਾ ਤਿੜਕਿਆ ਹੋਇਆ ਸਾਕਾਰ ਹੁੰਦਾ ਹੈ। ਇਸ ਸੰਘਰਸ਼ ਦੇ ਬਹੁਤ ਸਾਰੇ ਵੇਰਵੇ ਸੁਰਿੰਦਰ ਸੋਹਲ ਦੀ ਹੱਥਲੀ ਪੁਸਤਕ ਵਿਚ ਵੇਖੇ ਜਾ ਸਕਦੇ ਹਨ:

ਇਹ ਕਿਹੜੇ ਗੁਨਾਹ ਦੀ ਸਜ਼ਾ ਭੋਗਦੇ ਨੇ।
ਪਰਿੰਦੇ ਪਰਾਂ ਤੋਂ ਬਿਨਾਂ ਉਡ ਰਹੇ ਨੇ।

ਮੈਂ ਤਾਂ ਘਰ ਹੀ ਛੱਡ ਆਇਆ ਸਾਂ ਮਹਿਕ, ਜਜ਼ਬੇ ਤੇ ਰਿਸ਼ਤੇ,
ਪਰ ਸਫ਼ਰ ਵਿਚ ਨਾਲ ਮੇਰੇ ਪੈੜ ਕਿਸ ਦੀ ਚੱਲ ਰਹੀ ਹੈ?

ਕੱਚ 'ਤੇ ਤੁਰਨਾ ਪਿਆ ਹੈ, ਅੱਗ ਤੇ ਸੌਣਾ ਪਿਆ,
ਇਮਤਿਹਾਂ ਕਿਹੜਾ ਨਾ ਕੀਤਾ ਪਾਸ ਮੈਂ ਸੰਸਾਰ ਵਿਚ।

ਪਰਵਾਸ ਦਾ ਅਨੁਭਵ ਕੌੜਾ-ਕੁਸੈਲਾ ਜਾਂ ਕੁੜੱਤਣ ਭਰਿਆ ਅਤੇ ਸਮੱਸਿਆਪੂਰਕ ਇਸ ਲਈ ਬਣ ਜਾਂਦਾ ਹੈ ਕਿ ਮਨੁੱਖ ਆਪਣੀ ਮਾਤ ਭੂਮੀ ਨੂੰ ਬਹੁਤ ਪਿੱਛੇ ਛੱਡ ਆਉਂਦਾ ਹੈ ਅਤੇ ਜਿਸ ਧਰਤੀ 'ਤੇ ਉਹ ਵਸੇਬਾ ਕਰਦਾ ਹੈ ਉਸ ਧਰਤੀ 'ਤੇ ਉਸ ਦੀਆਂ ਜੜ੍ਹਾਂ ਨਹੀਂ ਹੁੰਦੀਆਂ। ਨਵੇਂ ਭੂਗੋਲਿਕ ਖਿੱਤੇ ਵਿਚ ਆਪਣੀ ਹੋਂਦ ਨੂੰ ਕਾਇਮ ਕਰਨਾ ਹੁੰਦਾ ਹੈ ਚਾਰੇ ਪਾਸੇ ਨਿਰਾਸ਼ਾ ਦਾ ਆਲਮ ਪਸਰਿਆ ਹੁੰਦਾ ਹੈ। ਕਈ ਵਾਰ ਤਾਂ ਮਨੁੱਖ ਇਹ ਸੋਚਦਾ ਹੈ ਕਿ ਵਾਪਸ ਚਲੇ ਜਾਵਾਂ ਕਿਉਂਕਿ ਦੁਨੀਆ ਵਿਚ

(ਬਾਕੀ ਅਗਲੇ ਸਫੇ 'ਤੇ)

# ਨਜ਼ਰ ਅਤੇ ਨਜ਼ਰੀਆ

'ਸੁਣਿਐ ਸਿਧ ਪੀਰ ਸੁਰਿ ਨਾਥ' ਗੁਰੂ ਨਾਨਕ ਸਾਹਿਬ ਦਾ ਬੜਾ ਹੀ ਪਿਆਰਾ ਬਚਨ ਹੈ। ਇਸ ਵਿਚ ਉਨ੍ਹਾਂ ਨੇ ਸੁਣਨ ਦਾ ਮਹਾਤਮ ਦੱਸਿਆ ਹੈ ਕਿ ਠੀਕ ਢੰਗ ਨਾਲ ਸੁਣਨ ਨਾਲ ਬੰਦਾ ਕੀ ਤੋਂ ਕੀ ਹੋ ਸਕਦਾ ਹੈ। ਪਰ ਇਹ ਸੁਣਨਾ ਹੀਅਰਿੰਗ ਨਹੀਂ, ਲਿਸਨਿੰਗ ਹੈ, ਜਿਸ ਵਿਚ ਆਤਮਾ ਸਮੇਤ ਪੂਰੀ ਦੇਹ ਸੁਣਦੀ ਹੈ। ਲਿਸਨਿੰਗ ਸਿਰਫ ਕੰਨ-ਰਸ ਹੁੰਦੀ ਹੈ, ਜਿਸ ਵੱਲ ਕਿਸੇ ਦੀ ਭੋਰਾ ਵੀ ਤਵੱਜੋ ਨਹੀਂ ਹੁੰਦੀ।

ਧਰਮ ਮੁਤਾਬਕ ਮਨੁੱਖ ਦਾ ਪਰਮ ਉਦੇਸ਼ ਪ੍ਰਭੂ ਮਿਲਾਪ ਹੈ। ਹਰ ਧਰਮ-ਸ਼ਾਸਤਰ ਵਿਚ ਪ੍ਰਭੂ ਮਿਲਾਪ ਦੀ ਯਾਤਰਾ ਦੇ ਕਈ ਚਰਣ ਅਤੇ ਪੜਾਅ ਦੱਸੇ ਗਏ ਹਨ। ਗੁਰੂ ਅਰਜਨ ਸਾਹਿਬ ਦੱਸਦੇ ਹਨ: ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ॥ ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ॥ ਅਰਥਾਤ ਪ੍ਰਭੂ ਮਿਲਾਪ ਦੀ ਯਾਤਰਾ ਦੇ ਚਾਰ ਚਰਣ ਹਨ—ਸੁਣਨਾ, ਜਪਣਾ, ਤੁਰਨਾ ਤੇ ਮਿਲਾਪ। ਪ੍ਰਭੂ ਬਾਰੇ ਸੁਣਨ ਨਾਲ ਮੇਰੇ ਤਨ ਅਤੇ ਮਨ ਵਿਚ ਕੁਝ-ਕੁਝ ਹੋਣ ਲਗਦਾ ਹੈ ਤੇ ਉਸ ਵਿਚ ਖੇੜੇ ਦਾ ਭਾਵ ਉਪਜਣ ਲਗਦਾ



**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਹੈ। ਫਿਰ ਮੇਰੀ ਰੂਹ ਹਰ ਸਮੇਂ ਸੁਣੇ ਹੋਏ ਪ੍ਰਭੂ ਬਾਰੇ ਹੀ ਲਗਾਤਾਰ ਸੋਚਦੀ ਰਹਿੰਦੀ ਹੈ ਤੇ ਉਸਦਾ ਨਾਮ ਜਪਣ ਲਗਦੀ ਹੈ। ਇਸ ਨਾਲ ਉਸਦੇ ਹਿਰਦੇ ਅੰਦਰ ਮਿਲਾਪ ਦੇ ਭਾਵ ਜਾਗਦੇ ਹਨ, ਜੋ ਉਸਦੇ ਚਿਹਰੇ ਉਤੇ ਆਈ ਲਾਲੀ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਫਿਰ ਉਹ ਜਗਿਆਸੂ ਰੂਹ ਪ੍ਰਭੂ ਨੂੰ ਮਿਲਣ ਲਈ ਯਤਨ ਕਰਦੀ ਹੈ ਤੇ ਉਸ ਵੱਲ ਤੁਰ ਪੈਂਦੀ ਹੈ। ਇਸ ਯਾਤਰਾ ਨਾਲ ਉਸਦੇ ਅੰਦਰ ਠੰਢ ਵਰਤ ਜਾਂਦੀ ਹੈ। ਠੰਢ ਉਦੋਂ ਵਰਤਦੀ ਹੈ ਜਦ ਮਨ ਵਿਚ ਬਲਦੀ ਈਰਖਾ ਅਤੇ ਸਾੜੇ ਦੀ ਅੱਗ ਬੁਝ ਜਾਂਦੀ ਹੈ। ਇਸ ਅੰਤ੍ਰੀਵ ਯਾਤਰਾ ਦਾ ਆਖਰੀ ਪੜਾਅ ਪ੍ਰਭੂ ਦਾ ਦਰਸ਼ਨ ਹੈ, ਜਿਸ ਨਾਲ ਰੂਹ ਨਿਹਾਲ ਹੋ ਜਾਂਦੀ ਹੈ। ਨਿਹਾਲ ਉਹ ਅਵਸਥਾ ਹੁੰਦੀ ਹੈ ਜਿਥੇ ਕੋਈ ਝੋਰਾ ਨਹੀਂ ਰਹਿੰਦਾ ਤੇ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਇਹ ਆਤਮ-ਨਿਰਭਰਤਾ ਵਿਚੋਂ ਪ੍ਰਾਪਤ ਹੋਏ ਅਨੰਦ ਦੀ ਅਵਸਥਾ ਹੈ। ਜਿਥੇ ਖੇੜਾ ਹੀ ਖੇੜਾ ਹੈ। ਪਰ ਉਪਰੋਕਤ ਪੰਗਤੀ ਵਿਚ ਪ੍ਰਭੂ ਮਿਲਾਪ ਦੀ ਅਧਿਆਤਮਿਕ ਯਾਤਰਾ ਦੇ ਪਹਿਲੇ ਪੜਾਅ ਅਰਥਾਤ ਸੁਣਨ ਦਾ ਹੀ ਮਹਾਤਮ ਦੱਸਿਆ ਗਿਆ ਹੈ।

ਗੁਰੂ ਨਾਨਕ ਦੇ ਸਮੇਂ ਸਮਾਜ ਵਿਚ ਚਾਰ ਕਿਸਮ ਦੇ ਲੋਕਾਂ ਦੀ ਬੇਹੱਦ ਮਾਨਤਾ ਸੀ, ਸਿਧ, ਪੀਰ, ਸੁਰ ਅਤੇ ਨਾਥ। ਸਿੱਧ ਇੱਕ ਪੂਰਨ ਮਨੁਖ ਹੁੰਦਾ ਹੈ, ਜਿਸਨੇ ਉੱਚੀ ਅਧਿਆਤਮਕ ਅਵਸਥਾ ਪ੍ਰਾਪਤ ਕੀਤੀ ਹੁੰਦੀ ਹੈ ਤੇ ਹਮੇਸ਼ਾ ਅਨੰਦ ਵਿਚ ਰਹਿੰਦਾ ਹੈ। ਸੂਫੀ ਪਰੰਪਰਾ ਵਿਚ ਰੂਹਾਨੀ ਮਾਰਗ ਦਰਸ਼ਕ ਨੂੰ ਪੀਰ ਕਹਿੰਦੇ ਹਨ। ਇਹ ਅਧਿਆਤਮਕ ਗਿਆਨ ਦੇ ਅਧਿਕਾਰੀ ਹੁੰਦੇ ਹਨ, ਜਿਸ ਕਰਕੇ ਇਹ ਸਤਿਕਾਰਯੋਗ ਹਸਤੀ ਹੁੰਦੇ ਹਨ। ਸੁਰ ਸਕਾਰਾਤਮਕ, ਦਿਆਲੂ ਅਤੇ ਰੱਬੀ ਗੁਣਾਂ ਵਾਲੇ ਦੇਵਤਿਆਂ ਨੂੰ ਕਿਹਾ ਜਾਂਦਾ ਹੈ। ਮਨੁੱਖ ਜਗਤ ਵਿਚ ਇਹ ਪਰਾ ਮਨੁੱਖ ਵਜੋਂ ਮੰਨੇ ਜਾਂਦੇ ਹਨ। ਸੰਸਕ੍ਰਿਤ ਵਿਚ ਨਾਥ ਸ਼ਬਦ ਦਾ ਅਰਥ ਸ੍ਰਿਸ਼ਟੀ ਦਾ ਮਾਲਕ ਹੈ ਤੇ ਨਾਥ ਤੋਂ ਉਪਰ ਤਾਂ ਬਸ ਰੱਬ ਹੀ ਹੁੰਦਾ ਹੈ। ਇਸ ਲਈ ਗੁਰੂ ਨਾਨਕ ਦੱਸਦੇ ਹਨ ਕਿ ਇਨ੍ਹਾਂ



ਚਾਰਾਂ ਹਸਤੀਆਂ ਦੇ ਗੁਣ ਉਸ ਮਨੁਖ ਵਿਚ ਪ੍ਰਗਟ ਹੋਣ ਲਗਦੇ ਹਨ, ਜਿਹੜਾ ਪ੍ਰਭੂ ਮਿਲਾਪ ਦੀ ਯਾਤਰਾ ਦੇ ਪਹਿਲੇ ਪੜਾਅ ਸੁਣਨ ਵਿਚ ਕਦਮ ਰੱਖਦਾ ਹੈ। ਸੁਣਨਾ ਏਨਾ ਮਹਾਨ ਹੈ।

ਅਜ ਮੈਂ ਕਿਸੇ ਸਾਹਮਣੇ ਇਸ ਪੰਗਤੀ ਦਾ ਹਵਾਲਾ ਦੇ ਬੈਠਾ। ਪਰ ਉਸ ਸੱਜਣ ਦੇ ਮਨ ਵਿਚ ਸਿੱਧਾਂ, ਪੀਰਾਂ, ਨਾਥਾਂ ਅਤੇ ਸੁਰਾਂ ਪ੍ਰਤੀ ਭੋਰਾ ਵੀ ਸਤਿਕਾਰ ਨਹੀਂ ਸੀ। ਮੈਂ ਉਸਨੂੰ ਪੀਰ ਬੁੱਧੂ ਸ਼ਾਹ ਦੇ ਹਵਾਲੇ ਨਾਲ ਮਾੜਾ ਮੋਟਾ ਪੀਰ ਦੀ ਅਹਿਮੀਅਤ ਨਾਲ ਸਹਿਮਤ ਕਰ ਸਕਿਆ। ਮੈਂ ਇਹ ਵੀ ਦੱਸਿਆ ਕਿ ਜੇ ਪੀਰ ਹੋਣਾ ਮਹਾਨ ਨਾ ਹੁੰਦਾ ਤਾਂ ਛੇਵੇਂ ਪਾਤਸ਼ਾਹ ਮੀਰੀ ਪੀਰੀ ਦਾ ਸੰਕਲਪ ਕਿਉਂ ਦਿੰਦੇ ਤੇ ਦਸਮ ਪਾਤਸ਼ਾਹ ਵੀ ਫਿਰ 'ਉਚ ਦੇ ਪੀਰ' ਕਿਉਂ ਬਣਦੇ। ਖ਼ੈਰ ਪੀਰ ਦੀ ਵਡਿਆਈ ਦੇ ਮੇਰੇ ਕੋਲ ਇਤਿਹਾਸਕ ਹਵਾਲੇ ਸਨ, ਜਿਨ੍ਹਾਂ ਨਾਲ ਮੈਂ ਆਪਣੀ ਗੱਲ ਸਮਝਾ ਸਕਿਆ। ਪਰ ਸਿੱਧ, ਸੁਰ ਅਤੇ ਨਾਥ ਦਾ ਮੇਰੇ ਕੋਲ ਕੋਈ ਇਤਿਹਾਸਕ ਹਵਾਲਾ ਨਹੀਂ ਸੀ, ਸਿਵਾਇ ਕੁਝ ਪਖੰਡੀ ਲੋਕਾਂ ਦੇ। ਫਿਰ ਮੈਂ ਇਸੇ ਨੂੰ ਦਲੀਲ ਵਜੋਂ ਵਰਤਿਆ ਕਿ ਨਕਲ ਵੀ ਅਸਲ ਦੀ ਹੀ ਹੁੰਦੀ ਹੈ। ਕਦੇ ਨਕਲ ਦੀ ਨਕਲ ਨਹੀਂ ਹੁੰਦੀ। ਗਹਿਣੇ ਹੀ ਨਕਲੀ ਬਣਦੇ ਹਨ, ਚਿਮਟੇ ਭੁਕਨੇ ਕਦੇ ਨਕਲੀ ਨਹੀਂ ਹੁੰਦੇ। ਇਸੇ ਕਰਕੇ ਸਾਧ ਹੀ ਨਕਲੀ ਹੁੰਦੇ ਹਨ, ਚੋਰ ਕਦੇ ਨਕਲੀ ਨਹੀਂ ਹੁੰਦੇ। ਕਿਸੇ ਨੇ ਨਕਲੀ ਚੋਰ ਬਣ ਕੇ ਕੁੱਟ ਕਿਉਂ ਖਾਣੀ ਹੈ। ਬਲਕਿ ਕੁੱਟ ਤੋਂ ਬਚਣ ਲਈ ਹੀ ਚੋਰ ਸਾਧਾਂ ਦਾ ਲਿਬਾਸ ਪਹਿਨ ਲੈਂਦੇ ਹਨ। ਨਕਲ ਕਿਸੇ ਚੰਗੀ ਚੀਜ਼ ਦੀ ਹੁੰਦੀ ਹੈ। ਇਮਤਿਹਾਨ ਵਿਚ ਵੀ ਨਾਲਾਇਕ ਵਿਦਿਆਰਥੀ ਹੁਸ਼ਿਆਰ ਵਿਦਿਆਰਥੀਆਂ ਦੀ ਨਕਲ ਮਾਰਦੇ ਹਨ। ਨਾਲਾਇਕਾਂ ਦੀ ਕੋਈ ਨਕਲ ਨਹੀਂ ਮਾਰਦਾ। ਇਹੋ ਜਿਹੀਆਂ ਅਟਪਟੀਆਂ ਦਲੀਲਾਂ ਨਾਲ ਮੈਂ ਉਸ ਸਜਣ ਨੂੰ ਆਪਣੀ ਗੱਲ ਸਮਝਾਈ।

ਫਿਰ ਮੈਂ ਇਹ ਸੋਚਣ ਲੱਗ ਪਿਆ ਕਿ ਜੇ ਅੱਜ ਕਿਸੇ ਨੂੰ ਸਿੱਧਾਂ, ਪੀਰਾਂ ਤੇ ਸੁਰਾਂ, ਨਾਥਾਂ ਦੀ ਅਸਲੀਅਤ ਸਮਝਾਉਣੀ ਹੋਵੇ ਤਾਂ ਅਜੋਕੇ ਸਮਾਜ ਵਿਚ ਅਜਿਹੇ ਕਿਹੜੇ ਲੋਕ ਹਨ, ਜਿਨ੍ਹਾਂ ਨੂੰ ਲੋਕ ਸਤਿਕਾਰ ਦੀਆਂ ਨਜ਼ਰਾਂ ਨਾਲ ਦੇਖਦੇ ਹਨ। ਮੇਰੇ ਮਨ ਵਿਚ ਆਇਆ ਕਿ ਪਹਿਲੇ ਨੰਬਰ 'ਤੇ ਡਾਕਟਰ, ਇੰਜੀਨੀਅਰ, ਅਫਸਰ ਤੇ ਐਨ.ਆਰ.ਆਈ ਹਨ। ਇਨ੍ਹਾਂ ਚਾਰਾਂ ਨੂੰ ਚਾਹੇ ਡੱਖੇ ਦੀ ਅਕਲ ਨਾ ਹੋਵੇ, ਪਰ ਇਨ੍ਹਾਂ ਵਿਚੋਂ ਕੋਈ ਜਿੱਥੇ ਵੀ ਬੈਠਾ ਹੋਵੇ, ਲੋਕ ਉਸਨੂੰ ਸਤਿਕਾਰ ਦੇਣਾ ਸ਼ੁਰੂ ਕਰ ਦਿੰਦੇ ਹਨ। ਉਸਦੀ ਗੱਲ ਵੱਲ ਇਸ ਤਰ੍ਹਾਂ ਤਵੱਜੋਂ ਦਿਤੀ ਜਾਂਦੀ ਹੈ, ਜਿਵੇਂ ਉਹ ਸਿਆਣਪ ਦੇ ਪੁੰਜ ਪਲੈਟੋ ਦੇ ਪੁੱਤ ਹੋਣ। ਪੁੱਤ ਸ਼ਬਦ ਮੈਂ ਇਸ ਲਈ ਵਰਤਿਆ ਹੈ ਕਿ ਇਥੇ ਵੀ ਹਾਲੇ ਮਰਦ ਪ੍ਰਧਾਨਗੀ ਭਾਰੂ ਹੈ। ਕਿਉਂਕਿ ਹਾਲੇ ਡਾਕਟਰ, ਇੰਜੀਨੀਅਰ, ਅਫਸਰ ਤੇ ਐਨ.ਆਰ.ਆਈ. ਔਰਤਾਂ ਨੂੰ ਓਨੀ ਇੱਜ਼ਤ ਨਹੀਂ ਮਿਲਦੀ। ਕੋਈ ਔਰਤ ਬੇਸ਼ਕ ਪੀ.ਜੀ.ਆਈ. ਦੀ ਡਾਇਰੈਕਟਰ ਬਣ ਜਾਵੇ, ਪਰ ਮਹੱਲੇ ਵਾਲੇ ਉਸਨੂੰ ਨਰਸ ਹੀ ਕਹਿੰਦੇ ਹਨ। ਜਦ ਵੀ ਕਿਸੇ ਡਾਕਟਰ, ਇੰਜੀਨੀਅਰ, ਅਫਸਰ ਜਾਂ ਐਨ.ਆਰ.ਆਈ. ਦਾ ਜ਼ਿਕਰ ਹੁੰਦਾ ਹੈ ਤਾਂ ਸਾਡੇ ਮਨ ਵਿਚ ਬੰਦੇ ਦਾ ਅਕਸ ਉਭਰਦਾ ਹੈ।

ਇਹ ਸਾਡੇ ਸਮਾਜ ਦੀ ਤਰੱਕੀ ਨਹੀਂ ਹੈ। ਕਿਉਂਕਿ ਸਾਡੇ ਮਨਾਂ ਵਿਚਲੇ ਸਤਿਕਾਰਤ ਪਾਤਰਾਂ ਦਾ ਆਧਾਰ ਉਨ੍ਹਾਂ ਦੇ ਗੁਣ ਨਹੀਂ, ਬਲਕਿ ਰੁਤਬੇ ਨਾਲ ਜੁੜ ਗਏ ਹਨ। ਰੁਤਬੇ ਦਾ ਸਬੰਧ ਵੀ ਕਿਸੇ ਗੁਣ ਨਾਲ ਨਹੀਂ ਹੁੰਦਾ ਬਲਕਿ ਸ਼ਕਤੀ, ਸਮਰੱਥਾ ਅਤੇ ਸ਼ੁਹਰਤ ਨਾਲ ਹੁੰਦਾ ਹੈ। ਹੁਣ ਕਿਸੇ ਨੂੰ ਪੁਰਾਣੀ ਗੱਲ ਸਮਝਾਉਣ ਲਈ ਉਸ ਸਮੇਂ ਦੀਆਂ ਉਦਾਹਰਣਾਂ ਕੰਮ ਨਹੀਂ ਆਉਂਦੀਆਂ ਤੇ ਅਜੋਕੇ ਯੁੱਗ ਦੀਆਂ ਉਦਾਹਰਣਾਂ ਹੀ ਦੇਣੀਆਂ ਪੈਂਦੀਆਂ ਹਨ। ਬੇਸ਼ੱਕ ਉਹ ਆਪਣੇ ਧੁਰ ਅੰਦਰੋਂ ਹੱਦ ਦਰਜੇ ਦੀਆਂ ਝੂਠੀਆਂ ਅਤੇ ਖੋਖਲੀਆਂ ਹੀ ਕਿਉਂ ਨਾ ਹੋਣ।

ਗੁਰੂ ਨਾਨਕ ਦੇ ਸਮੇਂ ਸਿੱਧ, ਪੀਰ, ਸੁਰ ਅਤੇ ਨਾਥ ਕਿੰਨੇ ਸੁਲਝੇ ਹੋਏ ਤੇ ਸਿਆਣੇ ਲੋਕ ਹੋਣਗੇ ਤੇ ਸਮਾਜ ਵਿਚ ਉਨ੍ਹਾਂ ਦੀ ਕਦਰ ਅਤੇ ਸਤਿਕਾਰ ਵੀ ਕਿੰਨਾ ਹੋਵੇਗਾ ਕਿ ਉਨ੍ਹਾਂ ਦੀ ਵਡਿਆਈ ਪ੍ਰਭੂ ਦਾ ਨਾਮ ਸੁਣਨ ਦੇ ਤੁਲ ਸਮਝੀ ਗਈ। ਪਰ ਅਜ ਸਿੱਧਾਂ, ਪੀਰਾਂ ਤੇ ਸੁਰਾਂ ਨਾਥਾਂ ਨੂੰ ਕੋਈ ਕੱਖ ਦੇ ਬਰਾਬਰ ਨਹੀਂ ਸਮਝਦਾ। ਲੋਕਾਂ ਨੂੰ ਲਗਦਾ ਹੈ ਕਿ ਉਹ ਵੀ ਅਜੋਕੇ ਮਹਾਨ ਸਮਝੇ ਜਾਂਦੇ ਲੋਕਾਂ ਵਾਂਗ ਝੂਠੇ, ਮਕਾਰ ਅਤੇ ਖੋਖਲੇ ਹੀ ਹੋਣਗੇ। ਇਸੇ ਲਈ ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੇ ਟੀਕੇ ਵਿਚ ਇਸ ਪੰਗਤੀ ਦੇ ਇਹ ਅਰਥ ਕੀਤੇ ਕਿ 'ਗੁਰੂ ਦੀ ਸਿਖਿਆ ਸੁਣਨ ਨਾਲ ਸਿਧਾਂ ਪੀਰਾਂ ਅਤੇ ਵੱਡੇ ਨਾਥਾਂ ਸੰਬੰਧੀ ਪਤਾ ਲਗ ਜਾਂਦਾ ਹੈ, ਕਿ ਓਹ ਕਿੰਨੇ ਕੁ ਪਾਣੀ ਵਿਚ ਹਨ'। ਇਸ ਵਿਆਖਿਆ ਤੋਂ ਪੀਰਾਂ ਦੇ ਪਾਣੀ ਦਾ ਤਾਂ ਪਤਾ ਨਹੀਂ ਲਗਦਾ, ਪ੍ਰਿੰਸੀਪਲ ਤੇਜਾ ਸਿੰਘ ਦਾ ਪਤਾ ਲਗ ਜਾਂਦਾ ਹੈ ਕਿ ਉਹ ਆਪ ਕਿੰਨੇ ਕੁ ਪਾਣੀ ਵਿਚ ਤਾਰੀਆਂ ਲਾਉਂਦੇ ਸਨ। ਇਸਦੇ ਉਲਟ ਪ੍ਰਿੰਸੀਪਲ ਸਾਹਿਬ ਸਿੰਘ ਨੇ ਇਸ ਪੰਗਤੀ ਦੇ ਇਹ ਅਰਥ ਕੀਤੇ ਕਿ 'ਇਹ ਨਾਮ ਹਿਰਦੇ ਵਿਚ ਟਿਕਾਣ ਦੀ ਬਰਕਤ ਹੈ ਕਿ (ਸਧਾਰਣ ਮਨੁੱਖ) ਸਿੱਧਾਂ, ਪੀਰਾਂ, ਦੇਵਤਿਆਂ ਤੇ ਨਾਥਾਂ ਦੀ ਪਦਵੀ ਪਾ ਲੈਂਦੇ ਹਨ'। ਪ੍ਰਿੰਸੀਪਲ ਤੇਜਾ ਸਿੰਘ ਦੀ ਵਿਆਖਿਆ ਪੜ੍ਹ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਆਖਰ ਸਿੱਧਾਂ ਪੀਰਾਂ ਤੇ ਸੁਰਾਂ ਨਾਥਾਂ ਨੇ ਉਨ੍ਹਾਂ ਦਾ ਕੀ ਵਿਗਾੜਿਆ ਸੀ, ਜੋ ਉਨ੍ਹਾਂ ਨੂੰ ਏਨੇ ਨਿਗੁਣੇ ਸਮਝ ਲਿਆ।

ਇਥੇ ਭਾਈ ਸਾਹਿਬ ਧਰਮਅਨੰਤ ਸਿੰਘ ਦੀ ਦੱਸੀ ਗੱਲ ਚੇਤੇ ਆਉਂਦੀ ਹੈ ਕਿ ਅੰਮ੍ਰਿਤਸਰ ਵਿਖੇ ਕੋਈ ਪੰਡਤ ਸੁਖਮਨੀ ਸਾਹਿਬ ਦੀ ਕਥਾ ਕਰ ਰਹੇ ਸਨ ਤੇ ਉਨ੍ਹਾਂ ਨੂੰ ਸੁਣਨ ਲਈ ਰੋਜ਼ ਸੰਗਤ ਜੁੜਦੀ ਸੀ। ਉਨ੍ਹਾਂ ਦਿਨਾਂ ਵਿਚ ਸਿੰਘ ਸਭਾ ਦਾ ਅਸਰ ਵਧ ਰਿਹਾ ਸੀ। ਖਾਸ ਤੌਰ 'ਤੇ ਪੜ੍ਹੇ-ਲਿਖੇ ਸਿਖ ਨੌਜਵਾਨ ਵਧੇਰੇ ਜੋਸ਼ ਫੜ ਰਹੇ ਸਨ। ਇਕ ਦਿਨ ਖਾਲਸਾ ਕਾਲਜ ਦੇ ਸਿੱਖ ਵਿਦਿਆਰਥੀ ਇਕੱਠੇ ਹੋ ਕੇ ਆਏ ਤੇ ਕਥਾ ਵਾਰਤਾ ਵਿਚ ਖਲਲ ਪਾ ਦਿਤਾ। ਫਿਰ ਕਥਾਵਾਚਕ ਪੰਡਤ ਜੀ ਨੂੰ ਵੀ ਬੁਰਾ ਭਲਾ ਕਹਿ ਦਿਤਾ। ਭਾਈ ਧਰਮਅਨੰਤ ਸਿੰਘ ਪੰਡਤ ਜੀ ਨੂੰ ਆਪਣੇ ਘਰ ਲੈ ਗਏ ਤੇ ਸਮਝਾਉਣ ਲਗੇ ਕਿ ਉਹ ਗੁੱਸਾ ਨਾ ਕਰਨ। ਮੁੰਡੇ ਨਾਸਮਝ ਹਨ ਕਿਉਂਕਿ ਗਰਮ ਖੂਨ ਹੈ। ਪੰਡਤ ਜੀ ਕਹਿਣ ਲੱਗੇ ਕਿ ਮੈਨੂੰ ਮੁੰਡਿਆਂ ਦੀ ਚਿੰਤਾ ਨਹੀਂ। ਮੁੰਡਿਆਂ ਨੂੰ ਤਾਂ ਸ਼ਾਇਦ ਸਮਝਾਇਆ ਜਾ ਸਕਦਾ ਹੈ। ਪਰ ਜਦ ਇਨ੍ਹਾਂ ਮੁੰਡਿਆਂ ਵਾਲੀ ਨਫ਼ਰਤ ਵਿਦਵਾਨਾਂ ਦੇ ਸਿਰ ਨੂੰ ਚੜ੍ਹ ਜਾਣੀ ਹੈ ਉਦੋਂ ਉਸ ਨਫ਼ਰਤ ਦਾ ਕਿਸੇ ਕੋਲ ਕੋਈ ਹੱਲ ਨਹੀਂ ਹੋਣਾ। ਲਗਦਾ ਜਿਵੇਂ ਪ੍ਰਿੰਸੀਪਲ ਤੇਜਾ ਸਿੰਘ ਉਹ ਪਹਿਲੇ ਵਿਦਵਾਨ ਹੋਣ।

ਗੁਰੂ ਸਾਹਿਬਾਨ ਵੇਲੇ ਦੇਸ਼ ਵਿਚ ਮੁਗ਼ਲ ਹਕੂਮਤ ਸੀ। ਪਰ ਗੁਰੂ ਸਾਹਿਬਾਨ ਕੁਰਾਨ ਤੇ ਇਸਲਾਮ ਨੂੰ ਹਕੂਮਤ ਨਾਲ ਜੋੜ ਕੇ ਨਹੀਂ ਸਨ ਦੇਖਦੇ। ਹਕੂਮਤ ਦਾ ਕਹਿਰ ਉਨ੍ਹਾਂ ਨੂੰ ਨਜ਼ਰ ਆਉਂਦਾ ਸੀ। ਪਰ ਉਨ੍ਹਾਂ ਦਾ ਨਜ਼ਰੀਆ ਉਸ ਕਹਿਰ ਤੋਂ ਬਿਲਕੁਲ ਬੇਲਾਗ ਰਿਹਾ। ਪੂਰਨ ਪੁਰਖ ਦੀ ਨਿਸ਼ਾਨੀ ਅਤੇ ਸਿਫਤ ਹੀ ਇਹ ਹੁੰਦੀ ਹੈ ਕਿ ਉਹ ਹਾਲਾਤ ਨੂੰ ਬਦਲਦੇ ਹਨ, ਆਪ ਨਹੀਂ ਬਦਲਦੇ। ਗੁਰਮਤਿ ਸਰਬੱਤ ਦੇ ਭਲੇ ਦੀ ਹਾਮੀ ਹੈ ਤੇ ਸਰਬੱਤ ਦੇ ਭਲੇ ਬਾਰੇ ਸਾਂਝੀਵਾਲਤਾ ਤੋਂ ਬਿਨਾ ਸੋਚਿਆ ਵੀ ਨਹੀਂ ਜਾ ਸਕਦਾ। ਸਾਂਝੀਵਾਲਤਾ ਹੀ ਸਿੱਖੀ ਦੀ ਚੂਲ ਹੈ। ਸਾਂਝੀਵਾਲਤਾ ਤੋਂ ਇਧਰ-ਉਧਰ ਹੋਣਾ ਸਿੱਖੀ ਨਾਲ ਵਿਸਾਹਘਾਤ ਹੈ। ਅੱਜ-ਕੱਲ੍ਹ ਸਾਂਝੀਵਾਲਤਾ ਨਫ਼ਰਤ ਦੀ ਅੱਗ ਵਿਚ ਸੜ ਰਹੀ ਹੈ, ਬਹੁਤ ਥੋੜ੍ਹੇ ਲੋਕ ਹਨ, ਜੋ ਇਸ ਅੱਗ ਬਾਰੇ ਚਿੰਤਤ ਹਨ।

## ਸੁਰਿੰਦਰ ਸੋਹਲ

*(ਪਿਛਲੇ ਸਫੇ ਦਾ ਬਾਕੀ)*

ਕੋਈ ਵੀ ਧਰਤੀ ਅਜਿਹੀ ਨਹੀਂ ਜਿਹੜੀ ਉਸਦੀ ਮਾਤ ਭੂਮੀ ਤੋਂ ਵਧੀਕ ਪਿਆਰੀ ਹੋਵੇ। ਸੋ ਇਸ ਸੰਕਟ ਭਰਪੂਰ ਜ਼ਿੰਦਗੀ ਦਾ ਕੱਲ-ਮਕੱਲਿਆਂ ਹੀ ਮੁਕਾਬਲਾ ਕਰਨਾ ਪੈਂਦਾ ਹੈ। ਸੁਰਿੰਦਰ ਸੋਹਲ ਲਿਖਦਾ ਹੈ :

ਸ਼ਹਿਰ ਬੇਗਾਨਾ ਸੀ ਭਾਵੇਂ ਬੇ-ਪਛਾਣੇ ਰਾਸਤੇ।
ਵਾਕਿਫ਼ ਵਾਂਗੂੰ ਮਗਰ ਉੱਡ ਉੱਡ ਮਿਲੇ ਨੇ ਹਾਦਸੇ।

ਖ਼ੌਫ਼ ਦਾ ਦਰਿਆ ਇਕੱਲੇ ਨੂੰ ਹੀ ਤਰ ਜਾਣਾ ਪਿਆ,
ਛੱਡ ਗਏ ਸੀ ਸਾਥ ਪਹਿਲੇ ਮੋੜ 'ਤੇ ਹੀ ਕਾਫ਼ਲੇ।

ਅਜੇਹੀ ਅਵਸਥਾ ਵਿਚ ਜਦੋਂ ਮਾਨਸਿਕਤਾ ਸੰਕਟਸ਼ੀਲ ਸਥਿਤੀ ਵਿੱਚੋਂ ਗੁਜ਼ਰ ਰਹੀ ਹੋਵੇ ਉਦੋਂ ਨਿਰਾਸ਼ਾ, ਅਸਤਿਤਵਹੀਣਤਾ, ਐਬਸਰਡਿਟੀ, ਇਕੱਲਤਾ ਮਨ ਨੂੰ ਪਰੇਸ਼ਾਨੀਆਂ ਵਿਚ ਡਬੋ ਦਿੰਦੀ ਹੈ। ਇਹ ਸਾਰੇ ਥੀਮ ਸੁਰਿੰਦਰ ਸੋਹਲ ਦੀ ਹੱਥਲੀ ਪੁਸਤਕ ਵਿਚ ਵੇਖੇ ਜਾ ਸਕਦੇ ਹਨ।

ਉਹ ਲਿਖਦਾ ਹੈ :

ਸਫ਼ਰ 'ਚ ਇਸ ਤਰ੍ਹਾਂ ਦਾ ਵੀ ਪੜਾਓ ਆਇਆ ਹੈ,
ਪਿਛਾਂਹ ਦੀ ਖਿਚ ਨਾ, ਕੋਈ ਮੰਜ਼ਿਲਾਂ ਦਾ ਸ਼ੌਕ ਰਿਹਾ।

ਇਹ ਕੇਵਲ ਕਹਿਣ ਮਾਤਰ ਹੀ ਹੁੰਦਾ ਹੈ ਕਿ ਮਨੁੱਖ ਆਪਣੇ ਅਤੀਤ ਤੇ ਭਵਿੱਖ ਤੋਂ ਵਿਛੁੰਨਾ ਹੋ ਰਿਹਾ ਹੈ। ਮਨੁੱਖ ਦੀ ਜਦ ਤੱਕ ਜ਼ਿੰਦਗੀ ਕਾਇਮ ਰਹਿੰਦੀ ਹੈ ਤਦ ਤੱਕ ਉਹ ਆਪਣੇ ਅਤੀਤ ਤੋਂ ਅਭਿੱਜ ਨਹੀਂ ਹੋ ਸਕਦਾ ਅਤੇ ਨਾ ਹੀ ਉਹ ਭਵਿੱਖ ਨੂੰ ਚਿਤਵਣ ਤੋਂ ਬਗ਼ੈਰ ਜਿਉਂਦਾ ਰਹਿ ਸਕਦਾ ਹੈ। ਜੇ ਅਸੀਂ ਭਵਿੱਖ ਵੱਲ ਪਿੱਠ ਕਰ ਲੈਂਦੇ ਹਾਂ ਤਾਂ ਬੰਦੇ ਦਾ ਜਿਊਣਾ ਮੁਸ਼ਕਲ ਹੋ ਜਾਂਦਾ ਹੈ। ਭਵਿੱਖ ਹੀ ਹੈ ਜੋ ਬੰਦੇ ਨੂੰ ਆਪਣੇ ਜਾਦੂਮਈ ਵੇਗ ਵਿਚ ਅਗਾਂਹ ਵੱਲ ਤੋਰਦਾ ਰਹਿੰਦਾ ਹੈ। ਉਹ ਇਸ ਸੰਕਟ ਦੇ ਸਮੇਂ ਵਿਚ ਆਦਰਸ਼-ਮਾਨਵ ਦੀ ਤਲਾਸ਼ ਕਰਦਾ ਹੈ। ਬੋਹੜਾਂ-ਪਿੱਪਲਾਂ ਵਰਗੇ ਵੱਡੇ ਕੱਦ-ਕਾਠ ਵਾਲੇ ਬੰਦੇ ਲੱਭਦਾ ਫਿਰਦਾ ਹੈ ਪਰ ਪੂੰਜੀਵਾਦੀ ਸਮਾਜ ਵਿਚ ਸਾਬਤ ਸੂਰਤ ਮਨੁੱਖ ਜੋ ਆਪਣੀਆਂ ਗੱਲਾਂ 'ਤੇ ਖਲੋ ਕੇ ਜੀਵਨ ਕੁਰਬਾਨ ਕਰ ਸਕਦੇ ਹੋਣ, ਅਜੋਕੇ ਸਮੇਂ ਵਿਚ ਲੱਭਣੇ ਮੁਮਕਿਨ ਨਹੀਂ। ਇਹ ਹੇਰਵਾ ਸਮੁੱਚੀ ਪੰਜਾਬੀ ਕਵਿਤਾ ਦੇ ਅੰਤਰਗਤ ਵਿਚਰਦਾ ਹੋਇਆ ਵੇਖਿਆ ਜਾ ਸਕਦਾ ਹੈ। ਇਹ ਥੀਮ ਅਜਿਹਾ ਹੈ ਜਿਹੜਾ ਕੁਝ ਅਰਸੇ ਬਾਅਦ ਕਵੀਆਂ ਦੀ ਕਵਿਤਾ ਵਿਚ ਸਾਕਾਰ ਹੁੰਦਾ ਹੈ।

ਅਜਿਹਾ ਵਾਤਾਵਰਨ ਕੇਵਲ ਅਮਰੀਕਾ ਜਾਂ ਹੋਰ ਵਿਕਸਿਤ ਦੇਸ਼ਾਂ ਵਿਚ ਹੀ ਨਹੀਂ ਪੈਦਾ ਹੋਇਆ ਬਲਕਿ ਆਪਣੇ ਦੇਸ਼ ਵਿਚ ਵੀ ਅੱਜ ਤੋਂ ਜੋ ਛੇ-ਸੱਤ ਦਹਾਕੇ ਪਹਿਲਾਂ ਦਾ ਸਭਿਆਚਾਰ ਹੁੰਦਾ ਸੀ। ਉਹ ਸਭਿਆਚਾਰ ਤੇ ਨੈਤਿਕਤਾ ਅੱਜ ਦੇ ਸਮੇਂ ਵਿਚ ਤਲਾਸ਼ ਕਰਨੀ ਸੰਭਵ ਨਹੀਂ ਹੈ, ਸੋ ਵਿਸ਼ਵੀਕਰਨ ਤੇ ਆਧੁਨਿਕਤਾ ਦਾ ਪ੍ਰਭਾਵ ਅਜਿਹਾ ਹੈ ਜਿਸ ਨੇ ਸਾਰੇ ਵਿਸ਼ਵ ਵਿਚ ਵਿਅਕਤੀ ਨੂੰ ਵਿਅਕਤੀਵਾਦੀ ਰੁਚੀਆਂ ਦਾ ਅਨੁਸਾਰੀ ਬਣਾ ਦਿੱਤਾ ਹੈ। ਉਹ ਸਮੂਹ ਤੋਂ ਟੁੱਟ ਗਿਆ ਹੈ ਅਤੇ ਯਥਾਰਥ-ਮੁਖੀ ਹੋ ਗਿਆ ਹੈ ਜਿਵੇਂ ਉਸਦਾ ਆਲੇ-ਦੁਆਲੇ ਨਾਲ ਕੋਈ ਰਿਸ਼ਤਾ ਹੀ ਨਹੀਂ। ਇਸੇ ਕਰਕੇ ਹੀ ਕਈ ਵਾਰ ਇਹ ਸੁਣਿਆ ਜਾਂਦਾ ਹੈ ਕਿ ਮਾਨਵਵਾਦ ਦਾ ਭੋਗ ਪੈ ਚੁੱਕਾ ਹੈ ਪਰ ਸਾਹਿਤਕਾਰ ਜੋ ਆਪਣੇ ਸੱਚੇ-ਸੁੱਚੇ ਫਰਜ਼ ਨਿਭਾਉਂਦਾ ਹੈ ਉਹ ਇਸ ਮਾਨਵਵਾਦ ਨੂੰ ਸੁਰਜੀਤ ਕਰਦਾ ਰਹਿੰਦਾ ਹੈ। ਇਹ ਪੂਰੀ ਤਰ੍ਹਾਂ ਖ਼ਤਮ ਨਹੀਂ ਹੁੰਦਾ, ਉਸਦੀ ਮਾਨਸਿਕਤਾ ਦੇ ਖੂੰਜੇ ਵਿਚ ਦੱਬਿਆ ਹੁੰਦਾ ਹੈ, ਇਸ ਨੂੰ ਸਾਹਿਤਕਾਰ ਜਾਗਰੂਕ ਕਰ ਸਕਦਾ ਹੈ। ਇਹ ਸਹਿਤਕਾਰ ਦਾ ਇਕ ਆਦਰਸ਼ ਮੰਨਿਆ ਜਾਣਾ ਚਾਹੀਦਾ ਹੈ। ਵਿਰੇਕਤਾ, ਬੇਗਾਨੀਅਤ, ਬਣਾਉਟੀ ਜੀਵਨ ਆਦਿ ਅਜਿਹੇ ਥੀਮ ਸੁਰਿੰਦਰ ਸੋਹਲ ਦੀ ਗ਼ਜ਼ਲ ਵਿਚ ਥਾਂ ਪਰ ਥਾਂ ਵੇਖੇ ਜਾ ਸਕਦੇ ਹਨ। ਉਦਾਹਰਨ ਵਜੋਂ:

ਦੋਸਤੀ ਦੇ ਅਰਥ ਗੁੰਮੇ ਦੋਸਤਾਂ ਦੀ ਭੀੜ ਵਿਚ।
ਮੈਂ ਗਵਾਹ ਬੈਠਾ ਹਾਂ ਰਸਤਾ ਨਕਸ਼ਿਆਂ ਦੀ ਭੀੜ ਵਿਚ।
ਧੁੱਪਾਂ ਨਾਲੋਂ, ਛਾਵਾਂ ਨਾਲੋਂ, ਮੋਹ ਕਿਉਂ ਟੁੱਟਦਾ ਜਾਂਦਾ ਹੈ।
ਸ਼ਹਿਰ ਤੇਰੇ ਦੇ ਰਾਵ੍ਹਾਂ ਨਾਲੋਂ ਮੋਹ ਕਿਉਂ ਟੁੱਟਦਾ ਜਾਂਦਾ ਹੈ।

ਦਿਲ ਦੇ ਵਿਹੜੇ ਸ਼ਾਮ ਉਦਾਸੀ ਪੋਲੇ ਪੈਰੀਂ ਆ ਉਤਰੇ,
ਮੇਰਾ ਸੁਰਖ ਸੁਆਵਾਂ ਨਾਲੋਂ ਮੋਹ ਕਿਉਂ ਟੁੱਟਦਾ ਜਾਂਦਾ ਹੈ।

ਮੈਂ ਉਪਰ ਵੀ ਕਿਹਾ ਹੈ ਕਿ ਸਾਹਿਤਕਾਰ ਮਨੁੱਖ ਦੇ ਖੂੰਜੇ ਵਿਚ ਗਈ ਹੋਈ ਮਾਨਵਵਾਦੀ ਭਾਵਨਾ ਨੂੰ ਪੁਨਰ ਸੁਰਜੀਤ ਕਰ ਸਕਦਾ ਹੈ। ਹਾਸ਼ੀਆਈ ਸਥਿਤੀ ਤੋਂ ਮਨੁੱਖ ਨੂੰ ਕੱਢ ਕੇ ਜ਼ਿੰਦਗੀ ਦੇ ਸਹੀ ਰਸਤੇ 'ਤੇ ਤੋਰ ਸਕਦਾ ਹੈ, ਭਾਵੇਂ ਇਹ ਭਾਵਨਾ ਹਰ ਬੰਦੇ ਦੇ ਅੰਦਰ ਹੁੰਦੀ ਹੈ ਪਰ ਆਤਮ ਪ੍ਰਤੀ ਸੁਭਾਅ ਕਰਕੇ ਇਹ ਭਾਵਨਾਵਾਂ ਦੱਬੀਆਂ ਰਹਿ ਜਾਂਦੀਆਂ ਹਨ, ਜਿਨ੍ਹਾਂ ਨੂੰ ਕਵੀ ਹਲੂਣਾ ਦੇ ਸਕਦਾ ਹੈ, ਜਿਵੇਂ ਸੁਰਿੰਦਰ ਸੋਹਲ ਲਿਖਦਾ ਹੈ:

ਇਨ੍ਹਾਂ ਅੰਦਰ ਵੀ ਸੁਪਨੇ ਸੁਰਖ ਸੁੱਤੇ ਨੇ ਜਗਾ ਦੇਣਾ।
ਸਮਾਂ ਮਿਲਿਆ ਤਾਂ ਬੁਝਿਆਂ ਦੀਵਿਆਂ ਨੂੰ ਅੱਗ ਛੂਹਾ ਦੇਣਾ।

ਜਿਵੇਂ ਮਾਨਵਵਾਦ ਦੀ ਰੁਚੀ ਮਨੁੱਖ ਦੇ ਅੰਦਰੋਂ ਖ਼ਤਮ ਨਹੀਂ ਹੋ ਸਕਦੀ, ਇਸੇ ਤਰ੍ਹਾਂ ਰੁਮਾਂਸ ਦਾ ਜਜ਼ਬਾ ਮਨੁੱਖੀ ਹਸਤੀ ਵਿਚੋਂ ਗ਼ਾਇਬ ਨਹੀਂ ਹੋ ਸਕਦਾ। ਇਹ ਜ਼ਮਾਨਾ ਚਾਹੇ ਮਨੁੱਖ ਨੂੰ ਜਿੰਨੀਆਂ ਮਰਜ਼ੀ ਸੀਮਾਵਾਂ ਵਿਚ ਬੰਨ੍ਹ ਦੇਵੇ ਜਾਂ ਜਿੰਨੀਆਂ ਮਰਜ਼ੀ ਕੈਦਾਂ ਵਿਚ ਨਰੜ ਦੇਵੇ ਪਰ ਰੋਮਾਂਸ ਦਾ ਜਜ਼ਬਾ ਹਰ ਹਾਲ ਵਿਚ ਮਨੁੱਖੀ ਸੀਨੇ ਵਿਚ ਤਰ ਰਹਿੰਦਾ ਹੈ। ਜਦ ਤਕ ਮਨੁੱਖ ਜੀਵਿਤ ਰਹਿੰਦਾ ਹੈ ਅਤੀਤ ਦੇ ਰੋਮਾਂਸਵਾਦੀ ਭਾਵ ਉਸ ਦੀ ਮਾਨਸਿਕਤਾ ਅੰਦਰ ਹਰਕਤ ਕਰਦੇ ਦੇਖੇ ਜਾ ਸਕਦੇ ਹਨ। ਇਸ ਭਾਵ ਨੂੰ ਪ੍ਰਗਟ ਕਰਦਿਆਂ ਸੁਰਿੰਦਰ ਸੋਹਲ ਲਿਖਦਾ ਹੈ:

ਮੈਂ ਅੱਖਾਂ ਮੀਟ ਕੇ ਵੀ ਪਹੁੰਚ ਸਕਦਾ ਹਾਂ ਤੇਰੇ ਘਰ ਤੱਕ,
ਸਮੇਂ ਨੇ ਹਰ ਗਲੀ, ਡੰਡੀ, ਸੜਕ ਭਾਵੇਂ ਭੁਲਾ ਦਿੱਤੀ।

ਕਿਵੇਂ ਪਾਗਲ ਨੇ ਵੱਖਰੇ ਰੰਗ ਵਿਚ ਵਿਥਿਆ ਸੁਣਾ ਦਿੱਤੀ।
ਤਲੀ 'ਤੇ ਰੇਤ ਰੱਖੀ, ਫੂਕ ਮਾਰੀ ਤੇ ਉਡਾਅ ਦਿੱਤੀ।

ਜਿਵੇਂ ਕਾਵਿ-ਸ਼ਾਸਤਰੀ ਲਾਨਜਾਈਨਸ ਨੇ ਕਿਹਾ ਸੀ ਕਿ ਕਵਿਤਾ ਸਾਡੇ ਭਾਵਾਂ ਦਾ ਵਿਰੇਚਨ ਕਰਦੀ ਹੈ। ਅਜੋਕੇ ਸਮੇਂ ਵਿਚ ਸਾਹਿਤ ਮਨੁੱਖ ਨੂੰ ਸੰਕਟਾਂ ਤੋਂ ਮੁਕਤ ਕਰਾ ਸਕਦਾ ਹੈ। ਸਿਰਜਣਾ ਨੂੰ ਮੁਕਤੀ ਦਾ ਮਾਰਗ ਕਿਹਾ ਜਾ ਸਕਦਾ ਹੈ। ਸੋਹਲ ਨੇ ਵੀ ਆਪਣੀ ਸ਼ਾਇਰੀ ਵਿਚ ਇਸ ਤੱਥ ਦਾ ਇਜ਼ਹਾਰ ਕੀਤਾ ਹੈ ਕਿ ਜਦੋਂ ਵੀ ਮੈਂ ਸੰਕਟਾਂ ਤੇ ਆਤਮ-ਦਵੰਦਾਂ ਵਿਚ ਘਿਰਿਆ ਹੁੰਦਾ ਹਾਂ ਤਾਂ ਮੈਨੂੰ ਮੇਰੀ ਸ਼ਾਇਰੀ ਮੁਕਤੀ ਪ੍ਰਦਾਨ ਕਰਦੀ ਹੈ:

ਮੈਂ ਚੁੱਪ ਨੂੰ ਬੋਲ ਦੇ ਦਿੱਤੇ ਤਾਂ ਪੈਂਡਾ ਹੋ ਗਿਆ ਸੌਖਾ,
ਨਹੀਂ ਤਾਂ ਰਾਹ ਵਿਚ ਖਾਮੋਸ਼ੀਆਂ ਨੇ ਵਿੰਨ੍ਹ ਦੇਣਾ ਸੀ।

ਅੰਤ ਵਿਚ ਮੈਂ ਸੁਰਿੰਦਰ ਸੋਹਲ ਦੇ ਕਾਵਿ-ਸਿਧਾਂਤ ਬਾਰੇ ਵਿਚਾਰ ਕਰਨੀ ਹੈ। ਉਹ ਮੰਨਦਾ ਹੈ ਕਿ ਜੇ ਗ਼ਜ਼ਲ ਲਿਖਣੀ ਹੈ ਤਾਂ ਗ਼ਜ਼ਲ ਦੀ ਨੇਮਾਵਲੀ, ਪਿੰਗਲ-ਅਰੂਜ਼, ਬਹਿਰ ਦਾ ਗਿਆਨ ਲਾਜ਼ਮੀ ਹੈ। ਉਹ ਮੰਨਦਾ ਹੈ ਕਿ ਇਹ ਬਹੁਤ ਕਠਨ ਕਾਰਜ ਹੈ, ਸਾਧਨਾ ਦਾ ਮਾਰਗ ਹੈ ਬਰਫ਼ ਦੇ ਆਲ੍ਹੇ ਵਿਚ ਸੂਰਜ ਨੂੰ ਟਿਕਾਉਣ ਵਰਗਾ ਕਾਰਜ ਹੈ। ਨਿਰੀ ਤੁਕਬੰਦੀ ਜਾਂ ਛੰਦਾਬੰਦੀ ਗ਼ਜ਼ਲ ਨਹੀਂ ਹੁੰਦੀ। ਇਸ ਵਿਚ ਸ਼ਬਦਾਂ ਦਾ ਤਾਲ, ਭਾਵਾਂ ਦਾ ਰੂਪਾਂ ਵਿਚ ਪਰਤੌਅ, ਪ੍ਰਤੀਕਾਂ, ਬਿੰਬਾਂ ਅਤੇ ਵਿਚਾਰਾਂ ਦੀ ਗਹਿਰਾਈ ਤਾਂ ਹੀ ਪਰਪੱਕਤਾ ਨਾਲ ਕਾਇਮ ਹੁੰਦੀ ਹੈ ਜੇ ਤੁਸੀਂ ਸਾਧਨਾ ਦੀ ਵਾਟ 'ਤੇ ਲੰਮੇ ਸਮੇਂ ਤੱਕ ਚਲਦੇ ਹੋ। ਉਹ ਲਿਖਦਾ ਹੈ:

ਮੈਂ ਚਾਹੁੰਦਾ ਹਾਂ ਮੇਰੀ ਹਸਤੀ ਇਵੇਂ ਕਵਿਤਾ 'ਚ ਢਲ ਜਾਵੇ।
ਹਵਾ ਵੰਝਲੀ 'ਚੋਂ ਲੰਘ ਕੇ ਜਿਸ ਤਰ੍ਹਾਂ ਸੁਰ ਵਿਚ ਬਦਲ ਜਾਵੇ।

ਤੂੰ ਇਹ ਚਿੱਤਰਕਾਰ ਤੇਰੇ 'ਤੇ ਕੋਈ ਬੰਦਿਸ਼ ਨਹੀਂ,
ਬਰਫ਼ ਦੇ ਆਲ੍ਹੇ 'ਚ ਸੂਰਜ ਨੂੰ ਟਿਕਾਉਣ ਵਾਸਤੇ।

ਕਮਾਈ ਸ਼ਬਦ ਦੀ ਕੀਤੀ ਤਾਂ ਇਸ ਹੱਦ ਤੀਕ ਕੀਤੀ ਹੈ,
ਕਿਹਾ ਬੁੱਤ ਨੂੰ ਖ਼ੁਦਾ ਹੋ ਜਾ ਤੇ ਬੁੱਤ ਝੱਟ ਹੀ ਖ਼ੁਦਾ ਹੋਇਆ।

ਸੁਰਿੰਦਰ ਸੋਹਲ ਆਪਣੀ ਵੇਦਨਾ-ਸੰਵੇਦਨਾ ਨੂੰ ਇਸ਼ਾਰਿਆ ਰਾਹੀਂ ਪ੍ਰਗਟ ਕਰਦਾ ਹੈ ਅਤੇ ਕਹਿੰਦਾ ਹੈ ਕਿ ਇਹ ਕੋਈ ਕਲਪਿਤ ਦੇਸ਼ ਦੀ ਕਹਾਣੀ ਨਹੀਂ, ਸਗੋਂ ਆਲੇ-ਦੁਆਲੇ ਦੇ ਸਮਾਜ-ਸਭਿਆਚਾਰ ਵਿਚ ਜਿੱਥੇ ਉਹ ਆਪਣੀ ਜ਼ਿੰਦਗੀ ਬਸਰ ਕਰ ਰਿਹਾ ਹੈ, ਉਸ ਜੀਵਨ ਦੀ ਵਾਸਤਵਿਕਤਾ ਦਾ ਸੱਚ ਹੈ, ਜਿਸ ਨੂੰ ਉਸਨੇ ਆਪਣੀ ਸੰਵੇਦਨਾ ਵਿਚ ਢਾਲਿਆ ਹੈ ਅਤੇ ਉਸ ਨੂੰ ਸ਼ਬਦਾਂ ਰਾਹੀਂ ਰੂਬਰੂ ਕੀਤਾ ਹੈ, ਉਹ ਲਿਖਦਾ ਹੈ:

ਕਥਾ ਨਗਰ ਦੀ ਦੱਸ ਰਹੇ ਅਛੋਪਲੀ ਜ਼ੁਬਾਨ ਵਿਚ,
ਹਰਿਕ ਤਰਫ਼ ਜੋ ਢਾਰਿਆਂ-ਚੁਬਾਰਿਆਂ ਦੇ ਲਫ਼ਜ਼ ਨੇ।
ਸਮਝ ਕਦੇ ਤਾਂ ਆਉਣਗੇ ਇਸ਼ਾਰਿਆਂ ਦੇ ਲਫ਼ਜ਼ ਨੇ।
ਕਿਤਾਬ ਆਸਮਾਨ ਦੀ ਸਿਤਾਰਿਆਂ ਦੇ ਲਫ਼ਜ਼ ਨੇ।

ਇਨ੍ਹਾਂ ਸ਼ਬਦਾਂ ਨਾਲ ਮੈਂ ਸੁਰਿੰਦਰ ਸੋਹਲ ਨੂੰ ਤਾਕੀਦ ਕਰਦਾ ਹਾਂ ਕਿ ਉਹ ਸ਼ਬਦ-ਸਾਧਨਾ ਵਿਚ ਆਪਣੀ ਇਕਾਗਰਤਾ ਕਾਇਮ ਰੱਖ ਕੇ ਸ਼ਬਦ ਸਿਰਜਣ ਦੀ ਵਾਟ ਉਤੇ ਨਿਰੰਤਰ ਤੁਰਦਾ ਰਹੇ।

# ਫ਼ਿਲਮ ਲੋਕ

'ਆਜ਼ਾਦੀ ਦਿਵਸ' 'ਤੇ ਵਿਸ਼ੇਸ਼

## ਦੇਸ਼ ਭਗਤੀ ਦੇ ਜਜ਼ਬੇ ਨਾਲ ਸਰਾਬੋਰ ਹੈ ਬਾਲੀਵੁੱਡ

ਪ੍ਰੋ.ਪਰਮਜੀਤ ਸਿੰਘ
ਨਿੱਕੇ ਘੁੰਮਣ




ਭਾਰਤ ਨੂੰ ਆਜ਼ਾਦ ਕਰਵਾਉਣ ਲਈ ਅਤੇ ਭਾਰਤ ਦੀ ਏਕਤਾ ਅਤੇ ਅਖੰਡਤਾ ਕਾਇਮ ਰੱਖਣ ਹਿਤ ਆਪਣਾ ਤਨ, ਮਨ,ਧਨ ਵਾਰ ਦੇਣ ਵਾਲੇ ਸਮੂਹ ਸਿਰਲੱਥ ਸੂਰਮਿਆਂ ਨੂੰ ਅੱਜ ਦੇ ਦਿਨ ਸਿਜਦਾ ਕਰਨਾ ਤੇ ਉਨ੍ਹਾ ਦੀਆਂ ਕੁਰਬਾਨੀਆਂ ਪ੍ਰਤੀ ਆਪਣੀ ਅਕੀਦਤ ਦਾ ਇਜ਼ਹਾਰ ਕਰਨਾ ਹਰੇਕ ਭਾਰਤੀ ਦਾ ਫ਼ਰਜ਼ ਬਣਦਾ ਹੈ।ਬਾਲੀਵੁੱਡ ਨੇ ਸੱਚੇ ਤੇ ਨਿਡਰ ਦੇਸ਼ ਭਗਤਾਂ ਅਤੇ ਦੇਸ਼ ਦੇ ਰਾਖਿਆਂ ਦੇ ਜਜ਼ਬੇ ਨੂੰ ਸਦਾ ਹੀ ਸਲਾਮ ਕੀਤਾ ਹੈ।ਇਸਦੇ ਨਾਲ ਹੀ ਧਰਮ,ਜਾਤ,ਭਾਸ਼ਾ ਅਤੇ ਸੱਭਿਆਚਾਰ ਪੱਖੋਂ ਵਿਭਿੰਨਤਾ ਭਾਵ ਵੱਖਰਤਾ ਰੱਖਣ ਦੇ ਬਾਵਜੂਦ 'ਅਨੇਕਤਾ ਵਿਚ ਏਕਤਾ' ਦੇ ਸੰਕਲਪ ਨੂੰ ਸਾਕਾਰ ਕਰਨ ਲਈ ਵੀ ਬਾਲੀਵੁੱਡ ਦੇ ਫ਼ਨਕਾਰਾਂ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ।

ਭਾਰਤ ਦੀ ਆਜ਼ਾਦੀ ਤੋਂ ਬਹੁਤ ਪਹਿਲਾਂ ਹੀ ਭਾਰਤੀ ਸਿਨੇਮਾ ਨੇ ਭਾਰਤੀਆਂ ਨੂੰ ਆਜ਼ਾਦੀ ਪ੍ਰਤੀ ਜਾਗਰੂਕ ਕਰਨ ਲਈ ਆਪਣਾ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ ਸੀ। ਬਰਤਾਨਵੀ ਰਾਜ ਦੇ ਸਮੇਂ 'ਬੰਬੇ ਟਾਕੀਜ਼','ਪ੍ਰਭਾਤ ਥੀਏਟਰਜ਼' ਅਤੇ 'ਨਿਊ ਥੀਏਟਰਜ਼' ਆਦਿ ਫ਼ਿਲਮ ਨਿਰਮਾਣ ਦੀਆਂ ਸੰਸਥਾਵਾਂ ਨੇ ਲੋਕਾਂ ਦੇ ਮਨਾਂ ਅੰਦਰ ਦੇਸ਼ ਨੂੰ ਆਜ਼ਾਦ ਕਰਾਉਣ ਦੇ ਜਜ਼ਬੇ ਦੀ ਚਿਣਗ ਬਾਲਣੀ ਸ਼ੁਰੂ ਕਰ ਦਿੱਤੀ ਸੀ।ਸੰਨ 1943 ਵਿਚ 'ਬੰਬੇ ਟਾਕੀਜ਼' ਵੱਲੋਂ ਬਣਾਈ ਗਈ ਫ਼ਿਲਮ 'ਕਿਸਮਤ' ਨੇ ਤਾਂ ਬੜੀ ਹੀ ਬੇਬਾਕੀ ਨਾਲ 'ਭਾਰਤ ਛੱਡੋ ਅੰਦੋਲਨ' ਦੀ ਮੂਲ ਭਾਵਨਾ ਦਾ ਪ੍ਰਗਟਾਵਾ ਕਰ ਦਿੱਤਾ ਸੀ।ਇਸ ਫ਼ਿਲਮ ਦਾ ਗੀਤ ''ਦੂਰ ਹਟੋ ਐ ਦੁਨੀਆਂ ਵਾਲੋ,ਹਿੰਦੁਸਤਾਨ ਹਮਾਰਾ ਹੈ'' ਜੋ ਕਿ ਗੀਤਕਾਰ ਪ੍ਰਦੀਪ ਨੇ ਲਿਖਿਆ ਸੀ ਤੇ ਅਦਾਕਾਰ ਅਸ਼ੋਕ ਕੁਮਾਰ 'ਤੇ ਫ਼ਿਲਮਾਇਆ ਗਿਆ ਸੀ,ਬਰਤਾਨਵੀ ਰਾਜ ਦੇ ਖ਼ਿਲਾਫ਼ ਰਾਸ਼ਟਰ ਗਾਨ ਬਣ ਕੇ ਉਭਰਿਆ ਸੀ।ਅੰਗਰੇਜ਼ ਸਰਕਾਰ ਇਸ ਗੀਤ ਦੀ ਬੁਲੰਦੀ ਤੋਂ ਐਨਾ ਡਰ ਗਈ ਸੀ ਕਿ ਉਨ੍ਹਾ ਨੇ ਇਸ ਫ਼ਿਲਮ 'ਤੇ ਹੀ ਪਾਬੰਦੀ ਲਗਾਉਣ ਦਾ ਹੁਕਮ ਦੇ ਦਿੱਤਾ ਸੀ ਪਰ ਇਸਦੇ ਬਾਵਜੂਦ ਵੀ ਇਹ ਫ਼ਿਲਮ ਬਾਕਸ ਆਫ਼ਿਸ 'ਤੇ ਸੁਪਰਹਿਟ ਰਹੀ ਸੀ।

ਬਰਤਾਨਵੀ ਸਰਕਗਾਰ ਦੁਆਰਾ ਬਣਾਏ ਗਏ 'ਸਿਨਮੈਟੋਗ੍ਰਾਫ਼ਰ ਐਕਟ 1918' ਅਧੀਨ ਕਈ ਸਾਰੀਆਂ ਭਾਰਤੀ ਫ਼ਿਲਮਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਬਾਲੀਵੁੱਡ ਦੀਆਂ 'ਕੋਹਿਨੂਰ'(1921),'ਵੰਦੇ ਮਾਤਰਮ' (1935),'ਸਵਰਾਜ ਤੋਰਣ'(1936),'ਸੇਵਾ ਸਦਨ'(1937),'ਅਪਨਾ ਘਰ' ਅਤੇ 'ਆਜ਼ਾਦ ਹਿੰਦ ਕੇਸਰੀ' ਆਦਿ ਫ਼ਿਲਮਾਂ,ਉਹ ਫ਼ਿਲਮਾਂ ਸਨ ਜਿਨ੍ਹਾ ਨੇ ਭਾਰਤੀਆਂ ਅੰਦਰ ਦੇਸ਼ ਪ੍ਰੇਮ ਦੀ ਭਾਵਨਾ ਦਾ ਸੰਚਾਰ ਬੜੇ ਹੀ ਜੋਸ਼ੀਲੇ ਅੰਦਾਜ਼ ਵਿਚ ਕੀਤਾ ਸੀ।ਫ਼ਿਲਮਕਾਰ ਹਿਮਾਂਸ਼ੂ ਰਾਏ ਵੱਲੋਂ ਬੰਗਾਲੀ ਸਾਹਿਤਕਾਰ ਬੰਕਿਮ ਚੰਦਰ ਚੈਟਰਜੀ ਦੀ ਅਮਰ ਰਚਨਾ 'ਅਨੰਦ ਮੱਠ' ਨੂੰ ਆਧਾਰ ਬਣਾ ਕੇ ਬਣਾਈ ਗਈ ਇਸ ਫ਼ਿਲਮ ਵਿਚਲੇ ਗੀਤ '' ਵੰਦੇ ਮਾਤਰਮ'' ਦੀ ਗੂੰਜ ਤਾਂ ਹਰੇਕ ਭਾਰਤੀ ਦੇ ਦਿਲ ਵਿੱਚੋਂ ਉੱਠੀ ਵਿਖਾਈ ਦਿੱਤੀ ਸੀ।ਸੋਹਰਾਬ ਮੋਦੀ,ਬਾਲੀਵੁੱਡ ਦਾ ਉਹ ਸੂਝਵਾਨ ਫ਼ਿਲਮਕਾਰ ਸੀ ਜਿਸਨੇ ਆਪਣੀਆਂ ਫ਼ਿਲਮਾਂ ਰਾਹੀਂ ਭਾਰਤ ਦੇ ਸ਼ਾਨਦਾਰ ਇਤਿਹਾਸ ਦੀ ਪੇਸ਼ਕਾਰੀ ਸਦਕਾ ਦੇਸ਼ਵਾਸੀਆਂ ਅੰਦਰ ਦੇਸ਼ ਪ੍ਰੇਮ ਦਾ ਜਜ਼ਬਾ ਪੈਦਾ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਸੀ। ਉਸਨੇ 'ਝਾਂਸੀ ਕੀ ਰਾਨੀ','ਸਿਕੰਦਰ','ਪ੍ਰਿਥਵੀ ਵੱਲਭ' ਆਦਿ ਜਿਹੀਆਂ ਕਈ ਹੋਰ ਫ਼ਿਲਮਾਂ ਰਾਹੀਂ ਇਕ ਦੇਸ਼ ਭਗਤ ਫ਼ਿਲਮਕਾਰ ਹੋਣ ਦਾ ਪ੍ਰਤੱਖ ਪ੍ਰਮਾਣ ਦਿੱਤਾ ਸੀ।ਇਸੇ ਤਰ੍ਹਾਂ ਹੀ ਉੱਘੇ ਫ਼ਿਲਮਕਾਰ ਮਹਿਬੂਬ ਖ਼ਾਨ ਨੇ ਸੰਨ 1942 ਵਿਚ ਬਣੀ ਆਪਣੀ ਫ਼ਿਲਮ 'ਰੋਟੀ' ਰਾਹੀਂ ਬਰਤਾਨੀਆ ਸਰਕਾਰ ਵਿਰੋਧੀ ਵਿਚਾਰਾਂ ਨੂੰ ਪੂਰੀ ਹਵਾ ਦਿੱਤੀ ਸੀ ਜਿਸਦਾ ਸਿੱਟਾ ਇਹ ਨਿੱਕਲਿਆ ਸੀ ਕਿ ਕੁਝ ਅਜਿਹੇ ਹੀ ਵਿਚਾਰਾਂ ਤੇ ਜਜ਼ਬਾਤਾਂ ਨੂੰ ਮੂਰਤੀਮਾਨ ਕਰਦੀ ਉਸਦੀ ਅਗਲੀ ਫ਼ਿਲਮ 'ਤਕਦੀਰ' ਦੇ ਜਨਤਕ ਪ੍ਰਦਰਸ਼ਨ 'ਤੇ ਤਾਂ ਅੰਗਰੇਜ਼ ਸਰਕਾਰ ਨੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ।ਅਦਾਕਾਰ ਅਤੇ ਫ਼ਿਲਮਕਾਰ ਪ੍ਰਿਥਵੀ ਰਾਜ ਕਪੂਰ ਨੇ ਵੀ 'ਆਜ਼ਾਦੀ ਕੀ ਰਾਹ ਪਰ' ਅਤੇ 'ਹਿੰਦੁਸਤਾਨ ਹਮਾਰਾ' ਨਾਮਕ ਫ਼ਿਲਮਾਂ ਰਾਹੀਂ ਦੇਸ਼ ਭਗਤਾਂ ਦੀ ਬਹਾਦਰੀ ਅਤੇ ਬਲਿਦਾਨਾਂ ਨੂੰ ਵੱਡੇ ਪਰਦੇ 'ਤੇ ਬਾਖ਼ੂਬੀ ਪੇਸ਼ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਸੀ।

15 ਅਗਸਤ,1947 ਨੂੰ ਜਦੋਂ ਦੇਸ਼ ਨੇ ਲਗਪਗ ਦੋ ਸੌ ਸਾਲ ਦੇ ਬਰਤਾਨਵੀ ਸ਼ਾਸਨ ਤੋਂ ਆਜ਼ਾਦੀ ਹਾਸਿਲ ਕਰ ਲਈ ਸੀ ਪਰ ਉਸ ਤੋਂ ਬਾਅਦ ਵੀ ਭਾਰਤੀ ਫ਼ਿਲਮਕਾਰਾਂ ਨੇ ਵਤਨਪ੍ਰਸਤੀ ਸਬੰਧੀ ਅਤੇ ਦੇਸ਼ ਭਗਤਾਂ ਸਬੰਧੀ ਫ਼ਿਲਮਾਂ ਦਾ ਨਿਰਮਾਣ ਜਾਰੀ ਰੱਖਿਆ ਸੀ।ਸੰਨ 1954 ਵਿਚ ਬਣੀਆਂ 'ਬੂਟ ਪਾਲਿਸ਼' ਅਤੇ 'ਜਾਗ੍ਰਿਤੀ' ਨਾਮਕ ਦੋ ਫ਼ਿਲਮਾਂ ਨੇ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਉਭਾਰਨ ਦੀ ਭਰਪੂਰ ਕੋਸ਼ਿਸ਼ ਕੀਤੀ ਸੀ।ਸੰਨ 1959 ਵਿਚ ਮਹਿਬੂਬ ਖ਼ਾਨ ਵੱਲੋਂ ਬਣਾਈ ਗਈ ਫ਼ਿਲਮ 'ਸਨ ਆਫ਼ ਇੰਡੀਆ' ਦਾ ਗੀਤ '' ਨੰਨ੍ਹਾ ਮੁੰਨ੍ਹਾ ਰਾਹੀ ਹੂੰ,ਦੇਸ਼ ਕਾ ਸਿਪਾਹੀ ਹੂੰ।ਬੋਲੋ ਮੇਰੇ ਸੰਗ ਜੈ ਹਿੰਦ'' ਤਾਂ ਦੇਸ਼ ਦੇ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਿਆ ਸੀ ਤੇ ਹਰ ਪਿੰਡ ਅਤੇ ਸ਼ਹਿਰ ਦੇ ਵਿਚ ਬੜੇ ਹੀ ਜੋਸ਼ੋ-ਖ਼ਰੋਸ਼ ਨਾਲ ਗਾਇਆ ਗਿਆ ਸੀ।

ਇਸ ਤੋਂ ਉਪਰੰਤ ਵੀਹਵੀਂ ਸਦੀ ਦੇ ਛੇਵੇਂ ਅਤੇ ਸੱਤਵੇਂ ਦਹਾਕਿਆਂ ਦੌਰਾਨ ਕੁਝ ਅਜਿਹੀਆਂ ਫ਼ਿਲਮਾਂ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੀਆਂ ਜਿਨ੍ਹਾ ਨੇ ਮੁਲਕ ਦੀ ਆਜ਼ਾਦੀ ਦੀ ਲੜਾਈ ਲੜਨ ਵਾਲੇ ਦੇਸ਼ ਭਗਤਾਂ ਅਤੇ ਦੁਸ਼ਮਣ ਦੇਸ਼ਾਂ ਨਾਲ ਹੋਈਆਂ ਜੰਗਾਂ ਵਿਚ ਸ਼ਹੀਦੀਆਂ ਪਾਉਣ ਵਾਲੇ ਸੂਰਬੀਰ ਸੈਨਿਕਾਂ ਬਾਰੇ ਚਾਨਣਾ ਪਾਉਣ ਦੇ ਨਾਲ ਨਾਲ ਵੱਡੇ ਸਮਾਜਿਕ ਪਰਿਵਰਤਨਾਂ ਵੱਲ ਇਸ਼ਾਰਾ ਕੀਤਾ ਸੀ।ਇਹ ਫ਼ਿਲਮਾਂ ਸਨ, 'ਹਕੀਕਤ', 'ਹਮ ਸਬ ਏਕ ਹੈਂ', 'ਸ਼ਹੀਦ ਭਗਤ ਸਿੰਘ', 'ਲੀਡਰ', 'ਲਲਕਾਰ', 'ਆਂਖੇਂ', 'ਸਾਤ ਹਿੰਦੁਸਤਾਨੀ', 'ਹਿੰਦੁਸਤਾਨ ਕੀ ਕਸਮ', 'ਯੇਹ ਗੁਲਸਿਤਾਂ ਹਮਾਰਾ' ਅਤੇ 'ਆਕਰਮਣ' ਆਦਿ।



ਦੇਸ਼ ਦੇ ਆਜ਼ਾਦੀ ਦਿਵਸ ਮੌਕੇ ਦੇਸ਼ ਭਗਤਾਂ ਦੀ ਗੱਲ ਹੋਵੇ ਤੇ ਦੇਸ਼ ਭਗਤੀ ਨੂੰ ਸਮਰਪਿਤ ਬਾਲੀਵੁੱਡ ਦੇ ਨਾਮਵਰ ਅਦਾਕਾਰ ਅਤੇ ਫ਼ਿਲਮਕਾਰ ਮਨੋਜ ਕੁਮਾਰ ਦਾ ਜ਼ਿਕਰ ਨਾ ਆਵੇ ,ਅਜਿਹਾ ਤਾਂ ਹੋ ਹੀ ਨਹੀਂ ਸਕਦਾ ਹੈ।ਭਾਰਤ ਪ੍ਰਤੀ ਅਥਾਹ ਸਤਿਕਾਰ ਤੇ ਪਿਆਰ ਰੱਖਣ ਵਾਲੇ ਇਸ ਫ਼ਨਕਾਰ ਨੂੰ ਮਨੋਜ ਕੁਮਾਰ ਦੀ ਥਾਂ ਸਿਨੇ ਪ੍ਰੇਮੀਆਂ ਨੇ 'ਭਾਰਤ ਕੁਮਾਰ' ਹੀ ਆਖਣਾ ਸ਼ੁਰੂ ਕਰ ਦਿੱਤਾ ਸੀ।ਉਸਦੀਆਂ ਫ਼ਿਲਮਾਂ 'ਸ਼ਹੀਦ', 'ਰੋਟੀ ਕੱਪੜਾ ਔਰ ਮਕਾਨ', 'ਉਪਕਾਰ', 'ਪੂਰਬ ਔਰ ਪੱਛਮ' ਅਤੇ 'ਕ੍ਰਾਂਤੀ' ਆਦਿ ਤਾਂ ਦੇਸ਼ ਪ੍ਰੇਮ ਦੇ ਜਜ਼ਬੇ ਨਾਲ ਲਬਾਲਬ ਭਰੀਆਂ ਹੋਈਆਂ ਸਨ ਤੇ ਬਾਕਸ




ਆਫ਼ਿਸ 'ਤੇ ਕਮਾਲ ਕਰ ਗਈਆਂ ਸਨ।ਅੱਠਵੇਂ ਅਤੇ ਨੌਵੇਂ ਦਹਾਕੇ ਵਿਚ ਰਿਲੀਜ਼ ਹੋਈਆਂ 'ਕਰਮਾ', 'ਵਤਨ ਕੇ ਰਖਵਾਲੇ', 'ਦਿਲਜਲੇ' ਅਤੇ 'ਮਿਸ਼ਨ ਕਸ਼ਮੀਰ' ਆਦਿ ਫ਼ਿਲਮਾਂ ਨੇ ਤਾਂ ਸਰਹੱਦ ਪਾਰ ਤੋਂ ਚਲਾਏ ਜਾ ਰਹੇ ਅੱਤਵਾਦ ਨੂੰ ਬਾਖ਼ੂਬੀ ਦਰਸਾਇਆ ਸੀ ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਹਿਤ ਸਮੂਹ ਭਾਰਤੀਆਂ ਨੂੰ ਇਕਜੁੱਟ ਹੋਣ ਦਾ ਸੰਦੇਸ਼ ਦਿੱਤਾ ਸੀ।

ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਤਾਂ ਬਹੁਤ ਸਾਰੀਆਂ ਨਵੀਆਂ ਸਿਨੇਮਾ ਤਕਨੀਕਾਂ ਆ ਗਈਆਂ ਸਨ ਤੇ ਕਈ ਭਾਰਤੀ ਫ਼ਿਲਮਕਾਰਾਂ ਨੇ ਉਨ੍ਹਾ ਆਧੁਨਿਕ ਤਕਨੀਕਾਂ ਦੀ ਵਰਤੋਂ ਦੇਸ਼ ਭਗਤੀ ਦੇ ਜਜ਼ਬੇ ਨਾਲ ਓਤਪ੍ਰੋਤ ਫ਼ਿਲਮਾਂ ਦੇ ਨਿਰਮਾਣ ਵਿਚ ਕਰ ਦਿੱਤੀ ਸੀ।ਇਸ ਸ਼੍ਰੇਣੀ ਦੀਆਂ ਫ਼ਿਲਮਾਂ ਵਿਚ 'ਲਕਸ਼ਯ', 'ਦੀਵਾਰ', 'ਟੈਂਗੋ ਚਾਰਲੀ', 'ਦਿ ਲੈਜੈਂਡ ਆਫ਼ ਭਗਤ ਸਿੰਘ', 'ਗ਼ਦਰ', 'ਦਿ ਹੀਰੋ', 'ਬਾਰਡਰ', 'ਦਿ ਹੀਰੋਜ਼', 'ਦਿਲ ਸੇ', 'ਰੋਜ਼ਾ', 'ਮਾਂ ਤੁਝੇ ਸਲਾਮ', 'ਤਿਰੰਗਾ', 'ਅਬ ਤੁਮਹਾਰੇ ਹਵਾਲੇ ਵਤਨ ਸਾਥੀਓ' ਅਤੇ ਲਮਹਾ' ਆਦਿ ਫ਼ਿਲਮਾਂ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕਰਨਾ ਬਣਦਾ ਹੈ।ਵਿਲੱਖਣ ਪ੍ਰਤਿਭਾਵਾਂ ਦੇ ਧਨੀ ਅਦਾਕਾਰ ਆਮਿਰ ਖ਼ਾਨ ਦੀਆਂ ਫ਼ਿਲਮਾਂ 'ਸਰਫ਼ਰੋਸ਼', 'ਲਗਾਨ', 'ਮੰਗਲ ਪਾਂਡੇ' ਅਤੇ 'ਰੰਗ ਦੇ ਬਸੰਤੀ' ਤਾਂ ਭਾਰਤ ਦੀ ਨੌਜਵਾਨ ਪੀੜ੍ਹੀ ਅੰਦਰ ਦੇਸ਼ ਪ੍ਰੇਮ ਦੀਆਂ ਭਾਵਨਾਵਾਂ ਦਾ ਸੰਚਾਰ ਬਾਖ਼ੂਬੀ ਕਰ ਗਈਆਂ ਸਨ।ਬੀਤੇ ਚੰਦ ਵਰ੍ਹਿਆਂ ਵਿਚ ਬਣੀਆਂ 'ਉਰੀ' ਅਤੇ 'ਜਵਾਨ' ਆਦਿ ਫ਼ਿਲਮਾਂ ਤੋਂ ਇਲਾਵਾ ਬਣ ਰਹੀਆਂ ਫ਼ਿਲਮਾਂ 'ਬਾਰਡਰ-2', 'ਕੇਸਰੀ-2', 'ਗਰਾਊਂਡ ਜ਼ੀਰੋ', 'ਸਕਾਈ ਫ਼ੋਰਸ' ਅਤੇ ਦਿੱਲੀ ਫ਼ਾਈਲਜ਼' ਰਾਹੀਂ ਵੀ ਦੇਸ਼ ਦੀ ਰਾਖੀ ਲਈ ਜਾਨਾਂ ਤੱਕ ਵਾਰ ਦੇਣ ਵਾਲੇ ਬਹਾਦਰ ਸੈਨਿਕਾਂ ਦੀ ਸੂਰਬੀਰਤਾ ਨੂੰ ਉਭਾਰਨ ਦੇ ਨਾਲ-ਨਾਲ ਉਨ੍ਹਾ ਦੀ ਅਮਰ ਅਤੇ ਗੌਰਵਮਈ ਸ਼ਹੀਦੀ ਗਾਥਾ ਵੀ ਬਿਆਨ ਕੀਤੀ ਗਈ ਹੈ।ਅੰਤ ਵਿਚ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਭਾਰਤੀ ਸਿਨੇਮਾ ਨੇ ਦੇਸ਼ ਦੇ ਕੌਮੀ ਹੀਰਿਆਂ ਨੂੰ ਫ਼ਿਲਮੀ ਪਰਦੇ 'ਤੇ ਪੇਸ਼ ਕਰਨ ਦੇ ਨਾਲ-ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਕਰਨ ਤੇ ਲੋਕਾਂ ਨੂੰ ਅੱਤਵਾਦ ਅਤੇ ਵੱਖਵਾਦ ਜਿਹੀਆਂ ਮਾੜੀਆਂ ਭਾਵਨਾਵਾਂ ਪ੍ਰਤੀ ਸੁਚੇਤ ਕਰਨ ਦੇ ਕਈ ਸਾਰਥਕ ਯਤਨ ਕੀਤੇ ਹਨ ਜੋ ਬਹੁਤ ਹੀ ਸ਼ਲਾਘਾਯੋਗ ਹਨ।ਸੋ ਦੇਸ਼ ਦੀ ਆਜ਼ਾਦੀ ਅਤੇ ਅਖੰਡਤਾ ਲਈ ਬਾਲੀਵੁੱਡ ਦਾ ਯੋਗਦਾਨ ਬਹੁਤ ਹੀ ਮਹੱਤਵਪੂਰਨ ਅਤੇ ਸਿਫ਼ਤਯੋਗ ਹੈ।




-410,ਚੰਦਰ ਨਗਰ,ਬਟਾਲਾ।
ਮੋ.97816-46008

## ਨੋਰਾ ਫਤੇਹੀ ਜੈ ਹਿੰਦ !



ਆਈ ਤਾਂ ਸ਼ੁਰੂ ਵਿਚ ਨੋਰਾ ਫਤੇਹੀ ਹੀਰੋਇਨ ਬਣਨ ਦੀ ਸੀ, ਪਰ ਉਸ ਦਾ ਆਈਟਮ ਗੀਤ 'ਡਾਂਸ' ਚੱਲ ਗਿਆ ਤਾਂ ਲੋਕ ਉਸ ਨੂੰ 'ਆਈਟਮ ਗਰਲ' ਹੀ ਸਮਝਣ ਲੱਗ ਪਏ ਸਨ। ਹਾਲਾਂਕਿ 'ਕਰੈਕ' 'ਮਡ-ਗਾਂਵ ਐਕਸਪ੍ਰੈੱਸ', 'ਬੀ ਹੈਪੀ' ਫ਼ਿਲਮਾਂ 'ਚ ਉਹ ਅਭਿਨੇਤਰੀ ਹੈ, ਇਹ ਸਾਬਿਤ ਕਰ ਰਹੀ ਹੈ। ਪੈਸੇ ਕਾਰਨ ਉਹ 'ਆਈਟਮ ਗੀਤ' ਵੀ ਕਰੀ ਜਾ ਰਹੀ ਹੈ ਤੇ ਕਰਨ ਦੀ ਗੱਲ ਕਰਦੀ ਹੈ। ਨੋਰਾ ਦੱਸ ਰਹੀ ਹੈ ਕਿ ਇਹ ਬਾਲੀਵੁੱਡ ਸੱਚ ਘੱਟ ਤੇ ਝੂਠ ਪੂਰਾ ਅਸੂਲ 'ਤੇ ਚਲਦਾ ਹੈ। ਉਸ ਕੋਲ ਨਿਰਮਾਤਾ ਆਉਂਦੇ 'ਤੇ ਆਖਦੇ ਹਨ ਕਿ ਨੋਰਾ ਤੁਸੀਂ ਮੇਰੀ ਇਸ ਫ਼ਿਲਮ 'ਚ ਇਕ ਚਮਕ-ਦਮਕ ਵਾਲਾ ਅਤੇ ਡਾਂਸ ਨੰਬਰ ਕਰ ਦਿਓ ਤੇ ਅਗਲੀ ਫ਼ਿਲਮ ਦੀ ਹੀਰੋਇਨ ਹੀ ਨੋਰਾ ਫਤੇਹੀ ਹੋਵੇਗੀ। ਇਹ ਸਾਰੇ ਵਾਅਦੇ ਵਫ਼ਾ ਨਹੀਂ ਹੋਏ ਤੇ ਨੋਰਾ ਨੇ ਵੀ ਇਨ੍ਹਾਂ ਲੋਕਾਂ 'ਤੇ ਨਿਰਭਰ ਰਹਿਣ ਦੀ ਆਦਤ ਛੱਡ ਦਿੱਤੀ। ਨੋਰਾ ਦੀ ਦੌੜ ਮੁੰਬਈ ਤੇ ਡੁਬਈ ਵਿਚਕਾਰ ਹੈ। ਡੁਬਈ ਉਸ ਦੀ ਮਨਪਸੰਦ ਥਾਂ ਹੈ। ਨਾ ਤੇ ਉਹ ਜਾਗਦੀ ਹੀ ਜ਼ਿਆਦਾ ਹੈ ਤੇ ਨਾ ਹੀ ਪੂਰੀ ਨੀਂਦ ਉਸ ਨੂੰ ਆਉਂਦੀ ਹੈ। ਕਦੇ ਕਦੇ ਉਹ ਰੋਟੀ ਖਾਣੀ ਵੀ ਭੁੱਲ ਜਾਂਦੀ ਹੈ। ਉਸ ਅੰਦਰ ਜੰਗ ਚੱਲ ਰਹੀ ਹੈ ਤੇ ਇਸ ਨਾਲ ਨਿਪਟਣ ਦੇ ਉਹ ਤਰੀਕੇ ਲੱਭ ਰਹੀ ਹੈ।

**ਨੋਰਾ ਨੇ ਕਿਹਾ ਕਿ ਬਾਲੀਵੁੱਡ 'ਚ ਵਿਆਹ ਪੈਸੇ ਤੇ ਜਾਇਦਾਦ ਲਈ ਹੁੰਦਾ ਹੈ। ਉਹ ਮਲਿਆਲਮ ਤੇ ਤੇਲਗੂ ਫ਼ਿਲਮਾਂ 'ਚ ਆਪਣੇ-ਆਪ ਨੂੰ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੀ ਹੈ। ਭਾਰਤ ਦੇ ਨੰਬਰ ਇਕ ਗੀਤ 'ਦਿਲਬਰ' 'ਚ ਨੋਰਾ ਹੀ ਸੀ।**

ਏਅਰਪੋਰਟ 'ਤੇ ਰੋ ਰਹੀ ਨੋਰਾ ਫਤੇਹੀ ਨੂੰ ਦੇਖ ਕੇ ਉਸ ਦੇ ਕਈ ਪ੍ਰਸ਼ੰਸਕਾਂ ਨੇ ਕਿਹਾ ਕਿ ਹਰੇਕ ਤੇ ਦੁੱਖ ਦੀ ਘੜੀ ਆਉਂਦੀ ਹੈ। ਨੋਰਾ ਰੋ ਰਹੀ ਹੈ ਤੇ ਲੋਕਾਂ ਨੂੰ ਸੈਲਫੀਆਂ ਲੈਣ ਦੀ ਲੱਗੀ ਹੋਈ ਹੈ। ਨੋਰਾ ਦੇ ਅੰਗ-ਰੱਖਿਅਕ ਨੇ ਤਾਂ ਇਕ ਪ੍ਰਸ਼ੰਸਕ ਨੂੰ ਧੱਕਾ ਵੀ ਮਾਰ ਦਿੱਤਾ ਸੀ। ਅਸਲ 'ਚ ਨੋਰਾ ਦੀ ਚਾਚੀ ਨਹੀਂ ਰਹੀ ਪਰ ਲੋਕ ਦੁੱਖ 'ਚ ਵੀ ਸੁੱਖ ਭਾਲਣ 'ਤੇ ਤੁਲੇ ਹੋਏ ਹਨ। ਇੰਸਟਾਗ੍ਰਾਮ 'ਤੇ ਨੋਰਾ ਦੇ ਦੀਵਾਨੇ ਪੰਜਾਹ ਲੱਖ ਤੱਕ ਹੋਣ ਵਾਲੇ ਹਨ ਤੇ ਕੈਨੇਡੀਅਨ ਨੋਰਾ ਵਾਰ- ਵਾਰ ਭਾਰਤ ਦਾ ਧੰਨਵਾਦ ਕਰਦੀ ਹੈ, ਜਿਸ ਨੇ ਨਾਂਅ, ਪੈਸਾ ਤੇ ਸ਼ੋਹਰਤ ਦੇ ਦਰਸ਼ਨ ਉਸ ਨੂੰ ਕਰਵਾਏ ਹਨ। ਗਿਆਰਾਂ ਸਾਲ ਪਹਿਲਾਂ ਮੁੰਬਈ ਆ ਕੇ ਫ਼ਿਲਮੀ ਸੰਸਾਰ 'ਚ ਦਸਤਕ ਦੇਣ ਵਾਲੀ ਨੋਰਾ ਫਤੇਹੀ ਕਦੇ-ਕਦੇ ਜ਼ਿਆਦਾ ਹੀ ਸੱਚ ਬੋਲ ਜਾਂਦੀ ਹੈ, ਜਿਸ ਨਾਲ ਕਈ ਲੋਕ ਉਸ 'ਤੇ ਗੁੱਸਾ ਕਰਦੇ ਹਨ। ਨੋਰਾ ਨੇ ਕਿਹਾ ਕਿ ਬਾਲੀਵੁੱਡ 'ਚ ਵਿਆਹ ਪੈਸੇ ਤੇ ਜਾਇਦਾਦ ਲਈ ਹੁੰਦਾ ਹੈ। ਉਹ ਮਲਿਆਲਮ ਤੇ ਤੇਲਗੂ ਫ਼ਿਲਮਾਂ 'ਚ ਆਪਣੇ-ਆਪ ਨੂੰ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੀ ਹੈ। ਭਾਰਤ ਦੇ ਨੰਬਰ ਇਕ ਗੀਤ 'ਦਿਲਬਰ' 'ਚ ਨੋਰਾ ਹੀ ਸੀ। ਨੋਰਾ ਦੀ ਵਧੀਆ ਗੱਲ ਇਹ ਕਿ ਉਹ ਦਿਲ ਤੋਂ ਆਪਣੇ-ਆਪ ਨੂੰ ਭਾਰਤੀ ਮੰਨਦੀ ਹੈ। ਕੈਨੇਡਾ ਨੇ ਜਨਮ ਜ਼ਰੂਰ ਦਿੱਤਾ ਪਰ ਨੋਰਾ-ਨੋਰਾ ਤਾਂ ਭਾਰਤ ਨੇ ਹੀ ਕਰਵਾਈ ਹੈ, ਇਸ ਲਈ ਉਹ ਆਖਦੀ ਹੈਂ ਜੈ ਹਿੰਦ।


Top Fashion Boutique & Okkji Presents:
2nd Annual Teeyan Da Mela
SATURDAY AUGUST 16, 2025
2051 Monument St,
Noblesville, IN 46060
1 PM - 6 PM
FREE ENTRY
TEEYAN DA MELA
Performances, Gidha, Folk singing, Delicious food, Open Dj, Shopping, prizes & MORE!
INCREDIBLE INDIA
FINE DINING
DJ BILLA
Sandhu Photography
Music Video - Wedding Photography
Pre Wedding - Maternity & Baby Shoot
HD Live Streaming
www.sandhuphotography.net
sandhuphotography70@gmail.com
+1 3173722790 , +1 463 292 7690
For more info contact:
Sukhi Dhillon
Top
Fashion Boutique
Gurpreet Randhawa
Realtor
(317) 650-6629
Amrit Sandhu
(317) 828-6033
Kiran Sharma
Stage Anchor